ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

Since April 2005 Editor : Sharanjit Singh Thind Weekly

Vol. 14 Issue 1 Tuesday October 23 to October 29, 2018 www.PUNJABIDUNIYA.com Published Weekly from New York

Watch & Subscribe on YouTube/ Facebook

Josh india tv

## ਓਬਾਮਾ ਤੇ ਕਲਿੰਟਨ ਨੂੰ ਭੇਜੇ ਧਮਾਕਾਖੇਜ਼ ਸਮੱਗਰੀ



ਵਾਸ਼ਿੰਗਟਨ : ਸੀਕਰੇਟ ਸਰਵਿਸ ਮੁਤਾਬਕ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਅਤੇ ਗ੍ਰਹਿ ਮੰਤਰੀ ਹੈਲਰੀ ਕਲਿੰਟਨ ਨੂੰ ਸ਼ੱਕੀ ਧਮਾਕਾਖੇਜ਼ ਯੰਤਰ ਭੇਜੇ ਗਏ ਸਨ।ਇਹ ਖ਼ਬਰ ਲਿਬਰਲ ਸਮਾਜ ਸੇਵੀ ਤੇ ਵਿੱਤੀ ਮਾਹਰ ਜੌਰਜ ਸੂਰੋਸ ਦੇ ਨਿਊਯਾਰਕ ਵਿਚਲੇ ਘਰ ਵਿਚ ਬੰਬ ਭੇਜੇ ਜਾਣ ਤੋਂ ਦੋ ਦਿਨ ਬਾਅਦ ਆਈ ਹੈ।ਇਹ ਯੰਤਰ ਅਮਰੀਕੀ ਅਧਿਕਾਰੀਆਂ ਦੀ ਡਾਕ ਨੂੰ ਸਕੈਨ ਕਰਨ ਵਾਲੇ ਤਕਨੀਕੀ ਮਾਹਰਾਂ ਨੇ ਇਹ ਯੰਤਰ ਫੜੇ ਹਨ। ਅਜੇ ਇਹ ਸਾਫ਼ ਨਹੀਂ ਹੋ ਸਕਿਆ ਹੈ ਕਿ ਇਹ ਸ਼ੱਕੀ ਪੈਕੇਟ ਕਿੱਥੇ ਫੜੇ ਗਏ ਹਨ।ਅਮਰੀਕੀ ਦਾ ਸੀਕਰੇਟ ਸਰਵਿਸ ਨੇ ਇੱਕ ਬਿਆਨ ਜਾਰੀ ਕਰਕੇ ਦੱਸਿਆ ਹੈ ਕਿ ਸਭ ਤੋਂ ਪਹਿਲਾਂ 23 ਅਕਤੂਬਰ ਨੂੰ ਜੋ ਪੈਕੇਟ ਫੜਿਆ ਗਿਆ ਉਹ ਹੈਲਰੀ ਕਲਿੰਟਨ ਨੂੰ ਭੇਜਿਆ ਗਿਆ ਸੀ ।ਬਿਆਨ ਵਿਚ ਕਿਹਾ ਗਿਆ, " ਅਕਤੂਬਰ 24, 2018 ਨੂੰ ਦੂਜਾ ਸ਼ੱਕੀ ਪੈਕੇਟ ਵਾਸ਼ਿੰਗਟਨ, ਡੀ ਸੀ ਵਿਚ ਫੜਿਆ ਗਿਆ ਹੈ, ਇਹ ਸਾਬਕਾ ਰਾਸਟਰਪਤੀ ਬਰਾਕ ਓਬਾਮਾ ਨੂੰ ਭੇਜਿਆ ਗਿਆ ਸੀ।ਇਸੇ ਦੌਰਾਨ ਐਫਬੀਆਈ ਨੇ ਕਿਹਾ ਹੈ ਇਸ ਮਾਮਲੇ ਦੀ ਪਹਿਲਾਂ ਹੀ ਦੂਜੀਆਂ ਸਹਿਯੋਗੀ ਏਜੰਸੀਆਂ ਨਾਲ ਮਿਲਕੇ ਜਾਂਚ ਚੱਲ ਰਹੀ ਹੈ, ਇਸ ਲਈ ਇਸ ਉੱਤੇ ਤਾਜ਼ਾ ਕੋਈ ਟਿੱਪਣੀ ਨਹੀਂ ਕੀਤੀ ਜਾਵੇਗੀ।ਇਸੇ ਦੌਰਾਨ ਪਤਾ ਲੱਗਿਆ ਹੈ ਕਿ ਨਿਊਯਾਰਕ ਵਿਚਲੇ ਟਾਇਮ ਵਾਰਨਰ ਸੈਂਟਰ ਜਿੱਥੇ ਸੀਐਨਐਨ ਦਾ ਦਫ਼ਤਰ ਹੈ, ਨੂੰ ਖਾਲੀ ਕਰਵਾਇਆ ਗਿਆ ਹੈ। ਉੱਧਰ ਓਬਾਮਾ ਦੇ ਤਰਜਮਾਨ ਨੇ ਇਸ ਮਾਮਲੇ ਉੱਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਦੱਸਿਆ ਗਿਆ ਹੈ ਕਿ ਸੀਐਨਐਨ ਦੇ ਦਫ਼ਤਰ ਜਿਹੜੇ ਸ਼ੱਕੀ ਪੈਕੇਟ ਮਿਲੇ ਹਨ ਉਹ ਸੀਆਈਏ ਦੇ ਸਾਬਕਾ ਡਾਇਰੈਕਟਰ ਜੌਹਨ ਬਰੇਨਨ ਦੇ ਨਾਂ ਉੱਤੇ ਸਨ। ਬਰੇਨਨ ਆਪਣੀ ਸੇਵਾਮੁਕਤੀ ਤੋਂ ਬਾਅਦ ਸੀਐਨਐਨ ਲਈ ਲਗਾਤਾਰ ਆਪਣਾ ਸਹਿਯੋਗ ਦਿੰਦੇ ਹਨ। ਉਹ ਟਰੰਪ ਪ੍ਰਸਾਸ਼ਨ ਦੇ ਕਾਫ਼ੀ ਤਿੱਖੇ ਆਲੋਚਨ ਸਮਝੇ ਜਾਂਦੇ ਹਨ।

## ਅਮਰੀਕੀ ਜੇਲ 'ਚ ਬੰਦ ਪ੍ਰਵਾਸੀ ਸਿੱਖਾਂ ਨੂੰ ਮਿਲਿਆ ਗੁਰਦੁਆਰਾ ਸਾਹਿਬ ਦਾ ਆਸਰਾ



ਨਿਊਯਾਰਕ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਗੈਰ-ਕਾਨੂੰਨੀ ਪ੍ਰਵਾਸ ਨੀਤੀ ਨੂੰ ਬਹੁਤ ਸਖਤ ਬਣਾ ਦਿੱਤਾ ਹੈ, ਜਿਸ ਤਹਿਤ ਬਹੁਤ ਸਾਰੇ ਭਾਰਤੀਆਂ ਸਮੇਤ ਵੱਡੀ ਗਿਣਤੀ 'ਚ ਪ੍ਰਵਾਸੀ ਜੋ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ 'ਚ ਰਹਿਣ ਦੀ ਕੋਸ਼ਿਸ਼ ਕਰ ਰਹੇ ਸਨ, ਨੂੰ ਜੇਲਾਂ 'ਚ ਬੰਦ ਕੀਤਾ ਗਿਆ ਹੈ। ਅਮਰੀਕਾ ਦੀਆਂ ਵੱਖ-ਵੱਖ ਜੇਲਾਂ ਵਿੱਚ ਸੰਤਾਪ ਹੰਢਾਉਣ ਲਈ ਮਜਬੂਰ ਪ੍ਰਵਾਸੀਆਂ 'ਚੋਂ ਵੱਡੀ ਗਿਣਤੀ ਸਿੱਖਾਂ ਦੀ ਹੈ। ਸਾਲੇਮ ਸਥਿਤ ਗੁਰਦੁਆਰਾ ਦਸ਼ਮੇਸ਼ ਦਰਬਾਰ, ਦਿਹਾਤੀ ਓਰੇਗਨ (ਸ਼ੈਰੀਡਨ) ਸਥਿਤ ਫੈਡਰਲ ਜੇਲ ਵਿੱਚ ਬੰਦ ਇਨ੍ਹਾਂ ਸਿੱਖ ਪ੍ਰਵਾਸੀਆਂ ਤੇ ਰਿਹਾਅ ਹੋ ਚੁੱਕੇ ਸਿੱਖਾਂ ਦੇ ਹੱਕ ਵਿਚ ਖੜ੍ਹਾ ਹੈ। ਗੁਰਦੁਆਰਾ ਸਾਹਿਬ ਵੱਲੋਂ ਉਨ੍ਹਾਂ ਨੂੰ ਸਿਰ ਢਕਣ ਲਈ ਛੱਤ ਦੇਣ ਦੇ ਨਾਲ-ਨਾਲ ਮੁੜ ਪੈਰਾਂ 'ਤੇ ਖੜ੍ਹੇ ਹੋਣ ਲਈ ਸਹਾਇਤਾ ਦਿੱਤੀ ਜਾ ਰਹੀ ਹੈ। ਰਿਹਾਅ ਹੋਏ ਸਿੱਖ ਤੇ ਹੋਰ ਕੈਦੀ ਗੁਰਦੁਆਰਾ ਸਾਹਿਬ 'ਚ ਲੰਗਰ ਸਮੇਤ ਹੋਰ ਸੇਵਾਵਾਂ 'ਚ ਹੱਥ ਵਟਾ ਰਹੇ ਹਨ। ਓਰੇਗਨ ਦੀ ਵਾਲੰਟੀਅਰ ਸੰਸਥਾ ਸਿੱਖ ਪ੍ਰਵਾਸੀਆਂ ਨੂੰ ਹਰ ਸੰਭਵ ਕਾਨੂੰਨੀ ਮਦਦ ਦੇ ਰਹੀ ਹੈ।ਵਲੰਟੀਅਰ ਸੰਸਥਾ ਨਾਲ ਜੁੜੇ ਹਵਾਈ ਫੌਜ ਤੋਂ ਸੇਵਾ ਮੁਕਤ ਨੌਰਮ ਤੇ ਉਨ੍ਹਾਂ ਦੀ ਪਤਨੀ ਕੈਥੀ ਡੈਵਿਸ ਕੜਕਦੀ ਧੁੱਪ ਵਿੱਚ ਓਰੇਗਨ ਜੇਲ ਦੀ ਕੰਧ ਦੇ ਪਰਛਾਵੇਂ ਹੇਠ ਆ ਕੇ ਖੜ੍ਹਦੇ ਹਨ। ਉਨ੍ਹਾਂ ਨੂੰ ਜੇਲ ਵਿੱਚੋਂ ਤਿੰਨ ਪ੍ਰਵਾਸੀਆਂ ਦੇ ਬਾਹਰ ਆਉਣ ਦੀ ਉਡੀਕ ਹੈ। ਟਰੰਪ ਪ੍ਰਸ਼ਾਸਨ ਵੱਲੋਂ ਦਿਹਾਤੀ ਓਰੇਗਨ ਵਿਚਲੀ ਫ਼ੈਡਰਲ ਜੇਲ 124 ਪ੍ਰਵਾਸੀਆਂ ਨੂੰ ਤਬਦੀਲ ਕਰਨ ਮਗਰੋਂ ਹਾਲੀਆ ਮਹੀਨਿਆਂ ਵਿੱਚ ਵਲੰਟੀਅਰਾਂ ਨੇ ਇਸ ਸਮੂਹ ਦਾ ਗਠਨ ਕੀਤਾ ਸੀ। ਇਕ ਅੰਦਾਜ਼ੇ ਮੁਤਾਬਕ ਜੇਲ ਵਿੱਚ 1600 ਪ੍ਰਵਾਸੀ ਬੰਦ ਹਨ, ਜਿਨ੍ਹਾਂ ਵਿੱਚੋਂ ਵੱਡੀ ਗਿਣਤੀ ਸਿੱਖਾਂ ਦੀ ਸੀ। ਨੌਰਮ ਤੇ ਕੈਥੀ ਡੈਵਿਸ ਦਾ ਸਾਥ 400 ਵਲੰਟੀਅਰ ਦੇ ਰਹੇ ਹਨ

(ਬਾਕੀ ਸਫਾ 11 'ਤੇ)

## ਹਮ-ਜਿਣਸੀ ਵਿਆਹ ਮਨੁੱਖੀ ਨਸਲ ਲਈ ਖ਼ਤਰਾ



"ਜੇ ਕੋਈ ਮਰਦ ਆਪਸ ਵਿੱਚ ਅਤੇ ਔਰਤਾਂ ਆਪਸ ਵਿੱਚ ਵਿਆਹ ਕਰਵਾਉਣਗੀਆਂ ਤਾਂ ਇਨਸਾਨੀ ਨਸਲ ਅੱਗੇ ਕਿਵੇਂ ਵਧੇਗੀ ? ਇਸ ਨਾਲ ਵਿਆਹ ਦੀ ਪਵਿਤਰਤਾ ਖ਼ਤਮ ਹੋ ਜਾਵੇਗੀ।" ਇਹ ਸ਼ਬਦ ਹਰਿਆਣਾ ਦੀਆਂ ਖਾਪ ਪੰਚਾਇਤਾਂ ਵਿੱਚੋਂ ਇੱਕ ਦੇ ਮੁਖੀ ਓਮ ਪ੍ਰਕਾਸ਼ ਨਾਂਦਲ ਨੇ ਸੁਪਰੀਮ ਕੋਰਟ ਦੇ ਹਮ-ਜਿਣਸੀ ਵਿਆਹਾਂ ਅਤੇ ਅਡਲਟਰੀ ਕਾਨੂੰਨ ਬਾਰੇ ਆਏ ਫੈਸਲੇ ਦੀ ਪ੍ਰਤੀਕਿਰਿਆ ਵਜੋਂ ਕਹੇ। ਉਹ ਰੋਹਤਕ ਵਿੱਚ ਬੈਠੀ 61 ਪਿੰਡਾਂ ਦੀ ਖਾਪ ਪੰਚਾਇਤ ਵਿੱਚ ਸ਼ਨਿੱਚਰਵਾਰ ਨੂੰ ਬੋਲ ਰਹੇ ਸਨ।ਇਸ ਪੰਚਾਇਤ ਵਿੱਚ ਉਪਰੋਕਤ ਦੋਹਾਂ ਫੈਸਲਿਆਂ ਨੂੰ ਖਾਪ ਸੱਭਿਆਚਾਰ ਅਤੇ ਇੱਜ਼ਤ ਉੱਪਰ ਸਿੱਧਾ ਹਮਲਾ ਦੱਸਿਆ ਗਿਆ। ਪੰਚਾਇਤ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਮੰਗ ਕੀਤੀ ਹੈ ਕਿ ਉਹ ਇਨ੍ਹਾਂ ਮਾਮਲਿਆਂ ਬਾਰੇ ਸੰਸਦ ਵਿੱਚ ਇੱਕ ਆਰਡੀਨੈਂਸ ਲੈ ਕੇ ਆਉਣ। ਉਨ੍ਹਾਂ ਕਿਹਾ, "ਇਹ ਦੋਵੇਂ ਫੈਸਲੇ ਨੌਜਵਾਨਾਂ ਦਾ ਦਿਮਾਗ ਖ਼ਰਾਬ ਕਰਨਗੇ ਅਤੇ ਉਹ ਅਜਿਹੇ ਕੰਮ ਕਰਨੇ ਸ਼ੁਰੂ ਕਰ ਦੇਣਗੇ ਜੋ ਗੈਰ-ਕੁਦਰਤੀ ਹੋਣ ਦੇ ਨਾਲ-ਨਾਲ ਸਮਾਜਿਕ ਪੱਖੋਂ ਪ੍ਰਵਾਨ ਵੀ ਨਹੀਂ ਹੋਣਗੇ।" ਉਨ੍ਹਾਂ ਅੱਗੇ ਕਿਹਾ ਕਿ ਆਪਣੇ ਸਾਥੀ ਨਾਲ ਬੇਵਫਾਈ ਕਰਨ ਵਾਲੇ ਵਿਅਕਤੀਆਂ ਨੂੰ ਕਾਨੂੰਨ ਦੇ ਘੇਰੇ ਤੋਂ ਬਾਹਰ ਰੱਖਣ ਨਾਲ ਲੋਕ ਸ਼ਰੇਆਮ ਇੱਕ ਦੂਸਰੇ ਨੂੰ ਧੋਖਾ ਦੇਣਗੇ ਜਿਸ ਕਰਕੇ ਜੁਰਮ ਵਧੇਗਾ ਅਤੇ ਦੁਖਾਂਤ ਵਾਪਰਨਗੇ। ਅਡਲਟਰੀ ਕਾਨੂੰਨ ਬਾਰੇ ਉਨ੍ਹਾਂ ਕਿਹਾ, "ਪਰਿਵਾਰ ਟੁੱਟਣਗੇ ਕਿਉਂਕਿ ਪਤੀ ਬਿਨਾਂ ਕਾਨੂੰਨ ਦੀ ਪ੍ਰਵਾਹ ਦੇ ਪਤਨੀਆਂ ਨਾਲ ਧੋਖਾ ਕਰਨਗੇ।

(ਬਾਕੀ ਸਫਾ 11 'ਤੇ)

## ਤੁਸੀਂ ਤੇਲੁਗੂ ਬੋਲਦੇ ਹੋ ? ਤੁਹਾਡਾ ਅਮਰੀਕਾ ਵਿਚ ਸੁਆਗਤ ਹੈ



ਦਾਅਵਾ: ਤੇਲੁਗੂ, ਅਮਰੀਕਾ ਵਿੱਚ ਸਭ ਤੋਂ ਤੇਜ਼ੀ ਨਾਲ ਵਿਕਾਸ ਕਰਨ ਵਾਲੀ ਭਾਸ਼ਾ ਹੈ। ਫੈਸਲਾ: ਇਹ ਦਾਅਵਾ ਸਹੀ ਹੈ। ਇੱਕ ਅਮਰੀਕੀ ਥਿੰਕ ਟੈਂਕ ਦੁਆਰਾ ਕੀਤੇ ਗਏ ਅਧਿਐਨ ਤੋਂ ਇਹ ਗੱਲ ਸਾਹਮਣੇ ਆਈ ਹੈ। ਅਮਰੀਕਾ ਵਿੱਚ ਤੇਲੁਗੂ ਬੋਲਣ ਵਾਲਿਆਂ ਦੀ ਗਿਣਤੀ ਵਿੱਚ ਪਿਛਲੇ 7 ਸਾਲਾਂ ਦੌਰਾਨ 86 ਫੀਸਦ ਵਾਧਾ ਦੇਖਣ ਨੂੰ ਮਿਲਿਆ ਹੈ। ਹਾਲਾਂਕਿ ਇਹ ਭਾਸ਼ਾ ਅਮਰੀਕਾ ਵਿੱਚ ਅੰਗਰੇਜ਼ੀ ਤੋਂ ਇਲਾਵਾ ਬੋਲੀਆਂ ਜਾਣ ਵਾਲੀਆਂ ਪਹਿਲੀ 20 ਭਾਸ਼ਾਵਾਂ ਵਿੱਚ ਸ਼ਮਾਲ ਨਹੀਂ ਹੋਈ ਹੈ। ਜੇਕਰ ਤੁਸੀਂ ਅਮਰੀਕਾ ਵਿੱਚ ਅੰਗਰੇਜ਼ੀ ਤੋਂ ਇਲਾਵਾ ਬੋਲੀਆਂ ਜਾਂਦੀਆਂ ਭਾਸ਼ਾਵਾਂ ਬਾਰੇ ਸੋਚੋਂ ਤਾਂ ਕਤਈ ਤੇਲੁਗੂ ਸਾਡੇ ਤੁਹਾਡੇ ਦਿਮਾਗ ਵਿੱਚ ਨਹੀਂ ਆਵੇਗੀ।

ਰਲਡ ਇਕੋਨੋਮਿਕ ਫੋਰਮ ਦੁਆਰਾ ਜਾਰੀ ਕੀਤੀ ਗਈ ਇੱਕ ਔਨਲਾਈਨ ਵੀਡੀਓ ਮੁਤਾਬਕ, "ਸਾਲ 2010 ਅਤੇ 2017 ਦੌਰਾਨ ਅਮਰੀਕਾ ਵਿੱਚ ਤੇਲੁਗੂ ਬੋਲਣ ਵਾਲਿਆਂ ਦੀ ਗਿਣਤੀ ਵਿੱਚ 86% ਵਾਧਾ ਹੋਇਆ ਹੈ।"

ਇਸ ਵੀਡੀਓ ਵਿਚ ਅਮਰੀਕਾ ਅਧਾਰਿਤ ਸੈਂਟਰ ਫਾਰ ਇਮੀਗ੍ਰੇਸ਼ਨ ਸਟਡੀਜ਼ ਦੁਆਰਾ ਕੀਤੇ ਗਏ ਇੱਕ ਅਧਿਐਨ ਦਾ ਹਵਾਲਾ ਦਿੱਤਾ ਗਿਆ ਹੈ ਜਿਸ ਵਿਚ ਮਰਦਮਸ਼ੁਮਾਰੀ ਦੇ ਅੰਕੜਿਆਂ ਦਾ ਅਧਿਐਨ ਕੀਤਾ ਗਿਆ ਹੈ, ਤਾਂ ਜੋ ਇਹ ਪਤਾ ਕੀਤਾ ਜਾ ਸਕੇ ਕਿ ਅਮਰੀਕਾ ਵਿਚ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਕਿਸ ਗਤੀ ਨਾਲ ਵੱਧ ਰਹੀਆਂ ਹਨ।

ਤੇਲੁਗੂ ਭਾਸ਼ਾ ਮੁੱਖ ਤੌਰ 'ਤੇ ਦੱਖਣੀ ਭਾਰਤ ਦੇ ਆਂਧਰਾ ਪ੍ਰਦੇਸ਼ ਅਤੇ ਤੇਲੰਗਾਨਾ ਸੂਬਿਆਂ ਦੀ ਬੋਲੀ ਹੈ ਜਿਨ੍ਹਾਂ ਦੀ ਕੁਲ ਆਬਾਦੀ 8 ਕਰੋੜ 40 ਲੱਖ ਹੈ। ਸਾਲ 2011 ਦੀ ਭਾਰਤੀ ਮਰਦਮਸ਼ੁਮਾਰੀ ਮੁਤਾਬਕ, ਇਹ ਭਾਰਤ ਵਿੱਚ ਚੌਥੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਜ਼ਬਾਨ ਹੈ।

ਅਮਰੀਕਾ ਵਿੱਚ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ 'ਤੇ ਕੀਤੇ ਗਏ ਇਸ ਅਧਿਐਨ ਲਈ ਅਮੈਰੀਕਨ ਕੌਮਿਊਨਿਟੀ ਸਰਵੇ ਤੋਂ ਅੰਕੜੇ ਲੇ ਕੇ ਸਾਲ 2010 ਅਤੇ ਸਾਲ 2017 ਦੌਰਾਨ ਘਰਾਂ ਵਿੱਚ ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਬੋਲਣ ਵਾਲਿਆਂ ਦੀ ਗਿਣਤੀ ਦੀ ਤੁਲਨਾ ਕੀਤੀ ਗਈ ਹੈ।

ਪਿਛਲੇ ਸਾਲ ਅਮਰੀਕਾ ਵਿੱਚ ਤੇਲੁਗੂ ਬੋਲਣ ਵਾਲਿਆਂ ਦੀ ਗਿਣਤੀ ਚਾਰ ਲੱਖ ਸੀ ਜੋ ਕਿ ਸਾਲ 2010 ਨਾਲੋਂ ਦੁਗਣੀ ਹੈ।

ਅਮਰੀਕਾ ਵਿੱਚ ਸਭ ਤੋਂ ਜ਼ਿਆਦਾ ਤੇਜ਼ੀ ਨਾਲ ਵੱਧ ਰਹੀਆਂ ਪਹਿਲੀ 10 ਭਾਸ਼ਾਵਾਂ ਵਿੱਚੋਂ ਸੱਤ ਦੱਖਣ ਏਸ਼ੀਆਈ ਭਾਸ਼ਾਵਾਂ ਹਨ।

**ਤੇਲੁਗੂ ਹੀ ਕਿਉਂ ?**

ਅਮਰੀਕਾ ਵਿੱਚ ਗੈਰ ਮੁਨਾਫ਼ਾ ਸੰਸਥਾ 'ਤੇਲੁਗੂ ਪੀਪਲ ਫਾਊਂਡੇਸ਼ਨ' ਦੇ ਮੋਢੀ ਪ੍ਰਸਾਦ ਕੁਨਿਸੇਟੀ ਮੁਤਾਬਕ ਇਸ ਵਿੱਚ ਕਾਫੀ ਵੱਡਾ ਯੋਗਦਾਨ ਹੈਦਰਾਬਾਦ ਸ਼ਹਿਰ ਅਤੇ ਅਮਰੀਕਾ ਦੀ ਇੰਜੀਨੀਅਰਿੰਗ ਅਤੇ ਟੈਕਨੋਲੌਜੀ ਸਨਅਤਾਂ ਵਿਚਕਾਰ ਬਣੇ ਸਬੰਧਾਂ ਦਾ ਕਿਹਾ ਜਾ ਸਕਦਾ ਹੈ।

ਪ੍ਰਸਾਦ ਕੁਨਿਸੇਟੀ 2001 ਵਿੱਚ ਵਧੀਆ ਭਵਿੱਖ ਦੀ ਤਲਾਸ਼ ਲਈ ਅਮਰੀਕਾ ਪ੍ਰਵਾਸ ਕਰ ਗਏ ਸਨ।

ਉਨ੍ਹਾਂ ਮੁਤਾਬਕ 1990 ਦਹਾਕੇ 'ਚ ਸੂਚਨਾ ਟੈਕਨੋਲੌਜੀ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਜਿਸ ਕਾਰਨ ਸਾਫਟਵੇਅਰ ਇੰਜਨੀਅਰਾਂ ਦੀ ਮੰਗ ਵਿੱਚ ਵੀ ਭਰਪੂਰ ਵਾਧਾ ਦੇਖਣ ਨੂੰ ਮਿਲਿਆ। ਭਾਰਤੀ ਹੋਣ ਵਾਲਿਆਂ 'ਚੋਂ ਬਹੁਤੇ ਹੈਦਰਾਬਾਦ ਨਾਲ ਸੰਬੰਧਿਤ ਸਨ। ਇਸੇ ਸ਼ਹਿਰ 'ਚ ਤੇਲੁਗੂ ਸਭ ਤੋਂ ਵੱਧ ਬੋਲੀ ਜਾਂਦੀ ਹੈ। ਭਾਰਤ ਦੇ ਦੋਵਾਂ ਹੀ ਤੇਲੁਗੂ ਭਾਸ਼ੀ ਸੂਬਿਆ ਵਿੱਚ ਕੁਲ ਮਿਲਾ ਕੇ 800 ਇੰਜੀਨੀਅਰਿੰਗ ਕਾਲਜ ਹਨ।

(ਬਾਕੀ ਸਫਾ 11 'ਤੇ)

ਘੱਟ ਲਾਗਤ ਬੀਮਾ

× ਵਪਾਰ × ਦੇਣਦਾਰੀ × ਅਪਾਹਜਤਾ × ਵਰਕਰਜ਼ ਕੰਪ × E & O × ਆਟੋ × ਘਰ

Tel :917-612-3158

(See Full Page Advt. on Page 13)

# ਬਾਦਲਾਂ ਨੂੰ ਗਰਮਖਿਆਲੀਆਂ ਤੋਂ ਖ਼ਤਰਾ, ਕੈਪਟਨ 'ਤੇ ਲਾਏ ਗੰਭੀਰ ਇਲਜ਼ਾਮ

ਚੰਡੀਗੜ੍ਹ- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਪੰਜਾਬ ਦੀ ਕਾਂਗਰਸ ਸਰਕਾਰ ਗਰਮਖਿਆਲੀਆਂ ਨਾਲ ਮਿਲ ਕੇ ਪੰਜਾਬ ਦਾ ਮਾਹੌਲ ਖਰਾਬ ਕਰ ਰਹੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਸ ਕੰਮ ਵਿੱਚ ਅਹਿਮ ਭੂਮਿਕਾ ਨਿਭਾਅ ਰਹੇ ਹਨ। ਪੰਜਾਬ ਦੇ ਰਾਜਪਾਲ ਨਾਲ ਮੁਲਾਕਾਤ ਕਰਨ ਤੋਂ ਬਾਅਦ ਸੁਖਬੀਰ ਬਾਦਲ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਮੁਲਾਕਾਤ ਕਰਨ ਸਮੇਂ ਉਨ੍ਹਾਂ ਨਾਲ ਪੰਜਾਬ ਭਾਜਪਾ ਦੇ ਪ੍ਰਧਾਨ ਸਵੇਤ ਮਲਿਕ ਤੇ ਹੋਰ ਸੀਨਅਰ ਆਗੂ ਹਾਜ਼ਰ ਸਨ। ਸੁਖਬੀਰ ਬਾਦਲ ਨੇ ਇਸ ਮੌਕੇ ਕਿਹਾ ਕਿ ਜੇਕਰ ਬਾਦਲ ਪਰਿਵਾਰ ਨਾ ਹੋਵੇ ਤਾਂ ਪੰਜਾਬ ਦਾ ਮਾਹੌਲ ਖਰਾਬ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਚੰਗੇ ਮਾਹੌਲ ਵਾਸਤੇ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਕੁਰਬਾਨੀ ਦੇਣ ਨੂੰ ਵੀ ਤਿਆਰ ਹਨ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਉੱਤੇ ਹਮਲਾ ਕਰਨ ਦੀ ਸਾਜ਼ਿਸ਼ ਘੜਨ ਵਾਲੇ ਤਿੰਨ ਜਣੇ ਯੂ.ਪੀ. ਪੁਲਿਸ ਨੇ ਗ੍ਰਿਫ਼ਤਾਰ ਵੀ ਕਰ ਲਏ ਹਨ। ਇਨ੍ਹਾਂ ਦੇ ਤਾਰ ਪੰਜਾਬ ਦੇ ਗਰਮਖਿਆਲੀਆਂ ਨਾਲ ਜੁੜੇ ਹੋਏ ਹਨ। ਇਸ ਨੂੰ ਪੰਜਾਬ ਦੇ ਕਾਂਗਰਸੀ ਗੰਭੀਰਤਾ ਨਾਲ ਨਹੀਂ ਲੈ ਰਹੇ। ਇਸ ਕਾਰਨ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਵਿੱਚ ਫਿਰ ਤੋਂ ਮਾਹੌਲ ਖਰਾਬ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਪਹਿਲਾਂ ਵੀ ਪੰਜਾਬ ਨੂੰ ਬਲਦੀ ਵਿੱਚ ਝੋਕ ਦਿੱਤਾ ਸੀ। ਹੁਣ ਵੀ ਪੰਜਾਬ ਕਾਂਗਰਸ ਇਹ ਕੋਸ਼ਿਸ਼ਾਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੁਨੀਲ ਜਾਖੜ ਪ੍ਰਕਾਸ਼ ਸਿੰਘ ਬਾਦਲ 'ਤੇ ਹਮਲੇ ਕਰਨ ਦੀ ਸਕੀਮ ਦਾ ਪਰਦਾਫਾਸ਼ ਹੋਣ ਬਾਰੇ ਗ਼ਲਤ ਬਿਆਨੀ ਕਰ ਰਹੇ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਅਧਿਆਪਕਾਂ ਨੂੰ ਘੱਟ ਤਨਖਾਹਾਂ ਦੇ ਕੇ ਪੰਜਾਬ ਸਰਕਾਰ ਕੀਤੇ ਵਾਅਦੇ ਤੋਂ ਮੁੱਕਰ ਰਹੀ ਹੈ। ਹਰ ਘਰ ਨੌਕਰੀ ਦਾ ਸਰਕਾਰੀ ਵਾਅਦਾ ਕਰਨ ਵਾਲੀ ਸਰਕਾਰ ਹੁਣ ਅਧਿਆਪਕਾਂ ਤੋਂ ਰੁਜ਼ਗਾਰ ਖੋਹਣ ਦੇ ਰਾਹ ਪੈ ਗਈ ਹੈ। ਸੁਖਬੀਰ ਬਾਦਲ ਨੇ ਇਹ ਵੀ ਕਿਹਾ ਕਿ ਪਰਾਲੀ ਮਾਮਲੇ ਦਾ ਸਰਕਾਰ ਸਹੀ ਹੱਲ ਲੱਭੇ। ਚੰਡੀਗੜ੍ਹ ਵਿੱਚ ਪੰਜਾਬੀ ਭਾਸ਼ਾ ਨਾਲ ਕੀਤੇ ਜਾ ਰਹੇ ਵਿਤਕਰੇ ਦੀ ਵੀ ਉਨ੍ਹਾਂ ਨਿਖੇਧੀ ਕੀਤੀ।



# ਬੇਅਦਬੀ ਕਾਂਡ 'ਤੇ 'ਆਪ' ਦੇ ਸਟੈਂਡ ਤੋਂ ਕਾਂਗਰਸ ਫਿਕਰਮੰਦ



ਚੰਡੀਗੜ੍ਹ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮੁੱਦੇ 'ਤੇ ਆਮ ਆਦਮੀ ਪਾਰਟੀ ਦੇ ਸਟੈਂਡ ਤੋਂ ਕਾਂਗਰਸ ਵਿੱਚ ਵੀ ਘਬਰਾਹਟ ਦਿਖਾਈ ਦੇਣ ਲੱਗੀ ਹੈ। ਸੱਤ ਅਕਤੂਬਰ ਦੇ ਇਨਸਾਫ ਰੋਸ ਮਾਰਚ ਤੇ 14 ਅਤਕੂਬਰ ਨੂੰ ਮਨਾਈ ਗਈ ਬਹਿਬਲ ਗੋਲੀ ਕਾਂਡ ਦੀ ਤੀਜੀ ਬਰਸੀ ਵਿੱਚ ਸਿੱਖ ਸੰਗਤ ਦਾ ਅਕਾਲੀ ਦਲ ਦੇ ਨਾਲ-ਨਾਲ ਕਾਂਗਰਸ ਖਿਲਾਫ ਵੀ ਵੱਡਾ ਰੋਸ ਵੇਖਣ ਨੂੰ ਮਿਲਿਆ। ਦੂਜੇ ਪਾਸੇ ਇਸ ਮੁੱਦੇ 'ਤੇ ਅਕਾਲੀ ਦਲ ਤੇ ਕਾਂਗਰਸ ਨੂੰ ਬਰਾਬਰ ਘੇਰਨ ਕਰਕੇ ਆਮ ਆਦਮੀ ਪਾਰਟੀ ਤੇ ਖਾਸਕਰ ਸੁਖਪਾਲ ਖਹਿਰਾ ਵਾਲਾ ਬਾਗੀ ਧੜਾ ਸਿੱਖ ਸੰਗਤਾਂ ਦੀ ਹਮਦਰਦੀ ਹਾਸਲ ਕਰਦਾ ਨਜ਼ਰ ਆ ਰਿਹਾ ਹੈ। ਦਰਅਸਲ ਆਮ ਆਦਮੀ ਪਾਰਟੀ ਦਾ ਸਟੈਂਡ ਹੈ ਕਿ ਕਾਂਗਰਸ ਦੀ ਸਰਕਾਰ ਬਣੇ ਨੂੰ ਡੇਢ ਸਾਲ ਤੋਂ ਜ਼ਿਆਦਾ ਸਮਾਂ ਹੋ ਗਿਆ ਹੈ। ਇਸ ਦੇ ਬਾਵਜੂਦ ਅਜੇ ਤੱਕ ਦੋਸ਼ੀਆਂ ਤੱਕ ਨਹੀਂ ਪਹੁੰਚਿਆ ਜਾ ਸਕਿਆ। ਕਾਂਗਰਸ ਸਰਕਾਰ ਵੱਲੋਂ ਬਣਾਏ ਗਏ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਵਿੱਚ ਦੋਸ਼ੀ ਪੁਲਿਸ ਅਫਸਰਾਂ ਤੇ ਅਕਾਲੀ ਦਲ ਦੇ ਸੀਨੀਅਰ ਲੀਡਰਾਂ ਦੇ ਨਾਂ ਸਾਹਮਣੇ ਆਉਣ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸ ਦੇ ਰੋਸ ਵਿੱਚ ਆਮ ਆਦਮੀ ਪਾਰਟੀ ਦੇ ਵਿਧਾਇਕ ਐਚਐਸ ਫੂਲਕਾ ਅਸਤੀਫਾ ਵੀ ਦੇ ਚੁੱਕੇ ਹਨ। ਆਮ ਆਦਮੀ ਪਾਰਟੀ ਦੇ ਹੱਕ ਵਿੱਚ ਬਣਦੇ ਮਾਹੌਲ ਤੋਂ ਕਾਂਗਰਸ ਬੇਹੱਦ ਔਖੀ ਹੈ। ਜਨਤਾ ਵਿੱਚ ਬਣ ਰਹੀ ਇਸ ਰਾਏ ਨੂੰ ਖਾਰਜ਼ ਕਰਨ ਲਈ ਸੋਮਵਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖੁਦ ਮੀਡੀਆ ਸਾਹਮਣੇ ਆਏ। ਉਨ੍ਹਾਂ ਸ਼ਿਕਵਾ ਕੀਤਾ ਕਿ ਕੁਝ ਰਾਜਨੀਤਕ ਧਿਰਾਂ ਬੇਅਦਬੀ ਦੇ ਮੁੱਦਿਆਂ ਤੇ ਬਹਿਬਲ ਕਲਾਂ ਤੇ ਕੋਟਕਪੂਰਾ ਵਿੱਚ ਹੋਈਆਂ ਗੋਲੀ ਕਾਂਡ ਦੀਆਂ ਘਟਨਾਵਾਂ ਦਾ ਆਪਣੇ ਮੁਫ਼ਾਦ ਖਾਤਰ ਸਿਆਸੀਕਰਨ ਕਰ ਰਹੀਆਂ ਹਨ। ਇਸ ਦੇ ਨਾਲ ਹੀ ਉਨ੍ਹਾਂ ਦਾਅਵਾ ਕੀਤਾ ਕਿ ਸਰਕਾਰ ਆਪਣੇ ਵਾਅਦੇ ਤੋਂ ਪਿੱਛੇ ਨਹੀਂ ਹਟੇਗੀ ਤੇ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ। ਅਹਿਮ ਗੱਲ ਹੈ ਕਿ ਵਿਧਾਨ ਸਭਾ ਚੋਣਾਂ ਵਿੱਚ ਵੀ ਆਮ ਆਦਮੀ ਪਾਰਟੀ ਨੂੰ ਕੁਝ ਗਰਮਖਿਆਲੀ ਧਿਰਾਂ ਦੀ ਹਮਾਇਤ ਮਿਲੀ ਸੀ। ਕਾਂਗਰਸ ਤੇ ਅਕਾਲੀ ਦਲ ਵੱਲੋਂ ਘੇਰਨ ਕਰਕੇ 'ਆਪ' ਨੇ ਅਜਿਹੀਆਂ ਧਿਰਾਂ ਤੋਂ ਦੂਰੀ ਬਣਾ ਲਈ ਸੀ। ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਿਰੋਲ ਧਾਰਮਿਕ ਮਸਲਾ ਹੋਣ ਕਰਕੇ 'ਆਪ' ਹੁਣ ਬਰਗਾੜੀ ਮੋਰਚਾ ਦਾ ਡਟ ਕੇ ਸਾਥ ਦੇ ਰਹੀ ਹੈ। ਬੇਸ਼ੱਕ ਮੋਰਚੇ ਨਾਲ ਸੰਗਤਾਂ ਜਜ਼ਬਾਤੀ ਤੌਰ 'ਤੇ ਜੁੜੀਆਂ ਹਨ ਪਰ ਇਸ ਦਾ 'ਆਪ' ਨੂੰ ਵੀ ਲਾਹਾ ਮਿਲਣਾ ਤੈਅ ਹੈ। ਇਹ ਗੱਲ਼ ਹੀ ਕਾਂਗਰਸ ਨੂੰ ਪ੍ਰੇਸ਼ਾਨ ਕਰ ਰਹੀ ਹੈ।

## ਪੰਜਾਬ ਸਰਕਾਰ ਨੂੰ ਐੱਸ. ਜੀ. ਪੀ. ਸੀ. ਨੇ ਦਿੱਤੀ ਚਿਤਾਵਨੀ



ਅੰਮ੍ਰਿਤਸਰ - ਬਾਰ੍ਹਵੀਂ ਦੇ ਸਿਲੇਬਸ ਚੋਂ ਸਿੱਖ ਇਤਿਹਾਸ ਨੂੰ ਹਟਾਉਣ ਦੇ ਮਾਮਲੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ। ਐੱਸ. ਜੀ. ਪੀ. ਸੀ. ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦਾ ਕਹਿਣਾ ਹੈ ਕਿ ਸਿੱਖ ਇਤਿਹਾਸ ਦਾ ਮਸਲਾ ਜੇਕਰ ਹੱਲ ਨਾ ਕੀਤਾ ਗਿਆ ਤਾਂ ਸਰਕਾਰ ਖ਼ਿਲਾਫ਼ ਸ਼ਖ਼ਤ ਐਕਸ਼ਨ ਲਿਆ ਜਾਵੇਗਾ। ਐਸ.ਜੀ.ਪੀ.ਸੀ. ਦੀ ਮੀਟਿੰਗ 'ਚ ਇਸ ਮਸਲੇ 'ਤੇ ਵਿਚਾਰ-ਵਟਾਂਦਰਾ ਕੀਤੇ ਜਾਣ ਤੋਂ ਬਾਅਦ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਬਾਰ੍ਹਵੀਂ ਦੇ ਸਿਰੇਬਸ ਵਿਚ ਮੁੜ ਸਿੱਖ ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ। ਐਸ.ਜੀ.ਪੀ.ਸੀ. ਵੱਲੋਂ ਜਿਸ ਤਰ੍ਹਾਂ ਸਰਕਾਰ ਨੂੰ ਚਿਤਾਵਨੀ ਦਿੱਤੀ ਗਈ ਹੈ, ਉਸ ਤੋਂ ਸਾਫ ਹੈ ਕਿ ਐੱਸ. ਜੀ. ਪੀ. ਸੀ. ਹੁਣ ਪੰਥਕ ਮਸਲਿਆਂ 'ਤੇ ਸਰਗਰਮ ਹੋ ਗਈ ਹੈ।

## ਚੋਣਾਂ ਸਬੰਧੀ ਦਾਇਰ ਪਟੀਸ਼ਨ ਮਾਮਲੇ 'ਤੇ ਹਾਈਕੋਰਟ ਪੁੱਜੇ ਕੈਪਟਨ

ਚੰਡੀਗੜ੍ਹ- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਚੋਣਾਂ ਸਬੰਧੀ ਦਾਇਰ ਪਟੀਸ਼ਨ ਦੇ ਮਾਮਲੇ 'ਤੇ ਬੁੱਧਵਾਰ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਪੁੱਜੇ। ਇਸ ਦੌਰਾਨ ਹਾਈਕੋਰਟ ਨੇ ਕੈਪਟਨ ਅਮਰਿੰਦਰ ਸਿੰਘ ਤੋਂ ਸਾਲ 2002 ਦੀਆਂ ਵਿਧਾਨ ਸਭਾ ਚੋਣਾਂ ਨਾਲ ਸਬੰਧਿਤ ਜਾਣਕਾਰੀ ਮੰਗੀ। ਇਸ ਤੋਂ ਇਲਾਵਾ ਹਾਈਕੋਰਟ ਨੇ ਕੈਪਟਨ ਅਮਰਿੰਦਰ ਸਿੰਘ ਤੋਂ ਚੋਣਾਂ ਦੌਰਾਨ ਕੀਤੀਆਂ ਰੈਲੀਆਂ ਅਤੇ ਪ੍ਰੈੱਸ ਕਾਨਫਰੰਸਾਂ ਨਾਲ ਸਬੰਧਿਤ ਵੀ ਕਈ ਤਰ੍ਹਾਂ ਦੀਆਂ ਜਾਣਕਾਰੀਆਂ ਮੰਗੀਆਂ। ਕੈਪਟਨ ਕਰੀਬ 10 ਮਿੰਟ ਅਦਾਲਤ 'ਚ ਰਹੇ। ਇਸ ਮਾਮਲੇ ਦੀ ਅਗਲੀ ਸੁਣਵਾਈ 28 ਨਵੰਬਰ ਨੂੰ ਹੋਣੀ ਤੈਅ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਸਾਲ 2002 'ਚ ਪੰਜਾਬ ਵਿਧਾਨ ਸਭਾ ਦੀਆਂ ਹੋਈਆਂ ਚੋਣਾਂ 'ਚ ਕੈਪਟਨ ਅਮਰਿੰਦਰ ਸਿੰਘ ਦੀ ਜਿੱਤ ਦੇ ਖਿਲਾਫ ਸਥਾਨਕ ਵਾਸੀ ਹਰਕੀਰਤ ਸਿੰਘ ਨੇ ਹਾਈਕੋਰਟ 'ਚ ਪਟੀਸ਼ਨ ਦਾਇਰ ਕੀਤੀ ਸੀ, ਜਿਸ ਦੇ ਚੱਲਦਿਆਂ ਇਸ ਕੇਸ ਦੀ ਸੁਣਵਾਈ ਲਈ ਕੈਪਟਨ ਬੁੱਧਵਾਰ ਨੂੰ ਹਾਈਕੋਰਟ ਪੁੱਜੇ। ਇਸ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਜਲੰਧਰ 'ਚੋਂ ਫੜ੍ਹੇ 4 ਕਸ਼ਮੀਰੀ ਵਿਦਿਆਰਥੀਆਂ ਬਾਰੇ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਜੇਕਰ ਪੰਜਾਬ ਪੁਲਸ ਕੋਲ ਕਿਸੇ ਵੀ ਬਾਹਰੀ ਸੂਬੇ ਦੇ ਵਿਦਿਆਰਥੀ ਦੇ ਖਿਲਾਫ ਇਨਪੁਟ ਹੈ ਕਿ ਉਸ ਦਾ ਸਬੰਧ ਕਿਸੇ ਅੱਤਵਾਦੀ ਗਰੁੱਪ ਨਾਲ ਹੈ ਤਾਂ ਉਸ ਦੀ ਵੈਰੀਫਿਕੇਸ਼ਨ ਕੀਤੀ ਜਾਵੇਗੀ।

## ਸੁਖਪਾਲ ਖਹਿਰਾ ਨਹੀਂ ਕਰਨਗੇ ਅੰਮ੍ਰਿਤਪਾਨ!

ਜਲੰਧਰ- ਆਮ ਆਦਮੀ ਪਾਰਟੀ ਤੋਂ ਤੋੜ-ਵਿਛੋੜਾ ਕਰ ਕੇ ਹੁਣ ਲੋਕ ਇਨਸਾਫ ਪਾਰਟੀ ਦੇ ਬੈਂਸ ਭਰਾਵਾਂ ਨਾਲ ਮਿਲ ਕੇ ਪੰਥਕ ਮੋਰਚੇ ਦੇ ਨਾਲ ਬਰਗਾੜੀ ਵਿਚ ਅਕਾਲੀ ਦਲ ਤੇ ਕਾਂਗਰਸ ਦੇ ਖਿਲਾਫ ਆਵਾਜ਼ ਉਠਾ ਰਹੇ ਸੁਖਪਾਲ ਖਹਿਰਾ ਦੇ ਬਾਰੇ ਇਨ੍ਹੀਂ ਦਿਨੀ ਅਜਿਹੀਆਂ ਖਬਰਾਂ ਸੁਣਨ ਨੂੰ ਮਿਲ ਰਹੀਆਂ ਹਨ ਕਿ ਉਹ ਅੰਮ੍ਰਿਤਪਾਨ ਕਰ ਕੇ ਜਲਦੀ ਹੀ ਸਾਬਤ ਸੂਰਤ ਖਾਲਸ ਰੂਪ ਵਿਚ ਆਪਣੇ ਸਿਆਸੀ ਦੁਸ਼ਮਣਾਂ ਸੁਖਬੀਰ ਬਾਦਲ ਤੇ ਹੋਰਨਾਂ ਨੂੰ ਟੱਕਰ ਦੇਣ ਦੀ ਤਿਆਰੀ ਕਰ ਰਹੇ ਹਨ। ਜਾਣਕਾਰ ਦੱਸਦੇ ਹਨ ਕਿ ਸੁਖਪਾਲ ਨੇ ਦਾੜ੍ਹੀ ਵਧਾਉਣੀ ਸ਼ੁਰੂ ਕਰ ਦਿੱਤੀ ਹੈ ਤੇ ਜਿਸ ਤਰ੍ਹਾਂ ਬਰਗਾੜੀ ਰੋਸ ਮਾਰਚ ਵਿਚ ਸੁਖਪਾਲ ਨੇ ਅੱਗੇ ਵਧ ਕੇ ਪੰਥਕ ਆਗੂਆਂ ਨਾਲ ਸਰਕਾਰ ਨੂੰ ਨਿਸ਼ਾਨਾ ਬਣਾਇਆ, ਉਸ ਤੋਂ ਲੱਗਦਾ ਹੈ ਕਿ ਉਹ ਪੰਥਕ ਆਗੂਆਂ ਦੇ ਪ੍ਰਭਾਵ ਹੇਠ ਹਨ ਅਤੇ ਅੰਮ੍ਰਿਤਪਾਨ ਕਰਨ ਦੀ ਤਿਆਰੀ ਵਿਚ ਹਨ।

ਇਸ ਨੂੰ 2019 ਚੋਣਾਂ ਅਤੇ ਸ਼੍ਰੋਮਣੀ ਕਮੇਟੀ ਵਿਚ ਰਸਤਾ ਬਣਾਉਣ ਦੀ ਨਜ਼ਰ ਤੋਂ ਵੀ ਦੇਖਿਆ ਜਾ ਰਿਹਾ ਹੈ ਪਰ ਇਸ ਬਾਰੇ ਖਾਸ ਗੱਲਬਾਤ ਕਰਦਿਆਂ ਸੁਖਪਾਲ ਖਹਿਰਾ ਨੇ ਕਿਹਾ ਕਿ ਨਾ ਤਾਂ ਉਹ ਅੰਮ੍ਰਿਤਪਾਨ ਕਰ ਰਹੇ ਹਨ ਤੇ ਨਾ ਹੀ ਫਿਲਹਾਲ ਅਜਿਹਾ ਕੋਈ ਵਿਚਾਰ ਮਨ ਵਿਚ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਪਾਨ ਕਰਨਾ ਬੇਹੱਦ ਚੰਗਾ ਕਦਮ ਹੈ ਪਰ ਇਹ ਸਿਆਸਤ ਤੋਂ ਪ੍ਰੇਰਿਤ ਨਾ ਹੋ ਕੇ ਧਾਰਮਿਕ ਭਾਵਨਾਵਾਂ ਨਾਲ ਉਠਾਇਆ ਜਾਣਾ ਚਾਹੀਦਾ ਹੈ।

# ਕੈਪਟਨ ਦੀ ਸੁਰੱਖਿਆ ਲੈਣ ਤੋਂ ਵੱਡੇ ਬਾਦਲ ਦੀ ਕੋਰੀ ਨਾਂਹ

ਚੰਡੀਗੜ੍ਹ : ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਸੁਰੱਖਿਆ ਦੀ ਪੇਸ਼ਕਸ਼ ਨੂੰ ਕੋਰੀ ਨਾਂਹ ਕਰ ਦਿੱਤੀ ਹੈ। ਪ੍ਰਕਾਸ਼ ਸਿੰਘ ਬਾਦਲ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਕਿਸੇ ਸੁਰੱਖਿਆ ਦੀ ਲੋੜ ਨਹੀਂ ਹੈ ਅਤੇ ਜੇਕਰ ਪੰਜਾਬ ਦੀ ਸ਼ਾਂਤੀ ਅਤੇ ਭਾਈਚਾਰਕ ਸਾਂਝ ਲਈ ਉਨ੍ਹਾਂ ਨੂੰ ਜਾਨ ਵੀ ਵਾਰਨੀ ਪਈ ਤਾਂ ਉਹ ਪਿੱਛੇ ਨਹੀਂ ਹਟਣਗੇ। ਉਨ੍ਹਾਂ ਕਿਹਾ ਕਿ ਕੈਪਟਨ ਨੂੰ ਸ਼ਾਂਤੀ ਅਤੇ ਫਿਰਕੂ ਸਾਂਝ ਨੂੰ ਬਚਾਉਣ ਲਈ ਸੂਬੇ ਨੂੰ ਖਤਰਨਾਕ ਅਰਾਜਕਤਾ ਵੱਲ ਧੱਕੇ ਜਾਣ ਤੋਂ ਰੋਕਣ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ।ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਅੰਦਰ ਗਰਮ ਖਿਆਲੀ ਸਿਆਸਤ ਅਤੇ ਖਤਰਨਾਕ ਨਾਅਰਿਆਂ ਪਿੱਛੇ ਹਮੇਸ਼ਾ ਕਾਂਗਰਸ ਪਾਰਟੀ ਰਹੀ ਹੈ, ਜਿਸ ਦਾ ਮੁੱਖ ਮੰਤਵ ਸਿੱਖਾਂ ਨੂੰ ਆਪਣੇ ਚੁਣੇ ਹੋਏ ਨੁਮਾਇੰਦਿਆਂ ਰਾਹੀਂ ਆਪਣੇ ਪਵਿੱਤਰ ਗੁਰਧਾਮਾਂ ਦੀ ਸੇਵਾ ਕਰਨ ਤੋਂ ਵਾਂਝੇ ਕਰਨਾ ਹੈ। ਉਨ੍ਹਾਂ ਕੈਪਟਨ 'ਤੇ ਵਰ੍ਹਦਿਆਂ ਕਿਹਾ ਕਿ ਕੈਪਟਨ ਅਤੇ ਉਸ ਦੇ ਸਾਥੀ ਮੰਤਰੀ ਸਾਜਿਸ਼ਾਂ ਅਧੀਨ ਅਜਿਹਾ ਬਦ ਅਮਨੀ ਵਾਲਾ ਮਾਹੌਲ ਬਣਾ ਰਹੇ ਹਨ, ਜਿਸ ਨਾਲ ਪੰਜਾਬ 'ਚ ਮੁੜ 1984 ਵਾਲੇ ਹਾਲਾਤ ਬਣ ਜਾਣ, ਜੋ ਪੰਜਾਬ ਅਤੇ ਪੰਜਾਬੀਆਂ ਲਈ ਬੇਹੱਦ ਘਾਤਕ ਹੋਵੇਗਾ।



## ਕੈਪਟਨ ਨੇ ਇਸ ਲਈ ਕੀਤੀ ਸੀ ਸੁਰੱਖਿਆ ਦੀ ਪੇਸ਼ਕਸ਼

ਦਰਅਸਲ ਬੀਤੇ ਦਿਨ ਉੱਤਰ ਪ੍ਰਦੇਸ਼ ਦੇ ਸ਼ਾਮਲੀ ਜ਼ਿਲੇ 'ਚੋਂ ਤਿੰਨ ਬਦਮਾਸ਼ਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਜਾਂਚ ਦੌਰਾਨ ਸਾਹਮਣੇ ਆਇਆ ਕਿ ਬਦਮਾਸ਼ਾਂ ਦੇ ਸਬੰਧ ਖਾਲਿਸਤਾਨੀ ਅੱਤਵਾਦੀਆਂ ਨਾਲ ਸਨ, ਜੋ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਕਤਲ ਕਰਨ ਦੀ ਯੋਜਨਾ ਤਿਆਰ ਕਰ ਰਹੇ ਸਨ। ਇਸ ਤੋਂ ਬਾਅਦ ਪੰਜਾਬ ਦੀ ਕੈਪਟਨ ਸਰਕਾਰ ਨੂੰ ਹੱਥਾਂ-ਪੈਰਾਂ ਦੀ ਪੈ ਗਈ ਅਤੇ ਪੰਜਾਬ ਸਰਕਾਰ ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਹਰ ਤਰੀਕੇ ਦੀ ਸੁਰੱਖਿਆ ਮੁਹੱਈਆ ਕਰਵਾਉਣ ਦਾ ਭਰੋਸਾ ਦਿੱਤਾ ਸੀ, ਜਿਸ ਨੂੰ ਲੈਣ ਤੋਂ ਵੱਡੇ ਬਾਦਲ ਨੇ ਇਨਕਾਰ ਕਰ ਦਿੱਤਾ।

## ਕਿਸੇ ਗਰੀਬ ਦੇ ਪੀਪੇ 'ਚ ਇਨਾ ਆਟਾ ਨੀ, ਜਿੰਨਾ ਬੀਬੀ ਬਾਦਲ ਕੋਲ 'ਸੋਨਾ'!

ਚੰਡੀਗੜ੍ਹ- ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਪਤਨੀ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਕੋਲ ਇਨਾ ਸੋਨਾ ਹੈ, ਜਿੰਨਾ ਕਿ ਕਿਸੇ ਗਰੀਬ ਦੇ ਪੀਪੇ 'ਚ ਆਟਾ ਨਹੀਂ ਹੁੰਦਾ। ਜੀ ਹਾਂ, ਇਹ ਗੱਲ ਬਿਲਕੁਲ ਸੱਚ ਹੈ। ਪ੍ਰਧਾਨ ਮੰਤਰੀ ਦਫਤਰ ਕੋਲ ਬੀਬੀ ਬਾਦਲ ਨੇ ਸਾਲ 2017-18 ਦੇ ਜਿਹੜੇ ਵੇਰਵੇ ਦਿੱਤੇ ਹਨ, ਉਨ੍ਹਾਂ ਮੁਤਾਬਕ ਬੀਬੀ ਬਾਦਲ ਨੇ ਸੋਨੇ ਦੇ ਮਾਮਲੇ 'ਚ ਸਭਨਾ ਕੇਂਦਰੀ ਮਹਿਲਾ ਵਜ਼ੀਰਾਂ ਨੂੰ ਪਿੱਛੇ ਛੱਡ ਦਿੱਤਾ ਹੈ।ਮੇਨਕਾ ਗਾਂਧੀ ਕੋਲ ਸਵਾ ਕਰੋੜ ਰੁਪਏ ਦੇ ਗਹਿਣੇ ਹਨ, ਜਦੋਂ ਕਿ ਬੀਬੀ ਬਾਦਲ ਜਦੋਂ ਕੇਂਦਰੀ ਮੰਤਰੀ ਬਣੀ ਸੀ ਤਾਂ ਉਨ੍ਹਾਂ ਕੋਲ 5.40 ਕਰੋੜ ਦੀ ਜਿਊਲਰੀ ਸੀ। ਹਰਸਿਮਰਤ ਨੂੰ ਸਭ ਤੋਂ ਪਹਿਲਾਂ ਆਪਣੀ ਸੱਸ ਮਰਹੂਮ ਸੁਰਿੰਦਰ ਕੌਰ ਬਾਦਲ ਤੋਂ ਵਸੀਅਤ ਰਾਹੀਂ ਗਹਿਣੇ ਮਿਲੇ ਸਨ। ਇਸ ਵੇਲੇ ਬੀਬੀ ਬਾਦਲ ਕੋਲ ਕਰੀਬ 21.5 ਕਿਲੋਗ੍ਰਾਮ ਸੋਨੇ ਦੇ ਗਹਿਣੇ ਹਨ, ਜਿਨ੍ਹਾਂ ਦੀ ਕੀਮਤ 7.03 ਕਰੋੜ ਬਣਦੀ ਹੈ। ਇਸ ਤੋਂ ਇਲਾਵਾ ਮਜੀਠੀਆ ਪਰਿਵਾਰ ਨੇ ਆਪਣੀ ਧੀ ਹਰਸਿਮਰਤ ਨੂੰ 2017-18 ਦੌਰਾਨ ਕਰੋੜਾਂ ਰੁਪਏ ਦੇ ਤੋਹਫੇ ਦਿੱਤੇ ਹਨ। ਹਰਸਿਮਰਤ ਕੌਰ ਨੂੰ ਆਪਣੇ ਮਾਪਿਆਂ ਤੋਂ ਕਰੀਬ 19 ਏਕੜ ਬਹੁਕੀਮਤੀ ਜ਼ਮੀਨ ਤੋਹਫੇ 'ਚ ਮਿਲੀ ਹੈ।

# ਗਿਆਨੀ ਗੁਰਬਚਨ ਸਿੰਘ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਜੱਥੇਦਾਰੀ ਤੋਂ ਦਿੱਤਾ 'ਅਸਤੀਫਾ'

ਅੰਮ੍ਰਿਤਸਰ—ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਅੱਜ ਆਪਣੀ ਵੱਡੇਰੀ ਉਮਰ ਦਾ ਹਵਾਲਾ ਦੇ ਕੇ ਜਥੇਦਾਰੀ ਤੋਂ ਆਪਣੇ ਅਸਤੀਫਾ ਦੀ ਪੇਸ਼ਕਸ਼ ਕੀਤੀ ਹੈ। ਆਪਣੇ ਅਸਤੀਫੇ 'ਚ ਉਨ੍ਹਾਂ ਲਿਖਿਆ ਹੈ, "ਕੁਦਰਤ ਦੇ ਨਿਯਮ ਅਨੁਸਾਰ ਵੱਡੇਰੀ ਉਮਰ ਅਤੇ ਇਸ ਨਾਲ ਜੁੜ ਰਹੀਆਂ ਸਿਹਤ ਦੀਆਂ ਕੁਝ ਦਿੱਕਤਾਂ ਮੈਨੂੰ ਇਸ ਗੱਲ ਦਾ ਅਹਿਸਾਸ ਕਰਵਾ ਰਹੀਆਂ ਹਨ ਕਿ ਬਹੁਤ ਹੀ ਜ਼ਿੰਮੇਵਾਰੀ ਵਾਲੀ ਸੇਵਾ ਨਿਭਾਉਣ ਤੋਂ ਦਾਸ ਅਸਮਰੱਥ ਹੈ।ਖਾਲਸਾ ਪੰਥ, ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਪ੍ਰਧਾਨ ਸਾਹਿਬ ਅਤੇ ਸਮੂਚੇ ਅਗਜ਼ੈਕਟੀਵ ਨੂੰ ਇਸ ਅਹਿਮ ਪੱਦਵੀ ਤੇ ਯੋਗ ਵਿਅਕਤੀ ਨੂੰ ਨਿਯਤ ਕਰਦਿਆਂ ਦਾਸ ਨੂੰ ਸੇਵਾ ਮੁਕਤ ਕਰ ਦਿੱਤਾ ਜਾਵੇ।ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨਾਂ ਵਿਚ ਪੰਥ ਦੀ ਚੜਦੀ ਕਲ੍ਹਾਂ ਦੀ ਅਰਦਾਸ ਕਰਦਾ ਹਾਂ।ਦਾਸ ਹਮੇਸ਼ਾ ਖਾਲਸਾ ਪੰਥ ਦਾ ਸੇਵਾਦਾਰ ਰਹਾਂਗਾ।ਸਹਿਯੋਗ ਲਈ ਸਮੁੱਚੀਆਂ ਧਾਰਮਿਕ ਜਥੇਬੰਦੀਆਂ ਤੇ ਸੰਗਤਾਂ ਦਾ ਧੰਨਵਾਦ ਕਰਦਾ ਹਾਂ।" ਆਪਣੇ ਇਸ ਅਸਤੀਫੇ 'ਚ ਜਿੱਥੇ ਉਨ੍ਹਾਂ ਆਪਣੇ 10 ਸਾਲ ਦੇ ਕਾਰਜਕਾਲ ਤੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਅਤੇ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਫਾਂਸੀ ਦੇ ਤਖਤੇ ਤੋਂ ਬਚਾਉਣ ਲਈ ਕੀਤੇ ਸੰਘਰਸ਼ ਦਾ ਜ਼ਿਕਰ ਕੀਤਾ ਹੈ, ਉਥੇ ਹੀ ਉਨ੍ਹਾਂ ਨੇ ਸਰਸੇ ਵਾਲੇ ਸਾਧ ਦੇ ਸਬੰਧੀ ਲਏ ਗਏ ਫੈਸਲੇ ਨੂੰ ਵਾਪਸ ਲੈਣ ਦੀ ਗੱਲ ਵੀ ਕੀਤੀ ਹੈ। ਅੰਤ ਉਨ੍ਹਾਂ ਨੇ ਹਮੇਸ਼ਾ ਖਾਲਸਾ ਪੰਥ ਦੇ ਸੇਵਾਦਾਰ ਰਹਿਣ ਦੀ ਗੱਲ ਕਰਦਿਆਂ ਸਮੁੱਚੀਆਂ ਧਾਰਮਿਕ ਜਥੇਬੰਦੀਆਂ ਤੇ ਸੰਗਤਾਂ ਦਾ ਧੰਨਵਾਦ ਕੀਤਾ ਹੈ।



## 'ਕੌਮ ਤਾਂ ਵੀ ਮੁਆਫ਼ ਨਹੀਂ ਕਰੇਗੀ'

ਸਾਬਕਾ ਐਸਜੀਪੀਸੀ ਮੈਂਬਰ ਜਸਵਿੰਦਰ ਸਿੰਘ ਐਡਵੋਕੇਟ ਦਾ ਕਹਿਣਾ ਹੈ, "ਕੀ ਸਿਰਫ ਅਸਤੀਫ਼ਾ ਦੇਣ ਨਾਲ ਪਾਪ ਘੱਟ ਜਾਣਗੇ। ਕੌਮ ਦੀ ਜਿੰਨੀ ਹੇਠੀ ਗਿਆਨੀ ਗੁਰਬਚਨ ਸਿੰਘ ਦੇ ਸਮੇਂ ਦੌਰਾਨ ਹੋਈ ਹੈ ਉਸਦੀ ਭਰਪਾਈ ਨਹੀਂ ਹੋ ਸਕਦੀ ਹੈ। ਇਹ ਇਤਿਹਾਸ ਦਾ ਕਾਲਾ ਸਮਾਂ ਗਿਣਿਆ ਜਾਵੇਗਾ।ਜੇ ਹੁਣ ਪਾਪ ਧੋਂਣ ਦਾ ਮਨ ਬਣਿਆਂ ਹੋਵੇ ਤਾਂ ਕੌਮ ਅੱਗੇ ਸੱਚ ਰੱਖੋ। ਕਿਹੜੇ ਹਾਲਾਤ ਸਨ ਤੇ ਕੌਣ ਲੋਕ ਸਨ ਜਿਨ੍ਹਾਂ ਦੇ ਪ੍ਰਭਾਵ ਥੱਲੇ, ਕੌਮ ਦੀਆਂ ਭਾਵਨਾਵਾਂ ਨਾਲ ਖਿਲਵਾੜ ਕੀਤਾ। ਹਾਲੇ ਛੁਟਕਾਰਾ ਨਹੀਂ ਹੋਣਾ ਜਵਾਬ ਦੇਣਾ ਪੈਣਾ ਹੈ।"



## ਗਿਆਨੀ ਗੁਰਬਚਨ ਸਿੰਘ ਦਾ ਸ.ਫਰ

ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ 5 ਅਗਸਤ 2008 ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦਾ ਅਹੁਦਾ ਸੰਭਾਲਿਆ ਸੀ।ਸਿੱਖਾਂ ਦੀ ਸਰਬ–ਉੱਚ ਸੰਸਥਾ ਦੇ ਮੁਖੀ ਦੇ ਅਹੁਦੇ ਤੇ 10 ਸਾਲ ਵਿਰਾਜਮਾਨ ਰਹਿਣ ਵਾਲੇ ਗਿਆਨੀ ਗੁਰਬਚਨ ਸਿੰਘ ਨੇ ਸ਼੍ਰੋਮਣੀ ਕਮੇਟੀ ਵਿੱਚ ਸੇਵਾਦਾਰ ਵਜੋਂ 1972 ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ ਵਿੱਚ ਸੇਵਾ ਸ਼ੁਰੂ ਕੀਤੀ ਸੀ।ਉਨ੍ਹਾਂ ਨੇ ਜਥੇਦਾਰ ਜੁਗਿੰਦਰ ਸਿੰਘ ਵੇਦਾਂਤੀ ਦੇ ਅਸਤੀਫ਼ੇ ਤੋਂ ਬਾਅਦ ਇਹ ਅਹੁਦਾ ਸੰਭਾਲਿਆ ਸੀ। ਇਸ ਤੋਂ ਪਹਿਲਾਂ ਉਹ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਨ ਉਹ 19 ਜਨਵਰੀ 2005 ਨੂੰ ਇਸ ਅਹੁਦੇ ਉੱਤੇ ਆਸੀਨ ਹੋਏ ਸਨ।ਗਿਆਨੀ ਗੁਰਬਚਨ ਸਿੰਘ ਦਾ ਜਨਮ 6 ਅਪ੍ਰੈਲ 1948 ਨੂੰ ਮੁਕਤਸਰ ਜ਼ਿਲ੍ਹੇ ਦੇ ਪਿੰਡ ਚੱਕ ਬਾਜਾ ਵਿੱਚ ਹੋਇਆ ਜੋ ਪ੍ਰਕਾਸ਼ ਸਿੰਘ ਬਾਦਲ ਦਾ ਵੀ ਜੱਦੀ ਜ਼ਿਲ੍ਹਾ ਹੈ।ਗਿਆਨੀ ਗੁਰਬਚਨ ਸਿੰਘ ਬਾਦਲ ਪਰਿਵਾਰ ਦੇ ਨਜ਼ਦੀਕੀਆਂ ਵਿੱਚੋਂ ਸਮਝੇ ਜਾਂਦੇ ਹਨ ਅਤੇ ਉਹ ਅਕਾਲ ਤਖ਼ਤ ਸਾਹਿਬ ਦੇ 24ਵੇਂ ਜਥੇਦਾਰ ਸਨ।ਗਿਆਨੀ ਗੁਰਬਚਨ ਸਿੰਘ ਉੱਤੇ ਬਾਦਲ ਪਰਿਵਾਰ ਦੇ ਸਿਆਸੀ ਦਬਾਅ ਹੇਠ ਕੰਮ ਕਰਨ ਦੇ ਇਲਜ਼ਾਮ ਲੱਗਦੇ ਰਹੇ ਭਾਵੇਂ ਕਿ ਉਨ੍ਹਾਂ ਨੇ ਹਮੇਸ਼ਾ ਇਨ੍ਹਾਂ ਇਲਜ਼ਾਮਾ ਨੂੰ ਰੱਦ ਕੀਤਾ ਡੇਰਾ ਸੱਚਾ ਸੌਦਾ ਮੁਖੀ ਨੂੰ ਇੱਕ ਪੱਤਰ ਦੇ ਆਧਾਰ 'ਤੇ ਮਾ.ਫ਼ੀ ਦੇਣ ਕਾਰਨ ਉਨ੍ਹਾਂ ਦਾ ਸਖ਼ਤ ਵਿਰੋਧ ਹੋਇਆ।ਪਿਛਲੇ ਦਿਨੀ ਵਿਧਾਨ ਸਭਾ ਵਿਚ ਬਹਿਸ ਦੌਰਾਨ ਉਨ੍ਹਾਂ ਦੇ ਪੁੱਤਰ ਦੇ ਕਾਰੋਬਾਰ ਅਤੇ ਜਾਇਦਾਦ ਬਾਰੇ ਸਵਾਲ ਵੀ ਉੱਠੇ ਸਨ। ਜਿਨ੍ਹਾਂ ਨੂੰ ਜਥੇਦਾਰ ਨੇ ਖੁਦ ਰੱਦ ਕੀਤਾ ਸੀ।ਅਕਾਲੀ ਦਲ ਦੇ ਵਿਰੋਧੀਆਂ , ਕਈ ਅਕਾਲੀ ਆਗੂਆਂ ਅਤੇ ਸਿੱਖ ਸੰਗਠਨਾਂ ਵੱਲੋਂ ਜਥੇਦਾਰ ਉੱਤੇ ਅਸਤੀ.ਫ਼ਾ ਦੇਣ ਦਾ ਦਬਾਅ ਚੱਲ ਰਿਹਾ ਸੀ।

## ਗੁਰਬਚਨ ਸਿੰਘ ਦਾ ਅਸਤੀ.ਫ਼ਾ : ਸੇਵਾਦਾਰ ਤੋਂ ਅਕਾਲ ਤਖਤ ਦੇ ਜਥੇਦਾਰ ਤੱਕ

ਸਿੱਖ ਧਰਮ ਦੀ ਸਰਬਉੱਚ ਧਾਰਮਿਕ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੱਤਰ ਲਿਖ ਕੇ ਆਪਣਾ ਅਹੁਦਾ ਛੱਡਣ ਦਾ ਐਲਾਨ ਕਰ ਦਿੱਤਾ ਹੈ।ਬੀਬੀਸੀ ਪੰਜਾਬੀ ਨਾਲ ਫੋਨ ਉੱਤੇ ਗੱਲ ਕਰਦਿਆਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਸ ਦੀ ਪੁਸ਼ਟੀ ਕਰਦਿਆ ਕਿਹਾ, 'ਮੈਂ ਸ਼੍ਰੋਮਣੀ ਕਮੇਟੀ ਨੂੰ ਪੱਤਰ ਲਿਖ ਕੇ ਖਰਾਬ ਸਿਹਤ ਦੇ ਮੱਦੇਨਜ਼ਰ ਆਪਣਾ ਅਹੁਦਾ ਛੱਡਣ ਦੀ ਇੱਛਾ ਜਾਹਰ ਕੀਤੀ ਹੈ।'ਆਪਣੇ ਅਸਤੀਫ਼ੇ ਵਿੱਚ ਉਨ੍ਹਾਂ ਲਿਖਿਆ ਹੈ,"ਕੁਦਰਤ ਦੇ ਨਿਯਮ ਅਨੁਸਾਰ ਵਡੇਰੀ ਉਮਰ ਅਤੇ ਇਸ ਨਾਲ ਜੁਝ ਰਹੀਆਂ ਸਹਿਤ ਦੀਆਂ ਕੁਝ ਦਿੱਕਤਾਂ ਮੈਨੂੰ ਇਸ ਗੱਲ ਦਾ ਅਹਿਸਾਸ ਕਰਵਾ ਰਹੀਆਂ ਹਨ ਕਿ ਬਹੁਤ ਜ਼ਿੰਮੇਵਾਰੀ ਵਾਲੀ ਸੇਵਾ ਨਿਭਾਉਣ ਤੋਂ ਦਾਸ ਅਸਮਰੱਥ ਹੈ।" ਉਨ੍ਹਾਂ ਅੱਗੇ ਲਿਖਿਆ ਹੈ,"ਖਾਲਸਾ ਪੰਥ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਅਹਿਮ ਅਹੁਦੇ ਲਈ ਯੋਗ ਵਿਅਕਤੀ ਨੂੰ ਨਿਯੁਕਤ ਕਰਕੇ ਉਨ੍ਹਾਂ ਨੂੰ ਸੇਵਾ ਮੁਕਤ ਕਰ ਦਿੱਤਾ ਜਾਵੇ।"ਡੇਰਾ ਮੁਖੀ ਦੀ ਮਾਫੀ 'ਤੇ ਕੀ ਕਿਹਾ ਜਥੇਦਾਰ ਅਕਾਲ ਤਖ਼ਤ ਨੇ ਆਪਣੇ ਅਸਤੀਫ਼ੇ ਵਿੱਚ ਡੇਰਾ ਸੱਚਾ ਸੌਦਾ ਨੂੰ ਅਕਾਲ ਤਖ਼ਤ ਵੱਲੋਂ ਦਿੱਤੀ ਗਈ ਮਾਫ਼ੀ ਦਾ ਜ਼ਿਕਰ ਵੀ ਕੀਤਾ ਹੈ।ਉਨ੍ਹਾਂ ਲਿਖਿਆ ਹੈ ਕਿ ਇਸ ਫ਼ੈਸਲੇ ਉੱਤੇ ਕਿੰਤੂ–ਪ੍ਰੰਤੂ ਵੀ ਹੋਇਆ। ਖਾਲਸਾ ਪੰਥ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦੇ ਹੋਏ ਸਿੰਘ ਸਾਹਿਬਾਨਾਂ ਦੀ ਰਾਏ ਨਾਲ ਇਹ ਫ਼ੈਸਲਾ ਵਾਪਿਸ ਲੈ ਲਿਆ ਗਿਆ।ਉਨ੍ਹਾਂ ਲਿਖਿਆ ਹੈ ਕਿ ਦਾਸ ਹਮੇਸ਼ਾ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਪੰਥ ਨੂੰ ਸਮਰਪਿਤ ਹੈ ਅਤੇ ਆਖ਼ਰੀ ਸਾਹ ਤੱਕ ਰਹੇਗਾ। ਉਨ੍ਹਾਂ ਆਪਣੇ ਕਾਰਜਕਾਲ ਦੌਰਾਨ ਹੋਈਆਂ ਭੁੱਲਾਂ ਲਈ ਵੀ ਪੰਥ ਤੋਂ ਮਾਫ਼ੀ ਮੰਗੀ ਹੈ।ਜਥੇਦਾਰ ਨੇ ਲਿਖਿਆ ਹੈ ਕਿ ਜੀਵ ਭੁੱਲਣ ਹਾਰ ਹੈ ਅਤੇ ਆਪਣੇ ਸੇਵਾ ਕਾਲ ਦੌਰਾਨ ਜਾਣੇ–ਅਣਜਾਣੇ ਵਿੱਚ ਹੋਈਆਂ ਭੁੱਲਾਂ ਆਪਣੀ ਚੋਲੀ ਪਾਉਂਦੇ ਹੋਏ ਉਹ ਸਮੁੱਚੇ ਖਾਲਸਾ ਪੰਥ ਤੋਂ ਖਿਮਾ ਦੇ ਜਾਚਕ ਹਨ।"ਭੁੱਲਣ ਵਿਚੀ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ।।"ਜਥੇਦਾਰ ਗਿਆਨੀ ਗੁਰਬਚਨ ਸਿੰਘ ਪਿਛਲੇ 10 ਸਾਲ ਤੋਂ ਇਸ ਅਹੁਦੇ 'ਤੇ ਬਣੇ ਹੋਏ ਸਨ।

## ਸ੍ਰੀ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀ ਵਿਵਾਦਾਂ ਨਾਲ ਪੱਕੀ ਯਾਰੀ

ਅੰਮ੍ਰਿਤਸਰ– ਗਿਆਨੀ ਗੁਰਬਚਨ ਸਿੰਘ ਨੇ ਜਦੋਂ ਤੋਂ ਸ਼੍ਰੀ ਅਕਾਲ ਤਖ਼ਤ ਦੇ ਜਥੇਦਾਰ ਦੇ ਤੌਰ 'ਤੇ ਅਹੁਦਾ ਸੰਭਾਲਿਆ ਸੀ, ਉਦੋਂ ਤੋਂ ਹੀ ਵਿਵਾਦਾਂ ਨਾਲ ਉਨ੍ਹਾਂ ਦੀ ਯਾਰੀ ਪੈ ਗਈ।ਪਰ ਬੇਅਦਬੀ ਮਾਮਲੇ ਵਿੱਚ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਮੁਆਫ਼ੀ ਦੇਣ ਦੇ ਫ਼ੈਸਲੇ ਨੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਫਸਾ ਲਿਆ ਤੇ ਅੰਤ ਵਿੱਚ ਉਨ੍ਹਾਂ ਨੂੰ ਜਥੇਦਾਰੀ ਤੋਂ ਤਿਆਗ ਪੱਤਰ ਦੇਣ ਲਈ ਮਜ਼ਬੂਰ ਹੋਣਾ ਪਿਆ।ਸ਼੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਮੁੱਖ ਗ੍ਰੰਥੀ ਗਿਆਨੀ ਗੁਰਬਚਨ ਸਿੰਘ 7 ਅਗਸਤ, 2008 ਨੂੰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਦੀ ਥਾਂ ਅਕਾਲ ਤਖ਼ਤ ਦੇ ਜਥੇਦਾਰ ਦੇ ਤੌਰ 'ਤੇ ਬਿਰਾਜਮਾਨ ਹੋਏ।ਉਹ 1972 ਵਿੱਚ ਇਤਿਹਾਸਕ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਸ਼੍ਰੀ ਮੁਕਤਸਰ ਸਾਹਿਬ ਵਿੱਚ ਇੱਕ ਸੇਵਾਦਾਰ ਦੇ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਵਿੱਚ ਸ਼ਾਮਲ ਹੋਏ ਸਨ। ਮੁਕਤਸਰ, ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਘਰੇਲੂ ਜ਼ਿਲ੍ਹਾ ਤੇ ਸ਼੍ਰੋਮਣੀ ਅਕਾਲੀ ਦਲ ਗੜ੍ਹ ਮੰਨਿਆ ਜਾਂਦਾ ਹੈ। ਉਨ੍ਹਾਂ ਦਾ ਜੱਦੀ ਪਿੰਡ ਚੱਕ ਬਾਜਾ ਜਿੱਥੇ ਉਨ੍ਹਾਂ ਦਾ ਜਨਮ 6 ਅਪ੍ਰੈਲ 1948 ਨੂੰ ਹੋਇਆ, ਉਹ ਵੀ ਮੁਕਤਸਰ ਜ਼ਿਲ੍ਹੇ ਵਿੱਚ ਪੈਂਦਾ ਹੈ। ਉਹ ਸੇਵਾਦਾਰ ਦੇ ਅਹੁਦੇ ਤੋਂ ਸਿੱਖਾਂ ਦੀ ਸਰਵ ਉੱਚ ਸੀਟ ਤੱਕ ਪਹੁੰਚੇ। ਉਨ੍ਹਾਂ ਨੂੰ 'ਸੇਵਾਦਾਰ' ਤੋਂ ਤਰੱਕੀ ਦਿੰਦੇ ਹੋਈ ਗ੍ਰੰਥੀ ਤੇ 1996 ਵਿੱਚ ਮੁਕਤਸਰ ਗੁਰਦੁਆਰਾ ਸਾਹਿਬ ਦਾ ਮੁਖ ਗ੍ਰੰਥੀ ਦੀ ਬਣਾਇਆ ਗਿਆ। ਉਸ ਸਮੇਂ ਦੇ ਗ੍ਰਹਿ–ਮੰਤਰੀ ਬੂਟਾ ਸਿੰਘ ਨੂੰ 'ਸਿਰੋਪਾ' ਦੇਣ ਦੇ ਦੋਸ਼ਾਂ ਕਰਕੇ ਗੁਰਬਚਨ ਸਿੰਘ ਨੂੰ ਸਿੱਖ ਪੰਥ ਚੋਂ ਛੇਕ ਦਿੱਤਾ ਗਿਆ। ਬਾਅਦ ਵਿੱਚ ਮੁਕਤਸਰ ਤੋਂ ਹਰਿਆਣਾ ਦੇ ਗੁਰਦੁਆਰਾ ਧਮਤਨ ਸਾਹਿਬ, ਜੀਂਦ ਵਿੱਚ ਭੇਜ ਦਿੱਤਾ ਗਿਆ।

ਬਾਅਦ ਵਿੱਚ ਉਨ੍ਹਾਂ ਨੂੰ ਸ਼੍ਰੀ ਹਰਿਮੰਦਰ ਸਾਹਿਬ ਭੇਜਿਆ ਗਿਆ ਜਦੋਂ ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਸਰੋਪਾ ਅਸਲ ਵਿੱਚ ਸਾਬਕਾ ਕਾਂਗਰਸੀ ਮੰਤਰੀ ਜੋਗਿੰਦਰ ਸਿੰਘ ਮਾਨ ਨੂੰ ਪੇਸ਼ ਕੀਤਾ ਗਿਆ ਸੀ, ਜਿਸ ਨੇ ਸਿਰੋਪਾ ਆਪਣੇ ਚਾਚਾ (ਬੂਟਾ ਸਿੰਘ) ਨੂੰ ਸੌਂਪ ਦਿੱਤਾ ਸੀ।ਉਨ੍ਹਾਂ ਨੂੰ 1997 ਵਿੱਚ ਕੇਂਦਰੀ ਸਿੱਖ ਧਰਮ ਅਸਥਾਨ ਦੇ ਗ੍ਰੰਥੀ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ ਤੇ ਫਿਰ 2005 ਵਿੱਚ ਮੁਖ ਗ੍ਰੰਥੀ ਬਣਾ ਦਿੱਤਾ ਗਿਆ।ਸਤਿੰਦਰਪਾਲ ਦੇ ਅਨੁਸਾਰ, ਜਿਨ੍ਹਾਂ ਨੇ ਉਹਨਾਂ ਦੇ ਇਕ ਸਹਾਇਕ ਵਜੋਂ ਕੰਮ ਕੀਤਾ ਸੀ।ਤਖ਼ਤ ਦੇ ਜਥੇਦਾਰ ਦੇ ਤੌਰ 'ਤੇ ਉਨ੍ਹਾਂ ਦਾ ਕਾਰਜਕਾਲ ਵਿਵਾਦ ਨਾਲ ਹੀ ਸ਼ੁਰੂ ਹੋਇਆ ਸੀ ਜਦੋਂ ਉਨ੍ਹਾਂ ਦੇ ਸਾਬਕਾ ਜਥੇਦਾਰ ਵੇਦਾਂਤੀ ਨੇ ਦਾਅਵਾ ਕੀਤਾ ਕਿ ਦਬਾਅ ਹੇਠ ਉਨ੍ਹਾਂ ਤੋਂ ਅਸਤੀ.ਫ਼ਾ ਲਿਆ ਗਿਆ।

ਇੱਕ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਦੀ ਬੈਠਕ ਵਿੱਚ ਜਦੋਂ ਉਨ੍ਹਾਂ ਨੂੰ ਨਵਾਂ ਜਥੇਦਾਰ ਬਣਾਇਆ ਗਿਆ ਤਾਂ ਦੋ ਕਾਰਜਕਾਰਨੀ ਮੈਂਬਰਾਂ ਨੇ ਜਥੇਦਾਰ ਵੇਦਾਂਤੀ ਨੂੰ ਹਟਾਉਣ ਦਾ ਜ਼ੋਰਦਾਰ ਵਿਰੋਧ ਕੀਤਾ, ਤੇ ਕਿਹਾ ਕਿ ਆਰ.ਐਸ.ਐਸ. ਦੇ ਦਬਾਅ ਹੇਠ ਉਹ ਕਦਮ ਉਠਾਇਆ ਗਿਆ ਹੈ, ਕਿਉਂਕਿ ਵੇਦਾਂਤੀ ਨੇ 'ਧਾਰਮਿਕ ਹੁਕਮ' ਜਾਰੀ ਕੀਤਾ ਸੀ ਕਿ ਆਰ. ਐੱਸ. ਐੱਸ. ਨਾਲ ਜੁੜੇ ਸੰਗਠਨ ਰਾਸ਼ਟਰੀ ਸਿੱਖ ਸੰਗਤ ਦਾ ਸਿੱਖ ਬਾਈਕਾਟ ਕਰਨ। ਚਾਰਜ ਲੈਣ ਤੋਂ ਇਕ ਸਾਲ ਬਾਅਦ, ਉਨ੍ਹਾਂ ਨੇ 'ਸੋਧ' ਕਰਨ ਦੇ ਨਾਂ ਹੇਠ ਨਾਨਕਸ਼ਾਹੀ ਕੈਲੰਡਰ ਵਿੱਚ ਬਦਲਾਅ ਕਰਕੇ ਸਿੱਖ ਭਾਈਚਾਰੇ ਦੇ ਇੱਕ ਹਿੱਸੇ ਤੋਂ ਆਲੋਚਨਾ ਖੱਟੀ। ਇੱਥੋਂ ਤੱਕ ਕਿ ਤਖ਼ਤ ਦਮਦਮਾ ਸਾਹਿਬ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੇ ਵੀ ਇਸ ਕਦਮ ਦਾ ਵਿਰੋਧ ਕੀਤਾ।

## 13 ਨਵੰਬਰ ਨੂੰ ਹੋਵੇਗੀ ਐੱਸ. ਜੀ. ਪੀ. ਸੀ. ਦੇ ਨਵੇਂ ਪ੍ਰਧਾਨ ਦੀ ਚੋਣ

ਸੁਲਤਾਨਪੁਰ ਲੋਧੀ—ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਐਡਜੈਕਟਿਵ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਅਗਵਾਈ ਹੇਠ ਅੱਜ ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਹੋਈ ਮੀਟਿੰਗ 'ਚ ਸ਼੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਦੇ ਜੱਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਹਟਾਏ ਜਾਣ ਦੀਆਂ ਅਟਕਲਾਂ ਨੂੰ ਵਿਰਾਮ ਲਗਾਉਂਦੇ ਹੋਏ ਪ੍ਰਧਾਨ ਨੇ 13 ਨਵੰਬਰ ਨੂੰ ਸ਼੍ਰੋਮਣੀ ਕਮੇਟੀ ਦਾ ਆਮ ਇਜਲਾਸ ਸੱਦਣ ਦਾ ਐਲਾਨ ਕੀਤਾ ਹੈ। ਜਿਸ 'ਚ ਸ਼੍ਰੋਮਣੀ ਕਮੇਟੀ ਦੇ ਅਗਲੇ ਪ੍ਰਧਾਨ ਤੇ 11 ਐਡਜੈਕਟਿਵ ਮੈਂਬਰਾਂ ਦੀ ਚੋਣ ਕੀਤੀ ਜਾਵੇਗੀ।

ਭਾਈ ਲੌਂਗੋਵਾਲ ਨੇ ਦੱਸਿਆ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਪਾਵਨ ਨਗਰੀ ਸੁਲਤਾਨਪੁਰ ਲੋਧੀ ਵਿੱਚ ਮੋਦੀਖਾਨੇ ਦੀ ਕਾਰ ਕਰਦੇ ਹੋਏ ਤੇਰਾ–ਤੇਰਾ ਦਾ ਹੋਕਾ ਦਿੱਤਾ, ਜਿਸ ਕਰਕੇ ਹੀ 13 ਨਵੰਬਰ ਨੂੰ ਸੁਲਤਾਨਪੁਰ ਲੋਧੀ ਵਿਖੇ ਜਨਰਲ ਇਜਲਾਸ ਬੁਲਾਇਆ ਗਿਆ ਹੈ। ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਨੂੰ ਹਟਾਉਣ ਸੰਬੰਧੀ ਮੀਟਿੰਗ ਵਿੱਚ ਕੋਈ ਗੱਲ ਨਹੀ ਹੋਈ ਹੈ।

## ਫੂਲਕਾ ਦਾ ਅਸਤੀਫਾ ਲਟਕਣ ਦੇ ਆਸਾਰ !

ਲੁਧਿਆਣਾ–ਵਿਧਾਇਕ ਫੂਲਕਾ ਦਾ ਅਸਤੀਫਾ ਪ੍ਰਵਾਨ ਹੋਣ ਦੀ ਬਜਾਏ ਲਟਕ ਸਕਦਾ ਹੈ ਕਿਉਂਕਿ ਅਸਤੀਫੇ ਦੀ ਕਾਪੀ 'ਤੇ ਕਈ ਗੁੰਝਲਦਾਰ ਸ਼ਬਦ ਤੇ ਮੰਤਰੀਆਂ ਦੇ ਨਾਂ ਵੀ ਲਿਖੇ ਹੋਏ ਦੱਸੇ ਜਾ ਰਹੇ ਹਨ। ਇਸ ਲਈ ਇਹ ਅਸਤੀਫਾ ਭਾਵੇਂ ਦਿੱਤੇ ਨੂੰ 5 ਦਿਨ ਹੋ ਗਏ ਹਨ ਪਰ ਛੁੱਟੀਆਂ ਹੋਣ ਕਰ ਕੇ ਇਹ ਹੋਰ ਲਟਕ ਸਕਦਾ ਹੈ। ਜਦੋਂ ਅਸਤੀਫੇ ਅਤੇ ਉਨ੍ਹਾਂ ਦੇ ਸਿਆਸੀ ਭਵਿੱਖ ਸਬੰਧੀ ਹਰਵਿੰਦਰ ਸਿੰਘ ਫੂਲਕਾ ਨਾਲ ਗੱਲ ਕਰਨੀ ਚਾਹੀ ਤਾਂ ਉਨ੍ਹਾਂ ਨੇ ਫੋਨ ਨਹੀਂ ਚੁੱਕਿਆ।

ਇਸ ਅਸਤੀਫੇ ਦੇ ਪ੍ਰਵਾਨ ਹੋਣ ਜਾਂ ਨਾ ਹੋਣ ਸਬੰਧੀ ਜਦੋਂ ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਸ. ਫੂਲਕਾ ਪੜ੍ਹੇ–ਲਿਖੇ, ਕਾਬਲ, ਸੁਪਰੀਮ ਕੋਰਟ ਦੇ ਵਕੀਲ ਹਨ। ਉਨ੍ਹਾਂ ਨੂੰ ਪਤਾ ਹੈ ਕਿ ਅਸਤੀਫੇ ਵਿਚ ਕੀ ਲਿਖਣਾ ਹੈ ਤਾਂ ਜੋ ਪ੍ਰਵਾਨ ਹੋ ਜਾਵੇ। ਉਨ੍ਹਾਂ ਕਿਹਾ ਕਿ ਮੈਨੂੰ ਤਾਂ ਇੰਝ ਲਗਦਾ ਹੈ ਕਿ ਉਨ੍ਹਾਂ ਨੇ ਸਿਆਸੀ ਹਲਕਿਆਂ 'ਚ ਚਰਚਾ ਕਰਵਾਉਣ ਲਈ ਇਹ ਅਧੂਰਾ ਅਸਤੀਫਾ ਦੇ ਕੇ ਇਕ ਨਵੀਂ ਚਰਚਾ ਨੂੰ ਜਨਮ ਦਿੱਤਾ ਹੈ, ਜਦੋਂ ਕਿ ਫੂਲਕਾ ਦੇ ਅਸਤੀਫਾ ਦੇਣ ਦੀ ਖ਼ਬਰ ਨੇ ਹਲਕਾ ਦਾਖਾ ਵਿਚ ਛੋਟੇ ਤੇ ਵੱਡੇ ਕਾਂਗਰਸੀ ਆਗੂਆਂ ਨੂੰ ਚੋਣ ਲੜਨ ਲਈ ਕਸਰਤ ਕਰਨ ਲਈ ਲਾ ਦਿੱਤਾ ਹੈ।




## ਕਾਂਗਰਸ 'ਚ ਜਾਣ ਦੀਆਂ ਅਟਕਲਾਂ 'ਤੇ ਵਿਰਾਮ, 'ਝਾੜੂ' ਤੋਂ ਲੜਨਗੇ 'ਭਗਵੰਤ ਮਾਨ'

ਚੰਡੀਗੜ੍ਹ– ਆਮ ਆਦਮੀ ਪਾਰਟੀ ਦੇ ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮਾਨ ਦੀਆਂ ਕਾਂਗਰਸ 'ਚ ਜਾਣ ਦੀਆਂ ਸਾਰੀਆਂ ਅਟਕਲਾਂ 'ਤੇ ਵਿਰਾਮ ਲੱਗ ਗਿਆ ਹੈ ਕਿਉਂਕਿ ਪਾਰਟੀ ਵਲੋਂ ਸਾਲ 2019 ਦੌਰਾਨ ਹੋਣ ਵਾਲੀਆਂ ਲੋਕ ਸਭਾ ਚੋਣਾਂ ਲਈ ਭਗਵੰਤ ਮਾਨ ਦਾ ਨਾਂ ਫਾਈਨਲ ਕਰ ਲਿਆ ਗਿਆ। ਆਮ ਆਦਮੀ ਪਾਰਟੀ ਨੇ ਲੋਕ ਸਭਾ ਚੋਣਾਂ ਲਈ 5 ਉਮੀਦਵਾਰਾਂ ਬਾਰੇ ਅੰਤਿਮ ਫੈਸਲਾ ਲੈ ਲਿਆ ਹੈ।ਇਨ੍ਹਾਂ ਉਮੀਦਵਾਰਾਂ 'ਚ ਭਗਵੰਤ ਮਾਨ ਤੇ ਸਾਧੂ ਸਿੰਘ ਆਪਣੇ ਉਨ੍ਹਾਂ ਹੀ ਹਲਕਿਆਂ ਮਤਲਬ ਕਿ ਸੰਗਰੂਰ ਅਤੇ ਫਰੀਦਕੋਟ ਤੋਂ ਚੋਣ ਲੜਨਗੇ, ਜਿੱਥੋਂ ਦੇ ਉਹ ਸੰਸਦ ਮੈਂਬਰ ਹਨ।ਬਾਕੀ ਦੇ ਤਿੰਨ ਉਮੀਦਵਾਰਾਂ ਦੇ ਨਾਵਾਂ ਨੂੰ ਅਜੇ ਜ਼ਾਹਰ ਨਹੀਂ ਕੀਤਾ ਗਿਆ ਹੈ। ਇਸ ਬਾਰੇ ਦੱਸਦਿਆਂ ਪਾਰਟੀ ਦੀ ਕੋਰ ਕਮੇਟੀ ਦੇ ਮੁਖੀ ਅਤੇ ਬੁਢਲਾਡਾ ਦੇ ਵਿਧਾਇਕ ਬੁੱਧ ਰਾਮ ਨੇ ਦੱਸਿਆ ਕਿ 5 ਉਮੀਦਵਾਰ ਚੁਣ ਲਏ ਗਏ ਹਨ ਪਰ ਅਜੇ ਉਨ੍ਹਾਂ ਦੇ ਨਾਂਅ ਜ਼ਾਹਰ ਨਹੀਂ ਕੀਤੇ ਜਾ ਸਕਦੇ ਪਰ ਭਗਵੰਤ ਮਾਨ ਤੇ ਸਾਧੂ ਸਿੰਘ ਆਪੋ–ਆਪਣਿਆਂ ਹਲਕਿਆਂ ਤੋਂ ਹੀ ਚੋਣ ਲੜਨਗੇ। ਪਾਰਟੀ ਦੇ ਸੂਤਰਾਂ ਮੁਤਾਬਕ ਸਾਰੇ 13 ਉਮੀਦਵਾਰਾਂ ਦਾ ਐਲਾਨ ਇਕ ਮਹੀਨੇ ਦੇ ਅੰਦਰ ਕਰ ਦਿੱਤਾ ਜਾਵੇਗਾ। ਇਸ ਦੌਰਾਨ ਭਗਵੰਤ ਮਾਨ ਨੇ ਕਿਹਾ ਕਿ ਉਹ ਸੰਗਰੂਰ ਦੇ ਜੰਮਪਲ ਹਨ ਅਤੇ ਆਪਣੇ ਸਿਆਸੀ ਕੈਰੀਅਰ ਦੀ ਸ਼ੁਰੂਆਤ ਤੋਂ ਹੀ ਇਸ ਹਲਕੇ 'ਚ ਕੰਮ ਕਰਦੇ ਰਹੇ ਹਨ, ਇਸ ਲਈ ਉਨ੍ਹਾਂ ਨੂੰ ਪਾਰਟੀ ਦਾ ਇਹ ਫੈਸਲਾ ਪ੍ਰਵਾਨ ਹੈ।



# ਹਾਰਵਰਡ ਯੂਨੀਵਰਸਿਟੀ ਨੇ ਭੇਦਭਾਵ ਦੇ ਦੋਸ਼ ਲੱਗਣ ਕਾਰਨ ਦਾਖਲਾ ਪ੍ਰਕਿਰਿਆ ਕੀਤੀ ਜਨਤਕ



ਬਾਸਟਨ — ਮੈਸਾਚੁਸੇਟਸ ਦੀ 86 ਬ੍ਰੈਟਲ ਸਟ੍ਰੀਟ ਦੇ ਅੰਦਰ ਹਾਰਵਰਡ ਯੂਨੀਵਰਸਿਟੀ ਦੀ ਕਮੇਟੀ ਜਿੱਥੇ ਦਾਖਲੇ (ਐਡਮੀਸ਼ਨ) 'ਤੇ ਵਿਚਾਰ ਕਰ ਲਈ ਬੰਦ ਕਮਰੇ 'ਚ ਮੀਟਿੰਗ ਕਰਦੀ ਰਹੀ ਹੈ, ਉਹ ਖੁਫੀਆ ਬੈਠਕ ਹੁਣ ਬਾਹਰ ਆ ਗਈ ਹੈ। ਦਰਅਸਲ ਹਾਰਵਰਡ 'ਤੇ ਏਸ਼ੀਆਈ ਮੂਲ ਦੇ ਅਮਰੀਕੀ ਬਿਨੈਕਾਰਾਂ ਨਾਲ ਭੇਦਭਾਵ ਦੇ ਲਗੇ ਦੋਸ਼ਾਂ 'ਤੇ ਫੈਡਰਲ ਅਦਾਲਤ 'ਚ ਇਸ ਹਫਤੇ ਸੁਣਵਾਈ ਸ਼ੁਰੂ ਹੋਈ ਜਿੱਥੇ ਬਿਨੈਕਾਰਾਂ ਨੂੰ ਦੇਸ਼ ਦੀ ਸਭ ਤੋਂ ਟਾਪ ਦੀ ਯੂਨੀਵਰਸਿਟੀ ਦੀ ਖੁਫੀਆ ਚੋਣ ਪ੍ਰਕਿਰਿਆ ਨੂੰ ਦੇਖਣ ਦਾ ਮੌਕਾ ਮਿਲਿਆ।ਬਾਸਟਨ 'ਚ ਅਮਰੀਕੀ ਜ਼ਿਲਾ ਅਦਾਲਤ ਦੇ ਜੱਜ ਐਲੀਸਨ ਡੀ ਬੂਰਾ ਦੇ ਸਾਹਮਣੇ ਬੈਂਚ 'ਤੇ ਬੈਠੇ ਬਿਨੈਕਾਰਾਂ ਨੂੰ ਹਾਰਵਰਡ ਆਫਿਸ ਆਫ ਐਡਮੀਸ਼ਨ ਐਂਡ ਫਾਇਨੈਂਸ਼ੀਅਲ ਏਡ ਦੇ ਕਮਰੇ 'ਚ ਲਿਜਾਂਦਾ ਗਿਆ। ਲੰਬੇ ਸਮੇਂ ਤੋਂ ਦਾਖਲੇ ਦੇ ਡੀਨ ਰਹੇ ਵਿਲੀਅਮ ਤੋਂ ਪੁੱਛਿਆ ਗਿਆ ਕਿ ਕੀ ਪੇਂਡੂ ਵਿਦਿਆਰਥੀਆਂ ਨੂੰ ਸ਼ਹਿਰੀ ਵਿਦਿਆਰਥੀਆਂ ਦੇ ਨਾਲ ਦਾਖਲਾ ਮਿਲ ਸਕਦਾ ਹੈ।ਗ੍ਰੇਡ, ਟੈਸਟ ਸਕੋਰ, ਪਸੰਦੀਦਾ ਵਿਸ਼ਾ, ਪਰਸਨੈਲਿਟੀ ਰੇਟਿੰਗ ਜਿਹੇ ਕਈ ਮੁੱਖ ਕਾਰਨ ਹਨ ਜੋ ਕਿਸੇ ਵੀ ਗੁੰਮਨਾਮ ਹਾਈ ਸਕੂਲ ਦੇ ਵਿਦਿਆਰਥੀ ਨੂੰ ਹਾਰਵਰਡ ਮੈਨ ਅਤੇ ਹਾਰਵਰਡ ਵੂਮੈਨ ਬਣਾ ਸਕਦੇ ਹਨ। ਅਸਲੀ ਵਿਦਿਆਰਥੀਆਂ ਦੀ ਫਾਈਲ ਨੂੰ ਸਬੂਤ ਦੇ ਰੂਪ 'ਚ ਪੇਸ਼ ਕੀਤਾ ਗਿਆ। 2022 ਦੇ ਦਾਖਲੇ ਲਈ ਕਰੀਬ 43,000 ਐਪਲੀਕੇਸ਼ਨਾਂ ਭਰੀਆਂ ਗਈਆਂ ਸਨ ਜਿਨ੍ਹਾਂ 'ਚੋਂ ਸਿਰਫ 2024 ਨੂੰ ਹੀ ਫੋਨ ਕਾਲ ਅਤੇ ਚਿੱਠੀਆਂ ਮਿਲੀਆਂ। ਉਥੇ ਸੁਣਵਾਈ ਦੇ ਆਖਿਰ 'ਚ ਹਾਰਵਰਡ ਦੇ ਮੁੱਖ ਵਕੀਲ ਨੇ ਬਿਲ ਲੀ ਨੇ ਇਸ ਹਫਤੇ ਕਿਹਾ ਕਿ ਕੁਝ ਚੀਜ਼ਾਂ ਬਣਾਏ ਰੱਖਣਾ ਵੀ ਲਾਜ਼ਮੀ ਰਿਹਾ ਹੈ। ਲੀ ਨੇ ਆਖਿਆ ਕਿ ਕੁਝ ਦਾਖਲੇ ਦੀ ਪ੍ਰਕਿਰਿਆ ਦੇ ਬਾਰੇ 'ਚ ਬਹੁਤ ਕੁਝ ਜਾਣ ਰਹੇ ਹਨ ਜਿਹੜਾ ਕਿ ਕਦੇ ਜਨਤਕ ਨਹੀਂ ਹੁੰਦਾ। ਅਸੀਂ ਚਾਹੁੰਦੇ ਹਾਂ ਕਿ ਤੁਸੀਂ ਜਾਣੋ। ਇਕ ਵਾਰ ਤੁਸੀਂ ਸਮਝ ਗਏ ਤਾਂ ਤੁਸੀਂ ਸਮਝ ਸਕਦੇ ਹੋ ਕਿ ਫੈਸਲੇ ਕਿਵੇਂ ਲਏ ਜਾਂਦੇ ਹਨ।

## ਅਮਰੀਕਾ : ਸਸਕਾਰ ਘਰ 'ਚ ਛਾਪੇ ਦੌਰਾਨ ਪੁਲਸ ਨੂੰ ਮਿਲੇ 63 ਭਰੂਣ




ਵਾਸ਼ਿੰਗਟਨ — ਅਮਰੀਕੀ ਸ਼ਹਿਰ ਡੈਟਰਾਇਟ ਵਿਚ ਪੁਲਸ ਨੂੰ ਕਥਿਤ ਗੈਰ ਕਾਨੂੰਨੀ ਗਤੀਵਿਧੀਆਂ ਦੀ ਵਿਸਤ੍ਰਿਤ ਜਾਂਚ ਦੌਰਾਨ ਇਕ ਸਸਕਾਰ ਘਰ ਵਿਚ 63 ਭਰੂਣ ਮਿਲੇ ਹਨ। ਅਮਰੀਕੀ ਮੀਡੀਆ ਦੀਆਂ ਖਬਰਾਂ ਵਿਚ ਇਹ ਗੱਲ ਸਾਹਮਣੇ ਆਈ ਹੈ। ਜਾਂਚ ਅਧਿਕਾਰੀਆਂ ਨੇ ਪੇਰੀ ਫਿਊਨਰਲ ਹੋਮ ਵਿਚ ਸ਼ੁੱਕਰਵਾਰ ਨੂੰ ਛਾਪਾ ਮਾਰਿਆ, ਜਿੱਥੇ ਉਨ੍ਹਾਂ ਨੂੰ ਬਕਸੇ ਵਿਚ 36 ਭਰੂਣਾਂ ਦੇ ਅਵਸ਼ੇਸ਼ ਮਿਲੇ ਜਦਕਿ ਬਾਕੀ 27 ਭਰੂਣ ਫ੍ਰੀਜ਼ਰ ਵਿਚ ਮਿਲੇ। ਇਕ ਅੰਗਰੇਜ਼ੀ ਅਖਬਾਰ ਨੇ ਪੁਲਸ ਪ੍ਰਮੁੱਖ ਜੇਮਸ ਕ੍ਰੇਗ ਦੇ ਹਵਾਲੇ ਨਾਲ ਕਿਹਾ,"ਜਿੰਨੀ ਸਾਨੂੰ ਜਾਣਕਾਰੀ ਸੀ ਇਹ ਉਸ ਨਾਲੋਂ ਕਿਤੇ ਜ਼ਿਆਦਾ ਹਨ।" ਉਨ੍ਹਾਂ ਨੇ ਛਾਪੇ ਦੇ ਬਾਅਦ ਪੱਤਰਕਾਰਾਂ ਨੂੰ ਦੱਸਿਆ,"ਇਹ ਅਵਿਸ਼ਵਾਸਯੋਗ ਹੈ।" ਮਿਸ਼ੀਗਨ ਸੂਬੇ ਦੀ ਰੇਗੂਲੇਟਰੀ ਏਜੰਸੀ ਨੇ ਇਸ ਸਸਕਾਰ ਘਰ ਦੇ ਲਾਈਸੈਂਸ ਨੂੰ ਮੁਅੱਤਲ ਕਰ ਦਿੱਤਾ। ਇਕ ਹਫਤੇ ਪਹਿਲਾਂ ਹੀ ਜਾਂਚ ਅਧਿਕਾਰੀਆਂ ਨੂੰ ਸ਼ਹਿਰ ਵਿਚ ਇਕ ਹੋਰ ਸਸਕਾਰ ਘਰ ਦੀ ਨਕਲੀ ਛੱਤ ਵਿਚ 10 ਭਰੂਣਾਂ ਦੇ ਅਵਸ਼ੇਸ਼ ਮਿਲੇ ਸਨ। ਰਿਪੋਰਟ ਮੁਤਾਬਕ ਕ੍ਰੇਗ ਨੇ ਕਿਹਾ,"ਅਸੀਂ ਆਪਣੀ ਜਾਂਚ ਹੋਰ ਵਧਾ ਰਹੇ ਹਾਂ। ਅਸੀਂ ਕਾਰਨਾਂ ਬਾਰੇ ਜਾਣਨਾ ਚਾਹੁੰਦੇ ਹਾਂ। ਕੀ ਇਹ ਪੈਸੇ ਲਈ ਹੋ ਰਿਹਾ ਸੀ ? ਅਸੀਂ ਨਹੀਂ ਜਾਣਦੇ।" ਸੂਬੇ ਦੇ ਇੰਸਪੈਕਟਰਾਂ ਨੇ ਦੋਸ਼ ਲਗਾਇਆ ਕਿ ਸਸਕਾਰ ਘਰ ਸਮੇਂ 'ਤੇ ਮੌਤ ਦਾ ਸਰਟੀਫਿਕੇਟ ਉਪਲਬਧ ਕਰਾਉਣ ਵਿਚ ਅਸਫਲ ਰਿਹਾ। ਉਨ੍ਹਾਂ ਨੇ ਲਾਸ਼ਾਂ ਨੂੰ ਦਫਨਾਉਣ ਲਈ ਇਜਾਜ਼ਤ ਨਹੀਂ ਲਈ ਸੀ ਅਤੇ ਇਸ ਲਈ ਨਾ ਹੀ ਰਿਸ਼ਤੇਦਾਰਾਂ ਵੱਲੋਂ ਇਜਾਜ਼ਤ ਮਿਲੀ ਸੀ। ਰਿਪੋਰਟ ਵਿਚ ਕਿਹਾ ਗਿਆ ਕਿ ਇਕ ਮਾਤਾ-ਪਿਤਾ ਨੇ ਪੇਰੀ ਫਿਊਨਰਲ ਹੋਮ 'ਤੇ ਮੁਕੱਦਮਾ ਦਰਜ ਕਰਵਾਇਆ ਹੈ। ਹੋਰ ਏਜੰਸੀਆਂ ਨੇ ਵੀ ਦੋਸ਼ ਲਗਾਇਆ ਕਿ ਸਸਕਾਰ ਘਰ ਨੇ ਮਾਤਾ-ਪਿਤਾ ਨੂੰ ਸੂਚਿਤ ਕੀਤੇ ਬਿਨਾ 3 ਸਾਲ ਤੱਕ ਯੂਨੀਵਰਸਿਟੀ ਦੇ ਮੁਰਦਾਘਰ ਵਿਚ ਭਰੂਣਾਂ ਦੇ ਅਵਸ਼ੇਸ਼ਾਂ ਨੂੰ ਸਾਂਭ ਕੇ ਰੱਖਿਆ।

## ਯੂਨੀਵਰਸਿਟੀ ਕੰਪਲੈਕਸ ਦਾ ਫਰਸ਼ ਢਹਿਣ ਕਾਰਨ 30 ਲੋਕ ਜ਼ਖਮੀ

ਨਿਊਯਾਰਕ— ਅਮਰੀਕਾ ਦੇ ਸਾਊਥ ਕੈਰੋਲੀਨਾ ਸਥਿਤ ਕਲੇਮਸਨ ਯੂਨੀਵਰਸਿਟੀ ਕੰਪਲੈਕਸ 'ਚ ਪਾਰਟੀ ਦੌਰਾਨ ਇਮਾਰਤ ਦਾ ਫਰਸ਼ ਢਹਿ ਜਾਣ ਦੀ ਘਟਨਾ 'ਚ 30 ਲੋਕ ਜ਼ਖਮੀ ਹੋ ਗਏ ਹਨ। ਫਰਸ਼ ਢਹਿਣ ਕਾਰਨ ਲੋਕ ਕੰਪਲੈਕਸ ਦੀ ਬੇਸਮੈਂਟ 'ਚ ਜਾ ਡਿੱਗੇ। ਇਕ ਪੱਤਰਕਾਰ ਏਜੰਸੀ ਦੀ ਰਿਪੋਰਟ ਮੁਤਾਬਕ ਐਤਵਾਰ ਨੂੰ ਕੱਪਾ ਐਲਫਾ ਸਾਈ ਫ੍ਰੈਟਨਿਰਟੀ ਦੀ ਸਲਾਨਾ ਹੋਮ ਕਮਿੰਗ ਪਾਰਟੀ ਸ਼ੁਰੂ ਹੁੰਦੇ ਹੀ ਮੰਜ਼ਿਲ ਢਹਿ ਗਈ। ਇਸ ਘਟਨਾ ਕਾਰਨ ਸਿੱਧੇ ਬੇਸਮੈਂਟ 'ਚ ਜਾ ਡਿੱਗੇ, ਜਿਸ ਨਾਲ ਉਨ੍ਹਾਂ ਦੇ ਕਈ ਸੱਟਾਂ ਲੱਗੀਆਂ। ਐਮਰਜੰਸੀ ਪ੍ਰਤੀਕਿਰਿਆ ਦੀਆਂ ਟੀਮਾਂ



ਮੌਕੇ 'ਤੇ ਪਹੁੰਚੀਆਂ ਤੇ 23 ਲੋਕਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪ੍ਰੋਗਰਾਮ 'ਚ ਸ਼ਾਮਲ ਇਕ ਵਿਦਿਆਰਥਣ ਲੈਰਿਸਾ ਸਟੋਨ ਨੇ ਗ੍ਰੀਨਵਿਲੇ ਪੱਤਰਕਾਰ ਏਜੰਸੀ ਨੂੰ ਦੱਸਿਆ ਕਿ ਅਚਾਨਕ ਪੂਰਾ ਫਰਸ਼ ਢਹਿ ਗਿਆ। ਕਈ ਲੋਕਾਂ ਨੂੰ ਸੱਟਾਂ ਲੱਗੀਆਂ ਉਨ੍ਹਾਂ ਦਾ ਖੂਨ ਵਹਿ ਰਿਹਾ ਸੀ। ਇਹ ਬਹੁਤ ਦੁਖਦ ਹਾਦਸਾ ਸੀ। ਯੂਨੀਵਰਸਿਟੀ ਵਲੋਂ ਜਾਰੀ ਬਿਆਨ ਮੁਤਾਬਕ ਕਲੇਮਸਨ ਵਿਦਿਆਰਥੀਆਂ ਦੇ ਮਾਮਲੇ 'ਚ ਵਿਭਾਗ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਜ਼ਖਮੀਆਂ 'ਚੋਂ ਵਿਦਿਆਰਥੀ ਕਿੰਨੇ ਹਨ।

# ਪਾਲਿਸੀ ਬਦਲਣ ਨਾਲ ਦੇਸੀ ਆਈ. ਟੀ. ਕੰਪਨੀਆਂ 'ਤੇ ਵੱਜ ਸਕਦੀ ਹੈ ਸੱਟ

ਬੈਂਗਲੁਰੂ— ਅਮਰੀਕਾ ਦੀ ਡੋਨਾਲਡ ਟਰੰਪ ਸਰਕਾਰ ਨੇ ਐੱਚ-1 ਬੀ. ਰਜਿਸਟ੍ਰੇਸ਼ਨ ਪ੍ਰਕਿਰਿਆ 'ਚ ਬਦਲਾਅ ਕਰਨ ਦਾ ਪ੍ਰਸਤਾਵ ਰੱਖਿਆ ਹੈ । ਇਸ 'ਚ ਅਮਰੀਕੀ ਮਾਸਟਰਸ ਡਿਗਰੀ ਵਾਲਿਆਂ ਨੂੰ ਵੀਜੇ 'ਚ ਪਹਿਲ ਦੇਣ ਦੀ ਗੱਲ ਕਹੀ ਗਈ ਹੈ । ਜੇਕਰ ਅਜਿਹਾ ਹੁੰਦਾ ਹੈ ਤਾਂ ਭਾਰਤੀ ਆਈ. ਟੀ. ਕੰਪਨੀਆਂ ਨੂੰ ਅਮਰੀਕੀ ਕਲਾਇੰਟਸ ਨੂੰ ਸਰਵਿਸ ਦੇਣ ਲਈ ਮਿਲਣ ਵਾਲੇ ਵੀਜੇ 'ਚ ਕਟੌਤੀ ਹੋਵੇਗੀ ।




ਯੂ. ਐੱਸ. ਜਨਰਲ ਸਰਵਿਸੇਜ ਐਡਮਨਿਸਟ੍ਰੇਸ਼ਨ ਨੇ ਇੱਕ ਨੋਟ 'ਚ ਕਿਹਾ ਹੈ ਕਿ ਉਹ 'ਬਾਇ ਅਮੈਰੀਕਨ ਐਂਡ ਹਾਇਰ ਅਮੈਰੀਕਨ' ਪਾਲਿਸੀ ਤਹਿਤ ਵੀਜਾ ਚੋਣ ਪ੍ਰਕਿਰਿਆ 'ਚ ਬਦਲਾਅ ਕਰਨ ਦੀ ਸੋਚ ਰਿਹਾ ਹੈ । ਇਹ ਪ੍ਰਸਤਾਵ ਪਹਿਲੀ ਵਾਰ ਸਾਲ 2011 'ਚ ਪੇਸ਼ ਕੀਤਾ ਗਿਆ ਸੀ । ਇਸ ਦਾ ਮਕਸਦ ਐੱਚ-1 ਬੀ. ਅਰਜੀ ਦੀ ਚੋਣ ਪ੍ਰਕਿਰਿਆ ਨੂੰ ਬਿਹਤਰ ਬਣਾਉਣਾ ਸੀ । ਯੂ.ਐੱਸ. ਸਿਟੀਜਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ (ਯੂ. ਐੱਸ. ਸੀ. ਆਈ. ਐੱਸ.) ਨੂੰ ਪ੍ਰਵਾਸੀਆਂ ਨੂੰ ਵੀਜਾ ਦੇਣ ਦਾ ਅਧਿਕਾਰ ਹੈ ।ਪਹਿਲਾਂ ਹੁੰਦਾ ਹੈ ਮਾਸਟਰਸ ਡਿਗਰੀ ਵਾਲਿਆਂ ਦੀਆਂ ਵੀਜਾ ਅਰਜੀਆਂ 'ਤੇ ਵਿਚਾਰ

ਨੋਟ 'ਚ ਕਿਹਾ ਗਿਆ ਹੈ ਕਿ ਇਸ ਬਦਲਾਅ ਨਾਲ ਉਨ੍ਹਾਂ ਲੋਕਾਂ ਨੂੰ ਵੀਜਾ ਮਿਲਣ ਦੀ ਸੰਭਾਵਨਾ ਵਧੇਗੀ ਜਿਨ੍ਹਾਂ ਕੋਲ ਅਮਰੀਕਾ ਦੀ ਮਾਸਟਰਸ ਡਿਗਰੀ ਹੈ । ਅਮਰੀਕਾ ਹਰ ਸਾਲ ਹੁਨਰਮੰਦ ਪੇਸ਼ੇਵਰਾਂ ਨੂੰ 65,000 ਐੱਚ-1 ਬੀ. ਵੀਜਾ ਆਫਰ ਕਰਦਾ ਹੈ । ਇਸ ਤੋਂ ਇਲਾਵਾ 20,000 ਵੀਜਾ ਅਮਰੀਕਾ ਤੋਂ ਮਾਸਟਰਸ ਡਿਗਰੀ ਜਾਂ ਉਸ ਤੋਂ ਉੱਚੀ ਸਿੱਖਿਆ ਲੈਣ ਵਾਲੇ ਪ੍ਰਵਾਸੀਆਂ ਨੂੰ ਦਿੱਤਾ ਜਾਂਦਾ ਹੈ । ਆਮ ਤੌਰ 'ਤੇ ਏਜੰਸੀ ਪਹਿਲਾਂ ਮਾਸਟਰਸ ਡਿਗਰੀ ਵਾਲਿਆਂ ਦੀਆਂ ਵੀਜਾ ਅਰਜੀਆਂ 'ਤੇ ਵਿਚਾਰ ਕਰਦੀ ਹੈ ਅਤੇ ਉਸ ਤੋਂ ਬਾਅਦ ਬਚੀਆਂ ਹੋਈਆਂ ਅਰਜੀਆਂ ਜਨਰਲ ਪੂਲ ਨੂੰ ਆਫਰ ਕਰਦੀ ਹੈ ।

ਯੂ. ਐੱਸ. ਸੀ. ਆਈ. ਐੱਸ. ਸਾਰੇ ਉਮੀਦਵੀਰਾਂ ਨੂੰ 65,000 ਵੀਜਾ ਪੂਲ 'ਚ ਰੱਖੇਗੀ ਪ੍ਰਸਤਾਵਿਤ ਨਿਯਮ 'ਚ ਯੂ. ਐੱਸ. ਸੀ. ਆਈ. ਐੱਸ. ਸਾਰੇ ਉਮੀਦਵੀਰਾਂ ਨੂੰ 65,000 ਵੀਜਾ ਪੂਲ 'ਚ ਰੱਖੇਗੀ । ਇਸ ਹੱਦ ਦੇ ਖਤਮ ਹੋਣ ਤੋਂ ਬਾਅਦ ਐਡਵਾਂਸ ਡਿਗਰੀ ਰੱਖਣ ਵਾਲਿਆਂ ਦੀਆਂ ਅਰਜੀਆਂ ਨੂੰ 20,000 ਵਾਲੇ ਵੀਜਾ ਪੂਲ 'ਚ ਭੇਜਿਆ ਜਾਵੇਗਾ । ਅਮਰੀਕੀ ਰਾਜਨੀਤਕ ਨਿਊਜ ਸਾਈਟ ਪਾਲਿਟਿਕੋ ਨੇ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਦੇ ਸੂਤਰਾਂ ਦੇ ਹਵਾਲੇ ਨਾਲ ਦੱਸਿਆ ਕਿ ਸਰਕਾਰ ਮੁਤਾਬਕ ਇਸ ਨਾਲ ਅਮਰੀਕਾ ਤੋਂ ਉੱਚੇਰੀ ਸਿੱਖਿਆ ਹਾਸਲ ਕਰਨ ਵਾਲੇ 15 ਫ਼ੀਸਦੀ ਜਿਆਦਾ ਲੋਕਾਂ ਨੂੰ ਵੀਜਾ ਮਿਲ ਸਕਦਾ ਹੈ ।

ਸੰਭਾਵੀ ਵੀਜਾ ਕੋਟਾ ਹੋ ਸਕਦੈ ਘੱਟ

ਭਾਰਤੀ ਆਈ. ਟੀ. ਕੰਪਨੀਆਂ ਜਿਆਦਾਤਰ ਬੈਚਲਰ ਡਿਗਰੀ ਰੱਖਣ ਵਾਲਿਆਂ ਨੂੰ ਹਾਇਰ ਕਰਦੀਆਂ ਹਨ ਇਸ ਲਈ ਉਨ੍ਹਾਂ ਲਈ ਸੰਭਾਵੀ ਵੀਜਾ ਕੋਟਾ ਘੱਟ ਹੋ ਸਕਦਾ ਹੈ । ਕੁੱਝ ਆਈ. ਟੀ. ਕੰਪਨੀਆਂ ਸਖ਼ਤ ਵੀਜਾ ਨਿਯਮਾਂ ਦੇ ਕਾਰਨ ਪਹਿਲਾਂ ਹੀ ਮਾਰਜਿਨ 'ਚ ਕਮੀ ਦਾ ਸਾਹਮਣਾ ਕਰ ਰਹੀਆਂ ਹਨ । ਉਨ੍ਹਾਂ ਨੂੰ ਅਮਰੀਕੀ ਕਲਾਇੰਟਸ ਦਾ ਕੰਮ ਪੂਰਾ ਕਰਨ ਲਈ ਅਮਰੀਕਾ ਦੇ ਜਿਆਦਾ ਨਾਗਰਿਕਾਂ ਨੂੰ ਨੌਕਰੀ 'ਤੇ ਰੱਖਣਾ ਪੈ ਰਿਹਾ ਹੈ । ਇਸ ਨਾਲ ਉਨ੍ਹਾਂ ਦੀ ਲਾਗਤ ਵਧੀ ਹੈ । ਉਹ ਕਈ ਕੰਮ ਦੂਜੀਆਂ ਕੰਪਨੀਆਂ ਨੂੰ ਠੇਕੇ 'ਤੇ ਦੇ ਰਹੀਆਂ ਹਨ ਕਿਉਂਕਿ ਉਨ੍ਹਾਂ ਨੂੰ ਲੋਕਲ ਹਾਇਰਿੰਗ ਵਧਾਉਣ 'ਚ ਕਈ ਵਾਰ ਮੁਸ਼ਕਿਲ ਹੁੰਦੀ ਹੈ ।

## ਸ਼ਰਣਾਰਥੀਆਂ ਨੂੰ ਰੋਕਣ ਲਈ ਟਰੰਪ ਨੇ ਚੁੱਕੇ ਸਖਤ ਕਦਮ



ਸਿਉਡੈਡ ਹਿਡਾਲਗੋ— ਅਮਰੀਕਾ ਵੱਲ ਹੋਂਡੂਰਾਸ ਦੇ ਹਜ਼ਾਰਾਂ ਸ਼ਰਣਾਰਥੀ ਇਕ ਨਦੀ ਪਾਰ ਕਰਕੇ ਮੈਕਸੀਕੋ 'ਚ ਐਤਵਾਰ ਨੂੰ ਦਾਖਲ ਹੋ ਗਏ। ਦੂਜੇ ਪਾਸੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਇਨ੍ਹਾਂ ਸ਼ਰਣਾਰਥੀਆਂ ਨੂੰ ਅਮਰੀਕਾ ਵੱਲ ਵਧਣ ਤੋਂ ਰੋਕਣ ਲਈ ਸਾਰੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।ਮੈਕਸੀਕੋ ਪ੍ਰਸ਼ਾਸਨ ਆਪਣੇ ਦੇਸ਼ ਅਤੇ ਗੁਆਟੇਮਾਲਾ ਵਿਚਕਾਰ ਸਰਹੱਦ 'ਤੇ ਬਣੇ ਇਕ ਪੁਲ 'ਤੇ ਇਸ ਕਾਫਿਲੇ ਨੂੰ ਰੋਕਣ 'ਚ ਕਾਮਯਾਬ ਰਿਹਾ ਸੀ ਪਰ ਕਈ ਸ਼ਰਣਾਰਥੀ ਬਾਅਦ 'ਚ ਵੀ 'ਚ ਦਾਖਲ ਹੋ ਗਏ ਅਤੇ ਉਨ੍ਹਾਂ ਨੇ ਐਤਵਾਰ ਨੂੰ ਫਿਰ ਤੋਂ ਅਮਰੀਕਾ ਵੱਲ ਕੂਚ ਕਰਨਾ ਸ਼ੁਰੂ ਕਰ ਦਿੱਤਾ। ਟਰੰਪ ਨੇ ਟਵੀਟ ਕਰ ਕੇ ਕਿਹਾ,"ਗੈਰ-ਕਾਨੂੰਨੀ ਲੋਕਾਂ ਨੂੰ ਸਾਡੀ ਦੱਖਣੀ ਸਰਹੱਦ ਪਾਰ ਕਰਨ ਤੋਂ ਰੋਕਣ ਲਈ ਸਾਰੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ। ਲੋਕਾਂ ਨੂੰ ਪਹਿਲਾਂ ਮੈਕਸੀਕੋ 'ਚ ਸ਼ਰਣ ਲੈਣ ਲਈ ਅਰਜ਼ੀ ਦੇਣੀ ਪਵੇਗੀ ਅਤੇ ਜੇਕਰ ਉਹ ਅਜਿਹਾ ਕਰਨ 'ਚ ਅਸਫਲ ਰਹੇ ਤਾਂ ਅਮਰੀਕਾ ਉਨ੍ਹਾਂ ਨੂੰ ਵਾਪਸ ਭੇਜ ਦੇਵੇਗਾ।"ਸੰਘੀ ਪੁਲਸ ਕਮਾਂਡਰ ਮੁਤਾਬਕ,"ਤਕਰੀਬਨ 3000 ਲੋਕਾਂ ਦਾ ਕਾਫਿਲਾ ਮੈਕਸੀਕੋ ਵੱਲ ਵਧ ਰਿਹਾ ਹੈ। ਤਕਰੀਬਨ ਇਕ ਹਜ਼ਾਰ ਸ਼ਰਣਾਰਥੀਆਂ 'ਚ ਔਰਤਾਂ ਅਤੇ ਬੱਚੇ ਵੀ ਸ਼ਾਮਲ ਹਨ ਜੋ ਹੁਣ ਵੀ ਇਸ ਉਮੀਦ 'ਚ ਸਰਹੱਦ 'ਤੇ ਸਥਿਤ ਪੁਲ 'ਤੇ ਫਸੇ ਹਨ ਕਿ ਉਹ ਗੈਰ-ਕਾਨੂੰਨੀ ਤਰੀਕੇ ਨਾਲ ਗੁਆਟੇਮਾਲਾ ਰਾਹੀਂ ਮੈਕਸੀਕੋ 'ਚ ਦਾਖਲ ਹੋ ਸਕਣਗੇ। ਮੈਕਸੀਕੋ ਪ੍ਰਸ਼ਾਸਨ ਨੇ ਕਿਹਾ ਕਿ ਜੋ ਲੋਕ ਪੁਲ 'ਤੇ ਹਨ, ਉਨ੍ਹਾਂ ਨੂੰ ਦੇਸ਼ 'ਚ ਦਾਖਲ ਹੋਣ ਲਈ ਸ਼ਰਣਾਰਥੀ ਦਾਅਵਿਆਂ ਲਈ ਅਪਲਾਈ ਕਰਨਾ ਪਵੇਗਾ। ਗੁਆਟੇਮਾਲਾ ਦੇ ਰਾਸ਼ਟਰਪਤੀ ਜਿਮੀ ਮੋਰਾਲਸ ਨੇ ਕਿਹਾ ਕਿ ਹੋਂਡੂਰਾਸ ਤੋਂ 5000 ਤੋਂ ਵੀ ਜ਼ਿਆਦਾ ਸ਼ਰਣਾਰਥੀ ਗੁਆਟੇਮਾਲਾ ਆਏ ਸਨ ਪਰ ਉਨ੍ਹਾਂ 'ਚੋਂ ਤਕਰੀਬਨ 2000 ਵਾਪਸ ਚਲੇ ਗਏ। ਮੈਕਸੀਕੋ ਪ੍ਰਸ਼ਾਸਨ ਨੇ ਸ਼ਨੀਵਾਰ ਨੂੰ ਪੁਲ 'ਤੇ ਫਸੀਆਂ ਔਰਤਾਂ ਅਤੇ ਬੱਚਿਆਂ ਲਈ ਸਰਹੱਦ ਖੋਲ੍ਹ ਦਿੱਤੀ ਅਤੇ ਉਨ੍ਹਾਂ ਨੇ ਸਿਊਡੈੱਡ ਹਿਡਾਲਕੋ ਤੋਂ ਤਕਰੀਬਨ 40 ਕਿਲੋਮੀਟਰ ਦੂਰ ਤਾਪਾਚੁਲਾ ਸ਼ਹਿਰ ਲੈ ਕੇ ਗਏ। ਇਸ ਸਮੇਂ ਪੁਲ 'ਤੇ ਸਮਰੱਥਾ ਤੋਂ ਵਧ ਲੋਕ ਮੌਜੂਦ ਹਨ।

# ਦੁਨੀਆਂ ਦੇ ਪਹਿਲੇ ਸਾਇੰਸਦਾਨ ਤੇ ਯੋਗ-ਦ੍ਰਸਟਾ ਬ੍ਰਹਮ ਵਾਲਮੀਕਿ ਜੀ

ਪ੍ਰੋ. ਰਵਿੰਦਰ ਕੁਮਾਰ

ਇਸ ਸੰਸਾਰ ਦਾ ਮੁੱਖ ਅੰਗ ਜੀਵ ਹੈ। ਉਹ ਜੀਵ ਆਪਣੇ ਰੂਪ ਵਿੱਚ ਕਿਸ ਤਰ੍ਹਾਂ ਆਇਆ ਸੀ ਅਤੇ ਉਹ ਅਪਣੀ ਭੂਮਿਕਾ ਕਿਸ ਤਰ੍ਹਾਂ ਨਿਭਾ ਰਿਹਾ ਹੈ? ਇਸ ਦਾ ਉੱਤਰ ਭਗਵਾਨ ਵਾਲਮੀਕਿ ਜੀ ਦੁਆਰਾ ਰਚਿਤ "ਮੋਕਸ਼ਪਾਏ ਗ੍ਰੰਥ ਯੋਗਵਸ਼ਿਸ਼ਟ" ਵਿੱਚ ਮਿਲਦਾ ਹੈ। ਇਸ ਪੂਰੇ ਬ੍ਰਹਿਮੰਡ ਦਾ ਬੀਜ ਸ਼ੁੱਧ ਬ੍ਰਹਮ ਆਤਮਾ ਹੈ। ਇਸ ਮਹਾਨ ਦਿਵਯ ਗ੍ਰੰਥਰਤਨ ਵਿੱਚ ਆਤਮਾ ਅਤੇ ਪ੍ਰਮਾਤਮਾ ਦੇ ਮੇਲ ਦੀਆਂ ਕ੍ਰਿਰਿਆਵਾਂ ਯੋਗ ਦੁਆਰਾ ਦਰਸਾਈਆਂ ਗਈਆਂ ਹਨ। ਯੋਗ ਦਾ ਅਰਥ ਹੈ-ਮੇਲਵਸ਼ਿਸ਼ਟ ਦਾ ਅਰਥ ਹੈ-ਵਿਸ਼ੇਸ਼ ।ਕਹਿਣ ਤੋਂ ਭਾਵ ਹੈ ਕਿ ਯੋਗਾ ਹੀ ਵਿਸ਼ੇਸ਼ ਕਿਰਿਆ ਹੈ ਜਿਸ ਨਾਲ ਅਮ੍ਰਿਤਪਦ ਅਤੇ ਤੱਤਵ ਗਿਆਨ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਭਗਵਾਨ ਵਾਲਮੀਕਿ ਜੀ ਨੇ ਇਸ ਦਾ ਨਾਮ ਮੋਕਸ਼ਪਾਏ ਰੱਖਿਆ ਹੈ। ਅੱਜਕਲ੍ਹ ਇਸ ਦਾ ਨਾਮ "ਯੋਗਵਸ਼ਿਸ਼ਟ" ਪ੍ਰਚੱਲਿਤ ਹੈ। ਇਸ ਗ੍ਰੰਥ ਵਿੱਚ 32,000 (ਹਜ਼ਾਰ) ਸਲੋਕ ਮੌਜੂਦ ਹਨ। ਇਸ ਦੇ ਛੇ ਪ੍ਰਕਰਨ ਹਨ- (1) ਵੈਰਾਗਯਾਪ੍ਰਕਰਣ (2) ਮੁਮੁਕਸੂਪ੍ਰਕਰਣ। (3) ਉਤਪਤੀ ਪ੍ਰਕਰਣ (4) ਸਥਿਤੀਪ੍ਰਕਰਣ (5) ਉਪਸਮਪ੍ਰਕਰਣ (6) ਨਿਰਵਾਰਣ ਪ੍ਰਕਰਣ। ਇਹ ਗ੍ਰੰਥ ਦੁਨੀਆਂ ਦਾ ਪਹਿਲਾ ਅਤੇ ਆਖਰੀ ਮਹਾਗ੍ਰੰਥ ਹੈ। ਜਿਸ ਵਿੱਚ ਮੋਕਸ਼ ਦਾ ਪੂਰਣ ਗਿਆਨ ਹੈ। ਪ੍ਰੰਤੂ ਅਜੇ ਤੱਕ ਇਸ ਨੂੰ ਦੁਨੀਆਂ ਵਿੱਚ ਕੋਈ ਵੀ ਦੇਸ਼ ਨਹੀਂ ਸਮਝ ਸਕਿਆ। ਸੰਸਕ੍ਰਿਤ ਭਾਸ਼ਾ ਦੇ ਵਿਦਿਆਰਥੀ ਵੀ ਬਹੁਤ ਘੱਟ ਗਏ ਸਨ। ਹਿੰਦੀ ਦਾ ਵਿਸਥਾਰ ਬਹੁਤ ਜ਼ਿਆਦਾ ਹੋ ਗਿਆ। ਸੰਸਕ੍ਰਿਤ ਭਾਸ਼ਾ ਸਿਰਫ ਮੰਤਰਾਂ ਦੇ ਉਚਾਰਣ ਦਾ ਹਿੱਸਾ ਹੀ ਬਣ ਕੇ ਰਹਿ ਗਈ ਹੈ। ਦੂਜੇ ਪਾਸੇ ਅਮਰੀਕਾ, ਫਰਾਂਸ, ਜਰਮਨੀ ਵਰਗੇ ਦੇਸ਼ਾਂ ਨੇ ਸੰਸਕ੍ਰਿਤ ਤੋਂ ਗਿਆਨ ਹਾਸਿਲ ਕਰ ਕੇ ਉਸ ਨੂੰ ਅਪਣਾ ਆਦਰਸ਼ ਬਣਾਇਆ ਹੋਇਆ ਹੈ। ਉਹ ਲੋਕ ਸੰਸਕ੍ਰਿਤ ਨੂੰ ਸਕੂਲਾਂ ਵਿੱਚ ਪੜ੍ਹਾ ਰਹੇ ਹਨ। ਆਪਣੇ ਬੱਚਿਆਂ ਨੂੰ ਸੰਸਕ੍ਰਿਤ ਦੀ ਸਿੱਖਿਆ ਦੇ ਰਹੇ ਹਨ। ਉਹ ਸੰਸਕ੍ਰਿਤ ਕੇਵਲ ਗਿਆਨ ਹਾਸਿਲ ਕਰਨ ਵਾਸਤੇ ਉਪਯੋਗ ਕਰ ਰਹੇ ਹਨ। ਜਰਮਨੀ ਵਿੱਚ 1200 ਸਕੂਲ ਅਤੇ 14 ਯੂਨੀਵਰਸਿਟੀਆਂ ਸੰਸਕ੍ਰਿਤ ਦੀਆਂ ਹਨ। ਉੱਥੇ ਸੰਸਕ੍ਰਿਤ ਪੜ੍ਹਾਈ ਜਾਂਦੀ ਹੈ। ਉਹ ਜਾਣਦੇ ਹਨ ਕਿ ਸੰਸਕ੍ਰਿਤ ਵਿਦਿਆ ਨੂੰ ਪੜ੍ਹਨ, ਸੁਣਨ ਅਤੇ ਮਨਨ ਦੁਆਰਾ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਭਗਵਾਨ ਵਾਲਮੀਕਿ ਜੀ ਨੇ ਕਿਹਾ ਹੈ ਕਿ ਜਦੋਂ ਜੀਵ ਦੇ ਮਨ ਵਿੱਚ ਦ੍ਰਿੜ੍ਹ ਨਿਸ਼ਚੈ ਉਤਪੰਨ ਹੋਵੇ ਕਿ ਉਸ ਨੇ ਗਿਆਨ ਹਾਸਿਲ ਕਰਨਾ ਹੈ। ਤਦ ਹੀ ਉਹ ਆਪਣੀ ਮੰਜ਼ਿਲ ਤੱਕ ਪਹੁੰਚ ਸਕਦਾ ਹੈ। ਉਸ ਦੇ ਮਨ ਵਿੱਚ ਸੰਕਲਪ ਦਾ ਹੋਣਾ ਬਹੁਤ ਜ਼ਰੂਰੀ ਹੈ।

ਇਸ ਸੰਸਾਰ ਨੂੰ ਉਤਪੰਨ ਕਰਨ ਵਾਲਾ ਮੁੱਖ ਉਪਾਦਾਨ ਸਿਰਫ "ਮਨ" ਹੀ ਹੈ। "ਤਮਾ ਸਤਵ ਰਜਾਹ ਸਗਿੰਆ ਕਾਰਨਮ ਜਗਤਾ ਸਥਿਤੇ" ਇਸ ਸਲੋਕ ਵਿੱਚ ਭਗਵਾਨ ਵਾਲਮੀਕਿ ਜੀ ਨੇ ਦੱਸਿਆ ਹੈ ਕਿ ਇਸ ਜਗਤ ਨੂੰ ਉਤਪੰਨ ਕਰਨ ਵਾਲੇ ਤਿੰਨ ਗੁਣ ਹਨ- 1 ਸਤਵ, 2 ਰਜਸ, 3 ਤਮਸ ਹਨ। ਇਸ ਦਾ ਪਰਿਣਾਮ ਹੀ ਜਗਤ ਹੈ। ਜਿੱਥੇ ਕੀਟ-ਪਤੰਗ ਰੂਪੀ ਸ੍ਰਿਸ਼ਟੀ ਵਿੱਚ "ਤਮਸ" ਗੁਣ ਹੈ। ਲੋਕ-ਵਿਵਹਾਰ ਦਾ ਕਾਰਨ "ਰਜਸ ਗੁਣ" ਅਤੇ ਉਥੇ ਹੀ ਧਰਮ, ਗਿਆਨ-ਪ੍ਰਯਾਨ "ਸਤਵਗੁਣ" ਹੀ ਪਰਿਣਾਮ ਹੈ। ਭਗਵਾਨ ਵਾਲਮੀਕਿ ਜੀ ਦੁਆਰਾ ਦੱਸਿਆ ਗਿਆ ਹੈ ਕਿ 'ਮਨ ਦੇ ਜੋ ਭੋਗ ਸੰਕਲਪ ਦੀਆਂ ਅਲੱਗ-ਅਲੱਗ ਬਿਰਤੀਆਂ ਹਨ, ਉਹ ਹੀ ਸੰਸਾਰ ਰੂਪੀ 'ਜ਼ਹਿਰ ਵਾਲੇ ਦਰੱਖਤ' ਨੂੰ ਜਨਮ ਦਿੰਦੀਆਂ ਹਨ। ਇਸ ਜਗਤ ਵਿੱਚ ਪੈਦਾ ਹੋਇਆ ਵਿਅਕਤੀ ਦਾ ਸੰਸਾਰ ਨਾਲ ਸਬੰਧ ਹੈ। ਉਹ ਅਪਣੇ ਆਪ ਨੂੰ ਹੀ ਸਭ ਕੁਝ ਮੰਨਣ ਲੱਗਦਾ ਹੈ। ਉਹ ਦੁੱਖ ਤੇ ਸੁੱਖ ਦਾ ਅਨੁਭਵ ਕਰਦਾ ਹੋਇਆ ਜੀਵਨ ਜਿਉਂਦਾ ਹੈ। ਇਸ ਲਈ ਜੀਵ ਇਸ ਬ੍ਰਹਿਮੰਡ ਦਾ ਮੁੱਖ ਅੰਗ ਹੈ।

ਭਗਵਾਨ ਵਾਲਮੀਕਿ ਜੀ ਨੇ ਦੱਸਿਆ ਕਿ "ਜੀਵਅਸਯ ਤ੍ਰਿੰਨੀ ਰੂਪਾਣੀ ਸਥੂਲ ਸੁੱਖਮ ਪ੍ਰਾਣ ਆਦਿਚ" ਇਸ ਜੀਵ ਦੇ ਤਿੰਨੇ ਰੂਪ ਹਨ- ਜਾਂ ਪੰਜਾਬੀ ਵਿਚ ਕਹਿ ਲਵੋ ਤਿੰਨ ਸਰੀਰ ਹਨ: -1. ਸਥੂਲ ਸਰੀਰ। 2. ਸੂਖਮ ਸਰੀਰ 3. ਪ੍ਰਾਣ ਵਾਯੂ ਸਰੀਰ ਆਦਿ।

1. ਸੰਸਾਰਿਕ ਭੋਗ ਪਦਾਰਥ ਲਈ ਜੋ ਰੂਪ ਹੈ ਉਸ ਨੂੰ ਸਥੂਲ ਸਰੀਰ ਕਿਹਾ ਜਾਂਦਾ ਹੈ। ਇਸ ਨੂੰ ਬਾਹਰੀ ਸਰੀਰ ਵੀ ਕਹਿ ਸਕਦੇ ਹਾਂ ਜਿਵੇਂ ਸਾਡੇ ਹੱਥ, ਪੈਰ, ਮੁੱਖ, ਅੱਖ, ਕੰਨ, ਨੱਕ ਅਤੇ ਗਲਾ ਆਦਿ। ਇਹ ਬਾਹਰੋਂ ਦਿਖਾਈ ਦਿੰਦਾ ਹੈ। ਇਸ ਨੂੰ ਦੇਖਿਆ ਜਾ ਸਕਦਾ ਹੈ। ਛੂਹਿਆ ਵੀ ਜਾ ਸਕਦਾ ਹੈ। ਇਸ ਦਾ ਜ਼ਿਆਦਾਤਰ ਮੁੱਖ ਕੰਮ ਵਾਸਨਾ ਹੈ।

2. ਦੂਸਰਾ ਸਰੀਰ ਸੂਖਮ ਸਰੀਰ ਹੁੰਦਾ ਹੈ। ਇਸ ਨੂੰ ਨੰਗੀ ਅੱਖ ਨਾਲ ਦੇਖਿਆ ਨਹੀਂ ਜਾ ਸਕਦਾ ਹੈ। ਇਸ ਨੂੰ ਦੇਖਣ ਲਈ ਮਸ਼ੀਨਾਂ ਦੀ ਜ਼ਰੂਰਤ ਹੰਦੀ ਹੈ। ਇਹ ਜਾਗਰਤ ਉਸ ਸਮੇਂ ਹੁੰਦਾ ਹੈ ਜਦੋਂ ਸਥੂਲ ਸਰੀਰ ਦੇ ਅਹੰਕਾਰ ਭਾਵ ਦਾ ਨਾਸ ਹੋ ਜਾਂਦਾ ਹੈ। ਇਸ ਸਰੀਰ ਨੂੰ ਨੰਗੀ ਅੱਖ ਨਾਲ ਨਹੀਂ ਦੇਖ ਸਕਦੇ, ਇਸ ਨੂੰ ਐਕਸ-ਰੇ, ਸੀ.ਟੀ. ਸਕੈਨ, ਐਮ.ਆਰ.ਆਈ. ਦੁਆਰਾ ਹੀ ਦੇਖਿਆ ਜਾ ਸਕਦਾ ਹੈ। ਜਿਵੇਂ-ਬਰੈਨ, ਦਿਲ, ਪੇਟ, ਕਿਡਨੀ, ਲਿਵਰ ਆਦਿ।

3. ਤੀਸਰਾ ਸਰੀਰ ਵਾਯੂ ਸਰੀਰ ਜਿਸ ਨੂੰ ਪ੍ਰਾਣ ਸਰੀਰ ਵੀ ਕਿਹਾ ਜਾਂਦਾ ਹੈ। ਆਦਿ ਅੰਤ ਰਹਿਤ, ਪ੍ਰਾਣ ਵਾਯੂ ਸੰਪਾਦਨ ਦੁਆਰਾ ਸਾਨੂੰ ਸਭ ਕੁਝ ਮਹਿਸੂਸ ਹੁੰਦਾ ਹੈ। ਇਹ ਵਾਯੂ ਪੰਜ ਪ੍ਰਕਾਰ ਦੀ ਹੁੰਦੀ ਹੈ।

1. ਪ੍ਰਾਣ ਵਾਯੂ 2. ਆਪਾਨ ਵਾਯੂ 3. ਵਿਆਨ ਵਾਯ 4. ਉਦਾਨ ਵਾਯੂ 5. ਸਮਾਨ ਵਾਯੂ ਆਦਿ।

ਇਸ ਬ੍ਰਹਿਮੰਡਲ ਦੇ ਜੀਵ ਦੀ ਉਤਪਤੀ ਦੇ ਪ੍ਰਮੁੱਖ ਦੋ ਕਾਰਨ ਹਨ। 1. ਪ੍ਰਾਣ ਸੰਪਾਦਨ 2. ਦ੍ਰਿੜ੍ਹ ਵਾਸਨਾ। ਇਨ੍ਹਾਂ ਦੋਨਾਂ ਕਾਰਨਾਂ ਨਾਲ ਜੀਵਨ ਦੀ ਉਤਪਤੀ ਹੁੰਦੀ ਹੈ। ਇਸ ਤੋਂ ਬਿਨਾਂ ਹੋਰ ਕੋਈ ਕਾਰਨ ਨਹੀਂ ਹੈ। ਇਹ ਦੋਵੇਂ ਇੱਕ ਦੂਸਰੇ ਦੇ ਪੂਰਕ ਹਨ। ਇਹਨਾਂ ਵਿੱਚੋਂ ਅਗਰ ਇੱਕ ਨਸ਼ਟ ਹੋ ਜਾਂਦਾ ਹੈ ਤਾਂ ਦੂਸਰਾ ਵੀ ਆਪ ਨਸ਼ਟ ਹੋ ਜਾਂਦਾ ਹੈ। ਦ੍ਰਿੜ੍ਹ ਵਾਸਨਾ ਨਾਲ ਚਿਤ ਵਰਿਤੀ ਹੁੰਦੀ ਹੈ ਅਤੇ ਪ੍ਰਾਣ ਸੰਪਾਦਨ ਹੁੰਦਾ ਹੈ, ਤਾਂ ਹੀ ਜੀਵ ਦੀ ਉਤਪਤੀ ਹੁੰਦੀ ਹੈ।

ਜੀਵ ਦੇ ਅਹਿਮ ਭਾਵ ਦੇ ਕਾਰਨ ਅਹੰਕਾਰ ਬਣਿਆ, ਜੀਵ ਦੇ ਮਨਨ ਦੇ ਕਾਰਣ ਮਨ ਬਣਿਆ, ਜੀਵ ਦੇ ਨਿਸ਼ਚੈ ਗਿਆਨ ਦੇ ਕਾਰਨ ਬੁੱਧੀ ਬਣੀ, ਦੇਖਣ ਅਤੇ ਗ੍ਰਹਿਣ ਕਰਨ ਨਾਲ ਇੰਦਰੀਆਂ ਬਣੀਆਂ ਅਤੇ ਦੇਹ ਭਾਵ ਨਾਲ ਦੇਹ ਸਰੀਰ ਹੋ ਜਾਂਦਾ ਹੈ। ਜੀਵ ਦੇ ਸਥੂਲ ਸਰੀਰ ਦੀਆਂ ਤਿੰਨ ਅਵਸਥਾਵਾਂ ਹੁੰਦੀਆਂ ਹਨ।

1. ਬਾਲ ਅਵਸਥਾ
2. ਜਵਾਨੀ ਅਵਸਥਾ
3. ਬੁਢਾਪਾ ਅਵਸਥਾ

ਇਨ੍ਹਾਂ ਤਿੰਨਾਂ ਅਵਸਥਾਵਾਂ ਨੂੰ ਦੋਸ਼ ਮੁਕਤ ਮੰਨਿਆ ਗਿਆ ਹੈ। ਗਿਆਨ ਦੀ ਕਮੀ ਦੇ ਕਾਰਨ ਵਿਅਕਤੀ ਸੁੱਖ ਤੇ ਦੁੱਖ ਮਹਿਸੂਸ ਕਰਦਾ ਹੈ। ਜੀਵ ਦਾ ਸੂਖਮ ਸਰੀਰ ਜੋ ਵੀ ਚਿੰਤਨ ਕਰਦਾ ਹੈ, ਉਹ ਵੈਸਾ ਹੀ ਹੋ ਜਾਂਦਾ ਹੈ। ਜੇ ਉਹ ਆਕਾਸ਼ ਦਾ ਚਿੰਤਨ ਕਰੇ ਤਾਂ ਉਹ ਆਕਾਸ਼ਮਈ ਹੋ ਜਾਂਦਾ ਹੈ। ਉਹ ਜਿਸ ਪਦਾਰਥ ਦਾ ਧਿਆਨ ਕਰਦਾ ਹੈ, ਉਹੀ ਪਦਾਰਥ ਬਣ ਜਾਂਦਾ ਹੈ। ਇਸ ਸੂਖਮ ਸਰੀਰ ਨੂੰ ਕ੍ਰਿਤਾਰਥ-ਤਤਵ, ਗਿਆਤ-ਤਤਵ, ਭੋਗਤੀ-ਤਤਵ ਭਾਵਾਂ ਨਾਲ ਯੁਕਤ ਹੋਣ ਕਰਕੇ ਪੁਰਯਸਟੀਕ ਅਤੇ ਅਤਿਵਾਹਿਕ ਸਰੀਰ ਵੀ ਕਿਹਾ ਜਾਂਦਾ ਹੈ। ਇਸ ਅਤਿਵਾਹਿਕ (ਪੁਰਯਸਟਿਕ) ਸਰੀਰ ਦਾ ਦੁਬਾਰਾ ਜਨਮ ਹੁੰਦਾ ਹੈ। ਵਾਸਨਾ ਦੇ ਕਾਰਨ ਹੀ ਅਤਿਵਾਹਿਕ ਸਰੀਰ ਦਾ ਦੁਬਾਰਾ ਜਨਮ ਹੁੰਦਾ ਹੈ। ਵਾਸਨਾ ਦੇ ਨਾਸ (ਖਤਮ) ਹੋਣ ਨਾਲ ਇਹ ਵੀ ਖਤਮ ਹੋ ਜਾਂਦਾ ਹੈ। ਫਿਰ ਵਿਅਕਤੀ ਜੀਵਨ ਮੁਕਤ ਹੋ ਜਾਂਦਾ ਹੈ। ਇਸ ਅਤਿਵਾਹਿਕ ਸਰੀਰ ਤੋਂ ਛੁਟਕਾਰਾ ਪਾਉਣ ਲਈ "ਯੋਗਵਸ਼ਿਸ਼ਟ" ਵਿੱਚ ਭਗਵਾਨ ਵਾਲਮੀਕਿ ਜੀ ਨੇ ਇੱਕ ਤਤਵ ਦਾ ਅਭਿਆਸ ਕਰਨ ਉੱਤੇ ਬਲ ਦਿੱਤਾ ਹੈ। ਉਸ ਉੱਤੇ ਚਲ ਕੇ ਹੀ ਤਤਵ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਇਸ ਪੁਰਯਸਟਿਕ ਸਰੀਰ ਵਿੱਚ ਮਨ, ਅਹੰਕਾਰ, ਵਾਸਨਾ, ਸੰਕਲਪ ਵਿਕਲਪ ਰਹਿੰਦੇ ਹਨ। ਜਦੋਂ ਤੱਕ ਵਿਅਕਤੀ ਇਸ ਦੇ ਸਵਰੂਪ ਅਤੇ ਮੂਲ ਕਾਰਨ ਨੂੰ ਨਹੀਂ ਸਮਝਦਾ ਹੈ ਉਦੋਂ ਤੱਕ ਛੁਟਕਾਰਾ ਹੋਣਾ ਅਸੰਭਵ ਹੈ।



ਵਿਅਕਤੀ ਪੈਦਾ ਅਹੰਕਾਰ ਅਰਥਾਤ ਅਹਿਮਭਾਵ ਨਾਲ ਹੁੰਦਾ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਅਹੰਕਾਰ ਜਨਮ ਤੋਂ ਉਤਪੰਨ ਹੁੰਦਾ ਹੈ। ਅਹੰਕਾਰ ਤਿੰਨ ਪ੍ਰਕਾਰ ਦਾ ਹੁੰਦਾ ਹੈ। 1. ਪਹਿਲਾ ਅਹੰਕਾਰ ਜਿਸ ਵਿੱਚ ਵਿਅਕਤੀ ਅਪਣੇ ਆਪ ਨੂੰ ਪ੍ਰਮਾਤਮਾ ਮੰਨਦਾ ਹੈ। 2. ਦੂਜਾ ਅਹੰਕਾਰ ਜਿਸ ਵਿੱਚ ਵਿਅਕਤੀ ਅਪਣੇ ਆਪ ਨੂੰ ਅਲੱਗ ਅਤੇ ਬਾਲ ਦੇ ਅਗਲੇ ਹਿੱਸਾ ਦਾ ਸੌਵਾ ਹਿਸਾ ਮੰਨਦਾ ਹੈ। ਇਹ ਅਹੰਕਾਰ ਅੱਛਾ ਮੰਨਿਆ ਜਾਂਦਾ ਹੈ। 3. ਤੀਸਰਾ ਅਹੰਕਾਰ ਜਿਸ ਵਿੱਚ ਵਿਅਕਤੀ ਆਪਣੇ ਆਪ ਨੂੰ ਸਰੀਰ ਨਾਲ ਸੀਮਿਤ ਸਮਝਦਾ ਹੈ। ਉਹ ਸਭ ਕੁਝ ਅਪਣੇ ਸੁਆਰਥ ਲਈ ਹੀ ਕਰਦਾ ਹੈ। ਇਹ ਅਹੰਕਾਰ ਸਭ ਮੁਸੀਬਤਾਂ ਦਾ ਕਾਰਣ ਹੈ। ਇਸ ਤੋਂ ਵੱਧਕੇ ਕੋਈ ਦੁਸ਼ਮਣ ਨਹੀਂ ਹੈ। ਵਿਅਕਤੀ ਚਾਹੇ ਤਾਂ ਆਪਣੇ ਅਹੰਕਾਰ 'ਤੇ ਕਾਬੂ ਪਾ ਸਕਦਾ ਹੈ। ਇਸ ਗ੍ਰੰਥ ਵਿੱਚ ਦੋ ਉਪਾਅ ਦਿੱਤੇ ਗਏ ਹਨ। ਯੋਗਵਸ਼ਿਸ਼ਟ ਮਹਾਂਗ੍ਰੰਥ ਰਤਨ ਵਿੱਚ ਮਨ ਦੇ ਅਨੇਕ ਨਾਮਾਂ ਦਾ ਜ਼ਿਕਰ ਮਿਲਦਾ ਹੈ। ਮਨ ਨੂੰ ਹੀ ਚਿਤ, ਵਾਸਨਾ, ਬੰਧਨ ਆਦਿ। ਮਨ ਹੀ ਸੰਸਾਰ ਦਾ ਕਰਤਾ ਹੈ ਸਭ ਤੋਂ ਪਹਿਲਾਂ ਆਤਮਾ ਤੋਂ ਹੀ ਮਨ ਦੀ ਉਤਪਤੀ ਹੋਈ ਸੀ। ਮਨ ਨੂੰ ਹੀ ਸਰੀਰ ਕਿਹਾ ਜਾਂਦਾ ਹੈ।

"ਏਕ ਮਨਾਹ ਸਰੀਰਮ ਤੂਕਸਿਤਕਾਰੀ ਸਦਾ ਚਲਮ ਅਕੀਚਿਤ ਕਰਮਨਯਤੂ ਸਰੀਰਮ ਮਾਸ ਨਿਰਮਤਮ" ਇਸ ਸਲੋਕ ਵਿੱਚ ਕਿਹਾ ਗਿਆ ਹੈ ਕਿ (ਅਸਥੀ, ਮਾਸ, ਮੰਜਾ) ਮਾਸ, ਹੱਡੀਆਂ ਤੇ ਖ਼ੂਨ ਦਾ ਬਣਿਆ ਸਥੂਲ ਸਰੀਰ ਮਨ ਰੂਪੀ ਸਰੀਰ ਹੈ। ਇਹ ਸਰੀਰ ਸਭ ਕੰਮ ਕਰਦਾ ਹੈ। ਮਾਸ ਤੋਂ ਬਣਿਆ ਬਾਹਰੀ ਸਰੀਰ ਨਹੀਂ। ਪ੍ਰੰਤੂ ਸਰੀਰ ਦੇ ਦੁਆਰਾ ਮਨ ਦਾ ਸਥੂਲ ਰੂਪ ਕੋਈ ਵੀ ਨਜ਼ਰ ਨਹੀਂ ਆਉਂਦਾ ਹੈ।

ਸਭ ਕੰਮ ਮਨ ਕਰ ਰਿਹਾ ਹੁੰਦਾ ਹੈ। ਇਸ ਲਈ ਸਭ ਪਾਸੇ ਇਸ ਦੀ ਸਥਿਤੀ ਹੈ। ਉਹ ਹੈ ਜਾਂ ਨਹੀਂ ਹੈ? ਕਿਉਂਕਿ ਇਹ ਸੰਕਲਪ ਅਤੇ ਵਿਕਲਪ ਉੱਤੇ ਅਧਾਰਿਤ ਹੈ। ਜਿਥੇ ਸੰਕਲਪ ਹੁੰਦਾ ਹੈ ਉਥੇ ਮਨ ਹੁੰਦਾ ਹੈ। ਜਿਥੇ ਸੰਕਲਪ ਨਹੀਂ ਹੁੰਦਾ ਉਥੇ ਮਨ ਨਹੀਂ ਹੁੰਦਾ ਹੈ। ਮਨ ਵਿੱਚ ਜਿਸ ਤਰ੍ਹਾਂ ਦਾ ਸੰਕਲਪ ਹੁੰਦਾ ਹੈ ਵੈਸਾ ਹੀ ਮਨ ਦਾ ਸਵਰੂਪ ਹੋ ਜਾਂਦਾ ਹੈ। ਸੰਕਲਪ ਅਨੁਸਾਰ ਹੀ ਇਸ ਨੂੰ ਸੁੱਖ-ਦੁੱਖ ਹੁੰਦੇ ਹਨ। ਦੂਸਰੀ ਤਰਫ ਸੰਕਲਪ ਤੇ ਵਿਕਲਪ ਦਾ ਮਨ ਤੋਂ ਇਲਾਵਾ ਹੋਰ ਕੋਈ ਵੀ ਸਥਾਨ ਨਹੀਂ ਹੈ। ਮਨ ਦੇ ਅਨੇਕ ਨਾਮ ਇਸ ਪ੍ਰਕਾਰ ਹਨ: 1. ਮਨ, 2. ਬੁੱਧੀ, 3. ਅਹੰਕਾਰ, 4. ਚਿਤ, 5. ਕਰਮ, 6. ਕਲਪਨਾ, 7. ਵਾਸਨਾ, 8. ਸਮਰਿਤੀ, 9. ਅਵਿਧਾ, 10. ਮਲ, 11. ਮਾਇਆ, 12. ਪ੍ਰਕ੍ਰਿਤੀ, 13. ਬ੍ਰਹਮਾ, 14. ਜੀਵ, 15. ਅਤਿਵਾਹਿਕ ਦੇਹ, 16. ਇੰਦਰੀਆ - (15), 17. ਪੁਰਯਸਟਕ, 18. ਦੇਹ, ਪਦਾਰਥ ਆਦਿ।

ਮਨੋਵਿਗਿਆਨ ਦਾ ਅਰਥ ਹੈ। ਜਿਸ ਸ਼ਾਸਤਰ ਦੁਆਰਾ ਮਨੁੱਖ ਦੇ ਮਨ ਅਤੇ ਉਸਦੀਆਂ ਕਿਰਿਆਵਾਂ ਦੀ ਜਾਣਕਾਰੀ ਹੋਵੇ। ਇਸ ਲਈ ਭਗਵਾਨ ਸ੍ਰੀ ਵਾਲਮੀਕਿ ਜੀ ਨੂੰ ਦੁਨੀਆਂ ਦਾ ਪਹਿਲਾ ਮਨੋਵਿਗਿਆਨੀ, ਸਾਇੰਸਦਾਨੀ ਅਤੇ ਯੋਗਗੁਰੂ ਕਿਹਾ ਜਾਦਾ ਹੈ। ਜੋ ਯੋਗ ਦੁਆਰਾ ਆਤਮਾ ਤੇ ਪ੍ਰਮਾਤਮਾ ਦੇ ਦਰਸ਼ਨ ਕਰਵਾਉਂਦੇ ਹਨ। ਆਤਮਤਤਵ, ਪਰਮਤਤਵ, ਬ੍ਰਹਮਤਤਵ, ਮੋਕਸ਼ਤਤਵ ਗਿਆਨ ਦੀ ਪ੍ਰਾਪਤੀ ਕਰਾ ਕੇ ਸੰਸਾਰਿਕ ਦੁੱਖਾਂ ਤੋਂ ਸਦਾ ਲਈ ਛੁਟਕਾਰਾ ਦਿਵਾਉਦੇ ਹਨ।

# ਕਸ਼ਮੀਰ ਦਾ ਲੰਬਾ ਹੁੰਦਾ ਦੁਖਾਂਤ

ਕਸ਼ਮੀਰ ਦੇ ਮਸਲੇ 'ਤੇ ਇਕ ਵਾਰ ਫਿਰ ਦੋਵਾਂ ਗੁਆਂਢੀ ਮੁਲਕਾਂ ਵਿਚ ਸਬੰਧ ਤਣਾਅਪੂਰਨ ਬਣਦੇ ਨਜ਼ਰ ਆ ਰਹੇ ਹਨ, ਜਿਸ ਦਾ ਕਾਰਨ ਸਰਦੀਆਂ ਵਿਚ ਬਰਫ਼ ਪੈਣ ਤੋਂ ਪਹਿਲਾਂ-ਪਹਿਲਾਂ ਵੱਡੀ ਪੱਧਰ 'ਤੇ ਪਾਕਿਸਤਾਨ ਵਲੋਂ ਘੁਸਪੈਠੀਆਂ ਨੂੰ ਪੂਰੀ ਤਰ੍ਹਾਂ ਹਥਿਆਰਬੰਦ ਕਰ ਕੇ ਭਾਰਤ ਭੇਜਣ ਦਾ ਯਤਨ ਹੈ। ਫ਼ੌਜ ਨੇ ਦਾਅਵਾ ਕੀਤਾ ਹੈ ਕਿ ਇਸ ਸਮੇਂ ਵਾਦੀ ਵਿਚ 300 ਦੇ ਕਰੀਬ ਅੱਤਵਾਦੀ ਸਰਗਰਮ ਹਨ, ਜਦੋਂ ਕਿ 250 ਦੇ ਕਰੀਬ ਅੱਤਵਾਦੀ ਲਾਂਚਿੰਗ ਪੈਡਾਂ 'ਤੇ ਘੁਸਪੈਠ ਦੀ ਤਾਕ ਵਿਚ ਹਨ। ਬਿਨਾਂ ਸ਼ੱਕ ਬਹੁਤ ਸਾਰੇ ਕਾਰਨਾਂ ਕਰਕੇ ਕਸ਼ਮੀਰੀਆਂ ਦਾ ਇਕ ਹਿੱਸਾ ਵੀ ਪਾਕਿਸਤਾਨ ਤੋਂ ਘੁਸਪੈਠ ਕਰਦੇ ਅੱਤਵਾਦੀਆਂ ਦੀ ਮਦਦ ਕਰ ਰਿਹਾ ਹੈ। ਪਿਛਲੇ ਦਿਨੀਂ ਦੱਖਣੀ ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ ਵਿਚ ਸੀਮਾ ਸੁਰੱਖਿਆ ਬਲ ਦਾ ਇਕ ਜਵਾਨ ਸ਼ਹੀਦ ਹੋ ਗਿਆ ਸੀ। ਪਿਛਲੇ ਮਹੀਨੇ ਸ਼ੌਕਤ ਅਹਿਮਦ ਭੱਟ, ਜੋ ਕਿ ਅੱਤਵਾਦੀ ਬਣਿਆ ਸੀ, ਮਾਰਿਆ ਗਿਆ। ਇਸ ਅੱਤਵਾਦੀ ਨੇ ਬਾਰਾਮੁੱਲਾ ਦੀ ਪਟਨ ਪੁਲਿਸ ਜਾਂਚ ਚੌਂਕੀ 'ਤੇ ਗ੍ਰਨੇਡ ਹਮਲੇ ਦੀ ਜ਼ਿੰਮੇਵਾਰੀ ਲਈ ਸੀ। ਬਿਨਾਂ ਸ਼ੱਕ ਅੱਤਵਾਦੀਆਂ ਨੇ ਪਾਕਿਸਤਾਨ ਵਿਚ ਨਵੀਂ ਸਰਕਾਰ ਬਣਨ ਤੋਂ ਬਾਅਦ ਆਪਣੀਆਂ ਸਰਗਰਮੀਆਂ ਵਿਚ ਇਕ ਵਾਰ ਫਿਰ ਤੇਜ਼ੀ ਲਿਆਂਦੀ ਹੈ। ਪਿਛਲੇ ਦਿਨੀਂ ਕੁਲਗਾਮ ਅਤੇ ਰਜ਼ੌਰੀ ਵਿਚ ਹੋਏ ਮੁਕਾਬਲਿਆਂ ਦੌਰਾਨ ਜਿਥੇ 5 ਅੱਤਵਾਦੀ ਹਲਾਕ ਹੋ ਗਏ ਸਨ, ਉਥੇ 4 ਜਵਾਨ ਵੀ ਸ਼ਹੀਦ ਹੋਏ ਸਨ। ਇਸ ਦੇ ਨਾਲ ਹੀ ਆਮ 7 ਨਾਗਰਿਕ ਵੀ ਮੌਤ ਦੇ ਮੂੰਹ ਵਿਚ ਜਾ ਪਏ ਹਨ। ਰਜ਼ੌਰੀ ਦੇ ਸੁੰਦਰਬਣੀ ਖੇਤਰ ਵਿਚ 2 ਪਾਕਿਸਤਾਨੀ ਘੁਸਪੈਠੀਏ ਮਾਰੇ ਗਏ ਪਰ ਇਸ ਕਾਰਵਾਈ ਵਿਚ ਫ਼ੌਜ ਦੇ 3 ਜਵਾਨ ਵੀ ਸ਼ਹੀਦ ਹੋ ਗਏ ਸਨ। ਇਸੇ ਤਰ੍ਹਾਂ ਦੱਖਣੀ ਕਸ਼ਮੀਰ ਵਿਚ ਪੁਲਵਾਮਾ ਵਿਚ ਸੀ.ਆਰ.ਪੀ.ਐਫ. ਦੇ ਇਕ ਜਵਾਨ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ ਗਿਆ। ਜਿਥੇ ਕਿਤੇ ਵੀ ਅੱਤਵਾਦੀ ਲੁਕੇ ਹੁੰਦੇ ਹਨ, ਉਨ੍ਹਾਂ 'ਤੇ ਫ਼ੌਜ ਦੀ ਕਾਰਵਾਈ ਸਮੇਂ ਸਥਾਨਕ ਲੋਕਾਂ ਨੂੰ ਪੱਥਰਬਾਜ਼ੀ ਲਈ ਭੜਕਾਇਆ ਜਾਂਦਾ ਹੈ, ਜਿਸ ਕਾਰਨ ਹਾਲਾਤ ਹੋਰ ਵੀ ਵਿਗੜ ਜਾਂਦੇ ਹਨ। ਪਰ ਹੁਣ ਜ਼ਿਆਦਾ ਅੱਤਵਾਦੀ ਕਾਰਵਾਈਆਂ ਦਾ ਕੇਂਦਰ ਦੱਖਣੀ ਕਸ਼ਮੀਰ ਬਣ ਚੁੱਕਾ ਹੈ, ਜਦੋਂ ਕਿ ਉੱਤਰੀ ਕਸ਼ਮੀਰ ਵਿਚ ਉਨ੍ਹਾਂ ਦਾ ਪ੍ਰਭਾਵ ਘਟਿਆ ਨਜ਼ਰ ਆਉਂਦਾ ਹੈ। ਇਸ ਲਈ ਹਿਜ਼ਬੁਲ ਮੁਜਾਹਦੀਨ ਅਤੇ ਤਹਿਰੀਕ-ਉਲ-ਮੁਜਾਹਦੀਨ ਆਦਿ ਅੱਤਵਾਦੀ ਸੰਗਠਨ ਵਧੇਰੇ ਸਰਗਰਮ ਨਜ਼ਰ ਆਉਂਦੇ ਹਨ। ਵਿਗੜਦੇ ਹਾਲਾਤ ਨੂੰ ਦੇਖਦੇ ਹੋਏ ਕਸ਼ਮੀਰ ਦੀਆਂ ਪਾਰਟੀਆਂ ਨੈਸ਼ਨਲ ਕਾਨਫ਼ਰੰਸ ਅਤੇ ਪੀਪਲਜ਼ ਡੈਮੋਕ੍ਰੇਟਿਕ ਪਾਰਟੀ ਨੇ ਇਕ ਵਾਰ ਫਿਰ ਭਾਰਤ 'ਤੇ ਗੱਲਬਾਤ ਕਰਨ ਲਈ ਜ਼ੋਰ ਪਾਉਣਾ ਸ਼ੁਰੂ ਕਰ ਦਿੱਤਾ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਸ਼ਮੀਰ ਵਿਚ ਚੱਲ ਰਹੇ ਘਟਨਾਚੱਕਰ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ ਅਤੇ ਨਾਲ ਹੀ ਕਿਹਾ ਹੈ ਕਿ ਭਾਰਤ ਨੂੰ ਪਾਕਿਸਤਾਨ ਨਾਲ ਕਸ਼ਮੀਰ ਸਬੰਧੀ ਗੱਲਬਾਤ ਕਰਨੀ ਚਾਹੀਦੀ ਹੈ, ਜਦੋਂ ਕਿ ਇਹ ਗੱਲ ਦੁਨੀਆ ਭਰ ਨੂੰ ਪਤਾ ਹੈ ਕਿ ਸਾਰੀਆਂ ਅੱਤਵਾਦੀ ਕਾਰਵਾਈਆਂ ਲਈ ਪਾਕਿਸਤਾਨ ਜ਼ਿੰਮੇਵਾਰ ਹੈ। ਪਿਛਲੇ ਕੁਝ ਮਹੀਨਿਆਂ ਵਿਚ ਪਾਕਿਸਤਾਨ ਤੋਂ ਘੁਸਪੈਠ ਕਰਨ ਦੀ ਕੋਸ਼ਿਸ਼ ਕਰਦੇ 23 ਅੱਤਵਾਦੀਆਂ ਨੂੰ ਮਾਰ ਦਿੱਤਾ ਗਿਆ ਸੀ। ਇਮਰਾਨ ਖਾਨ ਸੰਯੁਕਤ ਰਾਸ਼ਟਰ ਦੇ ਮਤਿਆਂ ਦੀ ਗੱਲ ਕਰਦੇ ਹਨ ਪਰ ਇਹ ਮਤੇ ਹੁਣ ਵੇਲਾ ਵਿਹਾਅ ਚੁੱਕੇ ਜਾਪਦੇ ਹਨ। ਕਿਉਂਕਿ ਪਾਕਿਸਤਾਨ ਨੇ ਆਪਣੀਆਂ ਨੀਤੀਆਂ ਨਾਲ ਕਸ਼ਮੀਰ ਵਾਦੀ ਨੂੰ ਪੂਰੀ ਤਰ੍ਹਾਂ ਲਹੂ-ਲੁਹਾਨ ਕਰ ਦਿੱਤਾ ਹੈ। ਭਾਰਤ ਸਰਕਾਰ ਦੀਆਂ ਨੀਤੀਆਂ ਅਨੁਸਾਰ ਉਸ ਨਾਲ ਕੋਈ ਵੀ ਗੱਲਬਾਤ ਉਦੋਂ ਤੱਕ ਸੰਭਵ ਨਹੀਂ, ਜਦੋਂ ਤੱਕ ਉਹ ਆਪਣੀਆਂ ਅੱਤਵਾਦੀ ਨੀਤੀਆਂ ਨੂੰ ਨਹੀਂ ਛੱਡਦਾ। ਪਰ ਅਜਿਹਾ ਕਰਨਾ ਉਸ ਲਈ ਇਸ ਕਰਕੇ ਵਧੇਰੇ ਮੁਸ਼ਕਿਲ ਹੈ ਕਿਉਂਕਿ ਪਾਕਿਸਤਾਨ ਦੀ ਫ਼ੌਜ ਅੱਤਵਾਦੀਆਂ ਦੀ ਹਰ ਢੰਗ ਨਾਲ ਪੁਸ਼ਤ-ਪਨਾਹੀ ਕਰ ਰਹੀ ਹੈ। ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਵਰਗਾ ਵਿਅਕਤੀ ਜੇਕਰ ਆਖਦਾ ਹੈ ਕਿ ਮੁੰਬਈ ਹਮਲਿਆਂ ਵਿਚ ਪਾਕਿਸਤਾਨ ਦੀ ਧਰਤੀ ਤੋਂ ਭੇਜੇ ਗਏ ਅੱਤਵਾਦੀਆਂ ਦਾ ਹੱਥ ਸੀ ਤਾਂ ਉਸ 'ਤੇ ਇਹ ਸੱਚ ਬੋਲਣ ਲਈ ਅਦਾਲਤਾਂ ਵਿਚ ਮੁਕੱਦਮੇ ਚਲਾਏ ਜਾ ਰਹੇ ਹਨ।

ਪੰਜਾਬੀ ਦੁਨੀਆ

ISSN No. 1554 06X

ਚੇਅਰਮੈਨ : ਕਰਮ ਸਿੰਘ ਥਿੰਦ
ਪ੍ਰੈਜ਼ੀਡੈਂਟ : ਭੁਪਿੰਦਰ ਕੌਰ ਥਿੰਦ
ਐਡੀਟਰ - ਇਨ - ਚੀਫ ਅਤੇ ਪਬਲੀਸ਼ਰ : ਸ਼ਰਨਜੀਤ ਸਿੰਘ ਥਿੰਦ
ਡਿਪਟੀ ਮੈਨੇਜਿੰਗ ਐਡੀਟਰ : ਰਾਜ ਰਾਹੀ
ਕੰਟਰੀਬਿਊਟਿੰਗ ਰਾਈਟਰ : ਸੋਨੀਆ ਗਾਬਾ
ਚੀਫ ਫੋਟੋਗ੍ਰਾਫਰ : ਵਿਜੈ ਸ਼ਾਹ
ਫੋਟੋਗ੍ਰਾਫਰ : ਹਮਾਦ
ਐਡੀਟੋਰੀਅਲ ਇੰਟਰਨ : ਰੌਬਿਨ ਸਿੰਘ ਥਿੰਦ
ਸ਼ਪੈਸ਼ਲ ਕੋਰੋਸਪੌਂਡੈਂਸ : ਗਗਨਦੀਪ ਸਿੰਘ (ਇੰਡੀਆ)
ਵੈਬ ਕੋਆਰਡੀਨੇਟਰ : ਹਰਪ੍ਰੀਤ ਸਿੰਘ

**Published by Punjabi Duniya.com LLC**
**(A Division of Media Partners Capital , Inc.)**

**Address :**
**P.O Box 7005 Hicksville New York 11801**

Phone: 917 612 3158 TelFax : 516 342 1076
punjabiduniya@gmail.com, thesouthasianinsider@gmail.com
www.punjabiduniya.com

**Disclaimer** The South Asian Insider is a weekly newspaper published every week by The South Asian Insider. It's available in community & religious centers, ethnic grocery stores and also available by mail, email & online to subscribers. The opinions, beliefs and viewpoints expressed by the various writers, authors and forum participants in The South Asian Insider do not necessarily reflect the opinions, beliefs and viewpoints of the Editor. All advertisers advertising in The South Asian Insider assume responsibility for accuracy of their advertisements. The South Asian Insider and/or people associated with it are not responsible for any claims made by the advertisers and don't endorse any product or services advertised in The South Asian Insider. We strongly urge consulting your lawyer before buying/contracting /hiring through the ads published in the newspaper. We are in the business of selling space and claims made by the advertisers are not authenticated or confirmed by an independent source




ਪਿਛਲੇ ਕੁਝ ਅਰਸੇ ਤੋਂ ਪੰਜਾਬ ਦੇ ਲੋਕਾਂ ਵਿੱਚ ਇਹ ਨਿਰਾਸ਼ਾ ਪਾਈ ਜਾ ਰਹੀ ਹੈ ਕਿ ਰਾਜ ਅੰਦਰ ਬਹੁਤ ਸਾਰੇ ਅਹਿਮ ਅਤੇ ਧਿਆਨ ਮੰਗਦੇ ਮੁੱਦੇ ਉੱਠੇ ਪਰ ਉਹ ਕਿਸੇ ਠੋਸ ਸਿੱਟੇ ਜਾਂ ਢੁੱਕਵੇਂ ਹੱਲ ਬਿਨਾਂ ਹੀ ਸਰਕਾਰੀ ਬੇਧਿਆਨੀ ਦਾ ਸ਼ਿਕਾਰ ਹੋ ਕੇ ਅੱਧਵਾਟੇ ਹੀ ਖ਼ਾਮੋਸ਼ ਹੋ ਗਏ। ਇਸਦਾ ਲੋਕ ਮਨਾਂ ਉੱਤੇ ਮਾਰੂ ਅਸਰ ਪੈ ਸਕਦਾ ਹੈ। ਕਿਸੇ ਵੀ ਪ੍ਰਬੰਧ ਜਾਂ ਸ਼ਾਸ਼ਨ ਦੇ ਵਿੱਚ ਕਮੀਆਂ, ਵਧੀਕੀਆਂ, ਬੇਨਿਯਮੀਆਂ, ਮੰਗਾਂ ਜਾਂ ਹੱਕਾਂ ਬਾਰੇ ਮੁੱਦੇ ਉੱਠਦੇ ਰਹਿਣਾ ਇੱਕ ਆਮ ਸਮਾਜਕ ਵਰਤਾਰਾ ਹੈ। ਚੰਗੇ ਪ੍ਰਬੰਧ ਅਤੇ ਚੰਗੀਆਂ ਸਹੂਲਤਾਂ ਦੇ ਬਣਾਈ ਰੱਖਣ ਲਈ ਇਹ ਵਰਤਾਰਾ ਜ਼ਰੂਰੀ ਵੀ ਹੈ। ਹਰ ਸ਼ਾਸ਼ਨ ਕਾਇਦੇ-ਕਾਨੂੰਨ ਅਤੇ ਨਿਯਮਾਂ ਦੇ ਸੁਧਾਰ ਅਤੇ ਨਵੀਨੀਕਰਨ ਉੱਪਰ ਆਪਣੀ ਪਕੜ ਬਣਾਈ ਰੱਖਣ ਲਈ ਯਤਨਸ਼ੀਲ ਰਹਿੰਦਾ ਹੈ ਅਤੇ ਸ਼ਾਸ਼ਿਤ ਲੋਕ ਆਪਣੇ ਹੱਕਾਂ, ਅਧਿਕਾਰਾਂ ਅਤੇ ਮੰਗਾਂ ਨੂੰ ਲੈ ਕੇ ਸੰਘਰਸ਼ ਕਰਦੇ ਰਹਿੰਦੇ ਹਨ। ਹਰ ਦੇਸ਼ ਵਿੱਚ ਇਹ ਵਰਤਾਰਾ ਲਗਾਤਾਰ ਚਲਦਾ ਰਹਿੰਦਾ ਹੈ। ਮੁੱਦਿਆਂ ਨੂੰ ਲੈ ਕੇ ਵੱਖ-ਵੱਖ ਰਾਜਸੀ ਦਲ, ਦਬਾਉ ਸਮੂਹ ਜਾਂ ਮੀਡੀਆ ਲਗਾਤਾਰ ਆਵਾਜ਼ ਉਠਾਉਂਦਾ ਰਹਿੰਦਾ ਹੈ। ਆਮ ਜਨਤਾ ਵੀ ਕਈ ਵਾਰ ਕਿਸੇ ਸਥਾਨਕ ਮੁੱਦੇ ਨੂੰ ਲੈ ਕੇ ਅੰਦਲੋਨ ਕਰਦੀ ਨਜ਼ਰ ਆਉਂਦੀ ਹੈ। ਕਿਸੇ ਵੀ ਉਠਾਏ ਗਏ ਮੁੱਦੇ ਦਾ ਸਹੀ ਅੰਜਾਮ ਤੱਕ ਪਹੁੰਚਣਾ ਬਹੁਤ ਜ਼ਰੂਰੀ ਹੁੰਦਾ ਹੈ। ਪ੍ਰਸ਼ਾਸਨ, ਸਰਕਾਰ ਅਤੇ ਸਬੰਧਤ ਸੰਗਠਨ ਨੂੰ ਕਿਸੇ ਵੀ ਮੁੱਦੇ ਦੇ ਇਨਸਾਫ਼ ਦੇ ਦਾਇਰੇ ਵਿੱਚ ਰਹਿਕੇ ਢੁੱਕਵਾਂ ਅਤੇ ਵਾਜਬ ਹੱਲ ਨਿਕਲਣ ਤੱਕ ਇਮਾਨਦਾਰੀ ਨਾਲ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਲੋਕ ਹਿੱਤਾਂ ਵਿੱਚ ਪੈਦਾ ਹੋ ਰਹੇ ਮੁੱਦਿਆਂ ਦਾ ਬਣਦੇ ਠੋਸ ਨਤੀਜੇ 'ਤੇ ਪਹੁੰਚਣਾ ਹੀ ਸੰਘਰਸ਼ ਅਤੇ ਰਾਜ ਪ੍ਰਬੰਧ ਦੀ ਅਸਲ ਜਿੱਤ ਹੁੰਦਾ ਹੈ ਕਿਉਂਕਿ ਲੋਕ ਹਿੱਤ ਵਿੱਚ ਉੱਠੀ ਮੰਗ ਦੀ ਪੂਰਤੀ ਹੋ ਜਾਣਾ ਸੰਘਰਸ਼ ਕਰਨ ਵਾਲੇ ਸੰਗਠਨ ਜਾਂ ਵਿਰੋਧੀ ਧਿਰ ਅਤੇ ਰਾਜ ਕਰਦੀ ਧਿਰ ਸਭਨਾਂ ਲਈ ਹੀ ਪ੍ਰਾਪਤੀ ਮੰਨੀ ਜਾਣੀ ਚਾਹੀਦੀ ਹੈ ਕਿ ਸਭਨਾਂ ਨੇ ਇੱਕ ਚੰਗਾ ਕੰਮ ਕੀਤਾ ਹੈ।

ਪਰ ਸਾਡੇ ਦੇਸ਼ ਜਾਂ ਖਾਸ ਕਰਕੇ ਪੰਜਾਬ ਵਿੱਚ ਮੁੱਦਿਆਂ ਦਾ ਵਰਤਾਰਾ ਆਪਣੇ ਅਸਲ ਰੂਪ ਤੋਂ ਬਹੁਤ ਦੂਰ ਹੈ। ਇੱਥੇ ਮੁੱਦੇ ਤਾਂ ਬਹੁਤ ਉੱਠਦੇ ਹਨ ਪਰ ਉਹ ਜਾਂ ਤਾਂ ਰਸਤੇ ਵਿੱਚ ਹੀ ਦਮ ਤੋੜ ਜਾਂਦੇ ਹਨ ਜਾਂ ਰਹੱਸਮਈ ਢੰਗ ਨਾਲ ਖਾਮੋਸ਼ ਹੋ ਜਾਂਦੇ ਹਨ। ਇੱਥੇ ਸਾਡੀਆਂ ਸਿਆਸੀ ਪਾਰਟੀਆਂ, ਸੰਗਠਨ, ਮੀਡੀਆ ਅਤੇ ਅੱਜ ਕੱਲ੍ਹ ਸੋਸ਼ਲ ਮੀਡੀਆ ਵੀ ਨਿੱਤ ਦਿਹਾੜੇ ਅਨੇਕ ਮੁੱਦੇ ਉਠਾਉਂਦੇ ਹਨ, ਕੁਝ ਦਿਨ ਉਸਦਾ ਬਹੁਤ ਧੂੰਆਂਧਾਰ ਪ੍ਰਚਾਰ ਵੀ ਕਰਦੇ ਹਨ ਅਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਅਸਮਾਨੇ ਚਾੜ੍ਹਕੇ ਫਿਰ ਹੇਠੋਂ ਪੌੜੀ ਖਿੱਚ ਲੈਣ ਵਾਂਗ ਬਿਨਾਂ ਕਿਸੇ ਮੰਜ਼ਿਲ ਤੇ ਪਹੁੰਚੇ ਇੱਕ ਦਮ ਚੁੱਪ ਹੋ ਜਾਂਦੇ ਹਨ। ਪਿਛਲੇ ਕੁਝ ਸਾਲਾਂ ਤੋਂ ਅਜਿਹੇ ਉਠਾਏ ਗਏ ਮੁੱਦਿਆਂ ਦੇ ਸਹੀ ਨਤੀਜੇ ਤੱਕ ਪਹੁੰਚਣ ਦੀ ਕੋਈ ਉਦਾਹਰਣ ਨਹੀਂ ਮਿਲਦੀ। ਪਿਛਲੇ ਕੁਝ ਅਰਸੇ ਦੌਰਾਨ ਬਹੁਤ ਸਾਰੇ ਮੁੱਦੇ ਉੱਠੇ, ਸੰਘਰਸ਼ ਵੀ ਹੋਏ ਪਰ ਨਤੀਜੇ ਵਿੱਚ ਕੋਈ ਟਰਕਾਊ ਸਿਆਸੀ ਗੋਟੀ ਜਾਂ ਮਿੱਠੀ ਗੋਲੀ ਹੀ ਮਿਲਦੀ ਰਹੀ ਹੈ। ਆਮ ਦੇਖਣ ਵਿੱਚ ਆਇਆ ਹੈ ਕਿ ਉਠਾਏ ਜਾਂਦੇ ਮੁੱਦਿਆਂ ਦੀ ਲਹਿਰ ਦੀ ਅਗਵਾਈ ਕਰਨ ਵਾਲੇ ਤਾਂ ਮੁੱਲ ਵੱਟ ਕੇ ਪਰ੍ਹੇ ਹੋ ਜਾਂਦੇ ਹਨ ਅਤੇ ਆਮ ਜਨਤਾ ਦੇ ਪੱਲੇ ਨਿਰਾਸ਼ਾ ਹੀ ਪੈਂਦੀ ਆ ਰਹੀ ਹੈ। ਮੌਕਾਪ੍ਰਸਤ ਅਤੇ ਆਪੇ ਬਣੇ ਜਾਂ ਬਦਕਿਸਮਤੀ ਨਾਲ ਬਣਾ ਲਏ ਗਏ ਆਗੂ ਲੋਕਾਂ ਦੀਆਂ ਭਾਵਨਾਵਾਂ ਭੜਕਾ ਕੇ, ਉਹਨਾਂ ਦੇ ਹਜੂਮ ਜਾਂ ਗਿਣਤੀ ਦਾ ਲਾਹਾ ਲੈ ਕੇ ਆਪਣੇ ਮਕਸਦ ਹੱਲ ਕਰ ਜਾਂਦੇ ਹਨ ਅਤੇ ਅਚਾਨਕ ਸੰਘਰਸ਼ ਤੋਂ ਲਾਂਭੇ ਹੋ ਜਾਂਦੇ ਹਨ। ਆਮ ਲੋਕ ਬੇਬਸ ਅਤੇ ਖਾਲੀ ਹੱਥ ਘਰ ਮੁੜਦੇ ਹਨ।

ਕਿਸੇ ਵੀ ਸੰਘਰਸ਼ ਦੇ ਅਸਫ਼ਲ ਹੋਣ ਦੇ ਤਿੰਨ ਹੀ ਕਾਰਨ ਹੋ ਸਕਦੇ ਹਨ। ਪਹਿਲਾ, ਮੰਗਾਂ ਦਾ ਜਾਇਜ਼ ਨਾ ਹੋਣਾ। ਦੂਸਰਾ, ਯੋਗ ਤੇ ਵਫ਼ਾਦਾਰ ਅਗਵਾਈ ਨਾ ਹੋਣਾ। ਤੀਜਾ, ਸਰਕਾਰ ਦਾ ਸੰਵੇਦਨਸ਼ੀਲ ਨਾ ਹੋਣਾ। ਪਿਛਲੇ ਅਰਸੇ ਦੇ ਪੰਜਾਬ ਦੇ ਇਸ ਦ੍ਰਿਸ਼ ਦੀ ਗੱਲ ਕਰੀਏ ਤਾਂ ਨਾਜਾਇਜ਼ ਮੰਗ ਵਾਲੀ ਗੱਲ ਦੇਖਣ ਨੂੰ ਨਹੀਂ ਮਿਲਦੀ। ਲੋਕ ਹਿੱਤ ਜਾਂ ਦੇਸ਼ ਦੇ ਵਾਤਾਵਰਨ ਅਤੇ ਭਵਿੱਖ ਵਰਗੇ ਅਤਿ ਜ਼ਰੂਰੀ ਮੁੱਦਿਆਂ 'ਤੇ ਵੀ ਸਰਕਾਰ ਗੰਭੀਰ ਨਜ਼ਰ ਨਹੀਂ ਆਈ, ਜਿਸ ਪਿੱਛੇ ਸਭ ਤੋਂ ਵੱਡਾ ਕਾਰਨ ਬਣਿਆ ਬੇਵਫ਼ਾ ਅਗਵਾਈ। ਕਾਫੀ ਸਾਰੇ ਮੁੱਦੇ ਵਿਕਾਊ ਅਤੇ ਮੌਕਾਪ੍ਰਸਤ ਅਗਵਾਈ ਕਾਰਨ ਕਿਸੇ ਵੀ ਢੁੱਕਵੇਂ ਹੱਲ ਤੋਂ ਬਿਨਾਂ ਹੀ ਸ਼ਾਂਤ ਹੋ ਗਏ। ਆਮ ਜਨਤਾ, ਦਬਾਓ ਸੰਗਠਨਾਂ ਅਤੇ ਛੋਟੀਆਂ ਸਿਆਸੀ ਧਿਰਾਂ ਨੂੰ ਚਾਲਾਂ ਨਾਲ ਦਬਾਅ ਲਿਆ ਜਾਂਦਾ ਹੈ। ਸਮਰੱਥ ਵਿਰੋਧੀ ਦਲ ਨੂੰ ਗੰਢ-ਤੁੱਪ ਨਾਲ ਟਿਕਾ ਲਿਆ ਜਾਂਦਾ ਹੈ। ਇਸ ਤਰ੍ਹਾਂ ਦੇਸ਼ ਵਿੱਚ ਇੱਕ ਕਿਸਮ ਦੇ ਸਿਆਸੀ ਅੱਤਵਾਦ ਦਾ ਹੀ ਬੋਲਬਾਲਾ ਹੈ। ਜ਼ਿਆਦਾਤਰ ਲੋਕ-ਹਿੱਤ ਮੰਗਾਂ ਜਾਂ ਮੁੱਦਿਆਂ ਦਾ ਸਿੱਟਾ ਨਿਰਾਸ਼ਾਜਨਕ ਹੀ ਹੁੰਦਾ ਹੈ। ਆਮ ਲੋਕ ਇਨਸਾਫ਼ ਦੇ ਪੱਖ ਤੋਂ ਬੇਬਸੀ ਅਤੇ ਨਿਰਾਸ਼ਾ ਦੇ ਆਲਮ ਵਿੱਚ ਇਹ ਸਭ ਕੁਝ ਬਰਦਾਸ਼ਤ ਕਰਨ ਨੂੰ ਮਜਬੂਰ ਹਨ। ਇਸ ਤਰ੍ਹਾਂ ਦੀ ਨਿਰਾਸ਼ ਜਨਤਾ ਤੋਂ ਅਸੀਂ ਵਿਕਾਸ ਜਾਂ ਉਸਾਰੂ ਕੰਮਾਂ ਦੀ ਉਮੀਦ ਨਹੀਂ ਰੱਖ ਸਕਦੇ।

ਪਿਛਲੇ ਕੁਝ ਸਾਲਾਂ ਦੌਰਾਨ ਪੰਜਾਬ ਵਿੱਚ ਉੱਠੇ ਮੁੱਦਿਆਂ ਦੀ ਉਦਾਹਰਣ ਦੀ ਗੱਲ ਕਰੀਏ ਤਾਂ ਦੇਖਦੇ ਹਾਂ ਕਿ ਅਨੇਕਾਂ ਹੀ ਅਜਿਹੀਆਂ ਮੰਗਾਂ, ਸਕੈਂਡਲ ਅਤੇ ਬੇਨਿਯਮੀਆਂ ਨਜ਼ਰ ਆਉਂਦੀਆਂ ਹਨ ਜਿਹਨਾਂ 'ਤੇ ਕੋਈ ਕਾਰਵਾਈ ਨਹੀਂ ਹੋਈ। ਕਿਸਾਨ ਮੰਗਾਂ ਸਬੰਧੀ ਕਈ ਵਾਰ ਸੰਘਰਸ਼ ਉੱਠਿਆ ਪਰ ਆਮ ਕਿਸਾਨਾਂ ਦੇ ਪੱਲੇ ਕੁਝ ਨਹੀਂ ਪਿਆ। ਰੇਤ ਮਾਫ਼ੀਆ ਬਾਰੇ ਵੀ ਅਨੇਕ ਵਾਰ ਗੱਲ ਉੱਠੀ ਪਰ ਛੋਟੀ-ਮੋਟੀ ਕਾਰਵਾਈ ਤੋਂ ਗੱਲ ਅੱਗੇ ਨਹੀਂ ਵਧ ਸਕੀ। ਬਹੁਤ ਸਾਰੇ ਸਿਆਸੀ ਲੀਡਰਾਂ ਦੇ ਕਿਰਦਾਰ, ਆਚਰਣ ਅਤੇ ਘਪਲਿਆਂ ਬਾਰੇ ਵੀ ਮੁੱਦੇ ਸੁਰਖੀਆਂ ਬਣੇ ਪਰ ਬਿਨਾਂ ਕਿਸੇ ਨਿਚੋੜ ਹੀ ਠੰਢੇ ਬਸਤੇ ਵਿੱਚ ਪੈ ਗਏ। ਡੇਰਾਵਾਦ ਅਤੇ ਡੇਰਿਆਂ 'ਤੇ ਪੱਕਦੀ ਖਿਚੜੀ ਵਾਲੇ ਭਾਂਡੇ ਦਾ ਢੱਕਣ ਚੁੱਕਣ ਦੀ ਵੀ ਕਿਸੇ ਵਿਰੋਧੀ ਜਾਂ ਰਾਜ ਕਰਦੀ ਪਾਰਟੀ ਨੇ ਖੇਚਲ ਨਹੀਂ ਕੀਤੀ। ਸ਼ਾਇਦ ਕਿਸੇ ਵੱਡੇ ਧਮਾਕੇ ਦਾ ਇੰਤਜ਼ਾਰ ਹੈ। ਚੰਡੀਗੜ੍ਹ ਲੈਣਾ ਤਾਂ ਦੂਰ ਦੀ ਗੱਲ ਹੈ, ਚੰਡੀਗੜ੍ਹ ਦੀਆਂ ਨੌਕਰੀਆਂ ਵਿੱਚ ਅਸੀਂ ਆਪਣੀ ਬਣਦੀ ਪ੍ਰਤੀਸ਼ਤਤਾ ਵੀ ਨਹੀਂ ਲੈ ਸਕੇ। ਕਿਸਾਨਾਂ ਦੇ ਕਰਜ਼ੇ ਦਾ ਮੁੱਦਾ ਵੀ ਮਜ਼ਾਕ ਵਰਗਾ ਹੀ ਨਤੀਜਾ ਦੇ ਸਕਿਆ। ਡੀਜ਼ਲ ਅਤੇ ਪੈਟਰੋਲ ਦੀਆਂ ਹੱਦੋਂ ਵਧੀਆਂ ਕੀਮਤਾਂ 'ਤੇ ਸਰਕਾਰ ਬਣਦਾ ਤਰਕ ਨਹੀਂ ਦੇ ਸਕੀ, ਬਲਕਿ ਇਹ ਵਾਧਾ ਦਿਨੋਂ ਦਿਨ ਅਸਹਿ ਹੁੰਦਾ ਜਾ ਰਿਹਾ। ਮੰਜ਼ਿਲ ਨੂੰ ਤਰਸਦੇ ਅਜਿਹੇ ਅਨੇਕ ਮੁੱਦਿਆਂ ਵਾਂਗ ਕਿਸਾਨ ਖੁਦਕੁਸ਼ੀਆਂ ਅਤੇ ਨਸ਼ੇ ਕਾਰਨ ਹੋ ਰਹੀਆਂ ਮੌਤਾਂ ਪ੍ਰਤੀ ਅਗਰ ਜਨਤਾ, ਸੰਗਠਨ, ਪੰਜਾਬ ਸਰਕਾਰ ਅਤੇ ਸਮੁੱਚੀ ਸਿਆਸਤ ਗੰਭੀਰ ਨਹੀਂ ਹੁੰਦੀ, ਇਸਦਾ ਕੋਈ ਢੁੱਕਵਾਂ ਅਤੇ ਸੰਵੇਦਨਸ਼ੀਲ ਲੱਭਣ ਦੇਣ ਵਿੱਚ ਨਾਕਾਮ ਰਹਿੰਦੀ ਹੈ ਅਤੇ ਉੱਚ ਅਦਾਲਤ ਵੀ ਡੇਰਾ ਸਿਰਸਾ ਮੁੱਦੇ ਵਾਂਗ ਇਸ ਨੂੰ ਅਹਿਮ ਮੰਨਦੇ ਹੋਏ ਸਖ਼ਤ ਅਤੇ ਸਰਗਰਮ ਭੂਮਿਕਾ ਤੋਂ ਖੁੰਝ ਜਾਂਦੀ ਹੈ ਤਾਂ ਭਵਿੱਖ ਵਿੱਚ ਹੋਰ ਮਸਲਿਆਂ ਦੇ ਹੱਲ ਹੋ ਜਾਣ ਦੀ ਆਸ ਵੀ ਜਾਂਦੀ ਰਹੇਗੀ। ਇਸ ਨਿਰਾਸ਼ਾ ਤੋਂ ਪੈਦਾ ਹੋਣ ਵਾਲੇ ਸਿੱਟੇ ਬਹੁਤ ਭਿਆਨਕ ਅਤੇ ਦੁਖਦਾਈ ਹੋਣਗੇ।





# ਅੰਮ੍ਰਿਤਸਰ 'ਚ ਦੁਸਹਿਰਾ ਮੇਲੇ ਦੌਰਾਨ ਵੱਡਾ ਰੇਲ ਹਾਦਸਾ-61 ਮੌਤਾਂ







ਅੰਮ੍ਰਿਤਸਰ- ਵੱਡਾ ਰੇਲ ਹਾਦਸਾ ਉਸ ਵੇਲੇ ਵਾਪਰਿਆ, ਜਦੋਂ ਇਥੇ ਜੌੜਾ ਫ਼ਾਟਕ ਨੇੜੇ ਰੇਲਵੇ ਪਟੜੀਆਂ 'ਤੇ ਖੜ੍ਹੇ ਹੋ ਕੇ ਦੁਸਹਿਰਾ ਵੇਖਣ ਮੌਕੇ ਲੋਕਾਂ 'ਤੇ ਰੇਲ ਗੱਡੀ ਚੜ੍ਹ ਗਈ ਜਿਸ ਕਾਰਨ ਘੱਟੋ-ਘੱਟ 61 ਵਿਅਕਤੀਆਂ ਦੀ ਮੌਤ ਹੋ ਗਈ ਤੇ 100 ਤੋਂ ਵੀ ਜ਼ਿਆਦਾ ਜ਼ਖ਼ਮੀ ਹੋ ਗਏ ) ਪੰਜਾਬ ਸਰਕਾਰ ਨੇ ਮ੍ਰਿਤਕਾਂ ਦੇ ਵਾਰਸਾਂ ਨੂੰ ਪੰਜ-ਪੰਜ ਲੱਖ ਰੁਪਏ ਵਿਤੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ ) ਹਾਦਸੇ ਪਿਛੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਕਿ ਜ਼ਖ਼ਮੀਆਂ ਦਾ ਇਲਾਜ ਸਰਕਾਰੀ ਤੇ ਨਿੱਜੀ ਹਸਪਤਾਲਾਂ 'ਚ ਮੁਫ਼ਤ ਕਰਵਾਇਆ ਜਾਵੇਗਾ ) ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਸਾਰੇ ਮਿ$ਤਕਾਂ ਦੇ ਪਰਿਵਾਰਾਂ ਨੂੰ ਦੋ-ਦੋ ਲੱਖ ਰੁਪਏ ਤੇ ਜ਼ਖ਼ਮੀਆਂ ਨੂੰ 50-50 ਹਜ਼ਾਰ ਰੁਪਏ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ )ਨੇੜੇ ਧੋਬੀ ਘਾਟ ਗਰਾਊਂਡ ਵਿਖੇ ਹੋ ਰਹੇ ਦੁਸਹਿਰਾ ਸਮਾਗਮ ਨੇੜੇ ਸ਼ਾਮ 7:15 ਵਜੇ ਦੇ ਕਰੀਬ ਵਾਪਰੀ, ਜਿਸ ਨੂੰ ਦੇਖਣ ਲਈ ਵੱਡੀ ਤਦਾਦ 'ਚ ਆਸ ਪਾਸ ਦੇ ਰਹਿਣ ਵਾਲੇ ਲੋਕ ਮੌਜੂਦ ਸਨ ਅਤੇ ਇਸ ਸਮਾਗਮ 'ਚ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਧਰਮਪਤਨੀ ਤੇ ਸਾਬਕਾ ਵਿਧਾਇਕ ਡਾ: ਨਵਜੋਤ ਕੌਰ ਸਿੱਧੂ ਮੁੱਖ ਮਹਿਮਾਨ ਵਜੋਂ ਪੁੱਜੇ ਹੋਏ ਸਨ, ਜਿਨ੍ਹਾਂ 'ਤੇ ਲੋਕਾਂ ਨੇ ਦੋਸ਼ ਲਾਇਆ ਕਿ ਉਹ ਹਾਦਸੇ ਉਪਰੰਤ ਮੌਕੇ ਤੋਂ ਚਲੇ ਗਏ ਅਤੇ ਪ੍ਰਭਾਵਤ ਲੋਕਾਂ ਦੀ ਕੋਈ ਸਾਰ ਨਹੀਂ ਲਈ ) ਜਦੋਂ ਕਿ ਹਾਦਸੇ ਤੋਂ ਕੁਝ ਸਮਾਂ ਬਾਅਦ 'ਚ ਮੌਕੇ 'ਤੇ ਪੁੱਜੇ ਸਿੱਖਿਆ ਮੰਤਰੀ ਓ.ਪੀ.ਸੋਨੀ ਨੂੰ ਵੀ ਲੋਕਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ, ਜਿਨ੍ਹਾਂ ਨੂੰ ਹਾਦਸੇ ਵਾਲੀ ਥਾਂ ਤੋਂ ਬੜੀ ਮੁਸ਼ਕਲ ਨਾਲ ਪੁਲਿਸ ਨੇ ਬਚਾ ਕੇ ਕੱਢਿਆ ) ਭੜਕੇ ਲੋਕਾਂ ਵਲੋਂ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ ਅਤੇ ਰੇਲ ਗੱਡੀਆਂ ਰੋਕ ਕੇ ਰੇਲ ਆਵਾਜਾਈ ਠੱਪ ਕਰ ਦਿੱਤੀ ਅਤੇ ਇਕ ਲੰਘਣ ਵਾਲੀ ਗੱਡੀ ਨੂੰ ਅੱਗ ਲਗਾਉਣ ਦੀ ਕੋਸ਼ਿਸ਼ ਵੀ ਕੀਤੀ )

ਮਿਲੇ ਵੇਰਵਿਆਂ ਅਨੁਸਾਰ ਇਹ ਹਾਦਸਾ ਉਸ ਸਮੇਂ ਅੰਮ੍ਰਿਤਸਰ-ਦਿੱਲੀ ਰੇਲਵੇ ਟਰੈਕ 'ਤੇ ਵਾਪਰਿਆ ਜਦੋਂ ਰਾਵਣ ਦੇ ਪੁਤਲੇ ਨੂੰ ਅੱਗ ਲਗਾਏ ਜਾਣ ਪਿਛੋਂ ਇਕ ਪਾਸਿਓਂ ਰੇਲ ਗੱਡੀ ਆ ਜਾਣ ਕਾਰਨ ਵੱਡੀ ਤਦਾਦ 'ਚ ਰੇਲ ਪਟੜੀਆਂ 'ਤੇ ਖੜ੍ਹੇ ਦੁਸਹਿਰਾ ਵੇਖ ਰਹੇ ਲੋਕ ਦੂਜੀ ਰੇਲ ਪਟੜੀ 'ਤੇ ਆ ਗਏ ਜਿਸ 'ਤੇ ਜਲੰਧਰ ਤੋਂ ਅੰਮ੍ਰਿਤਸਰ ਤੋਂ ਆ ਰਹੀ ਡੀ. ਐਮ. ਯੂ. ਰੇਲ ਗੱਡੀ ਨੇ ਸਾਰਿਆਂ ਨੂੰ ਕੁਚਲ ਦਿੱਤਾ ਅਤੇ ਤੇਜ਼ ਰਫ਼ਤਾਰ ਨਾਲ ਲੰਘ ਗਈ ) ਦੁਰਘਟਨਾ ਕਾਰਨ ਚਾਰ ਚੁਫੇਰੇ ਚੀਕ ਚਿਹਾੜਾ ਮਚ ਗਿਆ ਅਤੇ ਰੇਲ ਪਟੜੀਆਂ 'ਤੇ ਮਾਰੇ ਗਏ ਵਿਅਕਤੀਆਂ ਦੀਆਂ ਲਾਸ਼ਾਂ ਇਧਰ ਉਧਰ ਖਿਲਰ ਗਈਆਂ ) ਮ੍ਰਿਤਕਾਂ ਵਿਚ ਬੱਚੇ, ਬਜ਼ੁਰਗ ਤੇ ਇਸਤਰੀਆਂ ਸ਼ਾਮਿਲ ਹਨ ) ਇਹ ਹਾਦਸਾ ਵਾਪਰਨ ਉਪਰੰਤ ਪ੍ਰਸ਼ਾਸਨ ਤੇ ਪੁਲਿਸ ਅਧਿਕਾਰੀ ਕਾਫ਼ੀ ਦੇਰੀ ਨਾਲ ਪੁੱਜੇ ਅਤੇ ਲੋਕਾਂ ਵਲੋਂ ਜ਼ਖ਼ਮੀਆਂ ਨੂੰ ਰਿਕਸ਼ਿਆਂ, ਆਟੋ ਰਿਕਸ਼ਿਆਂ ਰਾਹੀਂ ਹਸਪਤਾਲ ਲਿਜਾਇਆ ਗਿਆ ) ਪੁਲਿਸ ਕਮਿਸ਼ਨਰ ਐਸ. ਸ੍ਰੀਵਾਸਤਵਾ ਵਲੋਂ ਮੌਕੇ 'ਤੇ ਪੁੱਜ ਕੇ ਲੋਕਾਂ ਨੂੰ ਸ਼ਾਂਤ ਰਹਿਣ ਦੀ ਅਪੀਲ ਕਰਦਿਆਂ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਇਸ ਹਾਸਦੇ ਕਾਰਨ 50 ਤੋਂ 60 ਲੋਕ ਮਾਰੇ ਗਏ ਹਨ ) ਉਨ੍ਹਾਂ ਵਲੋਂ ਪ੍ਰਬੰਧਕਾਂ ਨੂੰ ਪੁਲਿਸ ਵਲੋਂ ਰੇਲਵੇ ਟਰੈਕ ਨੇੜੇ ਦੁਸਹਿਰਾ ਸਮਾਗਮ ਸਬੰਧੀ ਇਜਾਜ਼ਤ ਲੈ ਜਾਣ ਤੋਂ ਚੁੱਪੀ ਵੱਟ ਲਈ ) ਨਵਜੋਤ ਕੌਰ ਸਿੱਧੂ ਨੇ ਬਾਅਦ ਇਕ ਚੈਨਲ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਮੌਕੇ ਤੋਂ ਭੱਜੇ ਨਹੀਂ ਕਿਉਂਕਿ ਇਹ ਹਾਦਸਾ ਉਨ੍ਹਾਂ ਦੇ ਜਾਣ ਤੋਂ ਬਾਅਦ 'ਚ ਵਾਪਰਿਆ ਹੈ )

ਇਸੇ ਦੌਰਾਨ ਅਕਾਲੀ ਭਾਜਪਾ ਆਗੂਆਂ ਜਿਨ੍ਹਾਂ 'ਚ ਬਿਕਰਮ ਸਿੰਘ ਮਜੀਠੀਆ, ਸ਼ਵੇਤ ਮਲਿਕ, ਤਰੁਣ ਚੁੱਘ, ਰਜਿੰਦਰਮੋਹਨ ਸਿੰਘ ਛੀਨਾ ਆਦਿ ਨੇ ਮੌਕੇ 'ਤੇ ਪੁੱਜ ਕੇ ਹਾਲਾਤ ਦਾ ਜਾਇਜ਼ਾ ਲਿਆ ਅਤੇ ਇਸ ਹਾਦਸੇ ਲਈ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ) ਉਨ੍ਹਾਂ ਕਿਹਾ ਕਿ ਇਹ ਹਾਦਸਾ ਨਹੀਂ ਬਲਕਿ ਕਤਲੇਆਮ ਹੋਇਆ ਹੈ ) ਉਨ੍ਹਾਂ ਮੰਗ ਕੀਤੀ ਕਿ ਇਸ ਸਬੰਧੀ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਤੇ ਕਾਸਲਰ ਤੇ ਦੁਸਹਿਰਾ ਕਮੇਟੀ ਪੂਰਬੀ ਦੇ ਪ੍ਰਬੰਧਕਾਂ ਦੇ ਖ਼ਿਲਾਫ਼ ਪਰਚਾ ਦਰਜ ਕਰਕੇ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ ) ਦੇਰ ਰਾਤ ਤੱਕ ਲਾਪਤਾ ਪਰਿਵਾਰਕ ਮੈਂਬਰਾਂ ਨੂੰ ਲੱਭਦੇ ਰਹੇ ਲੋਕ


ਮੌਕੇ 'ਤੇ ਸੰਘਣਾ ਹਨ੍ਹੇਰਾ ਹੋਣ ਕਾਰਨ ਲਾਸ਼ਾਂ ਤੇ ਜ਼ਖ਼ਮੀਆਂ ਨੂੰ ਲੱਭਣ ਵਿਚ ਵੀ ਕਾਫ਼ੀ ਮੁਸ਼ਕਿਲ ਆ ਰਹੀ ਸੀ ਤੇ ਪੁਲਿਸ ਅਧਿਕਾਰੀ ਤੇ ਲੋਕ ਆਪਣੇ ਮੋਬਾਈਲ ਫ਼ੋਨਾਂ ਦੀਆਂ ਬੈਟਰੀਆਂ ਜਗਾ ਕੇ ਰਾਹਤ ਕਾਰਜਾਂ ਵਿਚ ਰੁੱਝੇ ਹੋਏ ਸਨ ਅਤੇ ਸਰਕਾਰ ਜਾਂ ਪ੍ਰਸ਼ਾਸਨ ਵਲੋਂ ਮੌਕੇ 'ਤੇ ਲਾਈਟਾਂ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ ) ਮਾਰੇ ਗਏ ਤੇ ਜ਼ਖ਼ਮੀਂ ਹੋਏ ਜ਼ਿਆਦਾਤਰ ਵਿਅਕਤੀ ਗ਼ਰੀਬ ਤੇ ਮੱਧ ਪਰਿਵਾਰਾਂ ਨਾਲ ਸਬੰਧਿਤ ਸਨ, ਜਿਨ੍ਹਾਂ ਦੀ ਸਾਰ ਲੈਣ ਲਈ 'ਚ ਵੀ ਪ੍ਰਸ਼ਾਸਨ ਨੇ ਲਾਪ੍ਰਵਾਹੀ ਦਿਖਾਈ)

## ਮੁੱਖ ਮੰਤਰੀ ਵੱਲੋਂ ਜਾਂਚ ਦੇ ਆਦੇਸ਼



ਚੰਡੀਗੜ੍ਹ-ਅੰਮ੍ਰਿਤਸਰ ਵਿਖੇ ਅੱਜ ਹੋਏ ਵੱਡੇ ਰੇਲ ਹਾਦਸੇ ਨੂੰ ਮੁੱਖ ਰੱਖ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਆਪਣੀ ਇਜ਼ਰਾਈਲ ਦੀ ਫੇਰੀ ਦਾ ਪ੍ਰੋਗਰਾਮ ਕੁਝ ਦਿਨਾਂ ਲਈ ਅੱਗੇ ਪਾ ਦਿੱਤਾ ਗਿਆ ਹੈ ਅਤੇ ਮੁੱਖ ਮੰਤਰੀ ਸਕੱਤਰੇਤ ਅਨੁਸਾਰ ਮੁੱਖ ਮੰਤਰੀ ਜਿਨ੍ਹਾਂ ਅੱਜ ਦੇਰ ਰਾਤ ਦਿੱਲੀ ਤੋਂ ਹਵਾਈ ਜਹਾਜ਼ ਰਾਹੀਂ ਵਿਦੇਸ਼ੀ ਟੂਰ ਲਈ ਰਵਾਨਾ ਹੋਣਾ ਸੀ ਹੁਣ ਕੁਝ ਦਿਨ ਪੱਛੜ ਕੇ ਇਜ਼ਰਾਈਲ ਜਾ ਸਕਣਗੇ ) ਮੁੱਖ ਮੰਤਰੀ ਜੋ ਵਾਪਰੇ ਇਸ ਵੱਡੇ ਹਾਦਸੇ ਤੋਂ ਕਾਫ਼ੀ ਪ੍ਰੇਸ਼ਾਨ ਸਨ ) ਅੱਜ ਰਾਤ ਦਿੱਲੀ ਤੋਂ ਚੰਡੀਗੜ੍ਹ ਲਈ ਰਵਾਨਾ ਹੋ ਗਏ ਜਿੱਥੋਂ ਉਹ ਕੱਲ੍ਹ ਸਵੇਰੇ ਜਹਾਜ਼ ਰਾਹੀਂ ਅੰਮਿ$ਤਸਰ ਪੁੱਜਣਗੇ ਅਤੇ ਰਾਹਤ ਕੰਮਾਂ ਦਾ ਜਾਇਜ਼ਾ ਲੈਣ ਤੋਂ ਇਲਾਵਾ ਮੌਕਾ ਵੀ ਦੇਖਣਗੇ ) ਮੁੱਖ ਮੰਤਰੀ ਵਲੋਂ ਦਿੱਲੀ ਤੋਂ ਰਵਾਨਾ ਹੋਣ ਤੋਂ ਪਹਿਲਾਂ ਰਾਜ ਦੇ ਮੁੱਖ ਸਕੱਤਰ ਨੂੰ ਇਸ ਘਟਨਾ ਦੀ ਉੱਚ ਪੱਧਰੀ ਜਾਂਚ ਲਈ ਆਦੇਸ਼ ਦਿੱਤੇ ਗਏ ਤਾਂ ਜੋ ਇਨ੍ਹਾਂ ਕਾਰਨਾਂ ਦਾ ਪਤਾ ਲਗਾਇਆ ਜਾ ਸਕੇ ਕਿ ਉਕਤ ਦੁਸਹਿਰਾ ਸਮਾਗਮ ਲਈ ਰੇਲਵੇ ਲਾਈਨ ਦੇ ਨਾਲ ਪ੍ਰਸ਼ਾਸਨ ਵਲੋਂ ਕੋਈ ਇਜਾਜ਼ਤ ਦਿੱਤੀ ਗਈ ਸੀ ਅਤੇ ਜੇ ਅਜਿਹੀ ਇਜਾਜ਼ਤ ਦਿੱਤੀ ਗਈ ਸੀ ਤਾਂ ਉਹ ਕਿਉਂ ਦਿੱਤੀ ਗਈ ) ਮੌਕੇ 'ਤੇ ਹਾਜ਼ਰ ਪੁਲਿਸ ਕਰਮਚਾਰੀਆਂ ਵਲੋਂ ਲੋਕਾਂ ਨੂੰ ਰੇਲਵੇ ਲਾਈਨ 'ਤੇ ਲੋਕਾਂ ਨੂੰ ਖੜ੍ਹੇ ਹੋਣ ਤੋਂ ਮਨਾ ਕਿਉਂ ਨਹੀਂ ਕੀਤਾ ਗਿਆ ) ਪ੍ਰਸ਼ਾਸਨ ਜਾਂ ਪ੍ਰਬੰਧਕਾਂ ਵਲੋਂ ਰੇਲਵੇ ਨੂੰ ਉਕਤ ਸਮਾਗਮ ਸਬੰਧੀ ਸੂਚਿਤ ਕੀਤਾ ਗਿਆ ਸੀ ਕਿ ਨਹੀਂ ਇਹ ਵੀ ਸਪੱਸ਼ਟ ਨਹੀਂ ) ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਮਾਲ ਮੰਤਰੀ ਸੁਖਵਿੰਦਰ ਸਿੰਘ ਸਰਕਾਰੀਆ ਅਤੇ ਸਿਹਤ ਮੰਤਰੀ ਸ੍ਰੀ ਬ੍ਰਹਮ ਮਹਿੰਦਰਾ ਨੂੰ ਤੁਰੰਤ ਅੰਮ੍ਰਿਤਸਰ ਪੁੱਜਣ ਦੇ ਆਦੇਸ਼ ਦਿੱਤੇ ਹਨ ਤਾਂ ਜੋ ਉਹ ਜ਼ਖ਼ਮੀ ਲੋਕਾਂ ਦੇ ਇਲਾਜ ਦੇ ਕੰਮ ਦਾ ਧਿਆਨ ਰੱਖ ਸਕਣ )

## ਹਾਦਸੇ ਪਿਛੋਂ ਡੀ. ਐਮ. ਯੂ. ਰੇਲ ਗੱਡੀ ਬਿਨਾਂ ਰੁਕੇ ਸਟੇਸ਼ਨ 'ਤੇ ਪੁੱਜੀ



ਜਿਹੜੀ ਡੀ. ਐਮ. ਯੂ. ਰੇਲਗੱਡੀ ਨਾਲ ਇਹ ਹਾਦਸਾ ਵਾਪਰਿਆ ਉਸ ਦੇ ਡਰਾਈਵਰ ਨੇ ਡੀ. ਐਮ. ਯੂ. ਦੁਰਘਟਨਾ ਵਾਲੀ ਥਾਂ ਨੇੜੇ ਰੋਕਣ ਦੀ ਬਜਾਏ ਗੱਡੀ ਨੂੰ ਸਿੱਧਾ ਅੰਮ੍ਰਿਤਸਰ ਰੇਲਵੇ ਸਟੇਸ਼ਨ 'ਤੇ ਲੈ ਗਿਆ। ਰੇਲਗੱਡੀ ਦਾ ਡਰਾਈਵਰ, ਸਹਿ ਡਰਾਈਵਰ ਅਤੇ ਗਾਰਡ ਆਪਣੀ ਡਿਊਟੀ ਪੂਰੀ ਕਰਨ ਉਪਰੰਤ ਉਚ ਅਧਿਕਾਰੀਆਂ ਨਾਲ ਬੈਠਕ ਕਰਨ ਚਲੇ ਗਏ। ਜਦੋਂ 'ਅਜੀਤ' ਦੇ ਇਸ ਪ੍ਰਤੀਨਿਧੀ ਨੇ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ 'ਤੇ ਜਾ ਕੇ ਦੌਰਾ ਕੀਤਾ ਤਾਂ 50 ਤੋਂ ਵੀ ਵੱਧ ਲੋਕਾਂ ਨੂੰ ਮੌਤ ਦੇ ਘਾਟ ਉਤਾਰਨ ਵਾਲੀ ਡੀ. ਐਮ. ਯੂ. ਰੇਲਗੱਡੀ ਦਾ ਇੰਜਨ ਖੁਦ ਹਾਦਸੇ ਦੀ ਗਵਾਹੀ ਭਰ ਰਿਹਾ ਸੀ। ਇੰਜਨ ਦੇ ਜੰਗਲੇ ਨਾਲ ਮ੍ਰਿਤਕਾਂ ਦੀਆਂ ਲਾਸ਼ਾਂ ਦੇ ਟੁਕੜੇ ਅਤੇ ਖ਼ੂਨ ਨਾਲ ਰੰਗੇ ਕੱਪੜੇ ਫਸੇ ਹੋਏ ਸਨ। ਇਹੀ ਨਹੀਂ ਰੇਲ ਦੇ ਕੁਝ ਸਥਾਨਕ ਅਧਿਕਾਰੀ ਕਾਗਜ਼ਾਂ ਦਾ ਢਿੱਠ ਭਰਨ ਲਈ ਜਾਂਚ ਦੇ ਬਹਾਨੇ ਡੀ. ਐਮ. ਯੂ. ਵਾਲੇ ਪਾਸੇ ਆਏ ਅਤੇ ਆਪਸ 'ਚ ਕੁੱਝ ਗੱਲਾਂ ਕਰ ਵਾਪਸ ਚਲੇ ਗਏ। ਕਰੀਬ ਪੌਣੇ ਅੱਠ ਵਜੇ ਇਸ ਡੀ. ਐਮ. ਯੂ. ਗੱਡੀ ਨੂੰ ਦੁਬਾਰਾ ਜਲੰਧਰ ਵੱਲ ਰਵਾਨਾ ਕਰ ਦਿੱਤਾ ਗਿਆ ਪਰ ਜੌੜਾ ਫਾਟਕ 'ਤੇ ਲੋਕਾਂ ਦੀ ਭੀੜ ਵੱਧ ਹੋਣ ਕਾਰਨ ਉਸਨੂੰ ਰਸਤੇ 'ਚ ਹੀ ਰੋਕ ਦਿੱਤਾ ਗਿਆ।

## ਅੰਮ੍ਰਿਤਸਰ ਰੇਲ ਹਾਦਸੇ ਵਿੱਚ ਜਾਨ ਗਵਾਉਣ ਵਾਲੇ 36 ਲੋਕਾਂ ਦਾ ਸਮੂਹਕ ਦਾਹ ਸੰਸਕਾਰ

ਅੰਮ੍ਰਿਤਸਰ- ਸ਼ਹਿਰ ਦੇ ਜੌੜਾ ਫਾਟਕ ਨੇੜੇ ਬੀਤੀ ਰਾਤ ਦੁਸਹਿਰਾ ਦੇਖਣ ਆਏ ਲੋਕਾਂ 'ਤੇ ਰੇਲ ਚੜ੍ਹਨ ਕਾਰਨ 59 ਮੌਤਾਂ ਹੋ ਗਈਆਂ। ਬਾਅਦ ਦੁਪਹਿਰ ਹਾਦਸੇ ਵਿੱਚ ਮਾਰੇ ਗਏ 36 ਲੋਕਾਂ ਦਾ ਅੰਤਮ ਸੰਸਕਾਰ ਕਰ ਦਿੱਤਾ ਗਿਆ ਹੈ। ਹਾਦਸੇ 'ਚ ਕਾਫੀ ਗਿਣਤੀ ਵਿੱਚ ਪ੍ਰਵਾਸੀ ਮਜ਼ਦੂਰ ਵੀ ਲਪੇਟ ਵਿੱਚ ਆ ਗਏ ਸਨ, ਜਿਨ੍ਹਾਂ ਵਿੱਚੋਂ ਚਾਰ ਦੀਆਂ ਲਾਸ਼ਾਂ ਨੂੰ ਪੋਸਟਮਾਰਟਮ ਤੋਂ ਬਾਅਦ ਉੱਤਰ ਪ੍ਰਦੇਸ਼ ਰਵਾਨਾ ਕਰ ਦਿੱਤਾ ਗਿਆ ਹੈ। ਅੰਮ੍ਰਿਤਸਰ ਵਿੱਚ ਵੱਖ-ਵੱਖ ਥਾਈਂ ਸਮੂਹਕ ਸਸਕਾਰ ਕੀਤੇ ਗਏ। ਸ਼ਹਿਰ ਦੇ ਦੁਰਗਿਆਨਾ ਮੰਦਰ ਵਿੱਚ 29 ਜਣਿਆਂ ਦੀ ਚਿਖ਼ਾ ਨੂੰ ਅਗਨੀ ਦਿਖਾਈ ਗਈ। ਪੰਜ ਲਾਸ਼ਾਂ ਦਾ ਸਸਕਾਰ ਮੋਹਕਮਪੁਰਾ ਵਿੱਚ ਕੀਤਾ ਗਿਆ, ਜਦਕਿ ਦੋ ਮ੍ਰਿਤਕਾਂ ਦੀਆਂ ਅੰਤਮ ਰਸਮਾਂ ਬਾਬਾ ਸ਼ਹੀਦਾਂ ਦੇ ਸ਼ਮਸ਼ਾਨ ਘਾਟ ਵਿੱਚ ਕੀਤੀਆਂ ਗਈਆਂ। ਸ਼ਨੀਵਾਰ ਬਾਅਦ ਦੁਪਹਿਰ ਤਕ ਮ੍ਰਿਤਕਾਂ ਦੀ ਗਿਣਤੀ 59 ਤਕ ਪਹੁੰਚ ਗਈ ਸੀ। ਅੱਧੇ ਨਾਲੋਂ ਵੱਧ ਮ੍ਰਿਤਕਾਂ ਦੀਆਂ ਅੰਤਮ ਰਸਮਾਂ ਕਰ ਦਿੱਤੀਆਂ ਗਈਆਂ ਹਨ ਜਦਕਿ ਬਾਕੀ ਲਾਸ਼ਾਂ ਨੂੰ ਪੋਸਟਮਾਰਟਮ ਤੋਂ ਬਾਅਦ ਵਾਰਸਾਂ ਹਵਾਲੇ ਕੀਤਾ ਜਾਵੇਗਾ।

## ਗ੍ਰਹਿ ਵਿਭਾਗ ਵਲੋਂ ਅੰਮ੍ਰਿਤਸਰ ਹਾਦਸੇ ਦੀ ਮੈਜਿਸਟ੍ਰੇਟੀ ਜਾਂਚ ਲਈ ਨੋਟੀਫਿਕੇਸ਼ਨ ਜਾਰੀ

ਚੰਡੀਗੜ੍ਹ-ਸੂਬੇ ਦੇ ਗ੍ਰਹਿ ਵਿਭਾਗ ਨੇ ਨੋਟੀਫਿਕੇਸ਼ਨ ਜਾਰੀ ਕਰਕੇ ਜਲੰਧਰ ਦੇ ਡਵੀਜ਼ਨਲ ਕਮਿਸ਼ਨਰ ਬਲਦਿਓ ਪੁਰਸਾਰਥਾ ਨੂੰ ਅੰਮ੍ਰਿਤਸਰ ਰੇਲ ਹਾਦਸੇ ਦੀ ਮੈਜਿਸਟ੍ਰੇਟ ਜਾਂਚ ਕਰਨ ਦੀ ਹਦਾਇਤ ਕੀਤੀ ਹੈ। ਇਹ ਨੋਟੀਫਿਕੇਸ਼ਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਇਸ ਸਬੰਧੀ ਕੀਤੇ ਹੁਕਮਾਂ 'ਤੇ ਕਾਰਵਾਈ ਕਰਦਿਆਂ ਜਾਰੀ ਕੀਤਾ ਗਿਆ। ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਕਿਹਾ ਕਿ ਜਾਂਚ ਦੌਰਾਨ ਇਸ ਦਰਦਨਾਕ ਹਾਦਸੇ ਨਾਲ ਜੁੜੇ ਹਰੇਕ ਪਹਿਲੂ ਦੀ ਬਰੀਕੀ ਨਾਲ ਘੋਖ ਕੀਤੀ ਜਾਵੇਗੀ। ਵਧੀਕ ਮੁੱਖ ਸਕੱਤਰ ਗ੍ਰਹਿ ਸ. ਨਿਰਮਲਜੀਤ ਸਿੰਘ ਕਲਸੀ ਵਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਕੋਡ ਆਫ ਕ੍ਰੀਮੀਨਲ ਪ੍ਰੋਸੀਜ਼ਰ-1973 ਦੀ ਧਾਰਾ 21 ਅਧੀਨ ਬੀ. ਪੁਰਸਾਰਥਾ ਨੂੰ ਵਿਸ਼ੇਸ਼ ਕਾਰਜਕਾਰੀ ਮੈਜਿਸਟ੍ਰੇਟ ਨਿਯੁਕਤ ਕੀਤਾ ਹੈ। ਇਸ ਜਾਂਚ ਦੌਰਾਨ ਉਨ੍ਹਾਂ ਨੂੰ ਕਾਰਜਕਾਰੀ ਮੈਜਿਸਟ੍ਰੇਟ ਵਜੋਂ ਸਾਰੀਆਂ ਸ਼ਕਤੀਆਂ ਹਾਸਲ ਹੋਣਗੀਆਂ।

## ਅੰਮ੍ਰਿਤਸਰ ਦੁਖਾਂਤ: ਖ਼ੂਨੀ ਟਰੇਨ ਨੇ 'ਰਾਵਣ' ਨੂੰ ਵੀ ਨਾ ਬਖ਼ਸ਼ਿਆ

ਅੰਮ੍ਰਿਤਸਰ- ਸਥਾਨਕ ਜੌੜਾ ਫਾਟਕ ਨੇੜੇ ਵਾਪਰੀ ਦਰਦਨਾਕ ਘਟਨਾ ਨਾਲ ਹਰ ਪਾਸੇ ਸੋਗ ਦੀ ਲਹਿਰ ਦੌੜ ਗਈ ਹੈ। ਹਾਦਸੇ ਤੋਂ ਪਹਿਲਾਂ ਰਾਮਲੀਲਾ ਦੌਰਾਨ ਰਾਵਣ ਬਣੇ ਦਲਬੀਰ ਸਿੰਘ ਦੀ ਵੀ ਇਸ ਹਾਦਸੇ ਵਿੱਚ ਮੌਤ ਹੋ ਗਈ। ਉਸਦੇ ਪਰਿਵਾਰ ਵਾਲਿਆਂ ਦੱਸਿਆ ਕਿ ਦਲਬੀਰ ਦੀ ਮੌਤ ਦੀ ਖ਼ਬਰ ਉਨ੍ਹਾਂ ਨੂੰ ਫੋਨ ਜ਼ਰੀਏ ਮਿਲੀ। ਦਲਬੀਰ ਸਿੰਘ ਦੇ ਪਰਿਵਾਰ ਨੇ ਪੱਤਰਕਾਰਾਂ ਗੱਲਬਾਤ ਕੀਤੀ। ਦਲਬੀਰ ਪਤੰਗਾਂ ਬਣਾਉਣ ਦਾ ਕੰਮ ਕਰਦਾ ਸੀ। ਉਸ ਦਾ ਵਿਆਹ ਹੋ ਚੁੱਕਾ ਹੈ ਤੇ ਉਸਦੀ ਅੱਠ ਮਹੀਨਿਆਂ ਦੀ ਮਾਸੂਮ ਬੱਚੀ ਵੀ ਹੈ। ਦਲਬੀਰ ਦੀ ਮਾਂ ਨੇ ਉਸਦੀ ਪਤਨੀ ਨੂੰ ਸਰਕਾਰੀ ਨੌਕਰੀ ਦੇਣ ਅਤੇ ਇਸ ਮਾਮਲੇ ਵਿੱਚ ਸਖ਼ਤ ਕਾਰਵਾਈ ਦੀ ਮੰਗ ਕੀਤੀ। **ਹਾਦਸੇ 'ਚ ਤਿੰਨ ਭੈਣਾਂ ਦਾ ਇਕਲੌਤਾ ਭਰਾ ਖ਼ਾਮੋਸ਼** ਤਿੰਨ ਭੈਣਾਂ ਦਾ ਇਕਲੌਤਾ ਭਰਾ ਰਮੇਸ਼ ਵੀ ਕੱਲ੍ਹ ਸ਼ਾਮ ਦਾ ਰਾਵਣ ਦਹਿਨ ਦੇਖਣ ਗਿਆ ਸੀ। ਰਮੇਸ਼ ਰੇਲਵੇ ਟਰੈਕ 'ਤੇ ਖੜ੍ਹਾ ਹੋ ਕੇ ਰਾਵਣ ਦਹਿਣ ਦੇਖ ਰਿਹਾ ਸੀ। ਇਸੇ ਦੌਰਾਨ ਤੇਜ਼ ਰਫ਼ਤਾਰ ਖ਼ੂਨੀ ਟਰੇਨ ਗੁਜ਼ਰੀ ਤੇ ਰਮੇਸ਼ ਨੂੰ ਆਪਣੀ ਚਪੇਟ ਵਿੱਚ ਲੈ ਲਿਆ। ਰਮੇਸ਼ ਦੀ ਮਾਂ ਨੇ ਰੋਂਦੇ-ਕਰਲਾਉਂਦਿਆਂ ਆਪਣਾ ਦੁੱਖ ਬਿਆਨ ਕੀਤਾ। ਉਨ੍ਹਾਂ ਕਿਹਾ ਕਿ ਰਮੇਸ਼ ਉਨ੍ਹਾਂ ਦਾ ਇੱਕਲੌਤਾ ਮੁੰਡਾ ਸੀ ਜਿਸਨੂੰ ਬਹੁਤ ਆਸਾਂ ਨਾਲ ਪਾਲਿਆ ਸੀ। ਗੁਆਂਢੀਆਂ ਨੇ ਜਦੋਂ ਰਮੇਸ਼ ਦੀ ਮੌਤ ਦੀ ਖ਼ਬਰ ਦਿੱਤੀ ਤਾਂ ਮਾਂ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ।

## ਹਾਦਸੇ 'ਚ ਮਾਰੇ ਗਏ ਲੋਕਾਂ 'ਚ ਜ਼ਿਆਦਾਤਰ ਲੋਕ ਸਨ ਪ੍ਰਵਾਸੀ ਮਜ਼ਦੂਰ

ਅੰਮ੍ਰਿਤਸਰ- ਅੰਮ੍ਰਿਤਸਰ 'ਚ ਸ਼ੁੱਕਰਵਾਰ ਦੀ ਸ਼ਾਮ ਨੂੰ ਦੁਸਹਿਰਾ ਸਮਾਰੋਹ ਦੌਰਾਨ ਤੇਜ਼ ਰਫਤਾਰ ਟਰੇਨ ਦੀ ਲਪੇਟ 'ਚ ਆਏ ਜ਼ਿਆਦਾਤਰ ਲੋਕ ਉੱਤਰ ਪ੍ਰਦੇਸ਼ ਅਤੇ ਬਿਹਾਰ ਦੇ ਪ੍ਰਵਾਸੀ ਮਜ਼ਦੂਰ ਸਨ। ਇਕ ਅਧਿਕਾਰੀ ਨੇ ਦੱਸਿਆ ਕਿ 61 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਿਨ੍ਹਾਂ 'ਚ ਅਧਿਕਾਰੀ 39 ਲਾਸ਼ਾਂ ਦੀ ਪਛਾਣ ਕਰ ਚੁੱਕੇ ਹਨ। ਜ਼ਿਲ੍ਹਾ ਪ੍ਰਸ਼ਾਸਨ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਉੱਤਰ ਪ੍ਰਦੇਸ਼ ਤੇ ਬਿਹਾਰ ਦੇ ਜ਼ਿਆਦਾਤਰ ਪ੍ਰਵਾਸੀ ਮਜ਼ਦੂਰ ਹਾਦਸੇ ਵਾਲੀ ਥਾਂ ਤੋਂ ਥੋੜ੍ਹੀ ਹੀ ਦੂਰੀ 'ਤੇ ਇਕ ਉਦਯੋਗਿਕ ਖੇਤਰ 'ਚ ਕੰਮ ਕਰਦੇ ਸਨ ਅਤੇ ਨੇੜੇ ਦੇ ਖੇਤਰ 'ਚ ਰਹਿੰਦੇ ਸਨ। ਉਨ੍ਹਾਂ ਕਿਹਾ ਕਿ ਸ਼ੁੱਕਰਵਾਰ ਦੀ ਸ਼ਾਮ ਨੂੰ ਦੁਸਹਿਰਾ ਸਮਾਰੋਹ 'ਚ ਇਨ੍ਹਾਂ 2 ਸੂਬਿਆਂ ਨਾਲ ਸਬੰਧ ਰੱਖਣ ਵਾਲੇ ਲੋਕ ਵੱਡੀ ਗਿਣਤੀ 'ਚ ਇਕੱਠੇ ਹੋਏ ਸਨ। ਉਹ ਆਪਣੀ ਰੋਜ਼ੀ ਰੋਟੀ ਕਮਾਉਣ ਲਈ ਉਦਯੋਗਿਕ ਖੇਤਰ 'ਚ ਕੰਮ ਕਰਦੇ ਸਨ। ਅਧਿਕਾਰੀ ਨੇ ਹਾਲਾਂਕਿ ਮ੍ਰਿਤਕਾਂ ਬਾਰੇ ਵਿਸਥਾਰ ਪੂਰਵਕ ਵੇਰਵਾ ਨਹੀਂ ਦਿੱਤਾ ਕਿਉਂਕਿ 20 ਲਾਸ਼ਾਂ ਦੀ ਹਾਲੇ ਪਛਾਣ ਬਾਕੀ ਹੈ। ਹਾਦਸੇ 'ਚ ਜ਼ਖਮੀ ਹੋਏ ਉੱਤਰ ਪ੍ਰਦੇਸ਼ ਦੇ ਹਰਦੋਈ ਦੇ ਰਹਿਣ ਵਾਲੇ 40 ਸਾਲਾ ਮਜ਼ਦੂਰ ਜਗਨੰਦਨ ਨੇ ਕਿਹਾ ਕਿ ਉਹ ਰੇਲ ਪਟੜੀ ਦੇ ਨੇੜੇ ਨਹੀਂ ਖੜ੍ਹਾ ਸੀ ਪਰ ਰਾਵਣ ਦਾ ਪੁਤਲਾ ਦਹਿਨ ਹੋਣ ਤੋਂ ਬਾਅਦ ਉਹ ਪਿੱਛੇ ਹਟ ਗਿਆ ਸੀ ਕਿਉਂਕਿ ਲੋਕਾਂ ਨੇ ਮੁੱਖ ਸਟੇਜ ਵੱਲ ਭੱਜਣਾ ਸ਼ੁਰੂ ਕਰ ਦਿੱਤਾ। 4 ਬੱਚਿਆਂ ਦੇ ਪਿਤਾ ਜਗਨੰਦਨ ਨੂੰ ਉਸਦਾ ਇਕ ਰਿਸ਼ਤੇਦਾਰ ਹਸਪਤਾਲ ਲੈ ਕੇ ਆਇਆ।

## ਸੁਖਬੀਰ ਤੇ ਮਜੀਠੀਆ ਵਲੋਂ ਉੱਚ ਪੱਧਰੀ ਜਾਂਚ ਕਰਵਾਉਣ ਦੀ ਮੰਗ



ਅੰਮ੍ਰਿਤਸਰ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਪੰਜਾਬ ਸੁਖਬੀਰ ਸਿੰਘ ਬਾਦਲ ਅਤੇ ਜਨਰਲ ਸਕੱਤਰ ਬਿਕਰਮ ਸਿੰਘ ਮਜੀਠੀਆ ਨੇ ਅੰਮ੍ਰਿਤਸਰ ਵਿਖੇ ਹੋਏ ਰੇਲ ਹਾਦਸੇ 'ਤੇ ਦੁੱਖ ਦਾ ਇਜ਼ਹਾਰ ਕਰਦਿਆਂ ਪੰਜਾਬ ਸਰਕਾਰ ਤੋਂ ਇਸ ਹਾਦਸੇ ਦੀ ਜਾਂਚ ਪੰਜਾਬ ਸਰਕਾਰ ਦੇ ਕਿਸੇ ਅਧਿਕਾਰੀ ਦੀ ਥਾਂ ਪੰਜਾਬ ਹਾਈਕੋਰਟ ਦੀ ਅਗਵਾਈ ਵਾਲੀ ਕਿਸੇ ਉੱਚ ਪੱਧਰੀ ਜਾਂਚ ਕਮੇਟੀ ਤੋਂ ਕਰਵਾਉਣ ਦੇ ਨਾਲ ਮਿ$ਤਕਾਂ ਦੇ ਪਰਿਵਾਰਾਂ ਨੂੰ ਪ੍ਰਤੀ ਵਿਅਕਤੀ ਇਕ-ਇਕ ਕਰੋੜ ਰੁਪਏ ਦੀ ਮੁਆਵਜ਼ਾ ਰਾਸ਼ੀ ਅਤੇ ਸਰਕਾਰੀ ਨੌਕਰੀ ਦਿੱਤੇ ਜਾਣ ਦੀ ਮੰਗ ਕੀਤੀ ਹੈ ) ਅੱਜ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ: ਸੁਖਬੀਰ ਸਿੰਘ ਨੇ ਇਸ ਮਾਮਲੇ 'ਚ ਆਪਣੇ ਰਾਜਸੀ ਵਿਰੋਧੀ ਨਵਜੋਤ ਸਿੰਘ ਸਿੱਧੂ ਨੂੰ ਦੋਸ਼ੀ ਠਹਾਉਂਦਿਆਂ ਮੁੱਖ ਮੰਤਰੀ ਤੋਂ ਉਨ੍ਹਾਂ ਨੂੰ ਤੁਰੰਤ ਮੁਅੱਤਲ ਕੀਤੇ ਜਾਣ ਦੀ ਵੀ ਮੰਗ ਕੀਤੀ ) ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਜਿਹਾ ਹਾਦਸਾ ਉਨ੍ਹਾਂ ਆਪਣੀ ਜ਼ਿੰਦਗੀ 'ਚ ਪਹਿਲਾਂ ਕਦੀ ਨਹੀਂ ਦੇਖਿਆ ਸੁਣਿਆ ) ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਦੀ ਕੈਪਟਨ ਸਰਕਾਰ ਹਾਦਸੇ ਦੇ ਦੋਸ਼ੀਆਂ ਨੂੰ ਬਚਾਉਣ ਦੀ ਕੋਸ਼ਿਸ਼ 'ਚ ਹੈ ) ਉਨ੍ਹਾਂ ਇਸ ਹਾਦਸੇ ਲਈ ਜ਼ਿੰਮੇਵਾਰ ਅਣਪਛਾਤੇ ਵਿਅਕਤੀਆਂ ਦੀ ਥਾਂ, ਸਮਾਗਮ ਦੇ ਪ੍ਰਬੰਧਕਾਂ ਸਮੇਤ ਨਵਜੋਤ ਸਿੰਘ ਸਿੱਧੂ ਤੇ ਡਾ: ਨਵਜੋਤ ਕੌਰ ਸਿੱਧੂ ਖਿਲਾਫ ਪੀੜਤ ਪਰਿਵਾਰਾਂ ਦੇ ਬਿਆਨਾਂ ਦੇ ਆਧਾਰ 'ਤੇ ਨਵੀਂ ਐਫ. ਆਈ. ਆਰ. ਦੋਸ਼ੀਆਂ ਦੇ ਨਾਂਵਾਂ ਸਮੇਤ ਦਰਜ ਕੀਤੀ ਜਾਣੀ ਚਾਹੀਦੀ ਹੈ ਸੁਖਬੀਰ ਨੇ ਦੋਸ਼ ਲਾਇਆ ਕਿ ਕੈਪਟਨ ਸਰਕਾਰ ਵਲੋਂ ਇਸ ਕੌਮਾਂਤਰੀ ਪੱਧਰ ਦੇ ਹਾਦਸੇ ਨੂੰ ਛੋਟੇ ਪੱਧਰ ਦੀ ਘਟਨਾ ਮੰਨ ਕੇ ਪਰਦਾ ਪਾਉਣ ਦਾ ਆਪ੍ਰੇਸ਼ਨ ਜਾਰੀ ਹੈ।

# ਜਥੇਦਾਰ ਹਰਪ੍ਰੀਤ ਸਿੰਘ ਬਣੇ ਅਕਾਲ ਤਖ਼ਤ ਦੇ ਜਥੇਦਾਰ



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਦੀ ਅੰਤ੍ਰਿਗ ਕਮੇਟੀ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਕਾਰਜਕਾਰੀ ਜਥੇਦਾਰ ਥਾਪਿਆ ਹੈ। ਅੰਤ੍ਰਿਗ ਕਮੇਟੀ ਨੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦਾ ਅਸਤੀਫਾ ਸਵੀਕਾਰ ਕਰ ਲਿਆ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ, "ਸਾਡੀ ਬੈਠਕ ਦਾ ਏਜੰਡਾ ਇਹੀ ਸੀ ਕਿ ਅਗਲਾ ਜਥੇਦਾਰ ਕੌਣ ਹੋਵੇਗਾ। ਬੈਠਕ ਵਿੱਚ ਗਿਆਨੀ ਗੁਰਬਚਨ ਸਿੰਘ ਦਾ ਅਸਤੀਫਾ ਸਵੀਕਾਰ ਕਰ ਲਿਆ ਗਿਆ ਹੈ।" "ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਉਸ ਵੇਲੇ ਤੱਕ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਹੋਣਗੇ ਜਦੋਂ ਤੱਕ ਪੱਕੇ ਤੌਰ 'ਤੇ ਜਥੇਦਾਰ ਦੀ ਨਿਯੁਕਤੀ ਨਹੀਂ ਹੋ ਜਾਂਦੀ। ਗਿਆਨੀ ਹਰਪ੍ਰੀਤ ਸਿੰਘ ਦਮਦਮਾ ਸਾਹਿਬ ਦਾ ਵੀ ਕਾਰਜ ਭਾਰ ਸੰਭਾਲਣਗੇ।" ਗਿਆਨੀ ਗੁਰਬਚਨ ਸਿੰਘ ਵੱਲੋਂ ਅਸਤੀਫਾ ਦੇਣ ਦਾ ਕਾਰਨ ਆਪਣੇ ਅਸਤੀਫ਼ੇ ਵਿੱਚ ਗਿਆਨੀ ਗੁਰਬਚਨ ਸਿੰਘ ਨੇ ਲਿਖਿਆ ਸੀ, "ਕੁਦਰਤ ਦੇ ਨਿਯਮ ਅਨੁਸਾਰ ਵਡੇਰੀ ਉਮਰ ਅਤੇ ਇਸ ਨਾਲ ਜੁੜੀਆਂ ਸਿਹਤ ਦੀਆਂ ਕੁਝ ਦਿੱਕਤਾਂ ਮੈਨੂੰ ਇਸ ਗੱਲ ਦਾ ਅਹਿਸਾਸ ਕਰਵਾ ਰਹੀਆਂ ਹਨ ਕਿ ਦਾਸ ਬਹੁਤ ਜ਼ਿੰਮੇਵਾਰੀ ਵਾਲੀ ਸੇਵਾ ਨਿਭਾਉਣ ਤੋਂ ਦਾਸ ਅਸਮਰੱਥ ਹੈ।" ਉਨ੍ਹਾਂ ਅੱਗੇ ਲਿਖਿਆ, "ਖਾਲਸਾ ਪੰਥ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਅਹਿਮ ਅਹੁਦੇ ਲਈ ਯੋਗ ਵਿਅਕਤੀ ਨੂੰ ਨਿਯੁਕਤ ਕਰਕੇ ਉਨ੍ਹਾਂ ਨੂੰ ਸੇਵਾਮੁਕਤ ਕਰ ਦਿੱਤਾ ਜਾਵੇ।" ਜਥੇਦਾਰਾਂ ਦੇ ਵਿਵਾਦਤ ਫੈਸਲਿਆਂ ਕਰਕੇ ਪਿਛਲੇ ਸਮੇਂ ਦੌਰਾਨ ਵਿਵਾਦਾਂ ਵਿਚ ਰਹੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿੱਖ ਧਰਮ ਵਿੱਚ ਵਿਲੱਖਣ ਅਹਿਮੀਅਤ ਹੈ। ਅਜਿਹੇ ਵਿੱਚ ਇਸ ਇਤਿਹਾਸਕ ਸੰਸਥਾ ਦੇ ਪ੍ਰਸੰਗ ਨੂੰ ਜਾਣਨਾ ਅਹਿਮ ਹੈ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਅਹੁਦਾ ਸਿੱਖ ਧਰਮ ਦੇ ਸਿਰਮੌਰ ਅਹੁਦਿਆਂ ਵਿੱਚੋਂ ਹੈ ਪਰ ਪਿਛਲੇ ਅਰਸੇ ਦੌਰਾਨ ਜਥੇਦਾਰਾਂ ਉੱਤੇ ਖ਼ਾਸ ਸਿਆਸੀ ਧਿਰ ਦਾ ਪੱਖ ਪੂਰਨ ਦੇ ਇਲਜ਼ਾਮ ਲੱਗਣ ਕਰਕੇ ਇਹ ਵਿਵਾਦਾਂ ਵਿੱਚ ਘਿਰਿਆ ਰਿਹਾ ਹੈ। ਮਿਸਾਲ ਵਜੋਂ ਪਹਿਲਾਂ ਡੇਰਾ ਸਿਰਸਾ ਮੁਖੀ ਨੂੰ ਮਾਫੀ ਦਿੱਤੀ ਗਈ ਪਰ ਜਦੋਂ ਸਿੱਖ ਸੰਗਤ ਵਿੱਚ ਇਸ ਫੈਸਲੇ ਦਾ ਵੱਡੇ ਪੱਧਰ 'ਤੇ ਵਿਰੋਧ ਕੀਤਾ ਗਿਆ ਤਾਂ ਮਾਫੀ ਦਾ ਫੈਸਲਾ ਵਾਪਸ ਲੈ ਲਿਆ ਗਿਆ। ਅਕਾਲ ਤਖ਼ਤ ਸਾਹਿਬ ਦੇ ਸਿਆਸੀਕਰਨ ਦੇ ਇਸ ਸਮੁੱਚੇ ਪ੍ਰਕਰਣ ਨਾਲ ਸੰਸਥਾ ਦੇ ਵਕਾਰ ਨੂੰ ਵੀ ਢਾਹ ਲੱਗੀ ਹੈ।



## ਅਕਾਲ ਤਖ਼ਤ ਦੇ ਜੱਥੇਦਾਰ ਦੀ ਨਿਯੁਕਤੀ ਦੀ ਪ੍ਰਕਿਰਿਆ ਕੀ ਹੈ ?

ਗੁਰਦੁਆਰਾ ਸੁਧਾਰ ਲਹਿਰ ਤੋਂ ਬਾਅਦ ਗੁਰਦੁਆਰਿਆਂ ਦੇ ਗੁਰਮਤਿ ਦੇ ਸਿਧਾਂਤਾਂ ਮੁਤਾਬਕ ਪ੍ਰਬੰਧ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਕੀਤੀ ਗਈ। ਉਸ ਤੋਂ ਬਾਅਦ ਅਕਾਲ ਤਖ਼ਤ ਦੇ ਜਥੇਦਾਰ ਦੀ ਨਿਯੁਕਤੀ ਕਮੇਟੀ ਵੱਲੋਂ ਹੀ ਕੀਤੀ ਜਾਂਦੀ ਹੈ।18ਵੀਂ ਸਦੀ ਵਿੱਚ ਇਹ ਨਿਯੁਕਤੀ ਸਰਬੱਤ ਖ਼ਾਲਸਾ ਵੱਲੋਂ ਸਮੂਹਿਕ ਤੌਰ 'ਤੇ ਕੀਤੀ ਜਾਂਦੀ ਸੀ। ਸ਼੍ਰੋਮਣੀ ਕਮੇਟੀ ਵੱਲੋਂ ਅਪਣਾਈ ਜਾਂਦੀ ਪ੍ਰਕਿਰਿਆ ਨੂੰ ਹੋਰ ਪਾਰਦਰਸ਼ੀ ਬਣਾਉਣ ਦੀ ਮੰਗ ਸਮੇਂ-ਸਮੇਂ 'ਤੇ ਸਿੱਖ ਸਮਾਜ ਵਿੱਚ ਉੱਠਦੀ ਰਹੀ ਹੈ।

## ਅਕਾਲ ਤਖ਼ਤ ਸਾਹਿਬ ਦੇ ਪ੍ਰਮੁੱਖ ਜਥੇਦਾਰ

ਜਥੇਦਾਰਾਂ ਦੀ ਲੜੀ ਵਿੱਚ ਭਾਈ ਗੁਰਦਾਸ ਜੀ (ਗੁਰੂ ਗ੍ਰੰਥ ਸਾਹਿਬ ਦੇ ਲਿਖਾਰੀ) ਪਹਿਲੇ ਅਤੇ ਗਿਆਨੀ ਗੁਰਬਚਨ ਸਿੰਘ ਤੀਹਵੇਂ ਜਥੇਦਾਰ ਸਨ। ਇਤਿਹਾਸ ਵਿੱਚ ਭਾਈ ਮਨੀ ਸਿੰਘ, ਅਕਾਲੀ ਫੂਲਾ ਸਿੰਘ ਇਸ ਤਖ਼ਤ ਦੇ ਜਥੇਦਾਰ ਰਹੇ ਹਨ। ਭਾਈ ਮਨੀ ਸਿੰਘ ਨੂੰ ਮੁਗਲ ਕਾਲ ਵਿੱਚ ਬੰਦ-ਬੰਦ ਕੱਟ ਕੇ ਸ਼ਹੀਦ ਕੀਤਾ ਗਿਆ ਸੀ ਜਦੋਂ ਕਿ ਅਕਾਲੀ ਫੂਲਾ ਸਿੰਘ ਦੀ ਸ਼ਖ਼ਸ਼ੀਅਤ ਤੋਂ ਮਹਾਰਜਾ ਰਣਜੀਤ ਸਿੰਘ ਵੀ ਭੈਅ ਖਾਂਦੇ ਸਨ। ਪਿਛਲੇ ਸਮਿਆਂ ਵਿੱਚ- ਪ੍ਰੋਫੈਸਰ ਮਨਜੀਤ ਸਿੰਘ, ਰਣਜੀਤ ਸਿੰਘ, ਜੋਗਿੰਦਰ ਸਿੰਘ ਵੇਦਾਂਤੀ ਇਸ ਦੇ ਜਥੇਦਾਰ ਰਹੇ ਹਨ।



## ਅਕਾਲ ਤਖ਼ਤ ਦੇ ਵਿਸ਼ੇਸ਼ ਅਧਿਕਾਰ

ਉਂਝ ਤਾਂ ਪੰਜ ਪਿਆਰਿਆਂ ਦੇ ਸਿਧਾਂਤ ਮੁਤਾਬਕ ਸਾਰੇ ਜਥੇਦਾਰਾਂ ਦਾ ਰੁਤਬਾ ਬਰਾਬਰ ਹੈ ਪਰ ਇਨ੍ਹਾਂ ਵੱਲੋਂ ਲਏ ਸਾਂਝੇ ਫੈਸਲਿਆਂ ਨੂੰ ਅਕਾਲ ਤਖ਼ਤ ਸਾਹਬ ਤੋਂ ਹੀ ਜਾਰੀ ਕੀਤਾ ਜਾਂਦਾ ਹੈ। ਸਿੱਖ ਧਾਰਮਿਕ ਰਵਾਇਤਾਂ ਮੁਤਾਬਕ ਅਕਾਲ ਤਖ਼ਤ ਨੂੰ ਸਿਰਮੌਰ ਰੁਤਬਾ ਹਾਸਲ ਰਿਹਾ ਹੈ। ਕੋਈ ਵੀ ਸਿੱਖ ਅਕਾਲ ਤਖ਼ਤ ਤੋਂ ਉੱਪਰ ਹੋਣ ਦਾ ਦਾਅਵਾ ਨਹੀਂ ਕਰ ਸਕਦਾ (ਇੱਥੋਂ ਤੱਕ ਕਿ ਮਹਾਰਜਾ ਰਣਜੀਤ ਸਿੰਘ ਵੀ, ਸੱਦੇ ਜਾਣ 'ਤੇ ਇੱਕ ਸਿੱਖ ਵਜੋਂ ਹੀ ਪੇਸ਼ ਹੁੰਦੇ ਸਨ। ਤਤਕਾਲੀ ਜਥੇਦਾਰ ਬਾਬਾ ਫੂਲਾ ਸਿੰਘ ਨੇ ਉਨ੍ਹਾਂ ਨੂੰ ਕੋੜਿਆਂ ਦੀ ਸਜ਼ਾ ਦਿੱਤੀ ਤਾਂ ਉਨ੍ਹਾਂ ਉਹ ਕੋੜੇ ਵੀ ਇੱਕ ਸਿੱਖ ਵਜੋਂ ਹੀ ਆਪਣੀ ਪਿੱਠ 'ਤੇ ਖਾਧੇ ਸਨ)। ਕਈ ਮਾਮਲਿਆਂ ਵਿੱਚ ਅਕਾਲ ਤਖ਼ਤ ਦੇ ਜਥੇਦਾਰ ਦੂਜੇ ਚਾਰ ਸਿੰਘ ਸਾਹਿਬਾਨ ਦੀ ਸਲਾਹ ਨਾਲ ਫੌਰੀ ਫੈਸਲਾ ਵੀ ਲੈ ਸਕਦਾ ਹੈ। ਅਕਾਲ ਤਖ਼ਤ ਤੋਂ ਸਿੱਖਾਂ ਦੇ ਨਾਂ ਜਾਰੀ ਕੀਤੇ ਜਾਂਦੇ ਹੁਕਮ ਨੂੰ ਹੁਕਮਨਾਮਾ ਕਿਹਾ ਜਾਂਦਾ ਹੈ ਜਿਸ ਦੀ ਪਾਲਣਾ ਲਈ ਹਰੇਕ ਨਾਨਕ ਨਾਮ ਲੇਵਾ ਸਿੱਖ ਧਾਰਮਿਕ ਤੌਰ 'ਤੇ ਪਾਬੰਦ ਹੈ।

## ਅਕਾਲ ਤਖ਼ਤ ਸਾਹਿਬ ਕੀ ਹੈ ?

ਅਕਾਲ ਤਖ਼ਤ ਸਿੱਖ ਕੌਮ ਦੀ ਆਜ਼ਾਦ ਹਸਤੀ ਦਾ ਪ੍ਰਤੀਕ ਹੈ। ਸਿੱਖਾਂ ਦੇ ਪੰਜਾਂ ਤਖਤਾਂ ਵਿੱਚੋਂ ਅਕਾਲ ਤਖ਼ਤ ਪ੍ਰਮੁੱਖ ਹੈ। ਇਸ ਦੀ ਮਹੱਤਤਾ ਇਸ ਲਈ ਵਧੇਰੇ ਹੈ ਕਿਉਂਕਿ ਇਸਦੀ ਸਥਾਪਨਾ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨੇ ਆਪ ( 15 ਜੂਨ, 1606) ਕੀਤੀ ਸੀ। ਇਸ ਦਾ ਪਹਿਲਾ ਨਾਂ ਅਕਾਲ ਬੁੰਗਾ ਸੀ। ਇੱਥੇ ਗੁਰੂ ਸਾਹਿਬ ਸਿੱਖਾਂ ਦੇ ਸਿਆਸੀ ਅਤੇ ਸਮਾਜਿਕ ਮਸਲਿਆਂ ਦੇ ਹੱਲ ਕਰਿਆ ਕਰਦੇ ਸਨ। ਇਤਿਹਾਸਕ ਤੌਰ 'ਤੇ ਇਹ ਹਰਮੰਦਿਰ ਸਾਹਿਬ ਸਮੂਹ, ਅੰਮ੍ਰਿਤਸਰ ਸਾਹਿਬ ਦੇ ਅੰਦਰ ਹੀ ਉਸਰਿਆ ਹੋਇਆ ਹੈ। ਇਤਿਹਾਸਕ ਰਵਾਇਤ ਅਨੁਸਾਰ ਗੁਰੂ ਸਾਹਿਬ ਨੇ ਇਸ ਦਾ ਨਿਰਮਾਣ ਹਰਿਮੰਦਰ ਸਾਹਿਬ ਦੇ ਸਰੋਵਰ ਦੇ ਨਿਰਮਾਣ ਲਈ ਕੱਢੀ ਮਿੱਟੀ ਦੇ ਢੇਰ ਨਾਲ ਬਣੇ ਉੱਚੇ ਸਥਾਨ 'ਤੇ ਕੀਤਾ ਸੀ।

## ਅਕਾਲ ਤਖ਼ਤ ਦੀ ਅਹਿਮੀਅਤ ਕਿਉਂ ਹੈ ?

ਸਿੱਖਾਂ ਦੇ ਪੰਜ ਤਖ਼ਤ ਹਨ- ਅਕਾਲ ਤਖ਼ਤ ਸਾਹਿਬ, ਕੇਸ਼ਗੜ੍ਹ ਸਾਹਿਬ, ਪਟਨਾ ਸਾਹਿਬ, ਹਜ਼ੂਰ ਸਾਹਿਬ ਅਤੇ ਦਮਦਮਾ ਸਾਹਿਬ। ਪੰਜ ਸਿੰਘ ਸਾਹਿਬਾਨ ਦੀਆਂ ਬੈਠਕਾਂ ਵਿੱਚ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਗਵਾਈ ਵਾਲੀ ਭੂਮਿਕਾ ਵਿੱਚ ਸ਼ਾਮਲ ਹੁੰਦੇ ਹਨ। ਰਵਾਇਤ ਹੈ ਕਿ ਜਥੇਦਾਰਾਂ ਦੀਆਂ ਇਨ੍ਹਾਂ ਬੈਠਕਾਂ ਵਿੱਚ ਸਿੱਖ ਧਰਮ ਦੀਆਂ ਦਰਪੇਸ਼ ਸਮੱਸਿਆਵਾਂ ਉੱਪਰ ਵਿਚਾਰ ਕੀਤੀ ਜਾਂਦੀ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੀ ਰੌਸ਼ਨੀ ਵਿੱਚ ਗੁਰਮਤਿ ਮਰਿਆਦਾ ਅਨੁਸਾਰ ਢੁਕਵਾਂ ਫੈਸਲਾ ਕੀਤਾ ਜਾਂਦਾ ਹੈ। ਸਮੁੱਚੀ ਸਿੱਖ ਕੌਮ ਆਪਣੀ ਅਗਵਾਈ ਲਈ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲ ਦੇਖਦੀ ਹੈ ਅਤੇ ਉਮੀਦ ਕੀਤੀ ਜਾਂਦੀ ਹੈ ਕਿ ਜਥੇਦਾਰ ਬਿਨਾਂ ਕਿਸੇ ਪੱਖਪਾਤ ਦੇ ਨਿਰੋਲ ਪੰਥਕ ਰਵਾਇਤਾਂ, ਗੁਰੂ ਗ੍ਰੰਥ ਸਾਹਿਬ ਦੀ ਫਿਲਾਸਫੀ ਅਤੇ ਗੁਰ ਮਰਿਆਦਾ ਦੀ ਰੌਸ਼ਨੀ ਵਿੱਚ ਹੀ ਆਪਣੇ ਫੈਸਲੇ ਕਰਨ।

## ਅਕਾਲ ਤਖ਼ਤ ਸਾਹਿਬ ਦਾ ਇਤਿਹਾਸਕ ਪ੍ਰਸੰਗ ਕੀ ਹੈ ?

ਇਤਿਹਾਸਕ ਰਵਾਇਤ ਮੁਤਾਬਕ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਹਿਲਾ ਹੁਕਮਨਾਮਾ ਇਸ ਦੇ ਸੰਸਥਾਪਕ ਗੁਰੂ ਹਰਗੋਬਿੰਦ ਸਾਹਿਬ ਵੱਲੋਂ ਹੀ ਜਾਰੀ ਕੀਤਾ ਗਿਆ ਸੀ। ਗੁਰਗੱਦੀ ਸੰਭਾਲਣ ਤੋਂ ਬਾਅਦ ਉਨ੍ਹਾਂ ਨੇ ਸਿੱਖਾਂ ਨੂੰ ਹੁਕਮ ਕੀਤੇ ਸਨ ਕਿ ਉਹ ਗੁਰੂ ਘਰ ਲਈ ਵਧੀਆ ਘੋੜੇ ਅਤੇ ਜਵਾਨਾਂ ਦੀ ਭੇਟਾ ਲੈ ਕੇ ਆਉਣ। ਇਸ ਸਮੇਂ ਨੂੰ ਇਤਿਹਾਸ ਵਿੱਚ ਸਿੱਖ ਧਰਮ ਲਈ ਨਵਾਂ ਮੋੜ ਕਿਹਾ ਜਾਂਦਾ ਹੈ ਜਦੋਂ ਸਿੱਖ ਗੁਰੂਆਂ ਨੇ ਨਿਰੋਲ ਧਾਰਮਿਕ ਅਗਵਾਈ ਦੇ ਨਾਲ-ਨਾਲ ਸਿੱਖਾਂ ਦੀ ਸਿਆਸੀ ਰਾਹਨੁਮਾਈ ਵੀ ਕਰਨੀ ਸ਼ੁਰੂ ਕਰ ਦਿੱਤੀ। ਇਸ ਮਗਰੋਂ ਗੁਰੂ ਸਾਹਿਬਾਨ ਨੇ ਬਾਕਾਇਦਾ ਫੌਜ ਵੀ ਰੱਖਣੀ ਸ਼ੁਰੂ ਕਰ ਦਿੱਤੀ। ਸਿੱਟੇ ਵਜੋਂ ਸਿੱਖਾਂ ਦੀਆਂ ਤਤਕਾਲੀ ਮੁਗਲ ਹਾਕਮਾਂ ਨਾਲ ਵੀਂ ਟੱਕਰਾਂ ਹੋਣ ਲੱਗੀਆਂ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਿੱਚ ਪੂਰੇ ਸਿਖਰ ਤੱਖ ਅਪੜ ਗਈਆਂ।

# ਕੈਪਟਨ ਨੂੰ ਬੋਲੇ ਚੰਨੀ ਤੇ ਰੰਧਾਵਾ, ਅਕਾਲੀਆਂ ਖਿਲਾਫ਼ ਕਾਰਵਾਈ ਨਹੀਂ ਹੋਈ ਤਾਂ ਹੋਵੇਗਾ ਸਿਆਸੀ ਨੁਕਸਾਨ





ਜਲੰਧਰ- ਪੰਜਾਬ ਕੈਬਨਿਟ ਦੇ ਦੋ ਮੰਤਰੀਆਂ ਚਰਨਜੀਤ ਸਿੰਘ ਚੰਨੀ ਅਤੇ ਸੁੱਖਜਿੰਦਰ ਸਿੰਘ ਰੰਧਾਵਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਚਿਤਾਵਨੀ ਦਿੱਤੀ ਹੈ ਜੇਕਰ ਬਰਗਾੜੀ ਮਾਮਲੇ 'ਚ ਅਕਾਲੀ ਅਗੂਆਂ ਖਿਲਾਫ ਕਾਰਵਾਈ ਨਹੀਂ ਕੀਤੀ ਜਾਂਦੀ ਤਾਂ ਕਾਂਗਰਸ ਨੂੰ ਲੋਕਾਂ ਦੇ ਰੋਹ ਦਾ ਸ਼ਿਕਾਰ ਹੋਣਾ ਪਵੇਗਾ। ਕੈਬਟਿਨ ਦੀ ਮੀਟਿੰਗ ਦੌਰਾਨ ਜਦੋਂ ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇਹ ਮੁੱਦਾ ਕੈਪਟਨ ਸਾਹਮਣੇ ਚੁੱਕਿਆ ਤਾਂ ਇਸ ਦੌਰਾਨ ਉਨ੍ਹਾਂ ਦੇ ਕੈਬਨਿਟ ਸਹਿਯੋਗੀਆਂ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਅਤੇ ਸੁੱਖ ਸਰਕਾਰੀਆਂ ਨੇ ਚੰਨੀ ਨੂੰ ਇਸ ਮਾਮਲੇ 'ਚ ਦੱਬਣ ਦੀ ਕੋਸ਼ਿਸ਼ ਕੀਤੀ ਪਰ ਮੁੱਖ ਮੰਤਰੀ ਕੈਪਟਨ ਨੇ ਚੰਨੀ ਨੂੰ ਆਪਣੀ ਗੱਲ ਜਾਰੀ ਰੱਖਣ ਲਈ ਕਿਹਾ।

ਇਸ ਦੌਰਾਨ ਚੰਨੀ ਨੂੰ ਸੁੱਖਜਿੰਦਰ ਰੰਧਾਵਾ ਦਾ ਵੀ ਸਾਥ ਮਿਲਿਆ ਅਤੇ ਦੋਹਾਂ ਨੇ ਕਿਹਾ ਕਿ ਕਾਂਗਰਸ ਨੇ ਜਸਟਿਸ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ 'ਤੇ ਵਿਧਾਨ ਸਭਾ 'ਚ ਕਾਰਵਾਈ ਕਰਵਾ ਕੇ ਇਸ ਮਾਮਲੇ 'ਚ ਲੋਕਾਂ ਦੀ ਹਮਦਰਦੀ ਹਾਸਲ ਕੀਤੀ ਹੈ ਪਰ ਜੇਕਰ ਹੁਣ ਇਸ ਮਾਮਲੇ 'ਚ ਅਕਾਲੀ ਆਗੂਆਂ ਖਿਲਾਫ ਕਾਰਵਾਈ ਨਾ ਹੋਈ ਤਾਂ ਇਸ ਦੇ ਗੰਭੀਰ ਸਿਆਸੀ ਨਤੀਜੇ ਭੁਗਤਣੇ ਪੈ ਸਕਦੇ ਹਨ, ਕਿਉਂਕਿ ਲੋਕਾਂ 'ਚ ਅਕਾਲੀ ਆਗੂਆਂ ਪ੍ਰਤੀ ਗੁੱਸਾ ਹੈ ਅਤੇ ਇਹ ਗੁੱਸਾ ਰੋਜ਼ਾਨਾ ਜਨਤਕ ਤੌਰ 'ਤੇ ਜ਼ਾਹਰ ਹੋ ਰਿਹਾ ਹੈ। ਦੋਹਾਂ ਦੀ ਗੱਲ ਸੁਣਨ ਤੋਂ ਬਾਅਦ ਕੈਪਟਨ ਨੇ ਕਿਹਾ ਕਿ ਇਸ ਮਾਮਾਲੇ 'ਚ ਲੋੜੀਂਦੀ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਪੁਖਤਾ ਸਬੂਤਾਂ ਦੇ ਆਧਾਰ 'ਤੇ ਹੀ ਅਗਲਾ ਐਕਸ਼ਨ ਵੀ ਲਿਆ ਜਾਵੇਗਾ ਅਤੇ ਮਾਮਲੇ 'ਚ ਫੈਸਲਾ ਮੁਕਾਮ ਤੱਕ ਪਹੁੰਚਾਇਆ ਜਾਵੇਗਾ।

# ਸੁਖਬੀਰ ਦੀ ਮਰਜ਼ੀ ਦੇ ਉਲਟ ਬਰਗਾੜੀ ਮੋਰਚੇ ਦੀਆਂ ਮੰਗਾਂ ਦੇ ਸਮਰਥਨ 'ਚ ਡਟੇ ਟਕਸਾਲੀ ਆਗੂ



ਚੰਡੀਗੜ੍ਹ- ਸ਼੍ਰੋਮਣੀ ਅਕਾਲੀ ਦਲ ਦੇ ਟਕਸਾਲੀ ਆਗੂਆਂ ਵੱਲੋਂ ਦਰਬਾਰ ਸਾਹਿਬ ਵਿਖੇ ਪਿਛਲੇ ਸਮੇਂ ਹੋਈਆਂ ਭੁੱਲਾਂ ਬਖ਼ਸ਼ਾਉਣ ਤੋਂ ਇੱਕ ਦਿਨ ਬਾਅਦ ਸਾਬਕਾ ਅਕਾਲੀ ਮੰਤਰੀ ਨੇ ਬਰਗਾੜੀ ਮੋਰਚੇ ਦਾ ਸਮਰਥਨ ਕੀਤਾ ਹੈ। ਸੇਵਾ ਸਿੰਘ ਸੇਖਵਾਂ ਨੇ ਕਿਹਾ ਕਿ ਉਹ ਬਰਗਾੜੀ ਮੋਰਚੇ ਦੀਆਂ ਮੰਗਾਂ ਦਾ ਸਮਰਥਨ ਕਰਦੇ ਹਨ। ਸੇਖਵਾਂ ਨੇ ਸੰਕੇਤ ਦਿੱਤੇ ਹਨ ਕਿ ਉਹ ਆਪਣੇ ਦੋਵੇਂ ਸਾਥੀਆਂ ਨਾਲ ਬਰਗਾੜੀ ਮੋਰਚੇ ਵਿੱਚ ਸ਼ਾਮਲ ਹੋ ਸਕਦੇ ਹਨ। ਯਾਦ ਰਹੇ ਅਕਾਲੀ ਦਲ ਪ੍ਰਧਾਨ ਸੁਖਬੀਰ ਬਾਦਲ ਬਰਗਾੜੀ ਮੋਰਚੇ ਦੇ ਲੀਡਰਾਂ ਨੂੰ ਆਈਐਸਆਈ ਤੇ ਕਾਂਗਰਸ ਦੇ ਏਜੰਟ ਕਰਾਰ ਦਿੰਦੇ ਆ ਰਹੇ ਹਨ। ਸੇਖਵਾਂ ਮੁਤਾਬਕ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣਾ ਤੇ ਤਿੰਨ ਸਾਲ ਪਹਿਲਾਂ ਪੁਲਿਸ ਦੀ ਗੋਲ਼ੀ ਕਾਰਨ ਮਰਨ ਵਾਲੇ ਦੋ ਸਿੱਖ ਨੌਜਵਾਨਾਂ ਨੂੰ ਇਨਸਾਫ ਦਿਵਾਉਣਾ ਤੇ ਸਜ਼ਾ ਪੂਰੀ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ, ਤਿੰਨ ਮੁੱਖ ਮੰਗਾਂ ਹਨ, ਜਿਨ੍ਹਾਂ ਦਾ ਉਹ ਵੀ ਸਮਰਥਨ ਕਰਦੇ ਹਨ। ਇਹ ਦਿਲਚਸਪ ਹੈ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਸਟੈਂਡ ਹਮੇਸ਼ਾ ਹੀ ਬਰਗਾੜੀ ਮੋਰਚੇ ਦੇ ਖ਼ਿਲਾਫ਼ ਰਿਹਾ ਹੈ। ਬਾਦਲ ਹਮੇਸ਼ਾ ਹੀ ਦੋਸ਼ ਲਾਉਂਦੇ ਆਏ ਹਨ ਕਿ ਆਈਐਸਆਈ ਤੇ ਦੇਸ਼ ਵਿਰੋਧੀ ਤਾਕਤਾਂ ਬਰਗਾੜੀ ਪ੍ਰਦਰਸ਼ਨ ਨੂੰ ਹਵਾ ਦੇ ਰਹੀਆਂ ਹਨ ਪਰ ਇਕ ਅੰਗ੍ਰੇਜ਼ੀ ਅਖ਼ਬਾਰ ਨੂੰ ਦਿੱਤੇ ਇੰਟਰਵਿਊ ਵਿੱਚ ਸੇਖਵਾਂ ਨੇ ਪਾਰਟੀ ਦੀ ਲੀਹ ਤੋਂ ਹਟ ਕੇ ਕਿਹਾ ਹੈ ਕਿ ਇਨ੍ਹਾਂ ਮੁੱਦਿਆਂ 'ਤੇ ਸਿੱਖਾਂ ਨੂੰ ਇਨਸਾਫ਼ ਚਾਹੀਦਾ ਹੈ ਤੇ ਮੈਂ ਵੀ ਇਨ੍ਹਾਂ ਨਾਲ ਇਤਫ਼ਾਕ ਰੱਖਦਾ ਹਾਂ। ਹਾਲਾਂਕਿ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸੇਖਵਾਂ ਨੇ ਮੋਰਚੇ ਵਿੱਚ ਸ਼ਾਮਲ ਹੋਣ ਲਈ ਹਾਲ ਦੀ ਘੜੀ ਕਿਨਾਰਾ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਫ਼ਿਲਹਾਲ ਅਜਿਹਾ ਕੋਈ ਇਰਾਦਾ ਨਹੀਂ ਹੈ, ਪਰ ਉਨ੍ਹਾਂ ਦਾ ਮੋਰਚੇ 'ਤੇ ਬੈਠੇ ਆਗੂਆਂ ਨਾਲ ਕੋਈ ਮੱਤਭੇਦ ਵੀ ਨਹੀਂ। ਸੇਖਵਾਂ ਨੇ ਇਹ ਵੀ ਕਿਹਾ ਕਿ ਉਨ੍ਹਾਂ ਦੀ ਪਾਰਟੀ ਦੀ ਲੀਡਰਸ਼ਿਪ ਇਨ੍ਹਾਂ ਮਸਲਿਆਂ ਨੂੰ ਨਜ਼ਰਅੰਦਾਜ਼ ਕਰਦੀ ਆਈ, ਜਿਨ੍ਹਾਂ ਨੇ ਸਾਨੂੰ ਇਕੱਠੇ ਕੀਤਾ ਹੈ। ਇੰਨਾ ਹੀ ਨਹੀਂ ਸੇਖਵਾਂ ਨੇ ਬਾਦਲ ਪਰਿਵਾਰ ਦਾ ਨਾਂਅ ਲਏ ਬਗ਼ੈਰ ਮੋਰਚੇ ਦੇ ਆਈਐਸਆਈ ਨਾਲ ਸਬੰਧਤ ਹੋਣ 'ਤੇ ਉਨ੍ਹਾਂ 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ ਬਗ਼ੈਰ ਕਿਸੇ ਸਬੂਤ ਦੇ ਕੋਈ ਕਿਵੇਂ ਇਹ ਕਹਿ ਸਕਦਾ ਹੈ। ਸੇਖਵਾਂ ਨੇ ਕਿਹਾ ਕਿ ਉਨ੍ਹਾਂ ਆਪਣੀ ਆਵਾਜ਼ ਬੁਲੰਦ ਕੀਤੀ ਹੈ ਤੇ ਜਿਵੇਂ ਹੀ ਸੰਗਤ ਵੱਲੋਂ ਪ੍ਰਤੀਕਿਰਿਆ ਦਿੱਤੀ ਜਾਵੇਗੀ, ਉਵੇਂ ਹੀ ਮੋਰਚੇ ਵਿੱਚ ਸ਼ਾਮਲ ਹੋਣ ਬਾਰੇ ਅੰਤਮ ਫੈਸਲਾ ਲੈਣਗੇ। ਜ਼ਿਕਰਯੋਗ ਹੈ ਕਿ ਮਾਝੇ ਦੇ ਤਿੰਨ ਟਕਸਾਲੀ ਲੀਡਰ ਡਾ. ਰਤਨ ਸਿੰਘ ਅਜਨਾਲਾ, ਰਣਜੀਤ ਸਿੰਘ ਬ੍ਰਹਮਪੁਰਾ ਤੇ ਸੇਵਾ ਸਿੰਘ ਸੇਖਵਾਂ ਨੇ ਅਕਾਲੀ ਦਲ ਦੀ ਲੀਡਰਸ਼ਿਪ ਤੋਂ ਵੱਖਰਾ ਰਾਹ ਅਖ਼ਤਿਆਰ ਕੀਤਾ ਹੋਇਆ ਹੈ। ਉਹ ਪਾਰਟੀ ਤੋਂ ਵੱਖਰੀ ਸੋਚ ਦਾ ਪ੍ਰਗਟਾਵਾ ਪ੍ਰੈੱਸ ਕਾਨਫ਼ਰੰਸ ਵਿੱਚ ਵੀ ਕਰ ਚੁੱਕੇ ਹਨ ਤੇ ਬਾਦਲਾਂ ਦੀਆਂ ਵੱਕਾਰੀ ਰੈਲੀਆਂ ਤੋਂ ਵੀ ਦੂਰ ਰਹਿ ਚੁੱਕੇ ਹਨ। ਤਿੰਨੇ ਇੱਕਸੁਰ ਹਨ ਤੇ ਕਿਸੇ ਇੱਕ ਦੀ ਆਵਾਜ਼ ਤਿੰਨਾਂ ਦਾ ਫੈਸਲਾ ਦਰਸਾਉਂਦੀ ਹੈ। ਜੇਕਰ ਇਹ ਤਿੰਨੇ ਅਕਾਲੀ ਲੀਡਰ ਬਰਗਾੜੀ ਮੋਰਚੇ ਵਿੱਚ ਸ਼ਾਮਲ ਹੋ ਗਏ ਤਾਂ ਯਕੀਨੀ ਤੌਰ 'ਤੇ ਬਾਦਲਾਂ ਦੀ ਪ੍ਰਭੂਸੱਤਾ ਨੂੰ ਬਹੁਤ ਡੂੰਘੀ ਸੱਟ ਵੱਜੇਗੀ।

# ਕੈਨੇਡੀਅਨ ਸਰਕਾਰ ਦੀ ਭੰਗ ਨੂੰ ਹਰੀ ਝੰਡੀ, ਲਾਗੂ ਹੋਇਆ ਕਾਨੂੰਨ



ਓਟਾਵਾ— ਕੈਨੇਡਾ 'ਚ ਬੁੱਧਵਾਰ ਤੋਂ ਭੰਗ ਨੂੰ ਕਾਨੂੰਨੀ ਤੌਰ 'ਤੇ ਖਰੀਦਿਆ ਜਾ ਸਕੇਗਾ। ਤੁਹਾਨੂੰ ਦੱਸ ਦਈਏ ਕਿ ਕੈਨੇਡਾ ਦੁਨੀਆ ਦਾ ਅਜਿਹਾ ਦੂਜਾ ਦੇਸ਼ ਹੈ ਜਿਸ ਨੇ ਭੰਗ ਨੂੰ ਕਾਨੂੰਨੀ ਮਾਨਤਾ ਦਿੱਤੀ ਹੈ। ਇਸ ਤੋਂ ਪਹਿਲਾਂ ਉਰੂਗਵੇ ਦੇਸ਼ 'ਚ ਭੰਗ ਨੂੰ ਕਾਨੂੰਨੀ ਮਾਨਤਾ ਮਿਲੀ ਹੈ। 17 ਅਕਤਬੂਰ ਦਾ ਬਹੁਤ ਸਾਰੇ ਕੈਨੇਡੀਅਨਜ਼ ਨੂੰ ਬੇਸਬਰੀ ਨਾਲ ਇੰਤਜ਼ਾਰ ਸੀ ਕਿਉਂਕਿ ਇੱਥੇ ਰਹਿ ਰਹੇ ਬਹੁਤ ਸਾਰੇ ਵਪਾਰੀ ਜਿਨ੍ਹਾਂ 'ਚ ਪੰਜਾਬੀਆਂ ਦੀ ਗਿਣਤੀ ਵੀ ਜ਼ਿਆਦਾ ਹੈ, ਭੰਗ ਦੀ ਵਿਕਰੀ ਨੂੰ ਤਵੱਜੋ ਦੇ ਰਹੇ ਹਨ। ਇੱਥੇ ਦਹਾਕਿਆਂ ਤੋਂ ਗੈਰ ਕਾਨੂੰਨੀ ਨਸ਼ਿਆਂ ਦੀ ਸੂਚੀ ਵਿਚ ਰਹੀ ਭੰਗ ਭਾਵ 'ਪੌਟ' ਨੂੰ ਸਰਕਾਰ ਨੇ ਆਮ ਖਰੀਦ ਲਈ ਹਰੀ ਝੰਡੀ ਦੇ ਦਿੱਤੀ ਹੈ। ਤੁਹਾਨੂੰ ਦੱਸ ਦਈਏ ਕਿ ਜੂਨ 2018 'ਚ ਭੰਗ ਸਬੰਧੀ ਬਿੱਲ ਸੀ-45 ਪਾਸ ਹੋ ਗਿਆ ਸੀ। ਉਦੋਂ ਤੋਂ ਹੀ ਬਹੁਤ ਸਾਰੇ ਇਨਵੈਸਟਰਾਂ ਨੇ ਇਸ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ ਅਤੇ ਪੰਜਾਬੀਆਂ ਸਮੇਤ ਕਈਆਂ ਨੇ ਭੰਗ ਦੇ ਠੇਕੇ ਲੈਣੇ ਵੀ ਸ਼ੁਰੂ ਕਰ ਦਿੱਤੇ ਸਨ।ਤੁਹਾਨੂੰ ਦੱਸ ਦਈਏ ਕਿ ਕੈਨੇਡਾ ਦੀ ਮਸ਼ਹੂਰ 'ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ' ਦੇ ਕੈਂਪਸ 'ਚ ਵੀ ਵਿਦਿਆਰਥੀਆਂ ਨੂੰ ਭੰਗ ਪੀਣ ਦੀ ਇਜ਼ਾਜ਼ਤ ਦੇ ਦਿੱਤੀ ਗਈ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਕੈਨੇਡਾ ਦਾ ਢਾਂਚਾ ਨੌਜਵਾਨਾਂ ਅਤੇ ਸਮਾਜ ਨੂੰ ਭੰਗ ਦੇ ਗੈਰ ਕਾਨੂੰਨੀ ਵਪਾਰ ਤੋਂ ਬਚਾਉਣ ਵਿਚ ਕਾਰਗਰ ਸਿੱਧ ਨਹੀਂ ਹੋ ਰਿਹਾ ਤੇ ਇਸ ਲਈ ਇਹ ਪਾਬੰਦੀ ਹਟਾਈ ਜਾ ਰਹੀ ਹੈ। ਹਾਲਾਂਕਿ ਇਸ ਕਾਨੂੰਨ ਨੂੰ ਲਾਗੂ ਕਰਨ ਵਿਚ ਕਾਫੀ ਚੁਣੌਤੀਆਂ ਆ ਰਹੀਆਂ ਹਨ। ਫੈਡਰਲ ਸਰਕਾਰ ਦੇ ਇਸ ਫੈਸਲੇ ਨੂੰ ਸੂਬਾਈ ਅਤੇ ਮਿਊਂਸੀਪਲ ਪੱਧਰ 'ਤੇ ਲਾਗੂ ਕਰਨ ਬਾਰੇ ਕਈ ਖਦਸ਼ੇ ਹਨ।

ਬਹੁਤ ਸਾਰੇ ਲੋਕ ਭੰਗ ਦੇ ਕਾਨੂੰਨੀ ਹੋਣ 'ਤੇ ਖੁਸ਼ ਹਨ ਹਾਲਾਂਕਿ ਕਈਆਂ ਨੇ ਇਸ ਦਾ ਵਿਰੋਧ ਵੀ ਕੀਤਾ ਹੈ। ਸਰਕਾਰ ਨੇ ਭਾਵੇਂ ਭੰਗ ਰੱਖਣ ਦੀ ਕਾਨੂੰਨੀ ਮਾਨਤਾ ਦੇ ਦਿੱਤੀ ਹੈ ਪਰ ਇਸ ਦੇ ਸਖਤ ਨਿਯਮਾਂ ਨੂੰ ਸਮਝਣਾ ਵੀ ਲੋਕਾਂ ਲਈ ਜ਼ਰੂਰੀ ਹੈ। ਨਿਯਮਾਂ ਮੁਤਾਬਕ ਲੋਕ 150 ਗ੍ਰਾਮ ਤਕ ਭੰਗ ਆਪਣੇ ਕੋਲ ਰੱਖ ਸਕਦੇ ਹਨ। ਇੱਥੋਂ ਦੀ ਵਿਰੋਧੀ ਧਿਰ ਕੰਜ਼ਰਵੇਟਿਵ ਦੇ ਹਾਊਸ ਲੀਡਰ ਕੈਂਡਿਸ ਬਰਗਨ ਨੇ ਇਸ ਨੂੰ ਸਰਕਾਰ ਦਾ ਕਾਹਲੀ 'ਚ ਲਿਆ ਗਿਆ ਫੈਸਲਾ ਦੱਸਿਆ ਹੈ। ਡੈਮੋਕ੍ਰੇਟਿਕ ਆਗੂ ਜਗਮੀਤ ਸਿੰਘ ਨੇ ਕਿਹਾ ਕਿ ਉਹ ਇਸ ਦਾ ਸਮਰਥਨ ਕਰਦੇ ਹਨ ਪਰ ਸਰਕਾਰ ਇਸ ਨਾਲ ਜੁੜੀਆਂ ਸਮੱਸਿਆਵਾਂ ਨੂੰ ਸੁਲਝਾ ਰਹੀ ਹੈ। ਦੇਖਣਾ ਹੋਵੇਗਾ ਕਿ ਇਹ ਕਾਨੂੰਨ ਕਿੰਨਾ ਕੁ ਸਫਲ ਰਹਿੰਦਾ ਹੈ ਅਤੇ ਇਸ ਦੇ ਕਿਸ ਤਰ੍ਹਾਂ ਦਾ ਪ੍ਰਭਾਵ ਪੈਂਦੇ ਹਨ।

## ਦੋ ਦਿਨਾਂ 'ਚ ਹੀ ਕੈਨੇਡੀਅਨਜ਼ ਨੇ ਖਰੀਦ ਲਈ ਸਾਰੀ ਭੰਗ, ਖਾਲੀ ਕਰ ਛੱਡੇ ਸਟੋਰ

ਓਟਾਵਾ- ਕੈਨੇਡਾ 'ਚ 17 ਅਕਤੂਬਰ ਨੂੰ ਭੰਗ 'ਤੇ ਕਾਨੂੰਨੀ ਮੋਹਰ ਲੱਗ ਗਈ ਅਤੇ ਇਸ ਦੇ ਨਾਲ ਹੀ ਧੜੱਲੇ ਨਾਲ ਇਸ ਦੀ ਵਿਕਰੀ ਸ਼ੁਰੂ ਹੋ ਗਈ। ਭੰਗ ਦੇ ਸ਼ੌਕੀਨਾਂ ਦੀਆਂ ਲੰਬੀਆਂ ਲਾਈਨਾਂ 16 ਅਕਤੂਬਰ ਦੀ ਰਾਤ ਤੋਂ ਹੀ ਸਟੋਰਾਂ ਦੇ ਬਾਹਰ ਲੱਗ ਗਈਆਂ ਸਨ। ਕੋਈ ਸੋਚ ਵੀ ਨਹੀਂ ਸਕਦਾ ਸੀ ਕਿ ਭੰਗ ਨੂੰ ਮਾਨਤਾ ਮਿਲਣ ਦੇ ਇਕ ਦਿਨ ਬਾਅਦ ਹੀ ਬਹੁਤ ਸਾਰੇ ਸਟੋਰਾਂ 'ਚ ਭੰਗ ਖਤਮ ਹੋ ਜਾਵੇਗੀ। ਬਹੁਤ ਸਾਰੇ ਲੋਕਾਂ ਨੇ ਕਿਹਾ ਕਿ ਕਈ ਥਾਵਾਂ 'ਤੇ ਭੰਗ ਦੀ ਵਧੇਰੇ ਡਿਮਾਂਡ ਹੋਣ ਕਾਰਨ ਕਾਫੀ ਮਹਿੰਗੀ ਵੇਚੀ ਜਾ ਰਹੀ ਹੈ। ਕਈ ਸਟੋਰਾਂ ਦੇ ਬਾਹਰ ਤਾਂ ਇੰਨੀ ਕੁ ਭੀੜ ਇਕੱਠੀ ਹੋ ਗਈ ਕਿ ਲੋਕਾਂ ਨੂੰ ਹਟਾਉਣ ਲਈ ਪੁਲਸ ਦੀ ਮਦਦ ਲੈਣੀ ਪਈ। ਅਲੈਗਜ਼ੈਂਡਰ ਨਾਂ ਦੇ ਵਿਅਕਤੀ ਨੇ ਕਿਹਾ ਕਿ ਹਾਲਾਂਕਿ ਉਹ ਭੰਗ ਨਹੀਂ ਖਰੀਦ ਸਕਿਆ ਪਰ ਇਸ ਦੌਰਾਨ ਉਸ ਨੇ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਕਈ ਲੋਕਾਂ ਨਾਲ ਉਸਦੀ ਦੋਸਤੀ ਹੋ ਗਈ। ਉਸ ਨੇ ਕਿਹਾ ਕਿ ਲੋਕ ਕੰਮ ਛੱਡ ਕੇ ਲੰਬੀਆਂ ਲਾਈਨਾਂ 'ਚ 8-8 ਘੰਟਿਆਂ ਤਕ ਇੰਤਜ਼ਾਰ ਕਰਦੇ ਰਹੇ। ਪਾਰਟੀਆਂ ਦੌਰਾਨ ਨੌਜਵਾਨ ਮੁੰਡੇ-ਕੁੜੀਆਂ ਭੰਗ ਪੀਂਦੇ ਦਿਖਾਈ ਦਿੱਤੇ। ਉਨ੍ਹਾਂ ਕਿਹਾ ਕਿ ਉਹ ਇਸ ਗੱਲ ਤੋਂ ਬਹੁਤ ਖੁਸ਼ ਹਨ ਕਿ ਸਰਕਾਰ ਨੇ ਉਨ੍ਹਾਂ ਦੇ ਹਿੱਤ 'ਚ ਫੈਸਲਾ ਦਿੱਤਾ ਹੈ। ਓਂਟਾਰੀਓ ਸੂਬੇ 'ਚ ਭੰਗ ਵੇਚਣ ਵਾਲੇ ਸਟੋਰ ਮਾਲਕਾਂ ਨੇ ਦੱਸਿਆ ਕਿ 17 ਅਕਤੂਬਰ ਦੇ ਤੜਕਸਾਰ ਹੀ ਉਨ੍ਹਾਂ ਨੂੰ 38,000 ਆਨਲਾਈਨ ਆਰਡਰ ਮਿਲੇ ਸਨ ਅਤੇ ਪੂਰੇ ਦਿਨ ਦਾ ਡਾਟਾ ਅਜੇ ਉਹ ਗਿਣ ਹੀ ਨਹੀਂ ਸਕੇ ਹਨ। ਕਿਊਬਿਕ ਦੇ ਸਟੋਰ ਮਾਲਕਾਂ ਨੇ ਦੱਸਿਆ ਕਿ ਉਨ੍ਹਾਂ ਨੂੰ 42,000 ਤੋਂ ਵਧੇਰੇ ਆਰਡਰ ਮਿਲੇ, ਜਿਸ ਬਾਰੇ ਉਹ ਸੋਚ ਨਹੀਂ ਸਕਦੇ ਸਨ। ਹਾਲਾਂਕਿ ਛੋਟੇ ਸੂਬਿਆਂ ਜਿਵੇਂ ਨੋਵਾ ਸਕੋਟੀਆ ਅਤੇ ਪ੍ਰਿੰਸ ਐਡਵਰਡ ਦੇ ਸਟੋਰ ਮਾਲਕਾਂ ਨੇ ਭੰਗ ਦੀ 660,000 ਡਾਲਰ ਅਤੇ 152,000 ਡਾਲਰ ਦੀ ਵਿਕਰੀ ਕੀਤੀ।

## ਭੂਚਾਲ ਦੇ 4 ਜ਼ਬਰਦਸਤ ਝਟਕਿਆਂ ਨੇ ਕੈਨੇਡਾ ਵਾਸੀਆਂ ਨੂੰ ਛੇੜੀ ਕੰਬਣੀ




ਓਟਾਵਾ— ਕੈਨੇਡਾ ਦੇ ਵੈਸਟ ਕੋਸਟ 'ਤੇ 4 ਜ਼ਬਰਦਸਤ ਭੂਚਾਲਾਂ ਦੀ ਖਬਰ ਮਿਲੀ ਹੈ। ਇਨ੍ਹਾਂ ਭੂਚਾਲਾਂ ਦੀ ਤੀਬਰਤਾ ਰਿਕਟਰ ਪੈਮਾਨੇ 'ਤੇ 6.6, 6.8,6.5 ਤੇ 4.9 ਮਾਪੀ ਗਈ ਹੈ। ਇਸ ਦੀ ਜਾਣਕਾਰੀ ਅਮਰੀਕੀ ਭੂ-ਗਰਗ ਸਰਵੇ ਵਿਭਾਗ ਨੇ ਦਿੱਤੀ ਹੈ। ਭਾਗ ਨੇ ਦੱਸਿਆ ਕਿ ਭੂਚਾਲ ਦਾ ਪਹਿਲਾ ਝਟਕਾ ਐਤਵਾਰ ਦੇਰ ਰਾਤ ਕਰੀਬ 10:39 ਵਜੇ ਮਹਿਸੂਸ ਕੀਤਾ ਗਿਆ, ਜਿਸ ਦੀ ਤੀਬਰਤਾ 6.6 ਸੀ। ਇਹ ਭੂਚਾਲ ਪੋਰਟ ਹਾਰਡੀ, ਜੋ ਕਿ ਬ੍ਰਿਟਿਸ਼ ਕੋਲੰਬੀਆ ਦੇ ਵੈਨਕੂਵਰ ਆਈਸਲੈਂਡ ਤੋਂ ਦੱਖਣ-ਪੱਛਮ 'ਚ 218 ਕਿਲੋਮੀਟਰ ਦੂਰ ਸਥਿਤ ਹੈ, ਆਈਸਲੈਂਡ 'ਤੇ ਆਇਆ। ਦੂਜੇ ਭੂਚਾਲ ਦੇ ਝਟਕੇ ਵੀ ਦੇਰ ਰਾਤ 11:16 ਵਜੇ ਇਸੇ ਥਾਂ ਮਹਿਸੂਸ ਕੀਤੇ ਗਏ। ਇਸ ਤੋਂ ਤੀਜੇ ਭੂਚਾਲ ਦੇ ਝਟਕੇ ਕਰੀਬ 6 ਮਿੰਟ ਬਾਅਦ 6.5 ਤੇ ਕਰੀਬ 14 ਮਿੰਟ ਬਾਅਦ ਚੌਥੇ ਭੂਚਾਲ (4.9 ਤੀਬਰਤਾ) ਦੇ ਝਟਕੇ ਮਹਿਸੂਸ ਕੀਤੇ ਗਏ। ਅਜੇ ਇਨ੍ਹਾਂ ਭੂਚਾਲਾਂ ਕਾਰਨ ਕਿਸੇ ਤਰ੍ਹਾਂ ਦੇ ਨੁਕਸਾਨ ਜਾਂ ਕਿਸੇ ਦੇ ਜ਼ਖਮੀ ਹੋਣ ਦੀ ਜਾਣਕਾਰੀ ਨਹੀਂ ਮਿਲੀ ਹੈ ਤੇ ਨਾ ਹੀ ਸਰਕਾਰ ਵਲੋਂ ਅਜੇ ਸੁਨਾਮੀ ਦੀ ਚਿਤਾਵਨੀ ਜਾਰੀ ਨਹੀਂ ਕੀਤੀ ਹੈ।

## ਟਰੂਡੋ ਹਾਲੇ ਵੀ ਕੈਨੇਡੀਅਨਾਂ ਦੀ ਪਹਿਲੀ ਪਸੰਦ, ਸਿੱਖ ਲੀਡਰ ਜਗਮੀਤ ਪੱਛੜੇ

ਵੈਨਕੂਵਰ- ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਆਪਣੇ ਦੇਸ਼ਵਾਸੀਆਂ ਦੇ ਹਰਮਨਪਿਆਰੇ ਹਨ।ਪ੍ਰਸਿੱਧੀ ਦੇ ਮਾਮਲੇ ਵਿੱਚ ਉਨ੍ਹਾਂ ਦੇ ਵਿਰੋਧੀ ਉਨ੍ਹਾਂ ਤੋਂ ਅੱਗੇ ਨਹੀਂ ਨਿੱਕਲ ਸਕੇ।ਦੇਸ਼ ਵਿੱਚ ਫੈਡਰਲ ਚੋਣਾਂ ਤੋਂ ਇੱਕ ਸਾਲ ਪਹਿਲਾਂ ਕੀਤੇ ਸਰਵੇਖਣ ਵਿੱਚ ਸਾਹਮਣੇ ਆਇਆ ਹੈ ਕਿ 80 ਫ਼ੀਸਦੀ ਸੰਭਾਵੀ ਵੋਟਰ ਲਿਬਰਲ ਪਾਰਟੀ ਦੇ ਨੇਤਾ ਜਸਟਿਨ ਟਰੂਡੋ ਦੀ ਲੀਡਰਸ਼ਿਪ ਤੋਂ ਪ੍ਰਸੰਨ ਹਨ। ਇਸ ਦੇ ਉਲਟ ਨਿਊ ਡੈਮੋਕ੍ਰੈਟਿਕ ਪਾਰਟੀ ਦੇ ਨੇਤਾ ਜਗਮੀਤ ਸਿੰਘ ਦੇ ਪ੍ਰਦਰਸ਼ਨ ਤੋਂ 50 ਕੁ ਫ਼ੀਸਦ ਵੋਟਰ ਹੀ ਸੰਤੁਸ਼ਟ ਹਨ। ਜਦਕਿ, ਕੰਜ਼ਰਵੇਟਿਵ ਪਾਰਟੀ ਦੇ ਲੀਡਰ ਤੇ ਕੈਨੇਡਾ ਦੀ ਕੌਮੀ ਸੰਸਦ ਵਿੱਚ ਵਿਰੋਧੀ ਧਿਰ ਦੇ ਨੇਤਾ ਐਂਡ੍ਰਿਊ ਸਚਿਰ ਦੋ ਤਿਹਾਈ ਵੋਟਰਾਂ ਨੂੰ ਹੀ ਪਸੰਦ ਹਨ। ਇਹ ਨਤੀਜੇ ਲੋਕ ਰਾਏ ਖੋਜ ਅਦਾਰੇ, ਐਨਗਸ ਰੀਡ ਇੰਸਟੀਚਿਊਟ (ਏਆਰਆਈ) ਵੱਲੋਂ ਕੌਮੀ ਸਰਵੇਖਣ ਦੇ ਵਿਸ਼ਲੇਸ਼ਣ ਦੌਰਾਨ ਸਾਹਮਣੇ ਆਏ ਹਨ। ਏਆਰਆਈ ਵੱਲੋਂ ਕੀਤੇ ਸਰਵੇਖਣ ਦੌਰਾਨ ਪਤਾ ਲੱਗਾ ਹੈ ਕਿ ਐਨਡੀਪੀ ਦੇ ਨੇਤਾ ਜਗਮੀਤ ਸਿੰਘ ਵੋਟਰਾਂ ਵਿੱਚ ਉਤਸ਼ਾਹ ਤੇ ਜੋਸ਼ ਦੀ ਚਿਣਗ ਜਗਾਉਣ ਵਿੱਚ ਤਾਂ ਸਫ਼ਲ ਹੋਏ ਹਨ



ਜਦਕਿ ਅਗਲੇ ਸਾਲ ਬੈਲਟ ਬੌਕਸ 'ਤੇ ਉਨ੍ਹਾਂ ਨੂੰ ਚੁਣਨ ਲਈ ਵੋਟਰ ਦੁਬਿਧਾ ਵਿੱਚ ਹਨ।ਸਰਵੇਖਣ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਸਿਰਫ਼ 34 ਫ਼ੀਸਦ ਵੋਟਰਾਂ ਨੂੰ ਹੀ ਪੂਰਾ ਯਕੀਨ ਹੈ ਕਿ ਜਗਮੀਤ ਸਿੰਘ ਅਗਲੀਆਂ ਚੋਣਾਂ ਵਿੱਚ ਸਫ਼ਲ ਹੋ ਜਾਣਗੇ।ਜਗਮੀਤ ਤੋਂ ਅੱਗੇ ਕੈਨੇਡਾ ਦੇ ਮੌਜੂਦਾ ਵਿਰੋਧੀ ਧਿਰ ਦੇ ਨੇਤਾ ਐਂਡ੍ਰਿਊ ਸਚਿਰ ਵੀ ਹਨ।ਸਰਵੇਖਣ ਵਿੱਚ ਤਕਰੀਬਨ 65% ਵੋਟਰਾਂ ਨੇ ਉਨ੍ਹਾਂ ਨੂੰ ਪਸੰਦ ਕੀਤਾ ਹੈ। ਹਾਲਾਂਕਿ, ਟਰੂਡੋ ਹਰਮਨਪਿਆਰੇ ਜ਼ਰੂਰ ਹਨ ਪਰ ਉਨ੍ਹਾਂ ਲਈ ਸਭ ਠੀਕ ਨਹੀਂ ਹੈ।ਸਰਵੇਖਣ ਵਿੱਚ ਸਾਹਮਣੇ ਆਇਆ ਹੈ ਕਿ ਲੋਕ ਮੱਤਦਾਨ ਦੌਰਾਨ ਮੌਜੂਦ ਹੋਰ ਸਿਆਸੀ ਵਿਕਲਪਾਂ ਵੱਲ ਜਾ ਸਕਦੇ ਹਨ।ਏਆਰਆਈ ਨੇ ਬੇਤਰਤੀਬੇ ਤਰੀਕੇ (ਰੈਂਡਮ) ਨਾਲ ਚੁਣੇ 1500 ਕੈਨੇਡੀਅਨ ਤੋਂ ਸਵਾਲਾਂ ਦੇ ਜਵਾਬਾਂ ਤੋਂ ਇਸ ਸਰਵੇਖਣ ਦੇ ਨਤੀਜੇ ਲਏ ਹਨ।1500 ਲੋਕਾਂ ਵਿੱਚੋਂ ਹਰੇਕ ਪਾਰਟੀ (ਲਿਬਰਲ, ਕੰਜ਼ਰਵੇਟਿਵ ਅਤੇ ਐਨਡੀਪੀ) ਦੇ 500-500 ਸਮਰਥਕਾਂ ਨੂੰ ਸ਼ਾਮਲ ਕੀਤਾ ਗਿਆ ਸੀ।

## ਧੀ ਨੇ 92 ਸਾਲਾ ਪਿਤਾ ਦਾ ਜਨਮਦਿਨ ਬਣਾਇਆ ਖਾਸ, 4,500 ਲੋਕਾਂ ਨੇ ਦਿੱਤੀਆਂ ਦੁਆਵਾਂ

ਓਂਟਾਰੀਓ — ਕੈਨੇਡਾ ਦੇ ਸੂਬੇ ਓਂਟਾਰੀਓ ਵਿਚ 92 ਸਾਲਾ ਬਜ਼ੁਰਗ ਦਾ ਜਨਮਦਿਨ ਉਸ ਲਈ ਯਾਦਗਾਰ ਬਣ ਗਿਆ। ਉਸ ਨੂੰ ਆਪਣੇ ਜਨਮਦਿਨ 'ਤੇ ਇਕ-ਦੋ ਨਹੀਂ ਸਗੋਂ 4,500 ਕਾਰਡ ਮਿਲੇ। ਇਹ ਕਾਰਡ ਉਸ ਨੂੰ ਆਪਣੇ ਪਰਿਵਾਰ ਵਾਲਿਆਂ ਅਤੇ ਰਿਸ਼ਤੇਦਾਰਾਂ ਤੋਂ ਨਹੀਂ ਸਗੋਂ ਪੂਰੀ ਦੁਨੀਆ ਦੇ ਲੋਕਾਂ ਵੱਲੋਂ ਭੇਜੇ ਗਏ ਸਨ। ਇਨ੍ਹਾਂ ਕਾਰਡਾਂ ਨਾਲ ਉਸ ਨੇ ਆਪਣੇ



ਪੂਰੇ ਘਰ ਨੂੰ ਸਜਾਇਆ।ਸਹੀ ਅਰਥਾਂ ਵਿਚ 92 ਸਾਲਾ ਜੇਰਾਰਡ ਡੁਨ ਦਾ ਜਨਮਦਿਨ ਬੀਤੇ ਮਹੀਨੇ ਸ਼ੁਰੂ ਹੋਇਆ ਜਦੋਂ ਉਸ ਦੀ ਧੀ ਮਿਰਿਅਮ ਨੇ ਸੋਸ਼ਲ ਮੀਡੀਆ 'ਤੇ ਇਸ ਸਬੰਧੀ ਅਪੀਲ ਕੀਤੀ ਸੀ। ਅਸਲ ਵਿਚ ਉਸ ਦੀ ਮਾਂ ਦੀ ਪਿਛਲੇ ਬਸੰਤ ਵਿਚ ਮੌਤ ਹੋ ਗਈ ਸੀ ਅਤੇ ਉਸ ਦਾ ਪਿਤਾ ਇਕੱਲਾਪਨ ਮਹਿਸੂਸ ਕਰਦਾ ਸੀ। ਜੇਰਾਰਡ ਹੁਣ ਉਦਾਸ ਰਹਿੰਦਾ ਸੀ ਅਤੇ ਰੋਜ਼ਾਨਾ ਮੇਲ ਦੀ ਉਡੀਕ ਕਰਦਾ ਸੀ। ਉਸ ਦੀ ਧੀ ਮਿਰਿਅਮ ਨੇ ਉਨ੍ਹਾਂ ਦੇ ਜਨਮਦਿਨ ਨੂੰ ਖਾਸ ਬਣਾਉਣ ਦੀ ਸੋਚੀ। ਮਿਰਿਅਮ ਨੇ ਲੋਕਾਂ ਨੂੰ ਸੋਸ਼ਲ ਮੀਡੀਆ 'ਤੇ ਅਪੀਲ ਕੀਤੀ ਕਿ ਉਸ ਦੇ ਪਿਤਾ ਨੂੰ ਜਨਮਦਿਨ ਦੇ ਮੌਕੇ 'ਤੇ ਇਕ ਕਾਰਡ ਜਾਂ ਪੱਤਰ ਭੇਜਣ।ਲੋਕਾਂ ਨੇ ਜਲਦੀ ਹੀ ਮਿਰਿਅਮ ਦੀ ਅਪੀਲ ਸਵੀਕਾਰ ਕਰ ਲਈ। ਉਸ ਦੇ ਸ਼ੁੱਭਚਿੰਤਕਾਂ ਨੇ ਜਲਦੀ ਹੀ ਉਨ੍ਹਾਂ ਲਈ ਕਾਰਡ ਅਤੇ ਵਧਾਈ ਪੱਤਰ ਭੇਜਣੇ ਸ਼ੁਰੂ ਕਰ ਦਿੱਤੇ।

ਜੇਰਾਰਡ ਦੀ ਦੂਜੀ ਧੀ ਕੋਮਿਲਾ ਓਂਟਾਰੀਓ ਵਿਚ ਆਪਣੇ ਘਰ ਤੋਂ ਆਪਣੇ ਪਿਤਾ ਦੀ ਮੇਲ ਬੋਨਾਨਜ਼ਾ ਨੂੰ ਚੈੱਕ ਕਰ ਰਹੀ ਸੀ। ਉਸ ਨੇ ਸਾਰੇ ਕਾਰਡਾਂ ਨਾਲ ਪੂਰੇ ਘਰ ਨੂੰ ਸਜਾ ਦਿੱਤਾ। ਜੇਰਾਰਡ ਨੇ ਆਪਣੀ ਪਤਨੀ ਨੂੰ ਯਾਦ ਕਰਦਿਆਂ ਕਿਹਾ ਕਿ ਉਹ ਇਹ ਸਾਰੇ ਕਾਰਡ ਤੇ ਪੱਤਰ ਦੇਖ ਕੇ ਹੈਰਾਨ ਰਹਿ ਜਾਂਦੀ।ਮਿਰਿਅਮ, ਕੋਮਿਲਾ ਅਤੇ ਪਰਿਵਾਰ ਦੇ ਹੋਰ ਮੈਂਬਰਾਂ ਨੇ ਇਨ੍ਹਾਂ ਕਾਰਡਾਂ ਅਤੇ ਪੱਤਰਾਂ ਨੂੰ ਖੋਲ੍ਹਣ ਵਿਚ ਜੇਰਾਰਡ ਦੀ ਮਦਦ ਕੀਤੀ ਪਰ ਜੇਰਾਰਡ ਨੇ ਖੁਦ ਮੇਲ ਦੇ ਹਰੇਕ ਹਿੱਸੇ ਨੂੰ ਦੇਖਿਆ।

## ਕੈਨੇਡਾ 'ਚ ਪੰਜਾਬੀ ਨੌਜਵਾਨ 'ਤੇ ਲੱਗੇ ਨਸ਼ਾ ਤਸਕਰੀ ਦੇ ਦੋਸ਼

ਸਰੀ— ਕੈਨੇਡਾ 'ਚ ਨਸ਼ਾ ਤਸਕਰੀ ਅਤੇ ਇਸ ਕਾਰਨ ਹੋਣ ਵਾਲੀਆਂ ਮੌਤਾਂ ਦੀਆਂ ਖਬਰਾਂ ਰੋਜ਼ਾਨਾ ਸੁਣਨ ਨੂੰ ਮਿਲਦੀਆਂ ਹਨ। ਮੁੱਦੇ ਦੀ ਗੱਲ ਇਹ ਹੈ ਕਿ ਜਦ ਤਕ ਨਸ਼ੇ ਵਿਕਦੇ ਰਹਿਣਗੇ ਉਦੋਂ ਤਕ ਨੌਜਵਾਨਾਂ ਦਾ ਭਵਿੱਖ ਖਤਰੇ 'ਚ ਹੀ ਰਹੇਗਾ, ਲੋੜ ਹੈ ਨਸ਼ਾ ਤਸਕਰੀ ਨੂੰ ਸਖਤੀ ਨਾਲ ਰੋਕਣ ਦੀ। ਇਸੇ ਕਾਰਵਾਈ ਤਹਿਤ ਕੈਨੇਡਾ 'ਚ ਕਈ ਪੰਜਾਬੀ ਵੀ ਪੁਲਸ ਦੇ ਅੜਿੱਕੇ ਚੜ੍ਹੇ ਹਨ। ਪਿਛਲੇ ਸਾਲ ਅਗਸਤ 'ਚ ਪੁਲਸ ਨੇ ਪੰਜਾਬੀ ਨੌਜਵਾਨ ਗੁਰਪ੍ਰੀਤ ਮੰਡ ਨੂੰ ਨਸ਼ੇ ਸਮੇਤ ਕਾਬੂ ਕੀਤਾ ਸੀ ਅਤੇ ਹੁਣ ਉਸ 'ਤੇ ਡਰੱਗ ਤਸਕਰੀ ਦੇ ਦੋਸ਼ ਲਗਾਏ ਗਏ ਹਨ। ਸਰੀ ਨਿਵਾਸੀ 39 ਸਾਲਾ ਗੁਰਪ੍ਰੀਤ ਕੋਲੋਂ ਨਸ਼ੀਲੇ ਪਦਾਰਥਾਂ ਦੇ 13 ਬੈਗ ਮਿਲੇ ਸਨ। ਕੈਨੇਡਾ ਬਾਰਡਰ ਸਰਵਿਸ ਏਜੰਸੀ ਅਤੇ ਆਰ. ਸੀ. ਐੱਮ. ਪੀ. ਬਾਰਡਰ ਇਨਫੋਰਸਮੈਂਟ ਟੀਮ ਨੇ ਇਸ ਮਾਮਲੇ ਦੀ ਜਾਂਚ ਕੀਤੀ ਹੈ।ਪੁਲਸ ਨੇ ਉਸ 'ਤੇ ਦੋਸ਼ ਲਗਾਏ ਹਨ ਕਿ ਉਸ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਲਈ ਨਸ਼ੀਲੇ ਪਦਾਰਥਾਂ ਨੂੰ ਆਪਣੇ ਕੋਲ ਰੱਖਿਆ ਸੀ। 18 ਅਗਸਤ, 2017 ਨੂੰ ਤੜਕੇ ਇਕ ਵਜੇ ਮੰਡ ਜਦੋਂ ਅਮਰੀਕਾ ਤੋਂ ਕੈਨੇਡਾ ਵਾਪਸ ਆ ਰਿਹਾ ਸੀ, ਉਸ ਸਮੇਂ ਡੋਗਲਜ਼ ਪੋਰਟ ਇਲਾਕੇ 'ਚ ਐਂਟਰੀ ਦੌਰਾਨ ਪੁਲਸ ਨੇ ਜਾਂਚ-ਪੜਤਾਲ ਦੌਰਾਨ ਉਸ ਨੂੰ ਫੜਿਆ ਸੀ। ਉਸ ਕੋਲੋਂ ਲਗਭਗ 13 ਕਿਲੋ ਨਸ਼ੀਲੇ ਪਦਾਰਥ ਮਿਲੇ ਸਨ, ਜਿਨ੍ਹਾਂ ਦੀਆਂ 1,30,000 ਡੋਜ਼ਜ਼ ਬਣ ਸਕਦੀਆਂ ਹਨ।ਕੈਨੇਡਾ ਬਾਰਡਰ ਸਰਵਿਸ ਏਜੰਸੀ ਦੇ ਚੀਫ ਆਫ ਆਪ੍ਰੇਸ਼ਨਜ਼ ਹੋਲੀ ਸਟੋਨਰ ਨੇ ਕਿਹਾ ਕਿ ਸਾਡੇ ਅਧਿਕਾਰੀ ਲਗਾਤਾਰ ਇਸ ਮਾਮਲੇ ਦੀ ਜਾਂਚ ਕਰਨ 'ਚ ਜੁਟੇ ਹੋਏ ਸਨ ਅਤੇ ਉਨ੍ਹਾਂ ਨੇ ਮੰਡ ਨੂੰ ਦੋਸ਼ੀ ਪਾਇਆ ਹੈ। ਤੁਹਾਨੂੰ ਦੱਸ ਦਈਏ ਕਿ ਕੈਨੇਡਾ 'ਚ ਵੱਡੀ ਗਿਣਤੀ 'ਚ ਪੰਜਾਬੀ ਰਹਿੰਦੇ ਹਨ ਅਤੇ ਬਹੁਤ ਸਾਰੇ ਨੌਜਵਾਨ ਭਟਕ ਕੇ ਗੈਂਗ ਹਿੰਸਾ ਅਤੇ ਨਸ਼ਿਆਂ ਦੀ ਤਸਕਰੀ 'ਚ ਸ਼ਾਮਲ ਹਨ ਅਤੇ ਹੋਰਾਂ ਦੀਆਂ ਜ਼ਿੰਦਗੀਆਂ ਖਤਰੇ 'ਚ ਪਾ ਰਹੇ ਹਨ।

## ਐਬਟਸਫੋਰਡ 'ਚ ਇਕ ਹੋਰ ਕਤਲ, ਕੈਨੇਡੀਅਨ ਬੈਂਕ ਅੱਗੇ ਹੋਈ ਗੋਲੀਬਾਰੀ



ਐਬਟਸਫੋਰਡ— ਕੈਨੇਡਾ ਦੇ ਸ਼ਹਿਰ ਐਬਟਸਫੋਰਡ 'ਚ ਸ਼ਾਮ ਸਮੇਂ ਹੋਈ ਗੋਲੀਬਾਰੀ 'ਚ ਇਕ ਵਿਅਕਤੀ ਦੀ ਮੌਤ ਹੋ ਗਈ। ਜਾਣਕਾਰੀ ਮੁਤਾਬਕ ਕਲੀਅਰਬਰੂਕ ਰੋਡ 'ਤੇ ਸੀ. ਆਈ. ਬੀ. ਸੀ. ਬੈਂਕ ਦੇ ਸਾਹਮਣੇ ਸ਼ਾਮ ਦੇ ਲਗਭਗ 6:45 ਵਜੇ ਕੁੱਝ ਬਦਮਾਸ਼ਾਂ ਨੇ ਗੋਲੀਆਂ ਚਲਾਈਆਂ ਅਤੇ ਜਦ ਪੁਲਸ ਮੌਕੇ 'ਤੇ ਪੁੱਜੀ ਤਾਂ ਉਨ੍ਹਾਂ ਨੂੰ ਇਕ ਵਿਅਕਤੀ ਦੀ ਲਾਸ਼ ਮਿਲੀ। ਅਜੇ ਤਕ ਵਿਅਕਤੀ ਦੀ ਪਛਾਣ ਜਨਤਕ ਨਹੀਂ ਕੀਤੀ ਗਈ।

ਪੁਲਸ ਨੇ ਦੱਸਿਆ ਕਿ ਇਹ ਟਾਰਗੇਟ ਕਿਲਿੰਗ ਭਾਵ ਜਾਣ ਬੁੱਝ ਕੇ ਕੀਤਾ ਗਿਆ ਕਤਲ ਹੈ। ਪੁਲਸ ਅਧਿਕਾਰੀ ਜੁਡੀ ਬਰਡ ਨੇ ਇਸ ਸਬੰਧੀ ਕੁੱਝ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਇਸ ਵਿਅਕਤੀ ਦੀ ਲਾਸ਼ ਬੈਂਕ ਦੇ ਏ. ਟੀ. ਐੱਮ. ਏਰੀਏ 'ਚ ਪਈ ਸੀ ਅਤੇ ਦਰਵਾਜ਼ੇ ਦਾ ਕੱਚ ਟੁੱਟ ਕੇ ਫੈਲਿਆ ਹੋਇਆ ਸੀ। ਜਾਣਕਾਰੀ ਮੁਤਾਬਕ ਗੋਲੀਬਾਰੀ ਦੌਰਾਨ ਬੈਂਕ ਬੰਦ ਸੀ। ਜਾਂਚ ਅਧਿਕਾਰੀ ਇਸ ਸਥਾਨ 'ਤੇ ਜਾਂਚ ਕਰਦੇ ਹੋਏ ਦਿਖਾਈ ਦਿੱਤੇ। ਐਬਟਸਫੋਰਡ ਪੁਲਸ ਅਤੇ ਇੰਟੇਗ੍ਰੇਟਡ ਹੋਮੀਸਾਈਡ ਜਾਂਚ ਟੀਮ ਮਿਲ ਕੇ ਇਸ ਮਾਮਲੇ ਦੀ ਜਾਂਚ 'ਚ ਲੱਗ ਗਈਆਂ ਹਨ। ਤੁਹਾਨੂੰ ਦੱਸ ਦਈਏ ਕਿ ਐਬਟਸਫੋਰਡ 'ਚ 2 ਹਫਤਿਆਂ ਦੌਰਾਨ ਇਹ ਦੂਜਾ ਕਤਲ ਹੈ। 3 ਅਕਤਬੂਰ ਨੂੰ ਇਕ ਪੰਜਾਬੀ ਨੌਜਵਾਨ ਵਰਿੰਦਰਪਾਲ ਗਿੱਲ (19) ਦਾ ਵੀ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਸ ਮਾਮਲੇ ਦੀ ਵੀ ਅਜੇ ਜਾਂਚ ਚੱਲ ਰਹੀ ਹੈ। ਅਜਿਹੀਆਂ ਘਟਨਾਵਾਂ ਕਾਰਨ ਲੋਕਾਂ 'ਚ ਡਰ ਦਾ ਮਾਹੌਲ ਹੈ।

# ਦਿੱਲੀ 'ਚ ਹੋਈ ਵਰਕਸ਼ਾਪ, ਸੋਸ਼ਲ ਮੀਡੀਆ, ਡਿਜ਼ੀਟਲ ਮੀਡੀਆ 'ਚ ਕਰੀਅਰ ਕਿਵੇਂ ਬਨਾਈਏ ?










**ਸੋਸ਼ਲ ਸਕਸੈਸ ਅਕੈਡਮੀ ਦੁਆਰਾ ਆਯੋਜਿਤ**
















ਨਵੀਂ ਦਿੱਲੀ- ਸੋਸ਼ਲ ਮੀਡੀਆ, ਡਿਜ਼ੀਟਲ ਮੀਡੀਆ 'ਚ ਕਰੀਅਰ ਕਿਵੇਂ ਬਣਾਇਆ ਜਾਵੇ ਅਤੇ ਫੇਕ ਨਿਊਜ਼ ਕੀ ਹੈ, ਫੇਕ ਨਿਊਜ਼ ਨੂੰ ਕਿਵੇਂ ਪਹਿਚਾਨਿਆ ਜਾਵੇ। ਇਨ੍ਹਾਂ ਮਹੱਤਵਪੂਰਣ ਵਿਸ਼ਿਆਂ 'ਤੇ ਮੀਡੀਆ ਸਕਸੈਸ ਅਕੈਡਮੀ ਦੁਆਰਾ ਆਯੋਜਿਤ ਟ੍ਰੇਨਿੰਗ ਵਰਕਸ਼ਾਪ ਦਾ ਆਯੋਜਨ ਨਵੀ ਦਿੱਲੀ ਵਿੱਚ ਕੀਤਾ ਗਿਆ। ਇਸ ਵਰਕਸ਼ਾਪ ਵਿੱਚ ਦੇਸ਼ ਦੇ ਮੰਨੀ ਪ੍ਰਮੰਨੀ ਮੀਡੀਆ ਹਸਤੀਆਂ ਨੇ ਹਿੱਸਾ ਲਿਆ ਅਤੇ ਦੇਸ਼ ਦੇ ਅਲੱਗ-ਅਲੱਗ ਰਾਜਾਂ ਤੋਂ ਆਏ ਪੱਤਰਕਾਰਾਂ ਨੂੰ ਬਹੁਤ ਹੀ ਮਹੱਤਵਪੂਰਣ ਜਾਣਕਾਰੀ ਦਿੱਤੀ। ਅਮਰੀਕਾ 'ਚ ਪ੍ਰਕਾਸ਼ਿਤ ਸਮਾਚਾਰ ਪੱਤਰ ਸਾਊਥ ਏਸ਼ੀਅਨ ਇਨਸਾਈਡਰ ਦੇ ਮੁੱਖ ਸੰਪਾਦਕ ਸ਼ਰਨਜੀਤ ਸਿੰਘ ਥਿੰਦ, ਸੀਨੀਅਰ ਪੱਤਰਕਾਰ ਤ੍ਰਿਲੋਕ ਦੀਪ, ਸੀਨੀਅਰ ਕਲਾ ਨਿਰਦੇਸ਼ਕ ਕਾਜੀ ਮੁਹੰਮਦ ਰਾਗਿਬ, ਏ.ਐਨ.ਆਈ. ਦੀ ਸੰਪਾਦਕ ਵੀਨਿਤਾ ਪਾਂਡੇ, ਪ੍ਰਸਿੱਧ ਲੇਖਿਕਾ ਪ੍ਰੀਤਪਾਲ ਕੌਰ, ਫੈਮਸ ਬਲੋਗਰ ਵਿਭਾ ਸਚਦੇਵ ਅਤੇ ਸੋਸ਼ਲ ਮੀਡੀਆ ਐਕਸਪਰਟ ਰਵਿੰਦਰ ਕੁਮਾਰ ਅਤੇ ਮੀਡੀਆ ਮਾਰਕੀਟਿੰਗ ਐਕਸਪਰਟ ਰੇਣੁਕਾ ਨੇ ਸਾਰੇ ਪੱਤਰਕਾਰਾਂ ਨੂੰ ਬਹੁਤ ਹੀ ਤਕਨੀਕੀ ਜਾਣਕਾਰੀ ਦਿੱਤੀ। ਸੰਸਥਾ ਦੀ ਪ੍ਰਧਾਨ ਸ਼ੁਸ਼ਮਾ ਵਰਮਾ, ਟ੍ਰੇਨਿੰਗ ਇੰਚਾਰਜ ਅਤੇ ਸੀਨੀਅਰ ਪੱਤਰਕਾਰ ਪਾਰੁਲ ਸ਼ਰਮਾ, ਸੀਨੀਅਰ ਪੱਤਰਕਾਰ ਅੰਜੂ ਗਰੋਵਰ ਅਤੇ ਨੀਲਮ ਜੀਨਾ ਸਮੇਤ ਸੰਸਥਾ ਦੀ ਮੁੱਖ ਸਕੱਤਰ ਅਤੇ ਸੀਨੀਅਰ ਅਰੁਣਾ ਸਿੰਘ ਨੇ ਪੱਤਰਕਾਰੀਆਂ ਦੇ ਸੰਦਰਭ 'ਚ ਆਪਣੇ ਵਿਚਾਰ ਪਰਗਟ ਕੀਤੇ। ਜ਼ਿਕਰਯੋਗ ਹੈ ਕਿ ਮੀਡੀਆ ਸਕਸੈਸ ਅਕੈਡਮੀ ਇਕ ਐਨਜੀਓ ਹੈ ਜੋ ਪਿਛਲੇ 8 ਸਾਲ ਤੋਂ ਮੀਡੀਆ ਰਿਸਰਚ ਅਤੇ ਟ੍ਰੇਨਿੰਗ ਦੇ ਖੇਤਰ ਵਿੱਚ ਕੰਮ ਕਰ ਰਹੀ ਹੈ। ਸੰਸਥਾ ਦੀ ਸਾਰੀ ਗਤੀਵਿਧੀਆ ਸੰਸਥਾ ਦੁਆਰਾ ਚੰਦਾ ਇਕੱਠਾ ਕਰਕੇ ਚਲਾਈ ਜਾਂਦੀ ਹੈ। ਕਿਸੀ ਪ੍ਰਕਾਰ ਦੀ ਸਰਕਾਰੀ ਸਹਾਇਤਾ ਨਹੀਂ ਲਿੱਤੀ ਜਾਂਦੀ।

# ਹਮ-ਜਿਣਸੀ ਵਿਆਹ ਮਨੁੱਖੀ ਨਸਲ ਲਈ ਖ਼ਤਰਾ

ਧੋਖਾ ਦੇਣਾ ਆਪਣੇ-ਆਪ ਵਿੱਚ ਅਨੈਤਿਕ ਕੰਮ ਹੈ ਅਤੇ ਸਾਡੇ ਸਮਾਜ ਨੂੰ ਅੰਨ੍ਹੇਵਾਹ ਆਧੁਨਿਕਤਾ ਦੇ ਨਾਂ ਹੇਠ ਪੱਛਮੀਂ ਦੇਸਾਂ ਦੇ ਤਰਜ਼ 'ਤੇ ਜਿੰਦਗੀ ਨਹੀਂ ਅਪਣਾਉਣੀ ਚਾਹੀਦੀ।"



ਮ ਪ੍ਰਕਾਸ਼ ਨੇ ਸਪਸ਼ਟ ਕੀਤਾ ਕਿ ਉਹ ਸੁਪਰੀਮ ਕੋਰਟ ਪਰ ਉੱਤਰੀ ਭਾਰਤ ਦੇ ਗੀਤ-ਰਿਵਾਜ਼ ਦੱਖਣੀ ਭਾਰਤ ਨਾਲੋਂ ਵੱਖਰੇ ਹਨ। ਸਭਿਆਚਾਰਾਂ ਅਤੇ ਰਵਾਇਤਾਂ ਨੂੰ ਅਪਨਾਉਣ ਵਿੱਚ ਵੱਡਾ ਫਰਕ ਹੈ।

**ਲਿਵ-ਇਨ ਰਿਲੇਸ਼ਨਸ਼ਿਪ ਬਾਰੇ ਵੀ ਸਵਾਲ**

ਖਾਪ ਪੰਚਾਇਤਾਂ ਨੇ ਲਿਵ-ਇਨ ਰਿਲੇਸ਼ਨਸ਼ਿਪ ਵਿੱਚ ਰਹਿਣ ਵਾਲੇ ਜੋੜਿਆਂ ਦੀ ਕਾਨੂੰਨੀ ਮਾਨਤਾ ਬਾਰੇ ਵੀ ਸਵਾਲ ਚੁੱਕੇ।

ਖਾਪ ਆਗੂਆਂ ਨੇ ਕਿਹਾ ਕਿ ਅਜਿਹੇ ਜੋੜਿਆਂ ਲਈ "ਸਾਥੀ ਬਦਲਣ ਦੀ ਥਾਂ ਵਿਆਹ ਕਰਵਾਉਣ ਲਈ ਛੇ ਮਹੀਨਿਆਂ ਦੀ ਸਮਾਂ-ਹੱਦ ਮਿੱਥੀ ਜਾਣੀ ਚਾਹੀਦੀ ਹੈ।" ਨਾਂਦਲ ਖਾਪ ਦੇ ਬੁਲਾਰੇ ਦੇਵਰਾਜ ਨਾਂਦਲ ਨੇ ਦੱਸਿਆ ਖਾਪ ਨੇ ਇਨ੍ਹਾਂ ਤਿੰਨਾਂ ਮੁੱਦਿਆਂ ਬਾਰੇ ਸਰਬਸੰਮਤੀ ਨਾਲ ਮਤੇ ਪਾਸ ਕੀਤੇ ਹਨ; ਖ਼ਾਸ ਕਰਕੇ ਅਡਲਟਰੀ ਕਾਨੂੰਨ ਦੇ ਖਾਤਮੇ, ਹਮ-ਜਿਣਸੀ ਸੰਬੰਧਾਂ ਅਤੇ ਲਿਵ-ਇਨ ਰਿਸ਼ਤਿਆਂ ਉੱਪਰ ਕੁੰਡਾ ਰੱਖਣ ਬਾਰੇ। "ਨਾਂਦਲ ਖਾਪ ਕਿਸੇ ਵਿਅਕਤੀ ਦੀ ਕਿਸੇ ਕਿਸਮ ਦੀ ਆਜ਼ਾਦੀ ਦੇ ਖਿਲਾਫ਼ ਨਹੀਂ ਹੈ ਪਰ ਵਿਸ਼ਾਲ ਅਰਥਾਂ ਵਿੱਚ ਇਹ ਇੱਕ ਸਮਾਜਿਕ ਮੁੱਦਾ ਹੈ।" ਦੇਵਰਾਜ ਨੇ ਕਿਹਾ ਕਿ ਇਨ੍ਹਾਂ ਰਿਸ਼ਤਿਆਂ ਤੋਂ ਪੈਦਾ ਹੋਣ ਵਾਲੇ ਬੱਚੇ ਅਣ-ਵਿਆਹੇ ਔਰਤਾਂ ਅਤੇ ਮਰਦਾਂ ਦੇ ਹੋਣਗੇ। ਉਨ੍ਹਾਂ ਕਿਹਾ, "ਅਜਿਹੇ ਬੱਚਿਆਂ ਨੂੰ ਜਾਇਦਾਦ ਉੱਪਰ ਆਪਣਾ ਜਾਇਜ਼ ਹੱਕ ਸਾਬਤ ਕਰਨ ਵਿੱਚ ਦਿੱਕਤ ਹੋਵੇਗੀ ਅਤੇ ਉਹ ਆਪਣੇ ਮਾਪਿਆਂ ਦੇ ਮਾੜੇ-ਕਰਮਾਂ ਦੀ ਸ਼ਰਮਿੰਦਗੀ ਵਿੱਚ ਜਿਉਣਗੇ। ਨਾਂਦਲ ਖਾਪ ਨੇ ਚੇਤਾਵਨੀ ਦਿੱਤੀ ਕਿ ਜੇ ਪ੍ਰਧਾਨ ਮੰਤਰੀ ਦਫ਼ਤਰ ਨੇ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਉਨ੍ਹਾਂ ਨੂੰ ਸੂਬੇ ਅਤੇ ਇਸ ਤੋਂ ਬਾਹਰ ਇੱਕ ਵੱਡਾ ਸੰਘਰਸ਼ ਵਿਢਣਾ ਪਵੇਗਾ।

# ਤੁਸੀਂ ਤੇਲੁਗੂ ਬੋਲਦੇ ਹੋ ? ਤੁਹਾਡਾ ਅਮਰੀਕਾ ਵਿਚ ਸੁਆਗਤ ਹੈ

ਹੈਦਰਾਬਾਦ ਭਾਰਤ ਵਿੱਚ ਟੈਕਨੋਲੌਜੀ ਅਤੇ ਇੰਜੀਨੀਅਰਿੰਗ ਸਨਅਤ ਦਾ ਕੇਂਦਰ ਬਣ ਚੁੱਕਾ ਹੈ ਅਤੇ ਅਮਰੀਕਾ ਵਿੱਚ ਵੱਡੀ ਗਿਣਤੀ ਵਿੱਚ ਵਿਦਿਆਰਥੀ ਭੇਜਦਾ ਆ ਰਿਹਾ ਹੈ। ਪਿਛਲੇ ਇੰਨੇ ਸਾਲਾਂ ਤੋਂ ਤੇਲੁਗੂ ਬੋਲਣ ਵਾਲੇ ਅਮਰੀਕੀ, ਆਂਧਰਾ ਪ੍ਰਦੇਸ਼ ਅਤੇ ਤੇਲੰਗਾਨਾ ਤੋਂ ਸੌਫ਼ਟਵੇਅਰ ਇੰਜੀਨੀਅਰਜ਼ ਭਰਤੀ ਕਰਦੇ ਆ ਰਹੇ ਹਨ। ਬਹੁਤ ਸਾਰੇ ਭਾਰਤੀਆਂ ਨੂੰ 8-12 ਵੀਜ਼ਾ ਸਕੀਮ ਦਾ ਲਾਭ ਵੀ ਮਿਲਿਆ ਹੈ, ਜੋ ਕਿ ਟੈਕਨੋਲੌਜੀ ਖੇਤਰ ਵਿੱਚ ਹਰ ਸਾਲ ਹਜ਼ਾਰਾਂ ਵਿਦੇਸ਼ੀਆਂ ਨੂੰ ਵੀਜ਼ਾ ਪ੍ਰਦਾਨ ਕਰਦੀ ਹੈ। 8-12 ਦੇ ਕੁਲ ਵੀਜ਼ਿਆਂ ਵਿੱਚੋਂ 70 ਫ਼ੀਸਦੀ ਭਾਰਤੀਆਂ ਨੂੰ ਮਿਲਦੇ ਹਨ। ਇਸ ਨਾਲ ਵੀਜ਼ਾ ਹਾਸਲ ਕਰਨ ਵਾਲਿਆਂ ਨੂੰ ਪੱਕੀ ਨਾਗਰਿਕਤਾ ਲਈ ਅਰਜੀ ਦੇਣ ਦੀ ਇਜਾਜ਼ਤ ਮਿਲ ਜਾਂਦੀ ਹੈ। ਉੱਘੇ ਯੂਐਸ-ਅਧਾਰਿਤ ਤੇਲੁਗੂ ਭਾਸ਼ੀਆਂ ਵਿੱਚ ਪਹਿਲੀ ਭਾਰਤੀ-ਅਮਰੀਕੀ ਮਿੱਸ ਅਮਰੀਕਾ ਚੁਣੀ ਗਈ ਨੀਨਾ ਦਾਵੁਲੂਰੀ ਅਤੇ ਮਾਈਕ੍ਰੋਸਾਫਟ ਦੇ ਮੌਜੂਦਾ ਸੀਈਓ ਸੱਤਿਆ ਨਾਡੇਲਾ ਸ਼ਾਮਲ ਹਨ। ਤੇਲੁਗੂ ਬੋਲਣ ਵਾਲਿਆਂ ਵਿੱਚ ਫ਼ੀਸਦ ਦੇ ਹਿਸਾਬ ਨਾਲ ਹੋਇਆ ਇਹ ਵਾਧਾ ਮਹੱਤਵਪੂਰਨ ਹੈ ਪਰ ਦੂਸਰੀਆਂ ਭਾਸ਼ਾਵਾਂ ਦੇ ਮੁਕਾਬਲੇ ਇਸ ਦੀ ਸ਼ੁਰੂਆਤ ਬਹੁਤ ਹੀ ਛੋਟੇ ਪੱਧਰ ਤੋਂ ਹੋਈ ਸੀ। ਸੈਂਟਰ ਫਾਰ ਇਮੀਗ੍ਰੇਸ਼ਨ ਸਟਡੀਜ਼ ਮੁਤਾਬਕ ਸਾਲ 2010 ਅਤੇ 2017 ਦੌਰਾਨ ਸਪੈਨਿਸ਼ (ਲਗਪਗ 40 ਲੱਖ ਹੋਰ), ਚੀਨੀ, ਅਰਬੀ ਅਤੇ ਹਿੰਦੀ ਦੇ ਨਵੇਂ ਬੁਲਾਰਿਆਂ ਦੀ ਗਿਣਤੀ ਜ਼ਿਆਦਾ ਸੀ। 320 ਮਿਲੀਅਨ ਦੀ ਕੁਲ ਆਬਾਦੀ ਵਿਚੋਂ 60 ਮਿਲੀਅਨ ਉਹ ਲੋਕ ਜੋ ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਬੋਲਦੇ ਹਨ, ਇਨ੍ਹਾਂ ਵਿਚੋਂ ਬਹੁਗਿਣਤੀ ਸਪੈਨਿਸ਼ ਬੋਲਦੇ ਹਨ। ਦੱਖਣੀ ਏਸ਼ੀਆ ਦੀ ਸਭ ਤੋਂ ਜ਼ਿਆਦਾ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚ ਹਿੰਦੀ ਪਹਿਲੇ ਨੰਬਰ 'ਤੇ ਸੀ, ਜਿਸ ਤੋਂ ਬਾਅਦ ਰਹੀਆਂ ਉਰਦੂ, ਗੁਜਰਾਤੀ ਅਤੇ ਤੇਲੁਗੂ। ਘਰਾਂ ਵਿੱਚ ਫਰੈਂਚ ਅਤੇ ਜਰਮਨ ਬੋਲਣ ਵਾਲਿਆਂ ਦੀ ਗਿਣਤੀ ਘਟੀ ਹੈ। ਇਟਾਲੀਅਨ ਬੋਲਣ ਵਾਲੇ ਲੋਕਾਂ ਦੀ ਗਿਣਤੀ ਪਿਛਲੇ ਦਹਾਕੇ ਵਿਚ 2 ਲੱਖ ਤੋਂ ਵੀ ਜ਼ਿਆਦਾ ਘਟੀ ਹੈ। ਸਰਵੇਖਣ ਵਿਚ ਸ਼ਾਮਲ ਕੀਤੇ ਗਏ 80% ਤੋਂ ਵੀ ਜ਼ਿਆਦਾ ਤੇਲਗੂ ਭਾਸ਼ੀਆਂ ਨੇ ਦੱਸਿਆ ਕਿ ਉਹ ਅੰਗਰੇਜ਼ੀ ਵੀ ਵਧੀਆ ਬੋਲ ਲੈਂਦੇ ਹਨ। ਜਿਓਰਜ ਮੈਸਨ ਯੂਨੀਵਰਸਿਟੀ ਵਿੱਚ ਭਾਸ਼ਾ-ਵਿਗਿਆਨ ਦੀ ਪ੍ਰੋਫ਼ੈਸਰ ਜੈਨੀਫ਼ਰ ਲੀਮੈਨ ਮੁਤਾਬਕ ਮਰਦਮਸ਼ੁਮਾਰੀ ਦੇ ਆਂਕੜਿਆਂ ਵਿੱਚ ਇੱਕ ਕਮੀ ਹੈ ਕਿ ਇਸ ਵਿੱਚ ਲੋਕਾਂ ਨੂੰ ਇਹ ਤਾਂ ਪੁੱਛਿਆ ਗਿਆ ਕਿ ਉਹ ਅੰਗਰੇਜ਼ੀ ਕਿੰਨੀ ਕੁ ਵਧੀਆ ਬੋਲ ਲੈਂਦੇ ਹਨ, ਪਰ ਹੋਰ ਭਾਸ਼ਾਵਾਂ ਵਿੱਚ ਉਨ੍ਹਾਂ ਦੀ ਮੁਹਾਰਤ ਬਾਰੇ ਨਹੀਂ ਪੁੱਛਿਆ ਗਿਆ। "ਉਹ ਲੋਕ ਜੋ ਅੰਗਰੇਜ਼ੀ ਵਧੀਆ ਬੋਲ ਲੈਂਦੇ ਹਨ ਉਨ੍ਹਾਂ ਦੀ ਹੋਰ ਭਾਸ਼ਾਵਾਂ ਵਿਚ ਮੁਹਾਰਤ ਬਾਰੇ ਕਹਿਣਾ ਬਹੁਤ ਔਖਾ ਹੈ, ਖਾਸ ਕਰਕੇ ਜਦੋਂ ਉਹ ਅਮਰੀਕਾ ਵਿੱਚ ਹੀ ਪੈਦਾ ਹੋਏ ਹੋਣ ਜਾਂ ਫਿਰ ਬਚਪਨ ਵਿੱਚ ਹੀ ਅਮਰੀਕਾ ਆਏ ਹੋਣ।"

# ਇਟਲੀ ਨੇ ਐਪਲ ਤੇ ਸੈਮਸੰਗ 'ਤੇ ਸਾਫਟਵੇਅਰ ਅਪਡੇਟ ਨੂੰ ਲੈ ਕੇ ਠੋਕਿਆ ਕਰੋੜਾਂ ਰੁਪਏ ਦਾ ਜ਼ੁਰਮਾਨਾ




ਰੋਮ — ਇਟਲੀ ਦੀ ਐਂਟੀ-ਟਰੱਸਟ ਅਥਾਰਟੀ ਨੇ ਬੁੱਧਵਾਰ ਨੂੰ ਤਕਨਾਲੋਜੀ ਦੀ ਦਿੱਗਜ਼ ਕੰਪਨੀ ਐਪਲ ਅਤੇ ਸੈਮਸੰਗ 'ਤੇ ਜਾਣ ਬੁਝ ਕੇ ਆਪਣੇ ਗਾਹਕਾਂ ਦੇ ਫੋਨ ਸਾਫਟਵੇਅਰ ਅਪਡੇਟ ਦੇ ਬਹਾਨੇ ਹੌਲੀ ਅਤੇ ਬੇਕਾਰ ਬਣਾਉਣ ਲਈ ਭਾਰੀ ਜ਼ੁਰਮਾਨਾ ਠੋਕਿਆ ਹੈ ਅਤੇ ਆਖਿਆ ਹੈ ਕਿ ਦੋਹਾਂ ਕੰਪਨੀਆਂ ਬੇਈਮਾਨ ਵਪਾਰਕ ਅਭਿਆਸਾਂ 'ਚ ਸ਼ਾਮਲ ਹਨ। ਇਕ ਅੰਗ੍ਰੇਜ਼ੀ ਅਖਬਾਰ ਮੁਤਾਬਕ ਇਟਲੀ ਦੀ ਕੰਪੀਟੀਸ਼ਨ ਕਮਿਸ਼ਨ (ਏ. ਜੀ. ਸੀ. ਐਮ.) ਨੇ ਐਪਲ 'ਤੇ 10 ਮਿਲੀਅਨ ਯੂਰੋ (ਕਰੀਬ 84 ਕਰੋੜ ਰੁਪਏ) ਅਤੇ ਸੈਮਸੰਗ 'ਤੇ 5 ਮਿਲੀਅਨ ਯੂਰੋ (ਕਰੀਬ 42 ਕਰੋੜ ਰੁਪਏ) ਦਾ ਜ਼ੁਰਮਾਨਾ ਲਾਇਆ ਹੈ ਅਤੇ ਕਿਹਾ ਹੈ ਕਿ ਦੋਹਾਂ ਕੰਪਨੀਆਂ ਨੇ ਸਾਫਟਵੇਅਰ ਅਪਡੇਟ ਦੇ ਬਹਾਨੇ ਜਾਣ ਬੁਝ ਤੇ ਗਾਹਕਾਂ ਦੇ ਫੋਨ ਨੂੰ ਹੌਲੀ ਕਰ ਦਿੱਤਾ ਅਤੇ ਉਸ ਦੀ ਵਿਧੀ (ਕਾਰਜ ਪ੍ਰਣਾਲੀ) ਨੂੰ ਵਿਗਾੜ ਦਿੱਤਾ ਤਾਂ ਜੋ ਉਹੀ ਗਾਹਕ ਫਿਰ ਤੋਂ ਨਵਾਂ ਫੋਨ ਖਰੀਦਣ। ਰਿਪੋਰਟ 'ਚ ਆਖਿਆ ਗਿਆ ਹੈ ਕਿ ਸਤੰਬਰ, 2016 ਤੋਂ ਐਪਲ ਆਪਣੇ ਆਈਫੋਨ 6 ਦੇ ਗਾਹਕਾਂ ਨੂੰ ਵਾਰ-ਵਾਰ ਆਪਣਾ ਸਾਫਟਵੇਅਰ ਅਪਡੇਟ ਦਾ ਨੋਟੀਫਿਕੇਸ਼ਨ ਭੇਜ ਰਿਹਾ ਹੈ, ਜਿਸ ਨੂੰ ਅਗਲੀ ਪੀੜੀ ਦੇ ਮਾਡਲ ਆਈਫੋਨ 7 ਨੂੰ ਧਿਆਨ 'ਚ ਰੱਖ ਕੇ ਬਣਾਇਆ ਗਿਆ ਹੈ। ਨਾਲ ਹੀ ਕੰਪਨੀ ਨੇ ਯੂਜ਼ਰਾਂ ਨੂੰ ਇਹ ਨਹੀਂ ਦੱਸਿਆ ਕਿ ਇਸ ਅਪਡੇਟ ਨੂੰ ਕਰਨ ਨਾਲ ਉਨ੍ਹਾਂ ਦਾ ਫੋਨ ਸਲੋਅ ਹੋ ਜਾਵੇਗਾ ਅਤੇ ਉਸ ਦੀ ਵਿਧੀ ਵੀ ਵਿਗੜ ਜਾਵੇਗੀ। ਉਥੇ ਦੂਜੇ ਪਾਸੇ ਸੈਮਸੰਗ ਨੇ ਗਲੈਕਸੀ ਨੋਟ ਫੋਨ ਰੱਖਣ ਵਾਲਿਆਂ ਨੂੰ ਗੂਗਲ ਦੇ ਐਂਡ੍ਰਾਇਡ ਅਪਰੇਟਿੰਗ ਸਿਸਟਮ ਦਾ ਨਵਾਂ ਵਰਜਨ ਇੰਸਟਾਲ ਕਰਨ ਨੂੰ ਕਿਹਾ, ਜਿਸ ਨੂੰ ਹਾਲ ਹੀ ਦੇ ਗਲੈਕਸੀ ਨੋਟ 7 ਨੂੰ ਧਿਆਨ 'ਚ ਰੱਖ ਕੇ ਬਣਾਇਆ ਗਿਆ ਸੀ। ਇਸ ਅਪਡੇਟ ਨੂੰ ਕਰਨ ਨਾਲ ਗਲੈਕਸੀ ਨੋਟ ਦੇ ਪੁਰਾਣੇ ਫੋਨ ਸਲੋਅ ਚੱਲਣ ਲੱਗੇ।

# ਅਮਰੀਕੀ ਜੇਲ 'ਚ ਬੰਦ ਪ੍ਰਵਾਸੀ ਸਿੱਖਾਂ ਨੂੰ ਮਿਲਿਆ ਗੁਰਦੁਆਰਾ ਸਾਹਿਬ ਦਾ ਆਸਰਾ

, ਜਿਨ੍ਹਾਂ 'ਚੋਂ ਕਈ ਵਿਦਿਆਰਥੀ, ਵਕੀਲ, ਪਾਦਰੀ ਹਨ। ਇਨ੍ਹਾਂ ਵਲੰਟੀਅਰਾਂ ਵੱਲੋਂ ਆਰਥਿਕ ਤੌਰ 'ਤੇ ਕਮਜ਼ੋਰ ਪ੍ਰਵਾਸੀਆਂ ਦੀਆਂ ਜ਼ਮਾਨਤਾਂ ਭਰਨ ਲਈ 12 ਹਜ਼ਾਰ ਡਾਲਰ ਇਕੱਠੇ ਕੀਤੇ ਜਾ ਚੁੱਕੇ ਹਨ। ਕੈਥੀ ਡੈਵਿਸ ਨੇ ਕਿਹਾ ਕਿ ਉਹ ਇਸ ਸਭ ਦਾ ਹਿੱਸਾ ਇਸ ਲਈ ਬਣੀ ਕਿਉਂਕਿ ਉਨ੍ਹਾਂ ਕੋਲ ਕਾਨੂੰਨੀ ਪ੍ਰਬੰਧ ਹੈ ਤੇ ਇਹ ਹਰ ਕਿਸੇ 'ਤੇ ਲਾਗੂ ਹੁੰਦਾ ਹੈ। ਕੈਥੀ ਦੇ ਪਤੀ ਨੂੰ ਲੱਗਦਾ ਹੈ ਕਿ ਪ੍ਰਵਾਸੀਆਂ ਨੂੰ ਲੋੜੀਂਦੀ ਕਾਨੂੰਨੀ ਸਹਾਇਤਾ ਨਹੀਂ ਦਿੱਤੀ ਗਈ। ਜੇਲ ਵਿੱਚ ਬੰਦ ਕਈ ਪ੍ਰਵਾਸੀਆਂ ਨੇ ਅਮਰੀਕਾ ਪੁੱਜਣ ਲਈ ਲੰਬਾ ਤੇ ਭਿਆਨਕ ਸਫਰ ਤੈਅ ਕੀਤਾ ਹੈ। ਸ਼ਰਣ ਦੀ ਮੰਗ ਕਰਦੇ ਕਈਆਂ ਨੂੰ ਜਾਂ ਤਾਂ ਮੋੜ ਦਿੱਤਾ ਗਿਆ ਜਾਂ ਫਿਰ ਕਈ ਪੁੱਜਦੇ ਸਾਰ ਸਰਹੱਦੀ ਏਜੰਟਾਂ ਦੇ ਹੱਥੇ ਚੜ੍ਹ ਗਏ। ਇਸੇ ਲਈ ਇਹ ਵਲੰਟੀਅਰ ਪ੍ਰਵਾਸੀਆਂ ਦੀ ਮਦਦ ਕਰ ਰਹੇ ਹਨ।









ਪੰਜਾਬੀ ਦੁਨੀਆ
PUNJABI DUNIYA


# ਕਿੱਥੇ ਲੈ ਜਾਏਗੀ ਇਹ ਮੀ-ਟੂ ਮੁਹਿੰਮ








ਨਵੀਂ ਦਿੱਲੀ - ਮੀ-ਟੂ ਦਾ ਸੇਕ ਕਈ ਜਗ੍ਹਾ ਪਹੁੰਚਣ ਲੱਗਾ ਹੈ ਅਤੇ ਇਹ ਕਿੱਥੇ-ਕਿੱਥੇ ਪਹੁੰਚੇਗਾ, ਕੌਣ-ਕੌਣ ਇਸ ਦੇ ਲਪੇਟੇ 'ਚ ਆਏਗਾ, ਇਹ ਕਹਿਣਾ ਬਹੁਤ ਮੁਸ਼ਕਿਲ ਹੈ। ਸਿਨੇ ਜਗਤ ਤੋਂ ਬਾਅਦ ਹੁਣ ਸਿਆਸਤ ਵੀ ਇਸ ਦੀ ਲਪੇਟ 'ਚ ਆ ਗਈ ਹੈ। ਸਰਕਾਰ ਨੇ ਗੰਭੀਰਤਾ ਨਾਲ ਇਸ ਦਾ ਨੋਟਿਸ ਲਿਆ ਹੈ ਤੇ ਇੱਕ ਕਮੇਟੀ ਬਣਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਕੁੱਝ ਫ਼ਿਲਮਾਂ ਦੀ ਸ਼ੂਟਿੰਗ ਤਕ ਰੁੱਕ ਗਈ ਹੈ।

ਟੀ.ਵੀ. ਚੈਨਲਾਂ ਅਤੇ ਪ੍ਰਿੰਟ ਮੀਡੀਆ 'ਚ ਇਸ ਦੀ ਖ਼ੂਬ ਚਰਚਾ ਹੋ ਰਹੀ ਹੈ। ਕੁੱਝ ਪ੍ਰਮੁੱਖ ਵਿਅਕਤੀਆਂ 'ਤੇ ਦੋਸ਼ ਲੱਗਾ ਅਤੇ ਉਨ੍ਹਾਂ ਨੇ ਉਸ ਦੋਸ਼ ਨੂੰ ਝੂਠ ਕਹਿ ਕੇ ਮਾਣਹਾਨੀ ਦਾ ਮੁਕੱਦਮਾ ਕਰਨ ਦਾ ਐਲਾਨ ਕਰ ਦਿੱਤਾ। ਕਿਸੇ ਔਰਤ ਦੀ ਮਜਬੂਰੀ ਦਾ ਲਾਭ ਉਠਾ ਕੇ ਉਸ ਦਾ ਸੈੱਕਸ ਸ਼ੋਸ਼ਣ ਕਰਨਾ ਇੱਕ ਘੋਰ ਅਪਰਾਧ ਅਤੇ ਇੱਕ ਮਹਾਂ ਪਾਪ ਹੈ, ਇੱਕ ਨਾਰੀ ਦਾ ਅਪਮਾਨ ਹੈ। ਸਮਾਜ 'ਚ ਅਜਿਹਾ ਪ੍ਰਬੰਧ ਹੋਣਾ ਚਾਹੀਦਾ ਹੈ ਕਿ ਅਪਰਾਧੀ ਨੂੰ ਉਸੇ ਸਮੇਂ ਸਜ਼ਾ ਮਿਲੇ।

ਕਈ ਸਾਲ ਪਹਿਲਾਂ ਕਿਸ ਸਥਿਤੀ ਅਤੇ ਕਿਸ ਮਨੋਦਸ਼ਾ 'ਚ ਕਿਸ ਨੇ ਕੀ ਕੀਤਾ, ਕਿਸ ਨੇ ਕਿਉਂ ਸਹਿਣ ਕੀਤਾ? ਦੋਸ਼ ਸੱਚ ਵੀ ਹੋ ਸਕਦਾ ਹੈ ਅਤੇ ਅੱਧਾ ਸੱਚ ਵੀ। ਕਿਤੇ ਪ੍ਰਤੱਖ ਸਹਿਮਤੀ ਵੀ ਹੋ ਸਕਦੀ ਹੈ। ਇਨ੍ਹਾਂ ਸਭ ਗੱਲਾਂ ਨੂੰ ਸਾਲਾਂ ਬਾਅਦ ਅਦਾਲਤ 'ਚ ਸਿੱਧ ਕਰਨਾ ਕੀ ਅੱਜ ਸੰਭਵ ਹੋਵੇਗਾ? ਦੂਸ਼ਣਬਾਜ਼ੀ ਤੇ ਮੁਕੱਦਮੇਬਾਜ਼ੀ ਚੱਲਦੀ ਰਹੇਗੀ। ਇਸ ਸਭ ਨਾਲ ਪੂਰੇ ਮਾਹੌਲ 'ਚ ਇੱਕ ਕਾਮ-ਚਰਚਾ ਦਾ ਪ੍ਰਦੂਸ਼ਣ ਤਾਂ ਫ਼ੈਲ ਹੀ ਜਾਵੇਗਾ ਅਤੇ ਜਿਸ 'ਤੇ ਦੋਸ਼ ਲੱਗੇਗਾ, ਉਹ ਇੱਕ ਵਾਰ ਸਮਾਜ 'ਚ ਬਦਨਾਮ ਹੋ ਹੀ ਜਾਵੇਗਾ।

ਕੁੱਝ ਸਾਲ ਪਹਿਲਾਂ ਹਿਜੜਿਆਂ ਦੇ ਸਬੰਧ 'ਚ ਮੀਡੀਆ 'ਚ ਬਹੁਤ ਚਰਚਾ ਹੋਈ ਸੀ, ਅਤੇ ਉਨ੍ਹਾਂ ਦੇ ਅਧਿਕਾਰਾਂ ਦੀ ਸਮੀਖਿਆ ਹੋਈ ਸੀ। ਫ਼ਿਰ ਫ਼ੈਸਲਾ ਹੋਇਆ ਤਾਂ ਕੁੱਝ ਸਮਾਂ ਇਹੋ ਵਿਸ਼ਾ ਮੀਡੀਆ 'ਚ ਛਾਇਆ ਰਿਹਾ। ਟੀ. ਵੀ. ਚੈਨਲ ਦਿਨ-ਰਾਤ ਚੱਲਣੇ ਹਨ, ਅਖ਼ਬਾਰਾਂ 'ਚ ਮਸਾਲੇਦਾਰ ਖ਼ਬਰਾਂ ਛੱਪਣੀਆਂ ਹਨ। ਅਜਿਹੀਆਂ ਖ਼ਬਰਾਂ ਨੂੰ ਅਕਸਰ ਤਰਜੀਹ ਮਿਲ ਜਾਂਦੀ ਹੈ।

ਪਿੱਛੇ ਜਿਹੇ ਸਮਲਿੰਗੀ ਸਬੰਧਾਂ ਨੂੰ ਲੈ ਕੇ ਖ਼ੂਬ ਚਰਚਾ ਹੋਈ ਅਤੇ ਸਮਲਿੰਗੀਆਂ ਦੇ ਅਧਿਕਾਰਾਂ 'ਤੇ ਅੰਦੋਲਨ ਹੋਇਆ। ਨਿਆਂਪਾਲਿਕਾ 'ਚ ਲੰਬੀ ਬਹਿਸ ਹੋਈ ਅਤੇ ਆਖ਼ਿਰ 'ਚ ਸਮਲਿੰਗੀਆਂ ਦੇ ਅਧਿਕਾਰਾਂ ਨੂੰ ਲੈ ਕੇ ਉਨ੍ਹਾਂ ਦੇ ਪੱਖ 'ਚ ਫ਼ੈਸਲਾ ਹੋਇਆ। ਇਸ 'ਤੇ ਉਨ੍ਹਾਂ ਨੇ ਖ਼ੂਬ ਜਸ਼ਨ ਮਨਾਇਆ। ਮੀਡੀਆ ਉਨ੍ਹਾਂ ਹੀ ਖ਼ਬਰਾਂ ਨਾਲ ਭਰਿਆ ਰਿਹਾ। ਇਹ ਸਬੰਧ ਪਹਿਲਾਂ ਵੀ ਚਲਦੇ ਰਹੇ ਸਨ, ਪਰ ਇਸ ਵਿਕਾਰ ਨੂੰ ਸਮਾਜ ਨੇ ਕਦੇ ਮਨਜ਼ੂਰੀ ਨਹੀਂ ਦਿੱਤੀ ਸੀ। ਹੁਣ ਮਨਜ਼ੂਰੀ ਵੀ ਮਿਲੀ ਹੈ ਤੇ ਇੱਕ ਸਨਮਾਨ ਵੀ ਮਿਲ ਗਿਆ ਹੈ।

ਇੱਕ ਦੌਰ ਵਿਆਹ-ਬਾਹਰੇ ਸਬੰਧਾਂ ਦੀ ਚਰਚਾ ਦਾ ਵੀ ਚੱਲਿਆ ਕਿ ਕਿਸੇ ਮਰਦ ਵਲੋਂ ਵਿਆਹੁਤਾ ਔਰਤ ਨਾਲ ਸੈੱਕਸ ਸਬੰਧ ਭਾਰਤੀ ਕਾਨੂੰਨ ਮੁਤਾਬਿਕ ਇੱਕ ਅਪਰਾਧ ਸੀ। ਔਰਤ ਦੇ ਹੱਕਾਂ ਦੀ ਲੜਾਈ 'ਚ ਇਸ ਨੂੰ ਵੀ ਔਰਤ ਦੇ ਸ਼ੋਸ਼ਣ ਦਾ ਰੂਪ ਦਿੱਤਾ ਗਿਆ ਅਤੇ ਇਹ ਕਿਹਾ ਗਿਆ ਕਿ ਉਹ ਪਤਨੀ ਹੈ, ਕਿਸੇ ਦੀ ਗ਼ੁਲਾਮ ਨਹੀਂ। ਖ਼ੂਬ ਚਰਚਾ ਹੋਈ ਕਿ ਨਿਆਂਪਾਲਿਕਾ ਨੇ ਵਿਭਚਾਰ ਸਮਝੇ ਜਾਣ ਵਾਲੇ ਇਸ ਕਾਰੇ ਨੂੰ ਵੀ ਮਾਨਤਾ ਦੇ ਦਿੱਤੀ। ਇਹ ਮੁੱਦਾ ਵੀ ਮੀਡੀਆ 'ਚ ਖ਼ੂਬ ਛਾਇਆ ਰਿਹਾ।

ਸੈੱਕਸ ਸ਼ੋਸ਼ਣ ਦੇ ਦੋਸ਼ ਮਜ਼ਾਕ ਦਾ ਕਾਰਨ ਵੀ ਬਣ ਰਹੇ ਹਨ। ਨੌਜਵਾਨ ਔਰਤ-ਮਰਦ ਲਿਵ-ਇਨ-ਰਿਲੇਸ਼ਨਸ਼ਿਪ ਵਿੱਚ ਰਹਿ ਰਹੇ ਹਨ। ਔਰਤ ਬੇਵਜ੍ਹਾ ਬਲਾਤਕਾਰ ਤਕ ਦਾ ਦੋਸ਼ ਲਾ ਦਿੰਦੀ ਹੈ। ਸਵਾਲ ਹੈ ਕਿ ਆਖਿਰ ਉਹ ਇੱਕੋ ਘਰ 'ਚ ਇੱਕੱਠੇ ਕੀ ਕਰਨ ਲਈ ਰਹਿ ਰਹੇ ਸਨ? ਮੀ-ਟੂ ਦੇ ਬਹੁਤ ਸਾਰੇ ਦੋਸ਼ ਸਹਿਮਤੀ ਵਿਗੜਨ ਕਾਰਨ ਵੀ ਲਾਏ ਜਾ ਸਕਦੇ ਹਨ ਅਤੇ ਕਿਸੇ ਪੁਰਾਣੀ ਰੰਜਿਸ਼ ਨੂੰ ਲੈ ਕੇ ਵੀ।

ਸੈੱਕਸ ਸਬੰਧ ਮਨੁੱਖ ਦੀ ਇੱਕ ਬਹੁਤ ਵੱਡੀ ਤਾਕਤ ਅਤੇ ਨਾਲ ਹੀ ਬਹੁਤ ਵੱਡੀ ਕਮਜ਼ੋਰੀ ਵੀ ਹੈ। ਅਜਿਹੀਆਂ ਖ਼ਬਰਾਂ ਖ਼ੂਬ ਮਸਾਲੇ ਲਾ ਕੇ ਪੇਸ਼ ਕੀਤੀਆਂ ਜਾਂਦੀਆਂ ਹਨ ਅਤੇ ਪੜ੍ਹੀਆਂ ਵੀ ਜਾਂਦੀਆਂ ਹਨ। ਇਨ੍ਹਾਂ ਸਭ ਘਟਨਾਵਾਂ 'ਤੇ ਹੋਣ ਵਾਲੀ ਚਰਚਾ ਕਿੱਥੇ, ਕਿੰਨੀ ਜਾਇਜ਼ ਹੈ, ਇਹ ਇੱਕ ਵੱਖਰਾ ਸਵਾਲ ਹੈ, ਪਰ ਕਾਮ ਅਤੇ ਸੈੱਕਸ ਦੇ ਸਬੰਧ 'ਚ ਇੰਨੀ ਜ਼ਿਆਦਾ ਚਰਚਾ ਨਾਲ ਨਵੀਂ ਪੀੜ੍ਹੀ 'ਤੇ ਚੰਗਾ ਪ੍ਰਭਾਵ ਨਹੀਂ ਪੈਂਦਾ। ਖ਼ਬਰਾਂ ਨਾਲ ਸੰਸਕਾਰ ਦਾ ਸੰਤੁਲਨ ਪੂਰੀ ਤਰ੍ਹਾਂ ਵਿਗੜ ਜਾਂਦਾ ਹੈ।

ਅੱਜ ਸਿਨੇਮਾ, ਟੀ. ਵੀ. ਤੇ ਮੀਡੀਆ 'ਚ ਸੈੱਕਸ, ਅਪਰਾਧ ਦੀ ਜਿੰਨੀ ਚਰਚਾ ਹੋ ਰਹੀ ਹੈ, ਓਨੀ ਸ਼ਾਇਦ ਪਹਿਲਾਂ ਕਦੇ ਨਹੀਂ ਹੁੰਦੀ ਸੀ। ਇਸੇ ਦਾ ਨਤੀਜਾ ਹੈ ਕਿ ਸਮਾਜ ਦੀ ਵਿਵਸਥਾ ਲੜਖੜਾਉਣ ਲੱਗੀ ਹੈ ਅਤੇ ਅਪਰਾਧ ਵਧਦੇ ਜਾ ਰਹੇ ਹਨ। ਆਪਸੀ ਪਿਆਰ ਭਰੇ ਸਬੰਧਾਂ ਦੀਆਂ ਤਾਰਾਂ ਵੀ ਕਿਤੇ-ਕਿਤੇ ਟੁੱਟਦੀਆਂ ਨਜ਼ਰ ਆ ਰਹੀਆਂ ਹਨ।

ਕਾਮ ਇਸ ਸ੍ਰਿਸ਼ਟੀ ਦੀ ਸਭ ਤੋਂ ਵੱਡੀ ਸ਼ਕਤੀਸ਼ਾਲੀ ਊਰਜਾ ਹੈ। ਮਰਦ ਅਤੇ ਔਰਤ ਦੀ ਇੱਕ-ਦੂਜੇ ਪ੍ਰਤੀ ਖਿੱਚ ਜ਼ਰੂਰੀ ਹੀ ਨਹੀਂ, ਲਾਜ਼ਮੀ ਵੀ ਹੈ। ਇਸ ਤੋਂ ਬਿਨਾਂ ਸ੍ਰਿਸ਼ਟੀ ਦੀ ਰਚਨਾ ਨਹੀਂ ਹੋ ਸਕਦੀ। ਇਹ ਖਿੱਚ ਹੀ ਸਿਰਜਣਾ ਦਾ ਆਧਾਰ ਹੈ ਪਰ ਜਦੋਂ ਇਹੋ ਊਰਜਾ ਸੰਤੁਲਨ ਗੁਆ ਬੈਠਦੀ ਹੈ ਤਾਂ ਤਬਾਹੀ ਦਾ ਕਾਰਨ ਵੀ ਬਣਦੀ ਹੈ। ਭਾਰਤੀ ਚਿੰਤਨ ਵਿੱਚ ਕਾਮ ਨੂੰ ਨਿੰਦਣਯੋਗ ਨਹੀਂ ਕਿਹਾ ਜਾਂਦਾ।

ਆਚਾਰੀਆ ਰਜਨੀਸ਼ ਨੇ ਕਿਹਾ ਹੈ ਕਿ "ਊਰਜਾ ਇਹੋ ਹੈ, ਜੇ ਉੱਪਰ ਜਾਵੇਗੀ ਤਾਂ ਰਾਮ ਹੈ ਅਤੇ ਹੇਠਾਂ ਜਾਏਗੀ ਤਾਂ ਕਾਮ ਹੈ। ਉੱਪਰ ਜਾਏਗੀ ਤਾਂ ਉਪਾਸਨਾ, ਹੇਠਾਂ ਜਾਏਗੀ ਤਾਂ ਵਾਸਨਾ। ਵਿਚਾਲੇ ਸੰਤੁਲਨ ਨਾਲ ਰਹੇਗੀ ਤਾਂ ਇੱਕ ਸਿਹਤਮੰਦ ਸੰਸਾਰ ਹੈ।" ਭਾਰਤ 'ਚ ਧਰਮ ਅਤੇ ਸੰਸਕਾਰ ਇਸੇ ਸੰਤੁਲਨ ਨੂੰ ਬਣਾ ਕੇ ਰੱਖਦੇ ਸਨ ਪਰ ਅੱਜ ਇਹ ਸੰਤੁਲਨ ਵਿਗੜਦਾ ਜਾ ਰਿਹਾ ਹੈ। ਸਮਾਜ ਦੇ ਮਾਹੌਲ, ਸਿੱਖਿਆ ਅਤੇ ਸੰਸਕਾਰ ਦੇ ਪ੍ਰਭਾਵ ਨਾਲ ਇਹੋ ਮਨੁੱਖ ਉੱਪਰ ਉਠਦੇ-ਉਠਦੇ ਭਗਵਾਨ ਬਣ ਜਾਂਦਾ ਹੈ ਅਤੇ ਹੇਠਾਂ ਡਿੱਗਦੇ-ਡਿੱਗਦੇ ਹੈਵਾਨ ਬਣ ਜਾਂਦਾ ਹੈ। ਜੇ ਵਿਚਾਲੇ ਸੰਤੁਲਨ ਨਾਲ ਰਹੇ ਤਾਂ ਚੰਗਾ ਇਨਸਾਨ ਬਣ ਜਾਂਦਾ ਹੈ।

ਅੱਜ ਦੀ ਸਮਾਜਿਕ ਪ੍ਰਣਾਲੀ 'ਚ ਸਮਾਜ ਸੰਸਕਾਰਹੀਣ ਬਣਦਾ ਦਿਖਾਈ ਦੇ ਰਿਹਾ ਹੈ। ਸੰਸਕਾਰ ਦੇਣ ਦੀਆਂ ਰਵਾਇਤਾਂ ਟੁਟਦੀਆਂ ਜਾ ਰਹੀਆਂ ਹਨ। ਦਾਦਾ-ਦਾਦੀ ਅਤੇ ਨਾਨਾ-ਨਾਨੀ ਕੋਲ ਬੈਠ ਕੇ ਰਾਮਾਇਣ ਦੀਆਂ ਕਹਾਣੀਆਂ ਸੁਣਨਾ ਹੁਣ ਬੀਤੇ ਦੀ ਗੱਲ ਬਣ ਗਈ ਹੈ। ਨਵੀਂ ਪੀੜ੍ਹੀ ਕੋਲ ਟੀ. ਵੀ. ਅਤੇ ਮੋਬਾਇਲ ਤੋਂ ਇਲਾਵਾ ਹੋਰ ਕਿਸੇ ਕੰਮ ਲਈ



ਸਮਾਂ ਨਹੀਂ। ਸਿੱਖਿਆ ਸੰਸਥਾਵਾਂ 'ਚ ਵੀ ਨਾ ਤਾਂ ਨੈਤਿਕ ਸਿੱਖਿਆ ਦਿੱਤੀ ਜਾਂਦੀ ਹੈ ਤੇ ਨਾ ਹੀ ਨੈਤਿਕ ਸਿੱਖਿਆ ਦੇਣ ਵਾਲੇ ਆਦਰਸ਼ ਅਧਿਆਪਕ ਹਨ। ਬੱਚਿਆਂ ਦਾ ਆਪਸ 'ਚ ਖੇਡਣਾ, ਲੜਨਾ-ਝਗੜਨਾ, ਸਹਿਯੋਗ ਅਤੇ ਸੰਪਰਕ ਨਾਲ ਅਮਲੀ ਜੀਵਨ ਦੀ ਸਿੱਖਿਆ ਗ੍ਰਹਿਣ ਕਰਨਾ ਲਗਭਗ ਬੰਦ ਹੋ ਗਿਆ ਹੈ। ਬਚਪਨ ਦੀ ਮਸਤੀ ਟੀ. ਵੀ. ਅਤੇ ਮੋਬਾਇਲ ਫ਼ੋਨ 'ਚ ਸਿਮਟਦੀ ਜਾ ਰਹੀ ਹੈ।

ਵਿਗਿਆਨ ਅਤੇ ਨਵੀਂ ਤਕਨੀਕ ਇੱਕ ਵਰਦਾਨ ਹੈ। ਅੱਜ ਦੁਨੀਆਂ ਭਰ ਦਾ ਗਿਆਨ ਮੁੱਠੀ 'ਚ ਸਮਾ ਗਿਆ ਹੈ, ਪਰ ਇਹ ਗੱਲ ਵੀ ਯਾਦ ਰੱਖਣੀ ਚਾਹੀਦੀ ਹੈ ਕਿ ਸਮਝਦਾਰੀ ਤੋਂ ਬਿਨਾਂ ਵਿਗਿਆਨ ਤਬਾਹੀ ਦਾ ਕਾਰਨ ਵੀ ਬਣ ਸਕਦਾ ਹੈ। ਸੰਸਕਾਰਾਂ ਅਤੇ ਚੰਗੇ ਵਿਵਹਾਰ ਦੀਆਂ ਪੁਰਾਣੀਆਂ ਰਵਾਇਤਾਂ ਖ਼ਤਮ ਹੋ ਰਹੀਆਂ ਹਨ, ਸੰਸਕਾਰ ਪੈਦਾ ਕਰਨ ਲਈ ਨਵਾਂ ਕੁੱਝ ਨਹੀਂ ਹੋ ਰਿਹਾ, ਨਿਜਤਾ ਸਰਾਪ ਬਣਦੀ ਜਾ ਰਹੀ ਹੈ। ਇਨ੍ਹਾਂ ਸਭ ਕਾਰਨਾਂ ਕਰਕੇ ਟੀ. ਵੀ., ਮੋਬਾਇਲ ਤੇ ਸੋਸ਼ਲ ਮੀਡੀਆ 'ਚ ਸੈੱਕਸ ਅਤੇ ਅਪਰਾਧ ਦੀ ਬਹੁਤ ਜ਼ਿਆਦਾ ਚਰਚਾ ਹੋ ਰਹੀ ਹੈ। ਸੁਭਾਅ ਤੋਂ ਮਨੁੱਖ, ਖ਼ਾਸ ਕਰ ਕੇ ਨੌਜਵਾਨ, ਇਨ੍ਹਾਂ ਦੋਵਾਂ 'ਚ ਖ਼ਾਸ ਰੁਚੀ ਲੈਂਦੇ ਹਨ। ਹਮੇਸ਼ਾ ਇਨ੍ਹਾਂ 'ਤੇ ਹੀ ਧਿਆਨ ਰਹਿਣ ਕਰ ਕੇ ਮਨੋਵਿਗਿਆਨਕ ਤੌਰ 'ਤੇ ਉਨ੍ਹਾਂ ਦਾ ਇਨ੍ਹਾਂ ਨਾਲ ਲਗਾਅ ਵੱਧ ਰਿਹਾ ਹੈ ਅਤੇ ਇਸੇ ਕਾਰਨ ਅਪਰਾਧ ਵੀ ਵੱਧ ਰਹੇ ਹਨ। ਭਗਵਾਨ ਸ਼੍ਰੀ ਕ੍ਰਿਸ਼ਨ ਨੇ ਗੀਤਾ 'ਚ ਕਿਹਾ ਸੀ, "ਹਮੇਸ਼ਾ ਬੁਰੀਆਂ ਗੱਲਾਂ ਦਾ ਧਿਆਨ ਰਹਿਣ ਨਾਲ ਉਨ੍ਹਾਂ 'ਚ ਹੀ ਲਗਾਅ ਵੱਧਦਾ ਹੈ ਅਤੇ ਉਸ ਨਾਲ ਬੁੱਧੀ ਭ੍ਰਿਸ਼ਟ ਹੁੰਦੀ ਹੈ ਤੇ ਸਭ ਕੁੱਝ ਨਸ਼ਟ ਹੋ ਜਾਂਦਾ ਹੈ।"

ਸਿਨੇਮਾ, ਮੀਡੀਆ ਤੇ ਸੋਸ਼ਲ ਮੀਡੀਆ 'ਚ ਸੈੱਕਸ, ਅਪਰਾਧ ਦੀ ਚਰਚਾ 'ਤੇ ਕਾਬੂ ਪਾਉਣਾ ਜ਼ਰੂਰੀ ਹੈ। ਬੱਚਿਆਂ ਦੇ ਹੱਥਾਂ 'ਚ ਮੋਬਾਇਲ ਫ਼ੋਨ ਹਨ ਅਤੇ ਇੰਟਰਨੈੱਟ 'ਚ ਸਭ ਕੁੱਝ ਭਰਿਆ ਹੋਇਆ ਹੈ। ਇੱਕ ਤਾਂ ਡਰੱਗਜ਼ ਦਾ ਨਸ਼ਾ ਆ ਰਿਹਾ ਹੈ ਅਤੇ ਉੱਪਰੋਂ ਮੋਬਾਇਲ ਦਾ ਨਸ਼ਾ, ਜਿਸ 'ਚ ਸੈੱਕਸ, ਪੋਰਨ, ਪਤਾ ਨਹੀਂ ਕੀ ਕੁੱਝ ਭਰਿਆ ਹੋਇਆ ਹੈ। ਸਮਾਜ ਅਤੇ ਸਰਕਾਰ ਨੂੰ ਇਸ ਬਾਰੇ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ। ਹੁਣ ਸੰਸਕਾਰ ਦੇਣ ਦਾ ਕੰਮ ਸਮਾਜ ਤੇ ਪਰਿਵਾਰ ਸ਼ਾਇਦ ਜ਼ਿਆਦਾ ਨਹੀਂ ਕਰ ਸਕੇਗਾ। ਯੋਗ ਅਤੇ ਨੈਤਿਕ ਸਿੱਖਿਆ ਨੂੰ ਇੱਕ ਲਾਜ਼ਮੀ ਵਿਸ਼ਾ ਬਣਾਉਣਾ ਚਾਹੀਦਾ ਹੈ। ਸ਼ੁਰੂ ਤੋਂ ਹੀ ਯੋਗ, ਪ੍ਰਾਣਾਯਾਮ ਅਤੇ ਨੈਤਿਕ ਸਿੱਖਿਆ ਨਵੀਂ ਪੀੜ੍ਹੀ ਨੂੰ ਚੰਗੇ ਸੰਸਕਾਰ ਦੇਣ ਦਾ ਕੰਮ ਕਰ ਸਕਦੀ ਹੈ।






# ਅਮਰੀਕਾ 'ਚ ਸਖਤ ਨਿਯਮਾਂ ਕਾਰਨ ਸੁਧਰਨ ਲੱਗੀ ਆਬੋ-ਹਵਾ



ਵਾਸ਼ਿੰਗਟਨ- ਅਮਰੀਕਾ ਵਲੋਂ ਹਵਾ ਦੇ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਲਾਗੂ ਕੀਤੇ ਗਏ ਸਖਤ ਨਿਯਮਾਂ ਦਾ ਅਸਰ ਨਜ਼ਰ ਆਉਣ ਲੱਗ ਪਿਆ ਹੈ। 1990 ਤੋਂ ਲੈ ਕੇ 2010 ਤਕ ਦੇ 20 ਸਾਲਾਂ ਦੌਰਾਨ ਹਵਾ ਦੇ ਪ੍ਰਦੂਸ਼ਣ ਕਾਰਨ ਹੋਈਆਂ ਮੌਤਾਂ ਦੀ ਗਿਣਤੀ ਵਿਚ ਹੁਣ ਕਮੀ ਹੋ ਰਹੀ ਹੈ।ਹਵਾ ਦੇ ਪ੍ਰਦੂਸ਼ਣ ਕਾਰਨ ਹਰ ਸਾਲ ਹੋਣ ਵਾਲੀਆਂ ਮੌਤਾਂ ਦਾ ਅੰਕੜਾ ਉਕਤ 20 ਸਾਲਾਂ ਦੌਰਾਨ 71 ਹਜ਼ਾਰ ਪ੍ਰਤੀ ਸਾਲ ਰਿਹਾ ਸੀ। ਯੂਨੀਵਰਸਿਟੀ ਆਫ ਨਾਰਥ ਕੈਰੋਲੀਨਾ ਨੇ ਇਸ ਸਬੰਧੀ ਵਿਸਤ੍ਰਿਤ ਖੋਜ ਕੀਤੀ ਹੈ। ਇਸ ਖੋਜ ਨੂੰ ਨਾਸਾ ਅਤੇ ਈ. ਪੀ. ਨੇ ਵੀ ਮਾਨਤਾ ਦਿੱਤੀ ਹੈ। ਖੋਜ ਰਿਪੋਰਟ ਵਿਚ ਦਿਲ ਦੇ ਰੋਗਾਂ ਅਤੇ ਹਵਾ ਦੇ ਪ੍ਰਦੂਸ਼ਣ ਕਾਰਨ ਹੋਣ ਵਾਲੀਆਂ ਮੌਤਾਂ ਦੇ 21 ਸਾਲ ਦੇ ਅੰਕੜਿਆਂ 'ਤੇ ਅਧਿਐਨ ਕੀਤਾ ਗਿਆ ਹੈ। ਅਧਿਐਨ ਪਿੱਛੋਂ ਯੂਨੀਵਰਸਿਟੀ ਇਸ ਸਿੱਟੇ 'ਤੇ ਪੁੱਜੀ ਕਿ ਅਮਰੀਕਾ ਵਿਚ ਹਵਾ ਦੇ ਪ੍ਰਦੂਸ਼ਣ ਨੂੰ ਕੰਟਰੋਲ ਵਿਚ ਕਰਨ ਲਈ ਲਾਗੂ ਹੋਏ ਸਖਤ ਕਾਨੂੰਨ ਕਾਰਨ ਲੋਕਾਂ ਦੀ ਸਿਹਤ 'ਤੇ ਇਸ ਦਾ ਉਸਾਰੂ ਅਸਰ ਹੋਇਆ ਹੈ।

ਅਧਿਐਨ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਅਮਰੀਕਾ ਦੇ ਕੇਂਦਰੀ ਕਾਨੂੰਨ ਦੇ ਨਾਲ-ਨਾਲ 2002 ਵਿਚ ਸੂਬਿਆਂ ਵਲੋਂ ਨਾਈਟਰੋਜਨ ਦੇ ਲੀਕ ਹੋਣ ਨੂੰ ਲੈ ਕੇ ਲਾਗੂ ਕੀਤੇ ਗਏ ਕਾਨੂੰਨ ਦਾ ਵੀ ਚੰਗਾ ਪ੍ਰਭਾਵ ਦੇਖਣ ਨੂੰ ਮਿਲਿਆ ਹੈ। ਮੋਟਰ-ਗੱਡੀਆਂ ਕਾਰਨ ਹੋਣ ਵਾਲੇ ਪ੍ਰਦੂਸ਼ਣ ਨੂੰ ਘੱਟ ਕਰਨ ਲਈ ਚੁੱਕੇ ਗਏ ਕਦਮਾਂ ਦੇ ਅਸਰ ਬਾਰੇ ਵੀ ਰਿਪੋਰਟ ਵਿਚ ਦੱਸਿਆ ਗਿਆ ਹੈ। ਹਵਾ ਦਾ ਪ੍ਰਦੂਸ਼ਣ ਰੋਕਣ ਲਈ ਚੁੱਕੇ ਗਏ ਇਨ੍ਹਾਂ ਕਦਮਾਂ ਦਾ ਅਸਰ ਨਾ ਸਿਰਫ ਮਨੁੱਖੀ ਸਿਹਤ 'ਤੇ ਨਜ਼ਰ ਆਇਆ ਸਗੋਂ ਬਿਜਲੀ ਦੀ ਮੰਗ 'ਤੇ ਵੀ ਪਿਆ।

ਅਧਿਐਨ ਕਰਨ ਵਾਲੀ ਟੀਮ ਦਾ ਮੰਨਣਾ ਹੈ ਕਿ 2010 ਤੋਂ ਬਾਅਦ ਅਮਰੀਕਾ ਵਿਚ ਹਵਾ ਦੇ ਪ੍ਰਦੂਸ਼ਣ ਕਾਰਨ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਵਿਚ ਹੋਰ ਗਿਰਾਵਟ ਦੇਖਣ ਨੂੰ ਮਿਲ ਸਕਦੀ ਹੈ ਕਿਉਂਕਿ 2011 ਵਿਚ ਅਮਰੀਕਾ ਵਿਚ ਕਰਾਸ ਸਟੇਟ ਪਾਲਿਊਸ਼ਨ ਨਿਯਮਾਂ ਨੂੰ ਲਾਗੂ ਕੀਤਾ ਗਿਆ ਹੈ। ਟੀਮ ਨੇ 2010 ਤੋਂ ਬਾਅਦ ਹਵਾ ਦੇ ਪ੍ਰਦੂਸ਼ਣ ਕਾਰਨ ਹੋਈਆਂ ਮੌਤਾਂ ਦੇ ਅਧਿਐਨ ਦੀ ਵੀ ਸਿਫਾਰਸ਼ ਕੀਤੀ ਹੈ।ਮੰਨਿਆ ਜਾਂਦਾ ਹੈ ਕਿ ਸਮੁੱਚੀ ਦੁਨੀਆ ਵਿਚ ਤੇਜ਼ੀ ਨਾਲ ਬਦਲਦੇ ਚੌਗਿਰਦੇ, ਆਵਾਜਾਈ ਦੇ ਸਾਧਨਾਂ ਅਤੇ ਬਦਲਦੀ ਤਕਨੀਕ ਦਾ ਅਸਰ ਵੀ ਹਵਾ ਦੇ ਪ੍ਰਦੂਸ਼ਣ 'ਤੇ ਦੇਖਣ ਨੂੰ ਮਿਲੇਗਾ ਪਰ ਅਮਰੀਕਾ ਨੂੰ ਹਾਈਬ੍ਰਿਡ ਅਤੇ ਇਲੈਕਟ੍ਰਾਨਿਕ ਕਾਰਾਂ ਕਾਰਨ ਹਵਾ ਦੇ ਪ੍ਰਦੂਸ਼ਣ ਨੂੰ ਕੰਟਰੋਲ ਵਿਚ ਕਰਨ ਦਾ ਭਰੋਸਾ ਹੈ।

# ਖਸ਼ੋਗੀ ਦੀ ਲਾਸ਼ ਬਾਰੇ ਸਾਨੂੰ ਕੋਈ ਜਾਣਕਾਰੀ ਨਹੀਂ : ਸਾਊਦੀ ਵਿਦੇਸ਼ ਮੰਤਰੀ



ਵਾਸ਼ਿੰਗਟਨ — ਹੱਤਿਆ ਦੀ ਗੱਲ ਕਰਨ ਅਤੇ ਇਸ ਨੂੰ ਜ਼ਬਰਦਸਤ ਗਲਤੀ ਕਰਾਰ ਦਿੰਦੇ ਹੋਏ ਸਾਊਦੀ ਅਰਬ ਦੇ ਵਿਦੇਸ਼ ਮੰਤਰੀ ਅਦੇਲ ਅਲ ਜੁਬੈਰ ਨੇ ਐਤਵਾਰ ਨੂੰ ਆਖਿਆ ਕਿ ਉਨ੍ਹਾਂ ਦਾ ਮੁਲਕ ਨਹੀਂ ਜਾਣਦਾ ਹੈ ਕਿ ਮਾਰੇ ਗਏ ਪੱਤਰਕਾਰ ਜਮਾਲ ਖਸ਼ੋਗੀ ਦੀ ਲਾਸ਼ ਕਿੱਥੇ ਹੈ। ਇਕ ਨਿਊਜ਼ ਚੈਨਲ ਨਾਲ ਗੱਲਬਾਤ ਦੌਰਾਨ ਜੁਬੈਰ ਨੇ ਕਿਹਾ ਕਿ ਸਾਊਦੀ ਦਾ ਸ਼ੁਰੂ 'ਚ ਮੰਨਣਾ ਸੀ ਕਿ ਖਸ਼ੋਗੀ ਇਸਤਾਨਬੁਲ 'ਚ ਉਸ ਦੇ ਵਣਜ ਦੂਤਘਰ ਤੋਂ ਚਲਾ ਗਿਆ ਹੈ ਜਿੱਥੇ ਉਸ ਨੂੰ 2 ਅਕਤੂਬਰ ਨੂੰ ਆਖਰੀ ਵਾਰ ਦੇਖਿਆ ਗਿਆ ਸੀ। ਹਾਲਾਂਕਿ ਤੁਰਕੀ ਤੋਂ ਖਬਰਾਂ ਮਿਲਣ ਤੋਂ ਬਾਅਦ ਸਾਊਦੀ ਅਧਿਕਾਰੀਆਂ ਨੇ ਜਾਂਚ ਸ਼ੁਰੂ ਕੀਤੀ ਹੈ, ਜਿਸ 'ਚ ਖੁਲਾਸਾ ਹੋਇਆ ਹੈ ਕਿ ਡਿਪਲੋਮੈਟ ਦੂਤਘਰ 'ਚ ਉਸ ਦੀ ਹੱਤਿਆ ਕੀਤੀ ਗਈ ਹੈ। ਜੁਬੈਰ ਨੇ ਆਖਿਆ, 'ਅਸੀਂ ਸੰਖੇਪ 'ਚ ਬਿਊਰੇ ਬਾਰੇ ਨਹੀਂ ਜਾਣਦੇ ਕਿ ਇਹ ਕਿਵੇਂ ਹੋਇਆ ਅਤੇ ਨਾ ਹੀ ਸਾਨੂੰ ਉਸ ਦੀ ਲਾਸ਼ ਬਾਰੇ ਕੋਈ ਜਾਣਕਾਰੀ ਹੈ।

# ਅਮਰੀਕਾ 'ਚ ਜੇਤੂ ਨਾ ਮਿਲਣ 'ਤੇ ਲਾਟਰੀ ਦੀ ਰਕਮ ਵੱਧ ਕੇ ਹੋਈ 160 ਕਰੋੜ ਡਾਲਰ




ਵਾਸ਼ਿੰਗਟਨ — ਬੀਤੇ ਸ਼ੁੱਕਰਵਾਰ ਨੂੰ ਕੱਢੇ ਗਏ ਡ੍ਰਾਅ 'ਚ ਕੋਈ ਜੇਤੂ ਨਾ ਮਿਲਣ 'ਤੇ ਅਮਰੀਕਾ 'ਚ ਮੇਗਾ ਮਿਲੀਅਨਸ ਲਾਟਰੀ ਦੀ ਇਨਾਮੀ ਰਾਸ਼ੀ ਵਧਾ ਕੇ 160 ਕਰੋੜ ਡਾਲਰ (11 ਹਜ਼ਾਰ ਕਰੋੜ ਰੁਪਏ) ਹੋ ਗਈ ਹੈ। ਕਿਸੇ ਲਾਟਰੀ ਦੀ ਇਨਾਮੀ ਰਾਸ਼ੀ ਦਾ ਇਹ ਵਿਸ਼ਵ ਰਿਕਾਰਡ ਹੈ।

ਲਾਟਰੀ ਦਾ ਅਗਲਾ ਡ੍ਰਾਅ ਹੁਣ ਮੰਗਲਵਾਰ ਨੂੰ ਕੱਢਿਆ ਜਾਵੇਗਾ। ਇਸ ਲਾਟਰੀ ਨਾਲ ਜੁੜਿਆ ਮੇਗਾ ਮਿਲੀਅਨਸ ਗਰੁੱਪ ਦੇ ਡਾਇਰੈਕਟਰ ਮੈਡੇਨਿਕਾ ਨੇ ਆਖਿਆ ਕਿ ਮੇਗਾ ਮਿਲੀਅਨਸ ਪਹਿਲਾਂ ਹੀ ਇਤਿਹਾਸਕ ਪਲਾਂ 'ਚ ਦਾਖਲ ਹੋ ਚੁੱਕੀ ਹੈ ਪਰ ਇਹ ਅਸਲ 'ਚ ਹੈਰਾਨ ਕਰਨ ਵਾਲੀ ਗੱਲ ਹੈ ਕਿ ਇਨਾਮੀ ਰਾਸ਼ੀ ਨੇ ਹੁਣ ਤੱਕ ਦਾ ਵਿਸ਼ਵ ਰਿਕਾਰਡ ਬਣਾ ਦਿੱਤਾ ਹੈ।

ਮੇਗਾ ਮਿਲੀਅਨਸ ਨੂੰ ਮਲਟੀ ਸਟੇਟ ਲਾਟਰੀ ਐਸੋਸੀਏਸ਼ਨ ਪਾਵਰਬਾਲ ਸਮੇਤ ਕਈ ਹੋਰ ਲਾਟਰੀ ਗੇਮਸ ਨਾਲ ਮਿਲ ਕੇ ਸੰਚਾਲਿਤ ਕਰਦੀ ਹੈ। ਇਸ ਲਾਟਰੀ ਦੇ ਜੈੱਕਪਾਟ (ਵੱਡੀ ਇਨਾਮੀ ਰਾਸ਼ੀ) ਨੂੰ ਜਿੱਤਣ ਲਈ ਸਾਰੇ 6 ਨੰਬਰਾਂ ਦਾ ਮਿਲਣਾ ਜ਼ਰੂਰੀ ਹੈ। ਜੇਕਰ ਵਿਸ਼ੇਸ਼ ਲਾਟਰੀ ਨਿਯਮਾਂ ਦੇ ਤਹਿਤ ਇਹ ਸਾਰੇ ਸਹੀ ਪਾਏ ਜਾਂਦੇ ਹਨ ਤਾਂ ਖੇਡਣ ਵਾਲੇ ਨੂੰ ਤੁਰੰਤ 90 ਕਰੋੜ ਡਾਲਰ (ਕਰੀਬ 6 ਹਜ਼ਾਰ ਕਰੋੜ ਰੁਪਏ) ਦੀ ਨਕਦ ਇਨਾਮੀ ਰਾਸ਼ੀ ਦਿੱਤੀ ਜਾਂਦੀ ਹੈ

# 2 ਗਲਾਸ ਪਾਣੀ ਪੀਣ ਲਈ ਇਸ ਸ਼ਖਸ ਨੇ ਦਿੱਤੀ 7 ਲੱਖ ਦੀ ਟਿੱਪ

ਕੈਰੋਲੀਨਾ — ਉੱਤਰੀ ਕੈਰੋਲੀਨਾ ਦੇ ਰੈਸਤਰਾਂ 'ਚ ਇਕ ਵੇਟਰ ਨੂੰ ਇਕ ਗਾਹਕ ਵੱਲੋਂ 10 ਹਜ਼ਾਰ ਡਾਲਰ (ਕਰੀਬ 7 ਲੱਖ ਰੁਪਏ) ਦੀ ਨਕਦ ਟਿੱਪ ਦਿੱਤੀ ਗਈ। ਸ਼ਖਸ ਨੇ ਇਹ ਟਿੱਪ ਸਿਰਫ 2 ਬੋਤਲ ਪਾਣੀ ਦੇ ਆਦੇਸ਼ ਦੇ ਬਦਲੇ 'ਚ ਦਿੱਤੀ। ਸ਼ਖਸ ਨੇ ਰੈਸਤਰਾਂ ਸਰਵਰ (ਵੇਟਰੈੱਸ) ਨੂੰ ਟਿੱਪ ਦੇਣ ਨਾਲ ਇਕ ਨੋਟ ਵੀ ਛੱਡਿਆ ਹੈ ਜਿਸ 'ਤੇ ਲਿੱਖਿਆ ਸੀ ਕਿ ਸਵਾਦ ਪਾਣੀ ਦੇ ਨਾਲ ਧੰਨਵਾਦ। ਜਿਸ ਰੈਸਤਰਾਂ ਕਰਮਚਾਰੀ ਨੂੰ ਇਹ ਟਿੱਪ ਮਿਲੀ ਹੈ ਉਸ ਦਾ ਨਾਂ ਐਲੇਨਾ ਕਸਟਰ ਹੈ। ਟਿੱਪ ਦੇ ਰੂਪ 'ਚ ਵੱਡੀ ਰਕਮ ਮਿਲਣ ਤੋਂ ਬਾਅਦ ਐਲੇਨਾ ਕਸਟਰ ਕਾਫੀ ਖੁਸ਼ ਹੈ। ਸ਼ਖਸ ਵੱਲੋਂ ਦਿੱਤੀ ਗਈ ਟਿੱਪ ਨੂੰ ਹੱਥ 'ਚ ਲੈ ਕੇ ਫੋਟੋ ਵੀ ਸਾਹਮਣੇ ਆਈ ਹੈ।ਟਿੱਪ ਤੋਂ ਬਾਅਦ ਐਲੇਨਾ ਕਸਟਰ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਆਖਿਆ ਕਿ ਮੈਂ ਅਸਲ 'ਚ ਸੋਚਿਆ ਨਹੀਂ ਸੀ ਕਿ ਉਹ ਨੋਟ ਅਸਲੀ ਹੈ। ਮੈਂ ਜਿਵੇਂ ਹੀ ਇੰਨੇ ਨੋਟ ਹੱਥਾਂ 'ਚ ਫੜੇ ਅਤੇ ਪੁੱਛਿਆ ਕਿ ਇਹ ਕੀ ਹੈ। ਕਸਟਰ ਨੇ ਕਿਹਾ ਕਿ ਮੈਨੂੰ ਲੱਗਾ ਕਿਸੇ ਨੇ ਮੇਰਾ ਮਜ਼ਾਕ ਉਡਾਉਣ ਲਈ ਅਜਿਹਾ ਕੀਤਾ ਹੈ ਪਰ ਜਦੋਂ ਉਸ ਸ਼ਖਸ ਦੇ ਬਾਰੇ 'ਚ ਪਤਾ ਕੀਤਾ ਗਿਆ ਤਾਂ ਪਤਾ ਲੱਗਾ ਕਿ ਉਹ ਕੋਈ ਛੋਟਾ-ਮੋਟਾ ਆਦਮੀ ਨਹੀਂ ਹੈ ਬਲਕਿ ਉਹ ਕਾਫੀ ਮਸ਼ਹੂਰ ਯੂਟਿਊਬਰ ਹੈ ਜਿਸ ਦਾ ਨਾਂ ਬੀਸਟ ਹੈ।ਬੀਸਟ ਦੇ ਯੂ-ਟਿਊਬ 'ਤੇ 8.9 ਮਿਲੀਅਨ ਸਬਸਕ੍ਰਾਇਬਰਸ ਹਨ। ਰੈਸਤਰਾਂ 'ਚ ਜਦੋਂ ਬੀਸਟ ਪਹੁੰਚੇ ਹੋਏ ਸਨ ਤਾਂ 2 ਲੋਕਾਂ ਨੇ ਉਸ ਦੀ ਫਿਲਮ ਬਾਰੇ ਪ੍ਰਤੀਕਿਰਿਆ ਵੀ ਦਿੱਤੀ ਸੀ। ਹਾਲਾਂਕਿ ਟਿੱਪ ਦੇਣ ਤੋਂ ਬਾਅਦ ਬੀਸਟ ਚਲੇ ਗਏ ਸਨ ਪਰ ਆਪਣੇ ਕ੍ਰਿਊ ਮੈਂਬਰਾਂ ਨੂੰ ਮਿਲਣ ਲਈ ਦੁਬਾਰਾ ਰੈਸਤਰਾਂ ਆ ਗਏ। ਕਸਟਰ ਨੇ ਆਖਿਆ ਕਿ ਉਹ ਲੋਕਾਂ ਨੂੰ ਗਲੇ ਮਿਲ ਰਹੇ ਸਨ, ਮੈਂ ਪੈਸੇ ਪਾ ਕੇ ਧੰਨ ਹੋ ਗਈ ਕਿਉਂਕਿ ਸਾਡੇ 'ਚੋਂ ਜ਼ਿਆਦਾਤਰ ਸਪ ਡਾਗਸ 'ਚ ਕੰਮ ਕਰਦੇ ਹਨ ਅਜਿਹੇ 'ਚ ਇਹ ਪੈਸਾ ਸਾਰਿਆਂ ਦੀ ਮਦਦ ਕਰੇਗਾ। ਰੈਸਤਰਾਂ ਸਪ ਡਾਗਸ ਨੇ ਆਪਣੇ ਫੇਸਬੁੱਕ ਪੋਸਟ 'ਚ ਕਸਤਰ ਦੇ ਹੱਥ 'ਚ ਨਕਦ ਪੈਸੇ ਲਈ ਫੋਟੋ ਵੀ ਸ਼ੇਅਰ ਕੀਤੀ ਹੈ, ਜਿਸ 'ਚ ਕਸਟਰ ਕਾਫੀ ਖੁਸ਼ ਨਜ਼ਰ ਆ ਰਹੀ ਹੈ। ਟਿੱਪ ਦੇਣ ਤੋਂ ਬਾਅਦ ਰੈਸਤਰਾਂ ਨੇ ਬੀਸਟ ਦਾ ਧੰਨਵਾਦ ਵੀ ਕੀਤਾ। ਦੱਸ ਦਈਏ ਕਿ ਟਿੱਪ ਦੇ ਰੂਪ 'ਚ ਇੰਨੀ ਵੱਡੀ ਰਕਮ ਕਦੇ-ਕਦੇ ਹੀ ਕੋਈ ਦਿੰਦਾ ਹੈ ਕਿਉਂਕਿ ਜਿੰਨੀ ਰਕਮ ਦਾ 2 ਬੋਤਲ ਪਾਣੀ ਨਹੀਂ ਰਿਹਾ ਹੋਵੇਗਾ ਉਸ ਤੋਂ ਕਈ ਗੁਣਾ ਜ਼ਿਆਦਾ ਨੂੰ ਤਾਂ ਟਿੱਪ ਮਿਲ ਗਈ।






# ਡਾ. ਗਾਂਧੀ ਤੇ ਛੋਟੇਪੁਰ ਨੇ 'ਆਪ' ਦੀ ਏਕਤਾ ਦੇ ਢੰਗ-ਤਰੀਕਿਆਂ 'ਤੇ ਉਠਾਏ ਸਵਾਲ



ਚੰਡੀਗੜ੍ਹ —ਮੈਂਬਰ ਪਾਰਲੀਮੈਂਟ ਡਾ. ਧਰਮਵੀਰ ਗਾਂਧੀ ਅਤੇ 'ਆਪ' ਦੇ ਸਾਬਕਾ ਪ੍ਰਦੇਸ਼ ਪ੍ਰਧਾਨ ਸੁੱਚਾ ਸਿੰਘ ਛੋਟੇਪੁਰ ਨੇ 'ਆਪ' ਦੀ ਪੰਜਾਬ ਇਕਾਈ ਦੇ ਵੱਖ-ਵੱਖ ਗਰੁੱਪਾਂ ਦੀ ਏਕਤਾ ਲਈ ਪਾਰਟੀ ਲੀਡਰਸ਼ਿਪ ਵੱਲੋਂ ਅਪਣਾਏ ਜਾ ਰਹੇ ਢੰਗ-ਤਰੀਕਿਆਂ 'ਤੇ ਸਵਾਲ ਉਠਾਏ ਹਨ। ਇਨ੍ਹਾਂ ਦੋਵਾਂ ਆਗੂਆਂ ਨੇ ਅੱਜ ਇਥੇ ਪੰਜਾਬ ਰਾਜ ਭਵਨ 'ਚ ਇਕ ਮੀਟਿੰਗ 'ਚ ਸ਼ਾਮਿਲ ਹੋਣ ਤੋਂ ਬਾਅਦ ਕਿਹਾ ਕਿ ਕੀਤੇ ਜਾ ਰਹੇ ਯਤਨਾਂ 'ਚ ਗੰਭੀਰਤਾ ਨਹੀਂ ਹੈ ਅਤੇ ਇਸ ਤਰ੍ਹਾਂ ਪਾਰਟੀਆਂ 'ਚ ਏਕੇ ਨਹੀਂ ਹੁੰਦੇ। ਦੋਵਾਂ ਆਗੂਆਂ ਨੇ ਇਹ ਵੀ ਸਾਫ ਕਰ ਦਿੱਤਾ ਹੈ ਕਿ ਉਨ੍ਹਾਂ ਨਾਲ ਪ੍ਰਦੇਸ਼ ਲੀਡਰਸ਼ਿਪ ਵੱਲੋਂ ਏਕਤਾ ਦੀ ਗੱਲਬਾਤ ਲਈ ਕੋਈ ਸਿੱਧਾ ਸੰਪਰਕ ਨਹੀਂ ਕੀਤਾ ਜਾ ਰਿਹਾ।ਡਾ. ਗਾਂਧੀ ਦਾ ਕਹਿਣਾ ਹੈ ਕਿ ਛੋਟੇਪੁਰ ਦੀ ਅਗਵਾਈ 'ਚ ਪਾਰਟੀ ਨੇ ਕਿਸੇ ਸਮੇਂ ਚੰਗੀ ਚੜ੍ਹਤ ਪ੍ਰਾਪਤ ਕਰ ਲਈ ਸੀ ਪਰ ਬਾਅਦ 'ਚ ਕਈ ਚੰਗੇ ਆਗੂਆਂ ਦੇ ਪਾਰਟੀ 'ਚੋਂ ਬਾਹਰ ਜਾਣ ਨਾਲ ਗਿਰਾਵਟ ਸ਼ੁਰੂ ਹੋਈ। ਸਰਕਾਰ ਬਣਾਉਣ ਜਾ ਰਹੀ ਪਾਰਟੀ 20 ਸੀਟਾਂ 'ਤੇ ਜਾ ਸਿਮਟੀ ਅਤੇ ਉਸ ਤੋਂ ਬਾਅਦ ਤਾਂ ਉਪ ਚੋਣਾਂ 'ਚ ਬਿਲਕੁਲ ਹੀ ਆਧਾਰ ਖਤਮ ਹੁੰਦਾ ਦਿਖਾਈ ਦਿੱਤਾ। ਗਾਂਧੀ ਦਾ ਕਹਿਣਾ ਹੈ ਕਿ ਹਵਾ 'ਚ ਤੀਰ ਮਾਰ ਕੇ ਏਕਤਾ ਨਹੀਂ ਹੋ ਸਕਦੀ ਬਲਕਿ ਪਾਰਟੀ ਦੇ ਗਿਰਾਵਟ 'ਚ ਜਾਣ ਤੋਂ ਪਹਿਲਾਂ ਵਾਲੀਆਂ ਗਲਤੀਆਂ ਦਾ ਗੰਭੀਰਤਾ ਨਾਲ ਵਿਸ਼ਲੇਸ਼ਣ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਪਾਰਟੀ ਪ੍ਰਦੇਸ਼ ਇਕਾਈ ਨੂੰ ਖੁਦਮੁਖਤਿਆਰੀ ਦੇਣਾ ਵੀ ਬਹੁਤ ਜ਼ਰੂਰੀ ਹੈ।ਸੁੱਚਾ ਸਿੰਘ ਛੋਟੇਪੁਰ ਨੇ ਵੀ ਕਿਹਾ ਕਿ ਸਭ ਤੋਂ ਪਹਿਲਾਂ ਪਾਰਟੀ 'ਤੇ ਦਿੱਲੀ ਦਾ ਗਲਬਾ ਖਤਮ ਕਰਨਾ ਪਵੇਗਾ। ਪਿਛਲੇ ਸਮੇਂ 'ਚ ਕੀਤੀਆਂ ਸਾਰੀਆਂ ਗਲਤੀਆਂ ਦਾ ਪੂਰਾ ਹਿਸਾਬ-ਕਿਤਾਬ ਕਰਕੇ ਲੋਕਾਂ ਦੀ ਜ਼ਿੰਮੇਵਾਰੀ ਫਿਕਸ ਕਰ ਕੇ ਕਾਰਵਾਈ ਹੋਵੇਗੀ। ਉਨ੍ਹਾਂ ਕਿਹਾ ਕਿ ਭਾਵੇਂ ਪਿਛਲੇ ਦਿਨਾਂ 'ਚ ਉਨ੍ਹਾਂ ਨਾਲ 'ਆਪ' ਪੰਜਾਬ ਦੇ ਆਗੂਆਂ ਨੇ ਸੰਪਰਕ ਕਰਕੇ ਗੱਲਬਾਤ ਸ਼ੁਰੂ ਕੀਤੀ ਸੀ ਪਰ ਉਸ ਤੋਂ ਬਾਅਦ ਕੋਈ ਗੱਲ ਅੱਗੇ ਨਹੀਂ ਤੋਰੀ ਗਈ। ਛੋਟੇਪੁਰ ਦਾ ਕਹਿਣਾ ਹੈ ਕਿ ਸ਼ਾਇਦ ਜੋ ਕੌੜੀਆਂ ਗੱਲਾਂ ਉਨ੍ਹਾਂ ਨੇ 'ਆਪ' ਆਗੂਆਂ ਨੂੰ ਏਕਤਾ ਦੀ ਗੱਲ ਅੱਗੇ ਤੋਰਨ ਲਈ ਕਹੀਆਂ ਸਨ, ਉਹ ਉਨ੍ਹਾਂ ਨੂੰ ਚੰਗੀਆਂ ਨਹੀਂ ਲੱਗੀਆਂ ਹੋਣਗੀਆਂ ਜਿਸ ਕਰਕੇ ਬਾਅਦ 'ਚ ਫਿਰ ਤੋਂ ਅਜਿਹਾ ਯਤਨ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪਾਰਟੀ ਆਗੂਆਂ ਵੱਲੋਂ ਗਲਤੀਆਂ ਦਾ ਅਹਿਸਾਸ ਕੀਤੇ ਬਿਨਾਂ ਏਕਤਾ ਸੰਭਵ ਨਹੀਂ।

# ਬਰਗਾੜੀ ਕਾਂਡ ਤੋਂ ਨਾਰਾਜ਼ ਦੋਆਬੇ ਦੇ ਟਕਸਾਲੀ ਅਕਾਲੀ ਆਗੂ ਦੇ ਸਕਦੇ ਨੇ ਪਾਰਟੀ ਨੂੰ ਝਟਕਾ



ਜਲੰਧਰ — ਸ਼੍ਰੋਮਣੀ ਅਕਾਲੀ ਦਲ ਲਈ ਬਰਗਾੜੀ ਬੇਅਦਬੀ ਕਾਂਡ ਤੋਂ ਬਾਅਦ ਹੀ ਦਿਨ ਖਰਾਬ ਚੱਲ ਰਹੇ ਹਨ। ਪਹਿਲਾਂ ਪੰਜਾਬ ਵਿਚ ਸਰਕਾਰ ਗੁਆਉਣ ਤੋਂ ਬਾਅਦ ਪਾਰਟੀ ਦੇ ਪੈਰ ਜ਼ਮੀਨ 'ਤੇ ਨਹੀਂ ਟਿਕ ਰਹੇ। ਪਿਛਲੇ ਕੁਝ ਦਿਨਾਂ ਤੋਂ ਪਾਰਟੀ ਦੇ ਕਈ ਸੀਨੀਅਰ ਆਗੂਆਂ ਵਲੋਂ ਅਸਤੀਫੇ ਦੇਣ ਕਾਰਨ ਚਰਚਾ ਹੈ ਕਿ ਦੋਆਬੇ ਦੇ ਕਈ ਟਕਸਾਲੀ ਆਗੂ ਬਰਗਾੜੀ ਕਾਂਡ ਤੋਂ ਨਾਰਾਜ਼ ਚੱਲ ਰਹੇ ਹਨ।ਇਸ ਬਾਰੇ ਗੱਲਬਾਤ ਕਰਦਿਆਂ ਨਾਰਾਜ਼ ਚੱਲ ਰਹੇ ਟਕਸਾਲੀ ਆਗੂ ਨੇ ਦੱਸਿਆ ਕਿ ਅਕਾਲੀ ਦਲ ਨੂੰ ਆਪਣੀਆਂ ਪੰਥਕ ਨੀਤੀਆਂ 'ਚ ਬਦਲਾਅ ਲਿਆਉਣ ਦੀ ਲੋੜ ਹੈ ਨਹੀਂ ਤਾਂ ਪਾਰਟੀ ਆਪਣੇ ਵਫਾਦਾਰ ਆਗੂਆਂ ਨੂੰ ਗੁਆ ਬੈਠੇਗੀ। ਉਕਤ ਆਗੂ ਨੇ ਦੱਸਿਆ ਕਿ ਦੋਆਬਾ ਵਿਚ ਦਰਜਨਾਂ ਪਾਰਟੀ ਆਗੂ ਪਾਰਟੀ ਤੋਂ ਨਾਰਾਜ਼ ਚੱਲ ਰਹੇ ਹਨ। ਇਸ ਵਿਚ ਮੁੱਖ ਨਾਰਾਜ਼ਗੀ ਜਿਥੇ ਬਰਗਾੜੀ ਕਾਂਡ ਦੀ ਹੈ ਉਥੇ ਦੋਆਬੇ ਦੇ ਕਈ ਪੰਥਕ ਮਸਲੇ ਹਨ ਜੋ ਪਾਰਟੀ ਹਾਈਕਮਾਨ ਇਕ ਬੈਠਕ ਵਿਚ ਹੱਲ ਕਰਵਾ ਸਕਦੀ ਸੀ ਪਰ ਜਾਣਬੁਝ ਕੇ ਇਨ੍ਹਾਂ ਮਸਲਿਆਂ ਨੂੰ ਕਈ ਸਾਲਾਂ ਤੋਂ ਲਟਕਾਇਆ ਜਾ ਰਿਹਾ ਹੈ। ਇਸ ਕਾਰਨ ਪਾਰਟੀ ਦੀ ਲੀਡਰਸ਼ਿਪ ਵਰ੍ਹਿਆਂ ਤੋਂ ਆਪਸੀ ਧੜੇਬਾਜ਼ੀ ਦਾ ਸ਼ਿਕਾਰ ਹੋ ਰਹੀ ਹੈ।ਉਕਤ ਆਗੂ ਨੇ ਦੱਸਿਆ ਕਿ ਪਾਰਟੀ ਹਾਈਕਮਾਨ ਦੀ ਇਹ ਨੀਤੀ ਹੈ ਕਿ ਕੋਈ ਵੀ ਪੰਥਕ ਮਸਲਾ ਹੋਵੇ ਉਸ ਨੂੰ ਲਟਕਾ ਦੇਵੋ, ਜਿਸ ਕਾਰਨ ਪਾਰਟੀ ਵਰਕਰ ਤੇ ਆਗੂ ਆਪਸ ਵਿਚ ਲੜਦੇ ਰਹਿਣਗੇ ਤੇ ਵਾਰ-ਵਾਰ ਜਾ ਕੇ ਹਾਈਕਮਾਨ ਅੱਗੇ ਹਾਜ਼ਰੀ ਭਰਨਗੇ ਪਰ ਇਸ ਪਾਲਸੀ ਨੇ ਪਾਰਟੀ ਨੂੰ ਲਗਾਤਾਰ ਦੋਆਬੇ ਵਿਚ ਨੁਕਸਾਨ ਪਹੁੰਚਾਇਆ ਹੈ। ਟਕਸਾਲੀ ਆਗੂ ਦੀ ਮੰਨੀਏ ਤਾਂ ਇਹੀ ਕਾਰਨ ਹੈ ਕਿ ਦੋਆਬੇ ਵਿਚ ਕੋਈ ਵੀ ਵੱਡਾ ਅਕਾਲੀ ਆਗੂ ਪੈਦਾ ਹੀ ਨਹੀਂ ਹੋ ਰਿਹਾ। ਜਾਣਕਾਰਾਂ ਦੀ ਮੰਨੀਏ ਤਾਂ ਜਿਸ ਤਰ੍ਹਾਂ ਸੁਖਦੇਵ ਸਿੰਘ ਢੀਂਡਸਾ ਤੇ ਬ੍ਰਹਮਪੁਰਾ ਨੇ ਪਾਰਟੀ ਤੋਂ ਅਸਤੀਫਾ ਦਿੱਤਾ ਹੈ, ਇਸ ਸੂਚੀ ਵਿਚ ਜਲਦੀ ਹੀ ਪਾਰਟੀ ਦੇ ਟਕਸਾਲੀ ਆਗੂ ਵੀ ਸ਼ਾਮਲ ਹੋ ਸਕਦੇ ਹਨ, ਜਿਸ ਕਾਰਨ ਪਾਰਟੀ ਨੂੰ ਅਗਲੀਆਂ ਲੋਕ ਸਭਾ ਚੋਣਾਂ ਵਿਚ ਮੁਸ਼ਕਲ ਹੋ ਸਕਦੀ ਹੈ।

# ਇਕ ਨਵੰਬਰ ਤੱਕ ਹੋਵੇਗਾ ਇੰਤਜ਼ਾਰ, ਫਿਰ ਆਪਣਾ ਢਾਂਚਾ ਬਣਾਏਗਾ ਖਹਿਰਾ ਗੁੱਟ

ਚੰਡੀਗੜ੍ਹ— ਆਮ ਆਦਮੀ ਪਾਰਟੀ ਦੇ ਬਾਗੀ ਧੜੇ ਨੇ ਐਲਾਨ ਕੀਤਾ ਹੈ ਕਿ ਸ਼ਾਂਤੀ ਦੇ ਚੱਲ ਰਹੇ ਯਤਨਾਂ 'ਚ ਦਿੱਲੀ ਸਮਰਥਕ ਧੜੇ ਵਲੋਂ ਨਵੇਂ ਅਹੁਦੇਦਾਰਾਂ ਦਾ ਐਲਾਨ ਕੀਤਾ ਜਾਣਾ ਉਨ੍ਹਾਂ ਨੂੰ ਕਦੇ ਵੀ ਬਰਦਾਸ਼ਤ ਨਹੀਂ ਹੈ। ਸੁਖਪਾਲ ਸਿੰਘ ਖਹਿਰਾ ਤੇ ਕੰਵਰ ਸੰਧੂ ਨੇ ਕਿਹਾ ਕਿ ਵਾਲੰਟੀਅਰਾਂ ਵਲੋਂ ਚੁਣੀ ਗਈ ਪੋਲੀਟੀਕਲ ਅਫੇਅਰਜ਼ ਕਮੇਟੀ ਵਲੋਂ ਪੰਜਾਬ ਦੇ 24 ਜ਼ਿਲਾ ਪ੍ਰਧਾਨਾਂ ਨੂੰ ਚੁਣ ਲਿਆ ਗਿਆ ਸੀ ਪਰ ਬੀਤੇ ਦਿਨ ਹੋਈ ਬੈਠਕ 'ਚ ਇਹ ਫੈਸਲਾ ਲਿਆ ਗਿਆ ਹੈ ਕਿ ਫਿਲਹਾਲ ਸ਼ਾਂਤੀਵਾਰਤਾ ਤੇ ਇਕਜੁਟਤਾ ਲਈ ਹੋਣ ਵਾਲੀ ਅਗਲੀ ਬੈਠਕ ਤੱਕ ਦਾ ਇੰਤਜ਼ਾਰ ਕਰ ਲਿਆ ਜਾਵੇ।

ਜੇਕਰ ਇਕ ਨਵੰਬਰ ਤੱਕ ਦੂਜੇ ਧੜੇ ਵਲੋਂ ਕੋਈ ਸਾਕਾਰਾਤਮਕ ਪਹਿਲਕਦਮੀ ਨਹੀਂ ਹੁੰਦੀ ਤਾਂ ਉਸ ਤੋਂ ਬਾਅਦ ਪਾਰਟੀ ਦਾ ਢਾਂਚਾ ਐਲਾਨ ਕਰ ਦਿੱਤਾ ਜਾਵੇਗਾ। ਖਹਿਰਾ ਨੇ ਕਿਹਾ ਕਿ ਉਨ੍ਹਾਂ ਨੇ 43 ਦੇਸ਼ਾਂ 'ਚ ਪਾਰਟੀ ਢਾਂਚਾ ਖੜ੍ਹਾ ਕਰਨ ਦੀ ਤਿਆਰੀ ਕੀਤੀ ਹੋਈ ਹੈ ਤੇ ਅਜਿਹਾ ਢਾਂਚਾ ਬਣੇਗਾ, ਜਿਹੋ ਜਿਹਾ ਨਾ ਕਾਂਗਰਸ ਕੋਲ ਹੈ ਅਤੇ ਨਾ ਹੀ ਸ਼੍ਰੋਮਣੀ ਅਕਾਲੀ ਦਲ ਕੋਲ।ਆਪਣੇ ਗੁੱਟ ਦੀ ਪੀ. ਏ. ਸੀ. ਦੀ ਬੈਠਕ ਤੋਂ ਬਾਅਦ ਖਹਿਰਾ ਅਤੇ ਉਨ੍ਹਾਂ ਦੇ ਸਾਥੀ ਵਿਧਾਇਕਾਂ ਨੇ ਕਿਹਾ ਕਿ ਦੂਜੇ ਗੁੱਟ ਵਲੋਂ ਕੀਤੀ ਗਈ ਇਕਜੁੱਟਤਾ ਬੈਠਕ ਤੇ ਨਾਲ ਹੀ ਨਵੇਂ ਅਹੁਦੇਦਾਰਾਂ ਨੂੰ ਨਿਯੁਕਤ ਕਰਨ ਦਾ ਐਲਾਨ ਉਨ੍ਹਾਂ ਨੂੰ ਚੰਗਾ ਨਹੀਂ ਲੱਗਾ ਹੈ। ਅਜਿਹਾ ਕਰਕੇ ਉਨ੍ਹਾਂ ਨੇ ਆਪਣੀ ਇੱਛਾ ਜ਼ਾਹਿਰ ਕੀਤੀ ਹੈ। ਬਾਗੀ ਧੜੇ ਦੀ ਤਾਲਮੇਲ ਕਮੇਟੀ ਦੀ ਪ੍ਰਧਾਨਗੀ ਕਰਨ ਵਾਲੇ ਵਿਧਾਇਕ ਕੰਵਰ ਸੰਧੂ ਨੇ ਕਿਹਾ ਕਿ ਹਾਲਾਂਕਿ ਪਹਿਲਾਂ ਇਹ ਫੈਸਲਾ ਕੀਤਾ ਗਿਆ ਸੀ ਕਿ ਬੈਠਕ 'ਚ ਹੋਣ ਵਾਲੀ ਗੱਲਬਾਤ ਨੂੰ ਜ਼ਾਹਿਰ ਨਹੀਂ ਕੀਤਾ ਜਾਵੇਗਾ ਪਰ ਹੁਣ ਉਨ੍ਹਾਂ ਨੂੰ ਲੱਗ ਰਿਹਾ ਹੈ ਕਿ ਸਥਿਤੀ ਸਪੱਸ਼ਟ ਕਰ ਦੇਣੀ ਚਾਹੀਦੀ ਹੈ ਤਾਂ ਕਿ ਕਿਸੇ ਤਰ੍ਹਾਂ ਦਾ ਚਾਲਬਾਜ਼ ਪ੍ਰਚਾਰ ਨਾ ਹੋਵੇ।ਇਸ ਦੇ ਨਾਲ ਹੀ ਖਹਿਰਾ ਨੇ ਕਿਹਾ ਕਿ ਉਨ੍ਹਾਂ ਦੇ ਧੜੇ ਨੇ ਵਿਦੇਸ਼ਾਂ 'ਚ ਐੱਨ. ਆਰ. ਆਈ. ਯੂਨਿਟ ਖੜ੍ਹੇ ਕਰਨ ਦਾ ਵੀ ਖਾਕਾ ਤਿਆਰ ਕੀਤਾ ਹੋਇਆ ਹੈ ਅਤੇ ਇਸ ਦੇ ਐਲਾਨ ਹੋਣ ਤੋਂ ਬਾਅਦ ਇਹ ਅਕਾਲੀ ਦਲ ਤੇ ਕਾਂਗਰਸ ਦੇ ਐੱਨ. ਆਰ. ਆਈ. ਯੂਨਿਟ ਤੋਂ ਵੱਡਾ ਢਾਂਚਾ ਬਣ ਜਾਵੇਗਾ।

# ਦਿੱਲੀ 'ਚ ਪ੍ਰਦੂਸ਼ਣ ਦਾ ਪੱਧਰ 'ਕਾਫੀ ਖ਼ਰਾਬ' ਸਥਿਤੀ 'ਚ



ਨਵੀਂ ਦਿੱਲੀ- ਦਿੱਲੀ ਦੀ ਆਬੋ-ਹਵਾ ਅਜੇ ਵੀ ਸੁਧਰੀ ਨਹੀਂ ਹੈ ਅਤੇ ਅੱਜ ਇਸ ਦੀ ਸ਼ੁੱਧਤਾ ਦਾ ਅੰਕੜਾ 'ਕਾਫੀ ਖਰਾਬ' ਵਾਲੇ ਵਰਗ ਵਿੱਚ ਰਿਹਾ। ਬੀਤੇ ਦੋ ਦਿਨਾਂ ਦੌਰਾਨ ਇਹ ਅੰਕੜਾ 'ਖਰਾਬ' ਵਾਲੀ ਸਥਿਤੀ ਵਿੱਚ ਸੀ।ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀਪੀਸੀਬੀ) ਨੇ ਅੱਜ 11 ਵਜੇ ਦਿੱਲੀ ਦੀ ਹਵਾ ਦਾ ਗੁਣਵੱਤਾ ਸੂਚਾਂਕ 312 ਮਾਪਿਆ। ਹਵਾ ਦੀ ਗੁਣਵੱਤਾ ਮਾਪਨ ਵਾਲੀ ਕੇਂਦਰ ਸਰਕਾਰ ਦੀ ਸੰਸਥਾ 'ਸਫਰ' ਵੱਲੋਂ ਵੀ ਅੱਜ ਹਾਲਾਤ 'ਬਹੁਤ ਖਰਾਬ' ਦੱਸੇ ਗਏ ਹਨ। ਸੋਮਵਾਰ ਨੂੰ ਕੁੱਝ ਸੁਧਾਰ ਦੇਖਿਆ ਗਿਆ ਸੀ ਪਰ ਭਲਸਵਾ ਵਿੱਚ ਲੱਗੀ ਅੱਗ ਮਗਰੋਂ ਹਵਾ ਵਿੱਚ ਗੰਦਲਾਪਣ ਵੱਧ ਗਿਆ। ਸ਼ਨਿਚਰਵਾਰ ਨੂੰ ਵੀ ਹਵਾ 'ਬਹੁਤ ਖਰਾਬ' ਵਾਲੀ ਸਥਿਤੀ ਵਿੱਚ ਸੀ ਤੇ ਸੂਚਾਂਕ 324 ਸੀ। ਦਿੱਲੀ ਸਰਕਾਰ ਤੇ ਨਗਰ ਨਿਗਮਾਂ ਸਮੇਤ ਹੋਰ ਸਬੰਧਤ ਏਜੰਸੀਆਂ ਵੱਲੋਂ ਪ੍ਰਦੂਸ਼ਣ ਦੇ ਪੱਧਰ ਉੱਤੇ ਨਜ਼ਰ ਰੱਖੀ ਜਾ ਰਹੀ ਹੈ ਅਤੇ ਪ੍ਰਦੂਸ਼ਣ ਨੂੰ ਰੋਕਣ ਲਈ ਉਸਾਰੀਆਂ ਤੇ ਡੀਜ਼ਲ ਜੈਨਰੇਟਰਾਂ ਉੱਪਰ ਪਾਬੰਦੀ ਪਹਿਲਾਂ ਹੀ ਲਗਾਈ ਜਾ ਚੁੱਕੀ ਸੀ।

ਅੱਜ ਸਵੇਰੇ ਹਵਾ ਵਿੱਚ ਧੁੰਦਲਾਪਣ ਰਿਹਾ। ਦਿੱਲੀ ਸਰਕਾਰ ਵੱਲੋਂ ਇਸ ਸਥਿਤੀ ਨੂੰ ਜਾਂਚਣ ਲਈ ਟੀਮਾਂ ਬਣਾਈਆਂ ਜਾ ਚੁੱਕੀਆਂ ਹਨ ਅਤੇ ਕੂੜਾ ਸਾੜਨ ਵਾਲਿਆਂ ਉੱਪਰ ਵਿਸ਼ੇਸ਼ ਤੌਰ 'ਤੇ ਨਜ਼ਰ ਰੱਖੀ ਜਾ ਰਹੀ ਹੈ। ਪਿਛਲੇ ਕੁਝ ਸਾਲਾਂ ਦੌਰਾਨ ਦਿੱਲੀ ਦੀ ਆਬੋ-ਹਵਾ ਇਨ੍ਹਾਂ ਦਿਨਾਂ ਦੌਰਾਨ ਮਨੁੱਖਾਂ ਤੇ ਹੋਰ ਪ੍ਰਾਣੀਆਂ ਲਈ ਬਹੁਤ ਖ਼ਤਰਨਾਕ ਸਾਬਿਤ ਹੁੰਦੀ ਆਈ ਹੈ। ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੀ ਕੇਂਦਰ ਸਰਕਾਰ ਤੋਂ ਕੌਮੀ ਰਾਜਧਾਨੀ ਦਿੱਲੀ ਵਿੱਚ ਰਹਿਣ ਵਾਲੇ ਲੋਕਾਂ ਨੂੰ ਪ੍ਰਦੂਸ਼ਣ ਤੋਂ ਬਚਾਉਣ ਦੀ ਅਪੀਲ ਕਰ ਚੁੱਕੇ ਹਨ ਅਤੇ ਵਾਤਾਵਰਣ ਮੰਤਰੀ ਇਮਰਾਨ ਹੁਸੈਨ ਵੱਲੋਂ ਵੀ ਇਸ ਸਬੰਧ ਵਿੱਚ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ। ਦਿੱਲੀ ਵਿੱਚ ਦਿਨੋਂ ਦਿਨ ਵਿਗੜ ਰਹੀ ਆਬੋ-ਹਵਾ ਨੂੰ ਲੈ ਕੇ ਵਾਤਾਵਰਨ ਮਾਹਿਰ ਤੇ ਸਿਹਤ ਮਾਹਿਰਾਂ ਵੱਲੋਂ ਚਿੰਤਾ ਪ੍ਰਗਟਾਈ ਜਾ ਰਹੀ ਹੈ ਕਿ ਕੌਮੀ ਰਾਜਧਾਨੀ ਵਿੱਚ ਦਿਨੋਂ ਦਿਨ ਵੱਧ ਰਹੀ ਹਵਾ ਦੇ ਪ੍ਰਦੂਸ਼ਣ ਨਾਲ ਲੋਕਾਂ ਦੀ ਜ਼ਿੰਦਗੀ ਨੂੰ ਖ਼ਤਰਾ ਹੋ ਸਕਦਾ ਹੈ। ਇਸ ਸਬੰਧ ਵਿੱਚ ਮਾਹਿਰ ਵੱਲੋਂ ਪ੍ਰਦੂਸ਼ਣ ਨੂੰ ਘਟਾਉਣ ਲਈ ਕੋਸ਼ਿਸ਼ਾਂ ਵੀ ਕੀਤੀਆਂ ਜਾ ਰਹੀਆਂ ਹਨ।

# ਹਰਿਆਣਾ 'ਚ ਕਾਂਗਰਸ ਦਾ ਕੋਈ ਵਜੂਦ ਨਹੀਂ: ਚੌਟਾਲਾ




ਡੱਬਵਾਲੀ, - ਚਾਚੇ-ਭਤੀਜਿਆਂ ਦੀ ਸਿਆਸੀ ਜੰਗ ਵਿਚੋਂ ਲੰਘ ਰਹੀ ਇੰਡੀਅਨ ਨੈਸ਼ਨਲ ਲੋਕਦਲ ਦਾ ਅੰਦਰਲਾ ਤੂਫ਼ਾਨ ਅਜੇ ਥੰਮਦਾ ਨਹੀਂ ਵਿਖਾਈ ਦੇ ਰਿਹਾ। ਆਪੋ-ਆਪਣੀ ਮਜਬੂਤੀ ਲਈ ਦੋਵੇਂ ਇਨੈਲੋ ਧਿਰਾਂ ਜ਼ਮੀਨੀ ਪੱਧਰ 'ਤੇ ਵਰਕਰਾਂ ਤੱਕ ਪਹੁੰਚ ਰਹੀਆਂ ਹਨ। ਇੱਥੇ ਇਨਸੋ ਦੇ ਕੌਮੀ ਪ੍ਰਧਾਨ ਦਿਗਵਿਜੈ ਚੌਟਾਲਾ ਨੇ ਭਰਵੀਂ ਵਰਕਰ ਮੀਟਿੰਗ 'ਚ ਸਪੱਸ਼ਟ ਸ਼ਬਦਾਂ ਵਿੱਚ ਆਖਿਆ ਕਿ ਓਮ ਪ੍ਰਕਾਸ਼ ਚੌਟਾਲਾ ਸਾਡੇ ਮੁਖੀ ਹਨ ਅਤੇ ਉਨ੍ਹਾਂ ਦਾ ਫੈਸਲਾ ਆਦਰ ਯੋਗ ਹੋਵੇਗਾ। ਜੇਕਰ ਪਾਰਟੀ ਉਨ੍ਹਾਂ ਨਾਲ ਜਿਆਦਤੀ ਕਰਦੀ ਹੈ ਤਾਂ ਉਹ ਜਨਤਾ ਵਿਚ ਜਾ ਕੇ ਆਪਣਾ ਪੱਖ ਰੱਖਣਗੇ।

ਜ਼ਿਕਰਯੋਗ ਹੈ ਕਿ ਡੱਬਵਾਲੀ ਹਲਕਾ ਇਨੈਲੋ ਦਾ ਜੱਦੀ ਗੜ੍ਹ ਹੈ। ਜਿੱਥੋਂ ਸਾਬਕਾ ਮੁੱਖ ਮੰਤਰੀ ਚੌਧਰੀ ਓਮ ਪ੍ਰਕਾਸ਼ ਚੌਟਾਲਾ ਦੀ ਨੂੰਹ ਅਤੇ ਡਾ. ਅਜੈ ਸਿੰਘ ਚੌਟਾਲਾ ਦੀ ਪਤਨੀ ਨੈਨਾ ਚੌਟਾਲਾ ਵਿਧਾਇਕ ਹੈ। ਇਸ ਖੇਤਰ 'ਚ ਚੌਟਾਲਾ ਪਰਿਵਾਰ ਦੇ ਸ਼ੁਭਚਿੰਤਕ ਅਤੇ ਇਨੈਲੋ ਦੇ ਕੱਟੜ ਸਮਰਥਕ ਹਾਈਕਮਾਡ ਦੀ ਅੰਦਰੂਨੀ ਸਿਆਸੀ ਜੰਗ ਤੋਂ ਕਾਫ਼ੀ ਮਾਯੂਸ ਹਨ। ਉਂਝ ਸਥਾਨਕ ਇਨੈਲੋ ਲੀਡਰਸ਼ਿਪ ਅਤੇ ਵਰਕਰਾਂ ਨੇ ਚਾਚਾ-ਭਤੀਜਿਆਂ ਦੀ ਜੰਗ ਬਾਰੇ ਚੁੱਪ ਵੱਟ ਹੋਈ ਹੈ। ਵਰਕਰ ਇਸ ਬਾਬਤ ਕੁਝ ਕਹਿਣ ਦੀ ਜਗ੍ਹਾ 'ਅਸੀਂ ਇਨੈਲੋ ਨਾਲ ਹਾਂ' ਆਖ ਕੇ ਖਹਿੜਾ ਛੁਡਵਾ ਜਾਂਦੇ ਹਨ।

ਅੱਜ ਮੀਟਿੰਗ ਮੌਕੇ ਦਿਗਵਿਜੈ ਨੇ ਕਿਹਾ ਕਿ ਉਨ੍ਹਾਂ ਨੇ ਪਾਰਟੀ ਲਈ ਖੂਨ-ਪਸੀਨਾ ਵਹਾਇਆ ਹੈ ਅਤੇ ਹਮੇਸ਼ਾ ਪਾਰਟੀ ਹਿੱਤ ਵਿਚ 'ਚ ਕੰਮ ਕੀਤਾ ਹੈ। ਉਨ੍ਹਾਂ ਕਿਹਾਂ ਕਿ ਆਉਣ ਵਾਲੀ ਸਰਕਾਰ ਉਨ੍ਹਾਂ ਦੀ ਹੀ ਹੋਵੇਗੀ। ਉਨ੍ਹਾਂ ਵਰਕਰਾਂ ਨੂੰ ਪਾਰਟੀ ਲਈ ਜੁਟਣ ਦਾ ਸੱਦਾ ਦਿੱਤਾ। ਇਨਸੋ ਮੁਖੀ ਨੇ ਕਿਹਾ ਕਿ ਉਨ੍ਹਾਂ 'ਤੇ ਲਗਾਏ ਦੋਸ਼ ਬੇਬੁਨਿਆਦ ਹਨ। ਉਨ੍ਹਾਂ ਕਿਸੇ ਦਾ ਨਾਂ ਨਾ ਲੈਂਦਿਆਂ ਆਖਿਆ ਕਿ ਜੇਕਰ ਇਹ ਦੋਸ਼ ਸਾਬਤ ਨਾ ਹੁੰਦੇ ਤਾਂ ਦੋਸ਼ ਲਗਾਉਣ ਵਾਲੇ ਵਿਅਕਤੀਆਂ ਖ਼ਿਲਾਫ਼ ਕਾਰਵਾਈ ਹੋਣੀ ਚਾਹੀਦੀ ਹੈ। ਦਿਗਵਿਜੇ ਚੌਟਾਲਾ ਨੇ ਕਿਹਾ ਕਿ ਕਾਂਗਰਸ ਦਾ ਹਰਿਆਣਾ 'ਚ ਕੋਈ ਵਜੂਦ ਨਹੀਂ ਹੈ ਹੁਣ ਸਾਡਾ ਮੁਕਾਬਲਾ ਸਿੱਧਾ ਭਾਜਪਾ ਨਾਲ ਹੈ। ਬਾਅਦ ਵਿਚ ਇਨਸੋ ਮੁਖੀ ਨੇ ਭਗਵਾਨ ਵਾਲਮੀਕ ਚੌਕ 'ਚ ਮਹਾਰਿਸ਼ੀ ਦੀ ਮੂਰਤੀ 'ਤੇ ਫੁੱਲ ਚੜ੍ਹਾਏ।

# ਖੱਟਰ ਸਰਕਾਰ ਨੇ 4 ਸਾਲਾਂ ਵਿਚ 14 ਘੁਟਾਲੇ ਕੀਤੇ: ਹੁੱਡਾ



ਚੰਡੀਗੜ੍ਹ- ਹਰਿਆਣਾ ਦੀ ਖੱਟਰ ਸਰਕਾਰ ਦੀ ਪੰਜਵੀਂ ਵਰ੍ਹੇਗੰਢ 'ਤੇ ਵੱਡਾ ਸਿਆਸੀ ਹਮਲਾ ਕਰਦੇ ਹੋਏ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਦੋਸ਼ ਲਾਇਆ ਕਿ ਮੌਜੂਦਾ ਸਰਕਾਰ ਨੇ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ 14 ਵੱਡੇ ਘੁਟਾਲੇ ਕੀਤੇ ਹਨ ਤੇ ਕਿਹਾ ਕਿ ਕਾਂਗਰਸ ਦੀ ਸਰਕਾਰ ਬਣਨ 'ਤੇ ਇਨ੍ਹਾਂ ਘੁਟਾਲਿਆਂ ਦੀ ਨਿਰਪੱਖ ਜਾਂਚ ਕਰਾਏ ਜਾਵੇਗੀ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਵਾਂਗ ਸਿਆਸੀ ਬਦਲੇ ਦੀ ਭਾਵਨਾ ਹੇਠ ਕਿਸੇ ਖ਼ਿਲਾਫ਼ ਕਾਰਵਾਈ ਨਹੀਂ ਕਰਾਂਗੇ। ਇੱਥੇ ਪ੍ਰੈੱਸ ਕਾਨਫਰੰਸ ਦੌਰਾਨ ਉਨ੍ਹਾਂ ਆਪਣੀ ਸਰਕਾਰ ਦੇ ਦਸ ਸਾਲਾਂ ਦੇ ਕਾਰਜਕਾਲ ਦੀਆਂ ਉਪਲੱਬਧੀਆਂ ਦੱਸੀਆਂ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਕਾਂਗਰਸ ਵੱਲੋਂ ਮਨਜ਼ੂਰਸ਼ੁਦਾ ਪ੍ਰਾਜੈਕਟ ਵੀ ਪੂਰੇ ਨਹੀਂ ਕਰਵਾ ਸਕੀ ਹੈ। ਫਰਵਰੀ 2016 ਵਿਚ ਜਾਟ ਰਾਖਵਾਂਕਰਨ ਅੰਦੋਲਨ ਵਿਚ ਹੋਈ ਹਿੰਸਾ ਬਾਰੇ ਯੂਪੀ ਦੇ ਸਾਬਕਾ ਡੀਜੀਪੀ ਪ੍ਰਕਾਸ਼ ਸਿੰਘ ਵੱਲੋਂ ਦਿੱਤੀ ਰਿਪੋਰਟ ਨੂੰ ਮੁੜ ਮੁੱਦਾ ਬਣਾਉਂਦੇ ਹੋਏ ਹੁੱਡਾ ਨੇ ਕਿਹਾ ਕਿ ਇਸ ਰਿਪੋਰਟ ਵਿਚ ਸਪਸ਼ਟ ਹੈ ਕਿ ਅੰਦੋਲਨ ਮਸਲੇ 'ਤੇ ਸਰਕਾਰ ਤੇ ਮੁੱਖ ਰੂਪ ਵਿਚ ਮੁੱਖ ਮੰਤਰੀ ਦਫ਼ਤਰ ਪੂਰੀ ਤਰ੍ਹਾਂ ਫੇਲ੍ਹ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦੀ ਸਰਕਾਰ ਬਣਨ 'ਤੇ ਪ੍ਰਕਾਸ਼ ਕਮੇਟੀ ਦੀ ਰਿਪੋਰਟ 'ਤੇ ਕਾਰਵਾਈ ਕੀਤੀ ਜਾਵੇਗੀ। ਖੱਟਰ ਸਰਕਾਰ 'ਤੇ 14 ਘੁਟਾਲੇ ਕਰਨ ਦੇ ਦੋਸ਼ ਲਾਉਂਦੇ ਹੋਏ ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿਚ ਰੋਡਵੇਜ਼ ਕਾਮੇ ਜਿਸ ਮੁੱਦੇ 'ਤੇ ਅੰਦੋਲਨ ਕਰ ਰਹੇ ਹਨ ਤੇ ਪਿਛਲੇ ਅੱਠ ਦਿਨਾਂ ਤੋਂ ਹੜਤਾਲ 'ਤੇ ਹਨ, ਉਸ ਵਿਚ ਵੀ ਘੁਟਾਲਾ ਹੋਇਆ ਹੈ। ਪ੍ਰਾਈਵੇਟ ਕੰਪਨੀਆਂ ਨਾਲ 'ਸੈਟਿੰਗ' ਕਰਕੇ ਪ੍ਰਾਈਵੇਟ ਬੱਸਾਂ ਨੂੰ ਬੇੜੇ ਵਿਚ ਸ਼ਾਮਲ ਕੀਤਾ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਖੱਟਰ ਸਰਕਾਰ 'ਤੇ ਹੋਰ ਵੀ ਕਈ ਦੋਸ਼ ਲਾਏ।

# ਸਵੱਛ ਭਾਰਤ ਮੁਹਿੰਮ ਤਹਿਤ ਕੂੜਾ ਕਰ ਲੱਗੇਗਾ

ਨਵੀਂ ਦਿੱਲੀ- ਪੂਰਬੀ ਦਿੱਲੀ ਨਗਰ ਨਿਗਮ ਨੇ ਆਪਣੀ ਵਿੱਤੀ ਹਾਲਤ ਸੁਧਾਰਨ ਲਈ ਇਸ ਖੇਤਰ ਦੇ ਵਸਨੀਕਾਂ ਤੋਂ 'ਕੂੜਾ ਚਾਰਜ' ਵਸੂਲਣ ਦਾ ਫ਼ੈਸਲਾ ਲਿਆ ਹੈ। ਇਹ ਨਵਾਂ ਟੈਕਸ ਸਵੱਛ ਭਾਰਤ ਮੁਹਿੰਮ ਤਹਿਤ ਵਸੂਲਿਆ ਜਾਵੇਗਾ ਤੇ ਦਿੱਲੀ ਵਾਸੀਆਂ ਉੱਤੇ ਇਹ ਇੱਕ ਹੋਰ ਬੋਝ ਪੈ ਜਾਵੇਗਾ। ਪਹਿਲਾਂ ਪੂਰਬੀ ਦਿੱਲੀ ਨਗਰ ਨਿਗਮ ਸਮੇਤ ਬਾਕੀ ਦੋਹਾਂ ਨਿਗਮਾਂ ਦੇ ਅਧਿਕਾਰ ਖੇਤਰ ਆਉਂਦੇ ਲੋਕਾਂ ਨੂੰ ਸਿਰਫ਼ ਹਾਊਸ ਟੈਕਸ ਦੇਣਾ ਹੁੰਦਾ ਸੀ ਪਰ ਹੁਣ ਹਾਊਸ ਟੈਕਸ ਦੇ ਨਾਲ ਕੂੜਾ ਟੈਕਸ ਵੀ ਦੇਣਾ ਹੋਵੇਗਾ। ਨਿਗਮ ਨੇ ਮੋਦੀ ਸਰਕਾਰ ਦੀ ਸਵੱਛ ਭਾਰਤ ਮੁਹਿੰਮ ਤਹਿਤ ਕੇਂਦਰ ਵੱਲੋਂ ਜਾਰੀ ਨਿਰਦੇਸ਼ਾਂ ਨੂੰ ਲਾਗੂ ਕਰਦੇ ਹੋਏ ਕੂੜਾ ਕਰ ਦਾ ਸੁਝਾਅ ਸਾਹਮਣੇ ਲਿਆਂਦਾ ਹੈ। ਨਿਗਮ ਵੱਲੋਂ ਨਿੱਜੀ ਕੰਪਨੀ ਨੂੰ ਠੇਕਾ ਦਿੱਤਾ ਜਾਵੇਗਾ ਜੋ ਕੂੜਾ ਚੁੱਕਣ ਬਦਲੇ 50 ਵਰਗ ਗਜ ਵਾਲੇ ਘਰ ਤੋਂ 50 ਰੁਪਏ, 100 ਵਰਗ ਵਜ ਦੇ ਘਰਾਂ ਵਿੱਚੋਂ 100 ਰੁਪਏ ਤੇ 200 ਵਰਗ ਗਜ ਦੇ ਘਰਾਂ ਵਿੱਚੋਂ 200 ਰੁਪਏ ਮਹੀਨਾ ਇਹ ਟੈਕਸ ਵਸੂਲਣ ਦਾ ਫ਼ੈਸਲਾ ਲਿਆ ਗਿਆ ਹੈ। ਪੂਰਬੀ ਦਿੱਲੀ ਦੇ ਵਸਨੀਕਾਂ ਨੂੰ ਇਹ ਪੈਸੇ ਲਾਜ਼ਮੀ ਦੇਣੇ ਹੋਣਗੇ ਭਾਵੇਂ ਘਰ ਵਿੱਚ ਕੂੜਾ ਹੈ ਜਾਂ ਨਹੀਂ। ਇਸ ਨਵੇਂ ਫ਼ੈਸਲੇ ਤੋਂ ਸਥਾਨਕ ਲੋਕ ਨਾਰਾਜ਼ ਹਨ ਤੇ ਪੂਰਬੀ ਦਿੱਲੀ ਨਗਰ ਨਿਗਮ ਨੂੰ ਕੋਸਣ ਲੱਗੇ ਹਨ।


# ਵਿਨੀਪੈੱਗ ਚੋਣਾਂ 'ਚ ਕੌਰ ਸਿੰਘ ਸਿੱਧੂ ਅਤੇ ਦੇਵੀ ਸ਼ਰਮਾ ਵਿਚਕਾਰ ਮੁਕਾਬਲਾ, ਭਖੀ ਸਿਆਸਤ





ਕੈਨੇਡਾ ਦੇ ਸ਼ਹਿਰ ਵਿਨੀਪੈੱਗ ਦੇ ਵੋਟਰਾਂ ਵੱਲੋਂ ਮੇਅਰ, ਸਿਟੀ ਕੌਂਸਲਰ ਤੇ ਸਕੂਲ ਟਰੱਸਟੀ ਦੀ ਚੋਣ 24 ਅਕਤੂਬਰ ਨੂੰ ਕੀਤੀ ਜਾਵੇਗੀ। ਬਹੁਤ ਸਾਰੇ ਪੰਜਾਬੀ ਮੂਲ ਦੇ ਉਮੀਦਵਾਰ ਵੀ ਇਸ ਲਈ ਮੈਦਾਨ 'ਚ ਉੱਤਰੇ ਹਨ। ਸਾਰੇ ਉਮੀਦਵਾਰਾਂ ਨੇ ਵੋਟਰਾਂ ਨੂੰ ਆਪ ਣੇ ਵੱਲ ਖਿੱਚਣ ਲਈ ਜ਼ੋਰ ਲਗਾ ਦਿੱਤਾ ਹੈ। 'ਦਿ ਮੈਪਲਜ਼ ਰੀਕਰੀਏਸ਼ਨ ਐਸੋਸੀਏਸ਼ਨ ਇੰਕ' ਨੇ ਮਿਊਂਸੀਪਲ ਚੋਣਾਂ 'ਚ ਇਸ ਵਾਰ ਮਤਾ ਪਾਸ ਕਰ ਕੇ ਓਲਡ ਕਿਲਡੋਨਨ ਤੋਂ ਕੌਰ ਸਿੰਘ ਸਿੱਧੂ ਨੂੰ ਨਵੀਂ ਕੌਂਸਲਰ ਬਣਾਉਣ ਦਾ ਸਮਰਥਨ ਕੀਤਾ ਹੈ। ਜ਼ਿਕਰਯੋਗ ਹੈ ਕਿ ਇਸ 55 ਸਾਲ ਤੋਂ ਵੱਧ ਉਮਰ ਵਾਲੀ ਐਸੋਸੀਏਸ਼ਨ 'ਚ 100 ਤੋਂ ਵੀ ਵੱਧ ਮੈਂਬਰ ਹਨ। ਜਥੇਬੰਦੀ ਦੇ ਬੁਲਾਰੇ ਮੁਤਾਬਕ ਪਿਛਲੀਆਂ ਦੋ ਚੋਣਾਂ 'ਚ ਉਨ੍ਹਾਂ ਨੇ ਮੌਜੂਦਾ ਕੌਂਸਲਰ ਦੇਵੀ ਸ਼ਰਮਾ ਨੂੰ ਸਮਰਥਨ ਦਿੱਤਾ ਸੀ ਪਰ ਇਸ ਵਾਰੀ ਉਹ ਕੌਰ ਸਿੰਘ ਸਿੱਧੂ ਦਾ ਸਮਰਥਨ ਕਰਨਗੇ। ਕੌਰ ਸਿੱਧੂ ਮੁਤਾਬਕ ਘਰ-ਘਰ ਚੋਣ ਪ੍ਰਚਾਰ ਕਾਰਨ ਉਨ੍ਹਾਂ ਨੂੰ ਬਹੁਤ ਵੱਡਾ ਹੁੰਗਾਰਾ ਮਿਲਿਆ ਹੈ ਅਤੇ ਵੋਟਰ ਮੌਜੂਦਾ ਕੌਂਸਲਰ ਨੂੰ ਬਦਲਣ ਦਾ ਮਨ ਬਣਾ ਚੁੱਕੇ ਹਨ। ਉਂਝ ਹਰ ਉਮੀਦਵਾਰ ਆਪਣੀ ਜਿੱਤ ਲਈ ਦਾਅਵਾ ਕਰ ਰਿਹਾ ਹੈ। ਖੈਰ ਇਸ ਦਾ ਫੈਸਲਾ ਤਾਂ ਚੋਣਾਂ ਵਾਲੇ ਦਿਨ ਭਾਵ 24 ਅਕਤੂਬਰ ਨੂੰ ਹੀ ਹੋ ਜਾਵੇਗਾ ਕਿਉਂਕਿ ਉਸੇ ਦਿਨ ਹੀ ਸ਼ਾਮ ਸਮੇਂ ਚੋਣਾਂ ਦਾ ਨਤੀਜਾ ਆ ਜਾਵੇਗਾ। ਉਮੀਦਵਾਰ ਘਰਾਂ 'ਚ ਜਾ ਕੇ ਵੋਟਰਾਂ ਦੀਆਂ ਪ੍ਰੇਸ਼ਾਨੀਆਂ ਤੋਂ ਜਾਣੂ ਹੋ ਰਹੇ ਹਨ। ਕਈ ਵੋਟਰਾਂ ਦਾ ਦਾਅਵਾ ਹੈ ਕਿ ਪਿਛਲੇ 8 ਸਾਲਾਂ ਤੋਂ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨ ਲਈ ਕੋਈ ਨਹੀਂ ਆਇਆ। ਜ਼ਿਕਰਯੋਗ ਹੈ ਕਿ ਕੌਰ ਸਿੱਧੂ ਦਾ ਮੁੱਖ ਮੁਕਾਬਲਾ ਮੌਜੂਦਾ ਕੌਂਸਲਰ ਦੇਵੀ ਸ਼ਰਮਾ ਨਾਲ ਹੈ, ਜੋ ਪਿਛਲੀਆਂ ਦੋ ਚੋਣਾਂ ਲਗਾਤਾਰ ਜਿੱਤਦੀ ਆ ਰਹੀ ਹੈ। ਤੀਸਰਾ ਉਮੀਦਵਾਰ ਬ੍ਰੈਡਲੀ ਵੀ ਚੋਣ ਮੈਦਾਨ ਵਿਚ ਹੈ, ਜਿਸ ਦੀ ਚੋਣ ਮੁਹਿੰਮ ਠੰਢੀ ਹੈ ਪਰ ਉਹ ਇਸ ਆਸ 'ਤੇ ਹੈ ਕਿ ਜੇਕਰ ਪੰਜਾਬੀ ਭਾਈਚਾਰੇ ਦੀ ਵੋਟ ਵੰਡੀ ਜਾਂਦੀ ਹੈ ਤਾਂ ਉਹ ਜਿੱਤ ਸਕਦਾ ਹੈ। ਤੁਹਾਨੂੰ ਦੱਸ ਦਈਏ ਕਿ ਐਡਵਾਂਸ ਵੋਟਾਂ ਪਾਉਣ ਦੀ ਪ੍ਰਕਿਰਿਆ ਵੀ ਇੱਥੇ ਚੱਲ ਰਹੀ ਹੈ।

# ਦੁਨੀਆ ਦੇ ਸਭ ਤੋਂ ਤੇਜ਼ ਕੈਮਰੇ 'ਚ ਕੈਦ ਕੀਤੀ ਜਾ ਸਕਦੀ ਹੈ ਰੌਸ਼ਨੀ ਦੀ ਮੱਠੀ



ਵਾਸ਼ਿੰਗਟਨ-ਵਿਗਿਆਨੀਆਂ ਨੇ ਇਕ ਅਜਿਹਾ ਕੈਮਰਾ ਵਿਕਸਤ ਕੀਤਾ ਹੈ, ਜਿਸ ਰਾਹੀਂ ਸਮੇਂ ਨੂੰ ਸਥਿਰ ਕਰ ਸਕਣਾ ਅਤੇ ਇੰਝ ਕਹੀਏ ਸਮੇਂ ਨੂੰ ਕੈਦ ਕਰਨਾ ਸੰਭਵ ਹੋ ਗਿਆ ਹੈ। ਦਰਅਸਲ, ਇਸ ਕੈਮਰੇ ਦੀ ਮਦਦ ਨਾਲ ਰੌਸ਼ਨੀ ਦੀ ਅਤਿਅੰਤ ਮੱਠੀ ਚਾਲ ਨੂੰ ਕੈਦ ਕੀਤਾ ਜਾ ਸਕਦਾ ਹੈ। ਦੁਨੀਆ ਦਾ ਸ਼ਭ ਤੋਂ ਤੇਜ਼ ਕੈਮਰਾ ਕਿਹਾ ਜਾਣ ਵਾਲਾ ਇਹ ਕੈਮਰਾ ਪ੍ਰਤੀ ਸੈਕੰਡ 100 ਖਰਬ ਫਰੇਮ ਕੈਦ ਕਰਨ ਵਿਚ ਸਮਰੱਥ ਹੈ।ਅਮਰੀਕਾ ਸਥਿਤ ਕੈਲੀਫੋਰਨੀਆ ਇੰਸਟੀਚਿਊਟ ਆਫ ਟੈਕਨਾਲੋਜੀ ਦੇ ਵਿਗਿਆਨੀਆਂ ਮੁਤਾਬਕ ਇਹ ਆਧੁਨਿਕ ਕੈਮਰਾ ਰੌਸ਼ਨੀ ਅਤੇ ਪਦਾਰਥ ਵਿਚਾਲੇ ਆਪਸੀ ਅਸਰ ਨੂੰ ਲੈ ਕੇ ਹੁਣ ਤੱਕ ਦੇ ਅਣਛੂਹੇ ਭੇਦਾਂ ਬਾਰੇ ਦੱਸ ਸਕਦਾ ਹੈ।

# ਸਿਡਨੀ ਦੀ ਇਹ ਕੁੜੀ ਅੰਡਰਵੇਅਰ ਕਲੈਕਸ਼ਨ ਤੋਂ ਬਣੀ ਇੰਸਟਾਗ੍ਰਾਮ ਸਟਾਰ



ਸਿਡਨੀ — ਲੋਕਾਂ ਨੂੰ ਕਿਸੇ ਵੀ ਚੀਜ਼ ਦਾ ਨਸ਼ਾ ਹੋ ਸਕਦਾ ਹੈ ਜਿਵੇਂ ਤੋਹਫੇ, ਚਾਕਲੇਟਾਂ ਜਾਂ ਐਂਟੀਕ ਕਲੈਕਸ਼ਨ ਦਾ। ਹਾਲਾਂਕਿ ਸਿਡਨੀ ਦੀ 27 ਸਾਲ ਦੀ ਐਲੀ ਹੈਟਫੁਲ ਨੂੰ ਇਕ ਅਲਗ ਕਿਸਮ ਦਾ ਹੀ ਨਸ਼ਾ ਹੈ। ਐਲੀ ਨੂੰ ਅੰਡਰਵੇਅਰ ਕਲੈਕਸ਼ਨ ਦਾ ਜਨੂਨ ਹੈ ਅਤੇ ਇਸ ਕਾਰਨ ਉਨ੍ਹਾਂ ਨੂੰ ਕਾਫੀ ਪਰੇਸ਼ਾਨੀ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਐਲੀ ਦੱਸਦੀ ਹੈ ਕਿ ਕਈ ਵਾਰ ਆਪਣੇ ਮਹਿੰਗੇ ਅਤੇ ਭੱਦੇ ਕਲੈਕਸ਼ਨ ਅੰਡਰਵੇਅਰ ਕਾਰਨ ਉਸ ਨੂੰ ਕੰਮ ਦੀ ਥਾਂ ਬਹੁਤ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਹਾਲਾਂਕਿ ਆਪਣੇ ਇਸ ਕਲੈਕਸ਼ਨ ਕਾਰਨ ਉਹ ਸੋਸ਼ਲ ਮੀਡੀਆ 'ਤੇ ਕਾਫੀ ਲੋਕਾਂ ਦੀ ਪਸੰਦੀਦਾ ਵੀ ਹੈ।ਐਲੀ ਹਰ ਸਾਲ ਲਗਭਗ 2 ਲੱਖ ਰੁਪਏ ਅੰਡਰਵੇਅਰ ਕਲੈਕਸ਼ਨ 'ਤੇ ਖਰਚ ਕਰਦੀ ਹੈ। ਉਸ ਨੇ ਆਖਿਆ ਕਿ ਉਸ ਕੋਲ 150 ਤੋਂ ਵੱਧ ਸੈੱਟ ਹਨ ਅਤੇ ਬਚਪਨ ਤੋਂ ਹੀ ਉਸ ਨੂੰ ਔਰਤਾਂ ਦੇ ਅੰਡਰਵੇਅਰ ਕਾਫੀ ਆਕਰਸ਼ਿਤ ਕਰਦੇ ਸਨ। ਹਾਲਾਂਕਿ ਅੰਡਰਵੇਅਰ ਕਲੈਕਸ਼ਨ ਦਾ ਇਹ ਸ਼ੌਕ ਨੌਕਰੀ ਦੀ ਥਾਂ ਹੋਰ ਜ਼ਿਆਦਾ ਚੜ੍ਹਿਆ ਕਿਉਂਕਿ ਉਸ ਦੀ ਨੌਕਰੀ ਦੀ ਯੂਨੀਫਾਰਮ (ਵਰਦੀ) ਪੱਕੀ ਹੈ।ਐਲੀ ਨੇ ਕਿਹਾ ਕਿ ਨੌਕਰੀ ਲਈ ਯੂਨੀਫਾਰਮ ਫਿਕਸ ਹੋਣ ਕਾਰਨ ਮੈਨੂੰ ਬਹੁਤ ਜ਼ਿਆਦਾ ਫੈਸ਼ਨ ਦੇ ਨਾਲ ਕੁਝ ਅਲਗ ਕਰਨ ਦੀ ਛੋਟ ਨਹੀਂ ਹੈ। ਰੋਜ਼-ਰੋਜ਼ ਇਕੋ ਜਿਹੇ ਕੱਪੜੇ ਪਾਉਣ ਕਾਰਨ ਉਥੇ ਮੇਰੇ ਲਈ ਕੁਝ ਅਲਗ ਫੈਸ਼ਨ ਕਰਨਾ ਸੰਭਵ ਨਹੀਂ ਹੈ। ਮੈਂ ਫਿਰ ਆਪਣੇ ਅੰਡਰਵੇਅਰ ਨੂੰ ਹੀ ਸਟਾਈਲ ਸਟੇਟਮੈਂਟ ਬਣਾਉਣ ਦੀ ਸੋਚੀ। ਉਸੇ ਨੇ ਇਹ ਵੀ ਆਖਿਆ ਕਿ ਜ਼ਿਆਦਾਤਰ ਲੋਕ ਮੇਰਾ ਫੈਸ਼ਨ ਨਹੀਂ ਸਮਝਦੇ ਪਰ ਮੈਨੂੰ ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਕਈ ਵਾਰ ਮੇਰੀ ਡਿਜ਼ਾਈਨਰ ਬ੍ਰਾਅ ਦੀ ਸਟ੍ਰਿਪ ਦੇਖ ਕੇ ਕੁਝ ਲੋਕ ਕੰਮ ਦੀ ਥਾਂ 'ਤੇ ਟੋਕਦੇ ਵੀ ਹਨ। ਉਨ੍ਹਾਂ ਨੇ ਕਿਹਾ ਕਿ ਮੇਰੇ ਅੰਡਰਵੇਅਰ ਜੇਕਰ ਕਦੇ ਜਾਬ ਯੂਨੀਫਾਰਮ ਦੇ ਅੰਦਰ ਆਉਂਦੇ ਹਨ ਤਾਂ ਕੁਝ ਲੋਕ ਇਸ ਨੂੰ ਕੰਮ ਦੇ ਨਿਯਮਾਂ ਦਾ ਉਲੰਘਣ ਵੀ ਦੱਸਦੇ ਹਨ।

# ਕੈਨੇਡਾ ਦੇ ਨਿਆਗਰਾ ਫਾਲਜ਼ 'ਤੇ ਮਨਾਈ ਜਾਵੇਗੀ ਦੀਵਾਲੀ, ਦੇਖਣਯੋਗ ਹੋਵੇਗਾ



ਓਂਟਾਰੀਓ-ਕੈਨੇਡਾ ਦੀ ਸ਼ਾਨ ਨਿਆਗਰਾ ਫਾਲਜ਼ ਭਾਵ ਵਿਸ਼ਾਲ ਝਰਨੇ ਨੂੰ ਦੀਵਾਲੀ ਦੀ ਖੁਸ਼ੀ 'ਚ ਰੌਸ਼ਨੀ ਨਾਲ ਸਜਾਇਆ ਜਾਵੇਗਾ। ਇਸ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਣਗੇ। ਇਹ ਪਹਿਲੀ ਵਾਰ ਹੈ ਕਿ ਨਿਆਗਰਾ ਫਾਲਜ਼ 'ਤੇ ਦੀਵਾਲੀ ਦਾ ਤਿਉਹਾਰ ਵੱਡੇ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਅਧਿਕਾਰੀਆਂ ਨੇ ਕਿਹਾ ਕਿ ਜਦ ਖੁੱਲ੍ਹੇ ਆਕਾਸ਼ ਹੇਠ ਅਤੇ ਕੁਦਰਤ ਦੀ ਗੋਦ 'ਚ ਸ਼ਾਮ ਸਮੇਂ ਆਤਿਸ਼ਬਾਜ਼ੀ ਕੀਤੀ ਜਾਵੇਗੀ ਤਾਂ ਇਹ ਨਜ਼ਾਰਾ ਦੇਖਣਯੋਗ ਹੋਵੇਗਾ। ਸੈਲਾਨੀਆਂ ਨੂੰ ਪ੍ਰਭਾਵਿਤ ਕਰਨ ਲਈ ਇਹ ਵੱਡਾ ਕਦਮ ਵੀ ਮੰਨਿਆ ਜਾ ਰਿਹਾ ਹੈ, ਜਿਸ ਨਾਲ ਅਮਰੀਕਾ- ਕੈਨੇਡਾ ਦੀ ਅਰਥ-ਵਿਵਸਥਾ ਪ੍ਰਭਾਵਿਤ ਹੋਵੇਗੀ। ਤੁਹਾਨੂੰ ਦੱਸ ਦਈਏ ਕਿ ਉਂਝ ਵੀ ਵੱਡੀ ਗਿਣਤੀ 'ਚ ਸੈਲਾਨੀ ਨਿਆਗਰਾ ਫਾਲਜ਼ ਨੂੰ ਦੇਖਣ ਆਉਂਦੇ ਰਹਿੰਦੇ ਹਨ। ਇਸ ਦਾ ਪ੍ਰਬੰਧ ਨੋਨ ਪ੍ਰੋਫਿਟ ਇੰਡੋ-ਕੈਨੇਡੀਅਨ ਆਰਟਸ ਕੌਂਸਲ (ਆਈ.ਸੀ.ਏ.ਸੀ.) ਅਤੇ ਨਿਆਗਰਾ ਪਾਰਕਸ ਕਮਿਸ਼ਨ ਦੇ ਸਾਂਝੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ। ਆਈ. ਸੀ. ਏ. ਸੀ. ਦੇ ਡਾਇਰੈਕਟਰ ਅਜੈ ਮੋਦੀ ਨੇ ਦੱਸਿਆ ਕਿ ਉਹ ਇਸ ਦਿਨ ਲਈ ਬਹੁਤ ਉਤਸ਼ਾਹਿਤ ਹਨ। ਉਨ੍ਹਾਂ ਕਿਹਾ ਕਿ ਇਹ ਆਪਣੇ ਆਪ 'ਚ ਬਹੁਤ ਵੱਡੀ ਗੱਲ ਹੈ ਕਿ ਦੀਵਾਲੀ ਮੌਕੇ ਕੈਨੇਡਾ ਦਾ ਸਭ ਤੋਂ ਵੱਡਾ ਝਰਨਾ ਰੌਸ਼ਨੀ ਨਾਲ ਸਜਾਇਆ ਜਾਵੇਗਾ, ਜਿਸ ਦਾ ਨਜ਼ਾਰਾ ਦੇਖਣਯੋਗ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਲਈ ਅਧਿਕਾਰੀ ਲੰਬੇ ਸਮੇਂ ਤੋਂ ਕੋਸ਼ਿਸ਼ਾਂ ਕਰ ਰਹੇ ਹਨ। ਹਾਲਾਂਕਿ ਇਸ ਸਾਲ ਦੀਵਾਲੀ 7 ਨਵੰਬਰ ਨੂੰ ਮਨਾਈ ਜਾਵੇਗੀ ਪਰ ਨਿਆਗਰਾ ਫਾਲਜ਼ 'ਤੇ 14 ਅਕਤੂਬਰ ਨੂੰ ਹੀ ਮਨਾ ਲਈ ਜਾਵੇਗੀ। ਇਸ ਦਾ ਕਾਰਨ ਇੱਥੋਂ ਦਾ ਮੌਸਮ ਹੈ ਕਿਉਂਕਿ ਬਾਅਦ 'ਚ ਇੱਥੇ ਕਾਫੀ ਬਰਫ ਜੰਮ ਜਾਵੇਗੀ ਜੋ ਕਿ ਖਤਰੇ ਵਾਲਾ ਕੰਮ ਹੋਵੇਗਾ ਅਤੇ ਸੈਲਾਨੀਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ।ਤੁਹਾਨੂੰ ਦੱਸ ਦਈਏ ਕਿ ਮਿਸੀਸਾਗਾ ਸ਼ਹਿਰ 'ਚ 12 ਅਤੇ 13 ਅਕਤੂਬਰ ਨੂੰ ਦੀਵਾਲੀ ਮਨਾਈ ਜਾਵੇਗੀ ਅਤੇ ਇਸ ਤੋਂ ਅਗਲੇ ਦਿਨ ਹੀ ਨਿਆਗਰਾ ਫਾਲਜ਼ 'ਤੇ ਪ੍ਰਬੰਧ ਕੀਤਾ ਜਾਵੇਗਾ। ਕਿਹਾ ਜਾ ਰਿਹਾ ਹੈ ਕਿ ਨਿਆਗਰਾ ਫਾਲਜ਼ ਦੀ ਦੀਵਾਲੀ ਦੇਖਣ ਲਈ ਵੱਡੀ ਗਿਣਤੀ 'ਚ ਲੋਕ ਇਕੱਠੇ ਹੋ ਸਕਦੇ ਹਨ। ਤੁਹਾਨੂੰ ਦੱਸ ਦਈਏ ਕਿ ਇਹ ਝਰਨਾ ਅਮਰੀਕੀ ਸੂਬੇ ਨਿਊਯਾਰਕ ਅਤੇ ਕੈਨੇਡੀਅਨ ਸੂਬੇ ਓਂਟਾਰੀਓ ਦੇ ਵਿਚਕਾਰ ਸਥਿਤ ਹੈ, ਇਸ ਲਈ ਅਮਰੀਕੀ ਅਤੇ ਕੈਨੇਡੀਅਨ ਲੋਕ ਇਸ ਨੂੰ ਦੇਖਣ ਲਈ ਪੁੱਜਣਗੇ। ਇੱਥੇ ਪੜ੍ਹ ਰਹੇ ਵਿਦਿਆਰਥੀਆਂ 'ਚ ਵੀ ਇਸ ਗੱਲ ਨੂੰ ਲੈ ਕੇ ਕਾਫੀ ਉਤਸ਼ਾਹ ਹੈ।

# ਇਸ ਤਰਾਂ ਜਾਨ 'ਤੇ ਖੇਡ ਕੇ ਬਚਾਈ ਬੱਚੀ ਦੀ ਜਾਨ, ਹੋਈ ਬਹਾਦੁਰੀ ਐਵਾਰਡ ਲਈ ਨਾਮਜ਼ਦ



ਸਿਡਨੀ (ਬਿਊਰੋ)— ਆਸਟ੍ਰੇਲੀਆ ਦੇ ਸੂਬੇ ਕੁਈਨਜ਼ਲੈਂਡ ਦੀ ਇਕ 23 ਸਾਲਾ ਮਾਂ ਨੂੰ ਬਹਾਦੁਰੀ ਐਵਾਰਡ ਲਈ ਨਾਮਜ਼ਦ ਕੀਤਾ ਗਿਆ ਹੈ। ਅਸਲ ਵਿਚ ਮਾਂ-ਬੇਟੀ ਦੋਵੇਂ ਅਚਾਨਕ ਪਏ ਮੀਂਹ ਅਤੇ ਟੈਨਿਸ ਦੀ ਗੇਂਦ ਦੇ ਆਕਾਰ ਦੇ ਗੜਿਆਂ ਵਿਚਕਾਰ ਫਸ ਗਏ ਸਨ। ਮਾਂ ਨੇ ਆਪਣੀ 4 ਮਹੀਨੇ ਦੀ ਬੱਚੀ ਨੂੰ ਗੜਿਆਂ ਤੋਂ ਬਚਾਉਣ ਲਈ ਆਪਣੇ ਸਰੀਰ ਨੂੰ ਢਾਲ ਦੇ ਤੌਰ 'ਤੇ ਵਰਤਿਆ, ਜਿਸ ਕਾਰਨ ਉਹ ਗੰਭੀਰ ਜ਼ਖਮੀ ਹੋ ਗਈ ਸੀ। ਸੋਸ਼ਲ ਮੀਡੀਆ 'ਤੇ ਇਸ ਮਾਂ ਦੀ ਬਹੁਤ ਤਾਰੀਫ ਹੋ ਰਹੀ ਹੈ। ਪ੍ਰਧਾਨ ਮੰਤਰੀ ਸਕੌਟ ਮੌਰੀਸਨ ਨੇ ਵੀ ਸਿੰਪਸਨ ਦੀ ਬਹਾਦੁਰੀ ਦੀ ਪ੍ਰਸ਼ੰਸਾ ਕੀਤੀ ਹੈ। ਆਸਟ੍ਰੇਲੀਅਨ ਬ੍ਰੌਡਕਾਸਟਿੰਗ ਕਾਰਪੋਰੇਸ਼ਨ ਦੀ ਰਿਪੋਰਟ ਮੁਤਾਬਕ ਇਸ ਬਹਾਦੁਰ ਮਾਂ ਦਾ ਨਾਮ ਫਿਯੋਨਾ ਸਿੰਪਸਨ ਹੈ। ਫਿਯੋਨਾ ਆਪਣੀ ਬੇਟੀ ਅਤੇ ਸੱਸ ਨਾਲ ਕੌਫੀਸ਼ੌਪ ਤੋਂ ਪਰਤ ਰਹੀ ਸੀ ਕਿ ਅਚਾਨਕ ਤੇਜ਼ ਮੀਂਹ ਅਤੇ ਗੜੇ ਪੈਣੇ ਸ਼ੁਰੂ ਹੋ ਗਏ। ਫਿਯੋਨਾ ਨੇ ਆਸਟ੍ਰੇਲੀਅਨ ਬ੍ਰੌਡਕਾਸਟਿੰਗ ਕਾਰਪੋਰੇਸ਼ਨ ਨੂੰ ਦੱਸਿਆ,"ਮੈਂ ਬਹੁਤ ਤੇਜ਼ ਗੱਡੀ ਨਹੀਂ ਚਲਾ ਪਾ ਰਹੀ ਸੀ ਕਿਉਂਕਿ ਮੈ ਸਾਫ ਨਹੀਂ ਦੇਖ ਪਾ ਰਹੀ ਸੀ। ਮੈਂ ਸੜਕ ਦੀ ਲਾਈਨ ਨੂੰ ਵੀ ਠੀਕ ਤਰੀਕੇ ਨਾਲ ਨਹੀਂ ਦੇਖ ਪਾ ਰਹੀ ਸੀ।" ਫਿਯੋਨਾ ਨੇ ਅੱਗੇ ਦੱਸਿਆ ਕਿ ਤੂਫਾਨ ਨੂੰ ਹੋਰ ਵੱਧਦਾ ਦੇਖ ਕੇ ਉਸ ਨੇ ਆਪਣੀ ਕਾਰ ਨੂੰ ਸੜਕ ਕਿਨਾਰੇ ਖੜ੍ਹਾ ਕਰਨ ਅਤੇ ਮੌਸਮ ਦੇ ਸਹੀ ਹੋਣ ਦਾ ਇੰਤਜ਼ਾਰ ਕਰਨ ਦਾ ਫੈਸਲਾ ਲਿਆ। ਭਾਵੇਂਕਿ ਤੇਜ਼ ਗੜੇ ਡਿੱਗਣ ਨਾਲ ਉਸ ਦੀ ਕਾਰ ਦਾ ਪਿਛਲਾ ਸ਼ੀਸ਼ਾ ਟੁੱਟ ਗਿਆ ਅਤੇ ਇਸ ਕਾਰਨ ਬੱਚੀ ਦੇ ਉੱਪਰ ਖਤਰਾ ਹੋਰ ਵੱਧ ਗਿਆ। ਫਿਯੋਨਾ ਨੇ ਦੱਸਿਆ ਕਿ ਇਹ ਸਭ ਬਹੁਤ ਡਰਾਉਣਾ ਸੀ। ਪਰ ਇਹ ਡਰਨ ਦਾ ਸਮਾਂ ਨਹੀਂ ਸੀ। ਇਹ ਸੱਭ ਇੰਨੀ ਤੇਜ਼ੀ ਨਾਲ ਹੋਇਆ ਕਿ ਮੈਨੂੰ ਸੋਚਣ ਦਾ ਮੌਕਾ ਹੀ ਨਹੀ ਨਹੀਂ ਮਿਲਿਆ। ਇਸ ਮਗਰੋਂ ਫਿਯੋਨਾ ਨੇ ਬਿਨਾਂ ਕੁਝ ਸੋਚੇ-ਸਮਝੇ ਕਾਰ ਦੀ ਪਿਛਲੀ ਸੀਟ 'ਤੇ ਲੰਮੇ ਪਈ ਬੱਚੀ ਉੱਪਰ ਛਾਲ ਮਾਰ ਦਿੱਤੀ। ਫਿਯੋਨਾ ਨੇ ਆਪਣੇ ਸਰੀਰ ਨੂੰ ਢਾਲ ਬਣਾ ਕੇ ਬੱਚੀ ਨੂੰ ਢੱਕ ਲਿਆ। ਫਿਯੋਨਾ ਦੀ ਖੁੱਲ੍ਹੀ ਪਿੱਠ 'ਤੇ ਗੜੇ ਡਿੱਗਦੇ ਰਹੇ ਪਰ ਉਹ ਡਟੀ ਰਹੀ। ਫਿਯੋਨਾ ਨੇ ਦੱਸਿਆ ਕਿ ਉਸ ਨੂੰ ਖੁਸ਼ੀ ਹੈ ਕਿ ਉਹ ਆਪਣੀ ਬੱਚੀ ਨੂੰ ਜਿਉਂਦੇ ਰੱਖਣ ਵਿਚ ਸਫਲ ਹੋ ਸਕੀ ਸੀ। ਇਸ ਮਗਰੋਂ ਫਿਯੋਨਾ ਨੂੰ ਖਰਾਬ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ ਫੇਸਬੁੱਕ 'ਤੇਆਪਣੀਆਂ ਤਸਵੀਰਾਂ ਸਾਂਝੀਆਂ ਕਰਦਿਆਂ ਫਿਯੋਨਾ ਨੇ ਲਿਖਿਆ,"ਮੈਂ ਅੱਜ ਆਪਣਾ ਸਬਕ ਸਿੱਖ ਲਿਆ ਹੈ। ਕਦੇ ਵੀ ਗੜੇ ਪੈਣ ਸਮੇਂ ਗੱਡੀ ਨਹੀਂ ਚਲਾਉਣੀ ਚਾਹੀਦੀ।" ਉਸ ਦੀ ਕਹਾਣੀ ਬਾਰੇ ਜਾਣ ਕੇ ਲੋਕ ਖੁੱਲ੍ਹ ਕੇ ਫਿਯੋਨਾ ਦੀ ਤਾਰੀਫ ਕਰ ਰਹੇ ਹਨ ਅਤੇ ਉਸ ਦੇ ਜਲਦੀ ਹੀ ਸਿਹਤਮੰਦ ਹੋਣ ਦੇ ਸੰਦੇਸ਼ ਵੀ ਭੇਜ ਰਹੇ ਹਨ।

# ਚੀਨ ਦੀ ਖਾਨ 'ਚ ਫਸੇ ਮਜ਼ਦੂਰਾਂ ਨੂੰ ਬਚਾਉਣ ਲਈ ਚੱਲ ਰਿਹੈ ਬਚਾਅ ਦਲ

ਬੀਜਿੰਗ— ਪੂਰਬੀ ਚੀਨ 'ਚ ਤਿੰਨ ਦਿਨ ਪਹਿਲਾਂ ਕੋਲੇ ਦੀ ਖਾਨ ਅੰਦਰ ਹੋਈ ਇਕ ਦੁਰਘਟਨਾ ਦੇ ਬਾਅਦ ਉੱਥੇ ਫਸੇ 18 ਮਜ਼ਦੂਰਾਂ ਨੂੰ ਬਾਹਰ ਕੱਢਣ ਲਈ ਐਮਰਜੈਂਸੀ ਦਲ ਸੰਘਰਸ਼ ਕਰ ਰਿਹਾ ਹੈ। ਸ਼ਾਨਦੋਂਗ ਸੂਬੇ 'ਚ ਸ਼ਨੀਵਾਰ ਨੂੰ ਕੋਲਾ ਖਾਨ ਦੇ ਅੰਦਰ ਚੱਟਾਨਾਂ ਡਿਗਣ ਕਾਰਨ 3 ਮਜ਼ਦੂਰਾਂ ਦੀ ਮੌਤ ਹੋ ਗਈ ਸੀ ਅਤੇ ਪਾਣੀ ਸਪਲਾਈ ਮਾਰਗ ਦਾ ਇਕ ਹਿੱਸਾ ਵੀ ਟੁੱਟ ਗਿਆ ਸੀ। ਸਰਕਾਰੀ ਮੀਡੀਆ ਨੇ ਮੰਗਲਵਾਰ ਨੂੰ ਖਾਨ ਕੋਲ ਐਂਬੂਲੈਂਸ ਗੱਡੀਆਂ ਅਤੇ ਆਕਸੀਜਨ ਟੈਂਕਾਂ ਵਾਲੇ ਬਚਾਅ ਦਲ ਨੂੰ ਦੇਖਿਆ। ਜਾਣਕਾਰੀ ਮੁਤਾਬਕ ਦੁਰਘਟਨਾ ਦੇ ਸਮੇਂ ਖਾਨ ਦੇ ਅੰਦਰ 300 ਤੋਂ ਜ਼ਿਆਦਾ ਕਰਮਚਾਰੀ ਕੰਮ ਕਰ ਰਹੇ ਸਨ ਅਤੇ ਉਨ੍ਹਾਂ 'ਚੋਂ ਵਧੇਰੇ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਹੈ ਅਤੇ ਬਾਕੀਆਂ ਨੂੰ ਬਚਾਉਣ ਲਈ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

# ਓਨਟਾਰੀਓ ਦੇ ਸਿੱਖਾਂ ਲਈ ਵੱਡੀ ਖੁਸ਼ਖਬਰੀ, ਪ੍ਰੀਮੀਅਰ ਫੋਰਡ ਨੇ ਦਿੱਤੀ ਹੈਲਮਟ ਤੋਂ ਛੋਟ



ਟੋਰਾਂਟੋ— ਕੈਨੇਡਾ ਦੇ ਓਨਟਾਰੀਓ 'ਚ ਰਹਿਣ ਵਾਲੇ ਸਿੱਖਾਂ ਨੂੰ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਵਲੋਂ ਵੱਡੀ ਰਾਹਤ ਦਿੱਤੀ ਗਈ ਹੈ। ਅਸਲ 'ਚ ਓਨਟਾਰੀਓ 'ਚ ਵੱਸਦੇ ਪਗੜੀਧਾਰੀ ਸਿੱਖਾਂ ਨੂੰ ਮੋਟਰਸਾਈਕਲਿੰਗ ਦੌਰਾਨ ਹੈਲਮਟ ਤੋਂ ਛੋਟ ਦੇ ਦਿੱਤੀ ਗਈ ਹੈ। ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਦਾ ਕਹਿਣਾ ਹੈ ਕਿ ਅਜਿਹਾ ਕਰਕੇ ਸਿੱਖ ਰਾਈਡਰਾਂ ਦੇ ਮਨੁੱਖੀ ਅਧਿਕਾਰਾਂ ਤੇ ਧਾਰਮਿਕ ਭਾਵਨਾਵਾਂ ਨੂੰ ਸਮਮਾਨ ਦਿੱਤਾ ਗਿਆ ਹੈ। ਪ੍ਰੀਮੀਅਰ ਡੱਗ ਫੋਰਡ ਦਾ ਕਹਿਣਾ ਹੈ ਕਿ ਇਸ ਛੋਟ ਦੌਰਾਨ ਸੜਕੀ ਸੁਰੱਖਿਆ ਤਰਜੀਹ ਰਹੇਗੀ ਪਰ ਉਨ੍ਹਾਂ ਦੀ ਸਰਕਾਰ ਮੰਨਦੀ ਹੈ ਕਿ ਸੜਕੀ ਸੁਰੱਖਿਆ ਹਰੇਕ ਵਿਅਕਤੀ ਦੀ ਨਿੱਜੀ ਜ਼ਿੰਮੇਦਾਰੀ ਵੀ ਬਣਦੀ ਹੈ। ਬੀਤੇ ਹਫਤੇ ਟੋਰੀ ਲੈਜਿਸਲੇਟਰ ਪ੍ਰਭਮੀਤ ਸਰਕਾਰੀਆਂ ਨੇ ਛੋਟ ਦੀ ਆਗਿਆ ਦੇਣ ਸਬੰਧੀ ਹਾਈਵੇ ਟਰੈਫਿਕ ਨੂੰ ਸੋਧਣ ਲਈ ਇਕ ਬਿਲ ਪੇਸ਼ ਕੀਤਾ ਸੀ। ਇਸ ਤੋਂ ਪਹਿਲਾਂ ਪਗੜੀਧਾਰੀ ਸਿੱਖਾਂ ਨੂੰ ਅਲਬਰਟਾ, ਮੈਨੀਟੋਬਾ ਅਤੇ ਬ੍ਰਿਟਿਸ਼ ਕੋਲੰਬੀਆ 'ਚ ਮੋਟਰਸਾਈਕਲਿੰਗ ਦੌਰਾਨ ਹੈਲਮਟ ਪਹਿਨਣ ਤੋਂ ਛੋਟ ਦਿੱਤੀ ਜਾ ਚੁੱਕੀ ਹੈ। ਓਨਟਾਰੀਓ ਸਰਕਾਰ ਦਾ ਕਹਿਣਾ ਹੈ ਕਿ ਯੂਨਾਈਟਿਡ ਕਿੰਗਡਮ ਵਲੋਂ 1976 'ਚ ਸਿੱਖਾਂ ਨੂੰ ਮੋਟਰਸਾਈਕਲਿੰਗ ਦੌਰਾਨ ਹੈਲਮਟ ਤੋਂ ਛੋਟ ਦਿੱਤੀ ਗਈ ਸੀ।

# ਕੈਨੇਡਾ : ਗੈਂਗਸਟਰਾਂ ਦੇ ਜਾਲ 'ਚ ਲਗਾਤਾਰ ਫਸ ਰਹੇ ਨੇ ਪੰਜਾਬੀ ਨੌਜਵਾਨ

ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ 'ਚ ਰਹਿ ਰਹੇ ਪੰਜਾਬੀਆਂ 'ਚੋਂ ਕਈ ਨੌਜਵਾਨ ਨਸ਼ਿਆਂ ਅਤੇ ਹਥਿਆਰਾਂ ਦੀ ਦਲਦਲ 'ਚ ਫਸ ਕੇ ਆਪਣੀ ਜਾਨ ਗੁਆ ਰਹੇ ਹਨ। ਇਨ੍ਹਾਂ ਨੌਜਵਾਨਾਂ ਦੇ ਪਰਿਵਾਰਾਂ ਵਲੋਂ ਅਤੇ ਭਾਈਚਾਰੇ ਵਲੋਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ ਕਿ ਉਹ ਉਨ੍ਹਾਂ ਨੂੰ ਰੋਕ ਲੈਣ ਪਰ ਫਿਰ ਵੀ ਕਈ ਨੌਜਵਾਨ ਕੁਰਾਹੇ ਪੈ ਰਹੇ ਹਨ। ਗੈਂਗਵਾਰਾਂ ਕਾਰਨ ਸੈਂਕੜੇ ਘਰ ਬਰਬਾਦ ਹੋ ਚੁੱਕੇ ਹਨ, ਇਸ ਲਈ ਅਜੇ ਵੀ ਨੌਜਵਾਨਾਂ ਨੂੰ ਸਮਝ ਜਾਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਗਲਤੀ ਕਾਰਨ ਵੱਡਾ ਨੁਕਸਾਨ ਹੋ ਰਿਹਾ ਹੈ, ਜਿਸ ਨੂੰ ਭਰਨਾ ਮੁਸ਼ਕਲ ਹੈ। ਬਹੁਤ ਸਾਰੇ ਨੌਜਵਾਨ ਤਾਂ ਆਪਣੇ ਨਾਂਵਾਂ ਨਾਲ ਗੈਂਗਸਟਰ ਲਿਖਵਾਉਣ ਦੇ ਗਲਤ ਸ਼ੌਂਕ 'ਚ ਹੀ ਜ਼ਿੰਦਗੀ ਬਰਬਾਦ ਕਰ ਰਹੇ ਹਨ ਪਰ ਉਹ ਕਦੇ ਇਹ ਨਹੀਂ ਸੋਚਦੇ ਕਿ ਉਨ੍ਹਾਂ ਕਾਰਨ ਉਨ੍ਹਾਂ ਦੇ ਪਰਿਵਾਰਾਂ ਨੂੰ ਕਿੰਨੀ ਨਮੋਸ਼ੀ ਝੱਲਣੀ ਪੈ ਰਹੀ ਹੈ। ਇਕ ਰਿਪੋਰਟ ਮੁਤਾਬਕ ਵੱਡੇ ਗੈਂਗਸਟਰ ਆਪਣੀ ਗੈਂਗ 'ਚ ਪੰਜਾਬੀ ਨੌਜਵਾਨਾਂ ਨੂੰ ਸ਼ਾਮਲ ਕਰ ਕੇ ਉਨ੍ਹਾਂ ਦੀ ਦੁਰਵਰਤੋਂ ਕਰ ਰਹੇ ਹਨ ਪਰ ਸਾਡੇ ਪੰਜਾਬੀ ਨੌਜਵਾਨ ਇਸ ਗੱਲ ਨੂੰ ਸਮਝ ਹੀ ਨਹੀਂ ਰਹੇ। ਇੱਥੇ ਰੈੱਡ ਸਕਾਰਪੀਅਨਜ਼, ਦਿ ਯੁਨਾਈਟਡ ਨੇਸ਼ਨਜ਼, ਹੈਲਜ਼ ਏਂਜਲਸ ਅਤੇ ਇੰਡੀਪੈਂਡਟ ਸੋਲਜ਼ਰਜ਼ ਦੇ ਨਾਂ ਹੇਠ ਵੱਡੇ ਗੈਂਗਸਟਰਾਂ ਦੇ ਗਰੁੱਪ ਬਣੇ ਹਨ,ਜੋ ਹਜ਼ਾਰਾਂ ਨੌਜਵਾਨਾਂ ਦੀਆਂ ਜ਼ਿੰਦਗੀਆਂ ਨਾਲ ਖੇਡ ਰਹੇ ਹਨ। ਰਾਇਲ ਕੈਨੇਡੀਅਨ ਮਾਊਂਟਡ ਪੁਲਸ (ਸਰੀ) 'ਚ ਕਮਿਊਨਿਟੀ ਸਰਵਿਸ ਅਫਸਰ ਸ਼ਾਉਨ ਗਿੱਲ ਨੇ ਇਸ 'ਤੇ ਗੱਲ ਕਰਦਿਆਂ ਕਿਹਾ ਕਿ ਨੌਜਵਾਨਾਂ ਨੂੰ ਆਪ ਹੀ ਇੰਨੀ ਕੁ ਸਮਝ ਰੱਖਣੀ ਚਾਹੀਦੀ ਹੈ ਕਿ ਉਹ ਕਿਸੇ ਗਲਤ ਕੰਮ 'ਚ ਨਾ ਪੈਣ ਪਰ ਦਿਨੋਂ-ਦਿਨ ਕੈਨੇਡਾ 'ਚ ਗੈਂਗਸਟਰਾਂ ਦੀ ਗਿਣਤੀ 'ਚ ਵਾਧਾ ਹੋ ਰਿਹਾ ਹੈ ਜੋ ਮੰਦਭਾਗੀ ਗੱਲ ਹੈ। ਬ੍ਰਿਟਿਸ਼ ਕੋਲੰਬੀਆ ਦੀ ਪੁਲਸ ਵਲੋਂ ਜਾਰੀ ਇਕ ਰਿਪੋਰਟ 'ਚ ਦੱਸਿਆ ਗਿਆ ਸੀ ਕਿ ਵੈਨਕੂਵਰ 'ਚ ਹੋਣ ਵਾਲੀਆਂ ਹਿੰਸਕ ਘਟਨਾਵਾਂ 'ਚ 33 ਫੀਸਦੀ ਪੰਜਾਬੀ ਗੈਂਗਸਟਰਾਂ ਦਾ ਹੱਥ ਹੈ। ਉਹ ਕੁਰਾਹੇ ਪੈ ਕੇ ਆਪਣੀ ਅਤੇ ਆਪਣੇ ਪਰਿਵਾਰ ਦੀ ਜ਼ਿੰਦਗੀ ਦਾਅ 'ਤੇ ਲਗਾ ਰਹੇ ਹਨ।

ਬਹੁਤ ਸਾਰੇ ਨੌਜਵਾਨ ਗੈਂਗਸਟਰਾਂ ਦੀ ਜ਼ਿੰਦਗੀ ਨੂੰ ਛੱਡ ਕੇ ਸਾਧਾਰਣ ਜ਼ਿੰਦਗੀ ਜੀਅ ਰਹੇ ਹਨ। ਉਨ੍ਹਾਂ 'ਚੋਂ ਇਕ ਨੇ ਦੱਸਿਆ ਕਿ ਵਧੇਰੇ ਨੌਜਵਾਨ ਹਿੰਸਾ ਪਸੰਦ ਨਹੀਂ ਕਰਦੇ ਪਰ ਉਹ ਸਿਰਫ ਖੁਦ ਨੂੰ ਤਾਕਤਵਰ ਦਿਖਾਉਣ ਲਈ ਹੀ ਇਸ ਨਰਕ 'ਚ ਜਾਂਦੇ ਹਨ। ਭਟਕੇ ਹੋਏ ਨੌਜਵਾਨਾਂ ਕੋਲ ਅਜੇ ਵੀ ਸਮਾਂ ਹੈ ਕਿ ਉਹ ਸੁਧਰ ਜਾਣ ਅਤੇ ਆਪਣੀ, ਆਪਣੇ ਪਰਿਵਾਰ ਤੇ ਭਾਈਚਾਰੇ ਦੀ ਬੇਇੱਜ਼ਤੀ ਨਾ ਕਰਵਾਉਣ।

# ਇਥੇ 3 ਕਰੋੜ ਰੁਪਏ 'ਚ ਵਿੱਕ ਰਿਹੈ

ਵਾਸ਼ਿੰਗਟਨ— ਚੰਦ ਨੂੰ ਖਰੀਦਣ ਦੀ ਇੱਛਾ ਰੱਖਣ ਵਾਲਿਆਂ ਲਈ ਇਕ ਖਾਸ ਮੌਕਾ ਹੈ। ਅਮਰੀਕਾ ਦੀ ਇਕ ਕੰਪਨੀ ਚੰਦ ਦਾ ਇਕ ਟੁਕੜਾ ਵੇਚ ਰਹੀ ਹੈ, ਜਿਸ ਦਾ ਭਾਰ 12 ਪਾਉਂਡ ਹੈ। ਇਹ ਚੰਦ ਤੋਂ ਡਿੱਗਿਆ ਇਕ ਉਲਕਾਪਿੰਡ ਹੈ। ਇਸ ਦੀ ਨੀਲਾਮੀ ਕਰਨ ਵਾਲੀ ਕੰਪਨੀ ਦਾ ਕਹਿਣਾ ਹੈ ਕਿ ਇਹ ਦੁਨੀਆ ਦਾ ਸਭ ਤੋਂ ਕੀਮਤੀ ਉਲਕਾਪਿੰਡ ਹੈ, ਕਿਉਂਕਿ ਇਹ ਚੰਦ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਟੁਕੜਾ ਹੈ।ਆਮਕਰਕੇ ਉਲਕਾਪਿੰਡ ਦਾ ਆਕਾਰ ਇਕ ਗੋਲਫ ਬਾਲ ਜਿੰਨਾ ਹੁੰਦਾ ਹੈ ਪਰ ਇਸ ਦਾ ਆਕਾਰ ਕੁਝ ਜ਼ਿਆਦਾ ਵੱਡਾ ਹੈ। ਆਰ.ਆਰ. ਆਕਸ਼ਨ ਕੰਪਨੀ 18 ਅਕਤੂਬਰ ਨੂੰ ਇਸ ਨੂੰ 5 ਲੱਖ ਡਾਲਰ (ਕਰੀਬ 3 ਕਰੋੜ 68 ਲੱਖ ਰੁਪਏ) ਜਾਂ ਉਸ ਤੋਂ ਜ਼ਿਆਦਾ 'ਚ ਨੀਲਾਮ ਕਰੇਗੀ। ਮਾਹਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਆਪਣੀ ਜ਼ਿੰਦਗੀ 'ਚ ਪਹਿਲੀ ਵਾਰ ਇੰਨਾ ਵੱਡਾ ਉਲਕਾ ਪਿੰਡ ਦੇਖਿਆ ਹੈ। ਇਸ ਟੁਕੜੇ ਨੂੰ ਐੱਨ.ਡਬਲਿਊ.ਏ. 11789 ਦੇ ਰੂਪ 'ਚ ਨੋਟੀਫਾਈ ਕੀਤਾ ਗਿਆ ਹੈ। ਇਸ ਨੂੰ ਬੁਆਗਾਬਾ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।



**6 ਟੁਕੜਿਆਂ ਨਾਲ ਬਣਿਆ ਉਲਕਾਪਿੰਡ** ਸਾਲ 2017 'ਚ ਇਸ ਟੁਕੜੇ ਨੂੰ ਅਫਰੀਕਾ 'ਚ ਲੱਭਿਆ ਗਿਆ ਸੀ। ਇਸ ਉਲਕਾਪਿੰਡ ਦੇ ਬਾਰੇ 'ਚ ਦੱਸਿਆ ਜਾ ਰਿਹਾ ਹੈ ਕਿ ਇਹ ਕਈ ਹਜ਼ਾਰਾਂ ਸਾਲ ਪਹਿਲਾਂ ਧਰਤੀ 'ਤੇ ਡਿੱਗਿਆ ਸੀ। ਇਹ ਉਲਕਾਪਿੰਡ 6 ਟੁਕੜਿਆਂ ਨਾਲ ਬਣਿਆ ਹੈ, ਜੋ ਕਿ ਆਪਸ 'ਚ ਜੁੜੇ ਹੋਏ ਹਨ। ਇਸ 'ਚ ਸਭ ਤੋਂ ਵੱਡੇ ਟੁਕੜੇ ਦਾ ਭਾਰ ਕਰੀਬ 6 ਪਾਉਂਡ ਹੈ।

**ਚੰਦ ਦੇ ਟੁਕੜੇ ਨੂੰ ਖਰੀਦਣ ਦਾ ਸੁਨਹਿਰੀ ਮੌਕਾ** ਉਲਕਾਪਿੰਡ ਵੇਚਣ ਵਾਲੀ ਕੰਪਨੀ ਏਅਰੋਲਾਈਟ ਮੈਟਿਓਰਾਈਟਸ ਦੇ ਸੀਈਓ ਜਿਆਫ ਨੋਟਕਿਨ ਨੇ ਦੱਸਿਆ ਕਿ ਇਸ ਟੁਕੜੇ ਨੂੰ ਦੇਖਦੇ ਹੀ ਅਸੀਂ ਸਮਝ ਗਏ ਸੀ ਕਿ ਇਹ ਬੇਹੱਦ ਅਨਮੋਲ ਹੈ। ਨੀਲਾਮੀ ਕਰਨ ਵਾਲੀ ਕੰਪਨੀ ਦਾ ਕਹਿਣਾ ਹੈ ਕਿ ਕੋਈ ਵੀ ਵਿਅਕਤੀ ਇਸ ਨੂੰ ਖਰੀਦ ਸਕਦਾ ਹੈ ਕਿਉਂਕਿ ਜੇਕਰ ਕੋਈ ਸਪੇਸ ਯਾਤਰੀ ਚੰਦ ਤੋਂ ਪੱਥਰ ਲੈ ਕੇ ਆਏਗਾ ਤਾਂ ਉਸ ਨੂੰ ਅਮਰੀਕਾ ਦੀ ਜਾਇਦਾਦ ਮੰਨਿਆ ਜਾਵੇਗਾ।

# ਟਰੰਪ ਦੀ ਭਾਰਤ ਸਣੇ ਦੁਨੀਆ ਭਰ ਦੇ ਪ੍ਰਵਾਸੀਆਂ ਲਈ ਵਾਰਨਿੰਗ

ਵਾਸ਼ਿੰਗਟਨ- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਮਰੀਕਾ ਵਿਚ ਨਾਜਾਇਜ਼ ਤਰੀਕੇ ਨਾਲ ਦਾਖਲ ਹੋਣ 'ਤੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਉਹ ਸਾਡੇ ਮੁਲਕ ਵਿਚ ਨਾਜਾਇਜ਼ ਤਰੀਕੇ ਨਾਲ ਦਾਖਲ ਹੋਏ ਤਾਂ ਉਨ੍ਹਾਂ ਨੂੰ ਇਸ ਦੇ ਗੰਭੀਰ ਸਿੱਟੇ ਭੁਗਤਣੇ ਪੈਣਗੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਸੰਸਾਰਕ ਤੌਰ 'ਤੇ 'ਜਗਹੰਸਾਈ' ਦੀ ਵਜ੍ਹਾ ਬਣੇ ਇਮੀਗ੍ਰੇਸ਼ਨ ਨੂੰ ਬਦਲ ਦਿੱਤਾ ਜਾਵੇ। ਸੀ.ਬੀ.ਐਸ. ਨਿਊਜ਼ ਦੇ ਪ੍ਰੋਗਰਾਮ 60 ਮਿੰਟ ਨੂੰ ਦਿੱਤੇ ਇਕ ਇੰਟਰਵਿਊ ਵਿਚ ਟਰੰਪ ਨੇ ਕਿਹਾ ਕਿ ਅਮਰੀਕਾ ਦੇ ਇਮੀਗ੍ਰੇਸ਼ਨ ਕਾਨੂੰਨ ਦੁਨੀਆ ਵਿਚ ਜਗਹੰਸਾਈ ਦੀ ਵਜ੍ਹਾ ਬਣ ਗਏ ਹਨ।ਯੋਗਤਾ ਅਧਾਰਿਤ ਇਮੀਗ੍ਰੇਸ਼ਨ ਦੀ ਵਕਾਲਤ ਕਰਨ ਤੋਂ ਇਕ ਦਿਨ ਬਾਅਦ ਉਨ੍ਹਾਂ ਨੇ ਕਿਹਾ ਕਿ ਅਸਲ ਵਿਚ ਅਸੀਂ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਬਦਲਣਾ ਚਾਹੁੰਦੇ ਹਨ ਕਿਉਂਕਿ ਇਹ ਜਗਹੰਸਾਈ ਦੀ ਚੀਜ਼ ਬਣ ਗਏ ਹਨ। ਟਰੰਪ ਨੇ ਸ਼ਨੀਵਾਰ ਨੂੰ ਕਿਹਾ ਸੀ ਕਿ ਉਹ ਚਾਹੁੰਦੇ ਹਨ ਕਿ ਯੋਗਤਾ ਵਾਲੇ ਲੋਕ ਅਮਰੀਕਾ ਆਉਣ, ਇਹ ਕਦਮ ਭਾਰਤ ਵਰਗੇ ਦੇਸ਼ਾਂ ਤੋਂ ਆਉਣ ਵਾਲੇ ਤਕਨੀਕੀ ਪੇਸ਼ੇਵਰਾਂ ਲਈ ਮਦਦਗਾਰ ਹੋ ਸਕਦਾ ਹੈ। ਇਹ ਪੁੱਛੇ ਜਾਣ 'ਤੇ ਕਿ ਕੀ ਟਰੰਪ ਪ੍ਰਸ਼ਾਸਨ ਵਲੋਂ ਆਪਣੀ ਪਰਿਵਾਰ ਅਲਗਾਵ ਨੀਤੀ ਵਿਚ ਵੀ ਕੁਝ ਬਦਲਾਅ 'ਤੇ ਵਿਚਾਰ ਕੀਤਾ ਜਾਵੇਗਾ, ਜਿਸ ਤਹਿਤ ਪ੍ਰਵਾਸੀ ਬੱਚਿਆਂ ਨੂੰ ਮਹੀਨਿਆਂ ਤੱਕ ਉਨ੍ਹਾਂ ਦੇ ਮਾਤਾ-ਪਿਤਾ ਤੋਂ ਵੱਖ ਕਰ ਦਿੱਤਾ ਜਾਂਦਾ ਹੈ। ਉਨ੍ਹਾਂ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਸਾਰੇ ਕਾਨੂੰਨ ਬਦਲੇ ਜਾਣ। ਉਨ੍ਹਾਂ ਨੇ ਇੰਟਰਵਿਊ ਵਿਚ ਕਿਹਾ ਕਿ ਸਾਡੇ ਦੇਸ਼ ਵਿਚ ਨਾਜਾਇਜ਼ ਤੌਰ 'ਤੇ ਆਉਣ ਦੇ ਨਤੀਜੇ ਹੋਣਗੇ। ਇਨ੍ਹਾਂ ਕਾਰਨਾਂ ਲਈ ਮੈਂ ਕੁਝ ਹੱਦ ਤੱਕ ਖੁਦ ਨੂੰ ਵੀ ਦੋਸ਼ ਦਿਆਂਗਾ।

# ਬੁਰਾ ਅਨੁਭਵ ਭੁਲਾਉਣ ਜਾਂ ਚੰਗਾ ਅਨੁਭਵ ਯਾਦ ਰੱਖਣ ਲਈ ਡੂੰਘੀ ਨੀਂਦ ਜ਼ਰੂਰੀ

ਵਾਸ਼ਿੰਗਟਨ — ਮੈਸਾਚੁਸੇਟਸ ਯੂਨੀਵਰਸਿਟੀ ਦੇ ਖੋਜ ਕਰਤਾਵਾਂ ਨੇ ਨੀਂਦ ਤੇ ਇਕ ਰਿਸਰਚ ਕੀਤਾ। ਇਸ ਰਿਸਰਚ ਮੁਤਾਬਕ ਜੇ ਤੁਸੀਂ ਕੋਈ ਬੁਰੀ ਯਾਦ ਭੁਲਾਉਣੀ ਹੋਵੇ ਜਾਂ ਕੋਈ ਚੰਗੀ ਗੱਲ ਯਾਦ ਰੱਖਣੀ ਹੈ ਤਾਂ ਥੋੜ੍ਹੀ ਦੇਰ ਲਈ ਤੁਹਾਨੂੰ ਸੌਂ ਜਾਣਾ ਚਾਹੀਦਾ ਹੈ। ਰਿਸਰਚ ਵਿਚ ਪਤਾ ਚੱਲਿਆ ਹੈ ਕਿ ਜੇ ਕਿਸੇ ਵਿਅਕਤੀ ਨੂੰ ਬੁਰਾ ਅਨੁਭਵ ਹੋਇਆ ਹੈ, ਕਿਸੇ ਨਾਲ ਝਗੜਾ ਹੋਇਆ ਹੈ ਜਾਂ ਉਸ ਦਾ ਦਿੱਲ ਟੁੱਟਿਆ ਹੈ ਤਾਂ ਘਟਨਾ ਦੇ 15 ਤੋਂ 20 ਘੰਟੇ ਦੇ ਅੰਦਰ ਉਸ ਨੂੰ ਡੂੰਘੀ ਨੀਂਦ ਲੈਣੀ ਚਾਹੀਦੀ ਹੈ। ਇਸ ਨਾਲ ਉਸ ਕੌੜੇ ਅਨੁਭਵ ਨੂੰ ਭੁੱਲਣ ਵਿਚ ਮਦਦ ਮਿਲਦੀ ਹੈ। ਯੂਨੀਵਰਸਿਟੀ ਦੀ ਨਿਊਰੋਸਾਇੰਟਿਸਟ ਰੇਬੇਕਾ ਸਪੈਂਸਰ ਦੀ ਅਗਵਾਈ ਵਿਚ ਨੀਂਦ 'ਤੇ ਇਹ ਸ਼ੋਧ ਕੀਤਾ ਗਿਆ। ਜਿਸ ਦਾ ਨਤੀਜਾ ਨਿਕਲਿਆ ਕਿ ਚੰਗੀ ਨੀਂਦ ਲੈਣ 'ਤੇ ਇਨਸਾਨ ਆਪਣੀ ਗੱਲ ਨੂੰ ਬਿਹਤਰ ਤਰੀਕੇ ਨਾਲ ਰੱਖ ਪਾਉਂਦਾ ਹੈ। ਭਾਵੇਂ ਉਹ ਦਫਤਰ ਨਾਲ ਜੁੜੀ ਗੱਲ ਹੋਵੇ, ਘਰ-ਪਰਿਵਾਰ ਨਾਲ ਜਾਂ ਪਿਆਰ ਸਬੰਧਾਂ ਨਾਲ ਜੁੜੀ ਗੱਲਬਾਤ ਹੋਵੇ। ਅਸਲ ਵਿਚ ਚੰਗੀ ਨੀਂਦ ਦਿਮਾਗ ਦੇ ਐਮਿਗਡਾਲਾ ਨਾਮ ਦੇ ਹਿੱਸੇ ਨੂੰ ਕਿਰਿਆਸ਼ੀਲ ਕਰਦੀ ਹੈ। ਇਸ ਹਿੱਸੇ ਦਾ ਕੰਮ ਹੁੰਦਾ ਹੈ ਦਿਮਾਗ ਵਿਚ ਦਰਜ ਹੋਣ ਵਾਲੀਆਂ ਰੋਜ਼ਾਨਾ ਦੀਆਂ ਗੱਲਾਂ ਨੂੰ ਵਿਵਸਥਿਤ ਕਰਨਾ। ਇਸ ਕਾਰਨ ਐਮਿਗਡਾਲਾ ਨੂੰ ਦਿਮਾਗ ਦਾ 'ਸੈਂਟਰ ਆਫ ਇਮੋਸ਼ਨ' ਕਿਹਾ ਜਾਂਦਾ ਹੈ। ਚੰਗੀ ਨੀਂਦ ਲੈਣ 'ਤੇ ਐਮਿਗਡਾਲਾ ਕਿਰਿਆਸ਼ੀਲ ਰਹਿੰਦਾ ਹੈ ਅਤੇ ਦਿਮਾਗ ਵਿਚ ਦਰਜ ਯਾਦਾਂ ਨੂੰ ਬਿਹਤਰ ਤਰੀਕੇ ਨਾਲ ਵਿਵਸਥਿਤ ਕਰ ਪਾਉਂਦਾ ਹੈ। ਜਦੋਂ ਐਮਿਗਡਾਲਾ ਚੰਗੇ ਤਰੀਕੇ ਨਾਲ ਕੰਮ ਕਰਦਾ ਹੈ ਤਾਂ ਖੁਦ-ਬ-ਖੁਦ ਚੰਗੀਆਂ ਯਾਦਾਂ ਨੂੰ ਦਿਮਾਗ ਵਿਚ ਰੱਖਦਾ ਹੈ ਅਤੇ ਬੁਰੀਆਂ ਯਾਦਾਂ ਨੂੰ ਪਿੱਛੇ ਕਰ ਦਿੰਦਾ ਹੈ। ਨੀਂਦ ਦਾ ਸਕਾਰਾਤਮਕ ਅਸਰ ਜਾਣਨ ਲਈ ਇਕ ਹੋਰ ਰਿਸਰਚ ਕੀਤਾ ਗਿਆ। ਇਸ ਵਿਚ 8 ਤੋਂ 11 ਸਾਲ ਦੇ ਬੱਚਿਆਂ ਨੂੰ ਸ਼ਾਮਲ ਕੀਤਾ ਗਿਆ। ਬੱਚਿਆਂ ਨੂੰ ਕੁਝ ਤਸਵੀਰਾਂ ਦਿਖਾਈਆਂ ਗਈਆਂ। ਇਸ ਮਗਰੋਂ ਕੁਝ ਬੱਚਿਆਂ ਨੂੰ ਸੌਣ ਲਈ ਭੇਜ ਦਿੱਤਾ ਗਿਆ ਅਤੇ ਕੁਝ ਬੱਚੇ ਜਾਗਦੇ ਰਹੇ। ਕੁਝ ਦੇਰ ਬਾਅਦ ਸਾਰਿਆਂ ਬੱਚਿਆਂ ਨੂੰ ਮੁੜ ਉਹੀ ਤਸਵੀਰਾਂ ਦਿਖਾਈਆਂ ਗਈਆਂ। ਉਨ੍ਹਾਂ ਬੱਚਿਆਂ ਨੇ ਸਭ ਤੋਂ ਪਹਿਲਾਂ ਤਸਵੀਰਾਂ ਦੀ ਪਛਾਣ ਕੀਤੀ ਜਿਹੜੇ ਸੌਂ ਕੇ ਆਏ ਸਨ। ਜਾਗਣ ਵਾਲੇ ਬੱਚਿਆਂ ਨੂੰ ਤਸਵੀਰਾਂ ਅਤੇ ਉਸ ਨਾਲ ਜੁੜੀ ਕਹਾਣੀ ਮੁੜ ਦੱਸਣ ਵਿਚ ਕੁਝ ਸਮਾਂ ਲੱਗਾ। ਖੋਜੀ ਇਸ ਦਾ ਕਾਰਨ ਦੱਸਦੇ ਹਨ ਕਿ ਸੌਂਦੇ ਸਮੇਂ ਦਿਮਾਗ ਦੇ ਪਿਛਲੇ ਹਿੱਸੇ ਵਿਚ ਇਕ ਚਮਕ ਉੱਠਦੀ ਹੈ। ਇਸ ਨੂੰ ਐੱਲ.ਪੀ.ਪੀ. ਮਤਲਬ ਲੇਟ ਪੌਜ਼ੀਟਿਵ ਪੋਟੈਂਸ਼ੀਅਲ ਕਹਿੰਦੇ ਹਨ। ਜਦੋਂ ਅਸੀਂ ਸੌਂਦੇ ਹਾਂ ਅਤੇ ਐਮਿਗਡਾਲਾ ਸਾਡੀਆਂ ਯਾਦਾਂ ਦੀ ਕੱਟ-ਵੱਢ ਕਰਦਾ ਹੈ ਤੇ ਉਸੇ ਵੇਲੇ ਦਿਮਾਗ ਵਿਚ ਐੱਲ.ਪੀ.ਪੀ. ਐਕਟਿਵ ਹੁੰਦਾ ਹੈ। ਜਦੋਂ ਅਸੀਂ ਸੌਂ ਕੇ ਉੱਠਦੇ ਹਾਂ ਤਾਂ ਇਸੇ ਐੱਲ.ਪੀ.ਪੀ. ਕਾਰਨ ਸਾਨੂੰ ਕੁਝ ਸਮਾਂ ਪਹਿਲਾਂ ਦੇਖੀਆਂ ਜਾਂ ਅਨੁਭਵ ਕੀਤੀਆਂ ਗੱਲਾਂ ਯਾਦ ਰਹਿ ਜਾਂਦੀਆਂ ਹਨ।

## ਰੈਪਿਡ ਆਈ ਮੂਵਮੈਂਟ ਸਲੀਪ ਲੈਣ ਨਾਲ ਹੁੰਦਾ ਹੈ ਇਹ ਫਾਇਦਾ

ਰਿਸਰਚ ਵਿਚ ਦੱਸਿਆ ਗਿਆ ਹੈ ਕਿ ਨੀਂਦ ਦੋ ਤਰ੍ਹਾਂ ਦੀ ਹੁੰਦੀ ਹੈ। ਆਰ.ਈ.ਐੱਮ. (ਰੈਪਿਡ ਆਈ ਮੂਵਮੈਂਟ) ਅਤੇ ਐੱਨ.ਆਰ.ਈ.ਐੱਮ. (ਨੌਨ ਰੈਪਿਡ ਆਈ ਮੂਵਮੈਂਟ)। ਇਨ੍ਹਾਂ ਦੋਹਾਂ ਤਰ੍ਹਾਂ ਦੀ ਨੀਂਦ ਵਿਚ ਅੱਖਾਂ ਦੀ ਮੂਵਮੈਂਟ ਵਿਚ ਫਰਕ ਹੁੰਦਾ ਹੈ। ਅੱਖਾਂ ਦੀਆਂ ਇਨ੍ਹਾਂ ਮੂਵਮੈਂਟਸ ਨਾਲ ਹੀ ਤੈਅ ਹੁੰਦਾ ਹੈ ਕਿ ਨੀਂਦ ਕਿੰਨੀ ਡੂੰਘੀ ਹੈ। ਦਿਮਾਗ ਨੂੰ ਤਣਾਅ ਮੁਕਤ ਰੱਖਣ ਲਈ ਆਰ.ਈ.ਐੱਮ. ਨੀਂਦ ਬਿਹਤਰ ਹੁੰਦੀ ਹੈ। ਇਸ ਤਰ੍ਹਾਂ ਦੀ ਨੀਂਦ ਵਿਚ ਅੱਖਾਂ ਦੇ ਅੰਦਰੂਨੀ ਹਿੱਸੇ ਵਿਚ ਤੇਜ਼ ਮੂਵਮੈਂਟ ਹੁੰਦਾ ਹੈ ਜੋ ਯਾਦਾਂ ਨੂੰ ਵਿਵਸਥਿਤ ਕਰਨ ਵਿਚ ਦਿਮਾਗ ਦੀ ਮਦਦ ਕਰਦਾ ਹੈ। ਇਸ ਤਰ੍ਹਾਂ ਦੀ ਨੀਂਦ ਆਉਣ 'ਤੇ ਦਿਮਾਗ ਦੇ ਅੰਦਰ ਤਣਾਅ ਦੇਣ ਵਾਲੇ ਹਾਰਮੋਨ ਨੋਰਾਡ੍ਰੇਨਾਲਿਨ ਦਾ ਵਹਾਅ ਨਹੀਂ ਹੁੰਦਾ ਹੈ।

# ਆਸਟ੍ਰੇਲੀਆ 'ਚ ਕਿਸੇ ਵੀ ਸਮੇਂ ਆ ਸਕਦੀ ਹੈ ਇਹ ਕੁਦਰਤੀ ਆਫਤ

ਸਿਡਨੀ— ਆਸਟ੍ਰੇਲੀਆ ਦੀ ਭੂਗੋਲਿਕ ਸਥਿਤੀ ਅਜਿਹੀ ਹੈ ਕਿ ਇੱਥੇ ਸੁਨਾਮੀ ਵਰਗੀ ਕੁਦਰਤੀ ਆਫਤ ਦੇਸ਼ ਦੇ ਵੱਡੇ ਹਿੱਸੇ ਨੂੰ ਬਰਬਾਦ ਕਰ ਸਕਦੀ ਹੈ। ਇਹ ਗੱਲ ਅਸੀਂ ਨਹੀਂ ਕਹਿ ਰਹੇ ਸਗੋਂ ਆਸਟ੍ਰੇਲੀਆ ਦੇ ਮੌਸਮ ਵਿਭਾਗ ਦੇ ਅਧਿਕਾਰੀਆਂ ਅਤੇ ਆਸਟ੍ਰੇਲੀਅਨ ਸੁਨਾਮੀ ਰੀਸਰਚ ਸੈਂਟਰ ਦਾ ਬਿਆਨ ਹੈ। ਲਗਭਗ 85 ਫੀਸਦੀ ਆਸਟ੍ਰੇਲੀਅਨ ਲੋਕ ਸਮੁੰਦਰੀ ਤਟ ਦੇ ਨੇੜੇ ਰਹਿੰਦੇ ਹਨ। ਮੌਸਮ ਅਧਿਕਾਰੀਆਂ ਨੇ ਅੰਦਾਜ਼ਾ ਲਗਾਇਆ ਹੈ ਕਿ ਜੇਕਰ ਇੱਥੇ ਸੁਨਾਮੀ ਆਉਂਦੀ ਹੈ ਤਾਂ ਵੱਡੇ ਪੱਧਰ 'ਤੇ ਨੁਕਸਾਨ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਸਮੇਂ 60 ਮੀਟਰ ਉੱਚੀਆਂ ਸੁਨਾਮੀ ਦੀਆਂ ਲਹਿਰਾਂ ਆਸਟ੍ਰੇਲੀਆ ਦੇ ਕੁੱਝ ਹਿੱਸਿਆਂ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਅਜਿਹਾ 1491 'ਚ ਹੋ ਚੁੱਕਾ ਹੈ ਅਤੇ ਉਸ ਸਮੇਂ 60 ਮੀਟਰ ਉੱਚੀਆਂ ਪਾਣੀ



ਦੀਆਂ ਲਹਿਰਾਂ ਉੱਠੀਆਂ ਸਨ। 1960 'ਚ ਚਿਲੀ 'ਚ ਭਿਆਨਕ ਭੂਚਾਲ ਆਇਆ ਸੀ ਅਤੇ ਉਸ ਸਮੇਂ ਸਿਡਨੀ 'ਚ ਵੀ ਸੁਨਾਮੀ ਦਰਜ ਕੀਤੀ ਗਈ ਸੀ। ਨਿਊਕੈਸਲ ਕੋਸਟਲ ਸਾਇੰਸ ਦੇ ਸੀਨੀਅਰ ਲੈਕਚਰਾਰ ਹਾਨਾਹ ਪਾਵਰ ਨੇ ਕਿਹਾ ਕਿ ਤੁਸੀਂ ਜਾਣਦੇ ਹੀ ਹੋ ਕਿ ਚਿਲੀ ਕਿੰਨਾ ਕੁ ਦੂਰ ਹੈ। ਉਨ੍ਹਾਂ ਮੁਤਾਬਕ ਆਸਟ੍ਰੇਲੀਆ ਸੁਨਾਮੀ ਅਤੇ ਹੜ੍ਹ ਦੇ ਖਤਰੇ 'ਚ ਹੈ। 1968 'ਚ ਗਲੇਬ ਆਈਲੈਂਡ ਬ੍ਰਿਜ ਦੇ ਆਪ੍ਰੇਟਰਾਂ ਨੂੰ ਸਿਡਨੀ 'ਚ ਵੱਡੀਆਂ ਅਤੇ ਖਤਰਨਾਕ ਸਮੁੰਦਰੀ ਲਹਿਰਾਂ ਉੱਠਣ ਬਾਰੇ ਅਲਰਟ ਵੀ ਕੀਤਾ ਗਿਆ ਸੀ।ਅਧਿਕਾਰੀਆਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਇਹ ਗੱਲ ਅਹਿਮ ਹੈ ਕਿ ਕੀ ਆਸਟ੍ਰੇਲੀਆ ਸੁਨਾਮੀ ਵਰਗੀ ਆਫਤ ਦਾ ਮੁਕਾਬਲਾ ਕਰਨ ਲਈ ਤਿਆਰ ਹੈ, ਜੋ ਭੂਚਾਲ ਆਉਣ ਦੀ ਥੋੜ੍ਹੀ ਦੇਰ ਬਾਅਦ ਹੀ ਆ ਜਾਂਦੀ ਹੈ। ਮੌਸਮ ਵਿਭਾਗ ਦੇ ਅਧਿਕਾਰੀਆਂ ਨੇ ਕਿਹਾ ਕਿ ਜਦ ਵੀ ਸੁਨਾਮੀ ਵਰਗੀ ਆਫਤ ਆਉਣ ਦਾ ਡਰ ਹੁੰਦਾ ਹੈ ਤਾਂ ਤੈਰਾਕਾਂ ਨੂੰ ਸੁਚੇਤ ਕਰ ਦਿੱਤਾ ਜਾਂਦਾ ਹੈ।

### ਕੀ ਹੈ ਸੁਨਾਮੀ ?

ਜਦ ਧਰਤੀ ਹਿੱਲਦੀ ਹੈ ਤਾਂ ਭੂਚਾਲ ਆਉਂਦਾ ਹੈ ਅਤੇ ਜਦ ਇਹ ਭੂਚਾਲ ਸਮੁੰਦਰ 'ਚ ਆਉਂਦਾ ਹੈ ਤਾਂ ਸੁਨਾਮੀ ਬਣ ਜਾਂਦਾ ਹੈ ਭਾਵ ਕਿ ਸਮੁੰਦਰ 'ਚ ਉੱਠਿਆ ਤੂਫਾਨ ਹੀ ਸੁਨਾਮੀ ਹੁੰਦਾ ਹੈ। ਜਾਪਾਨੀ ਭਾਸ਼ਾ 'ਚ 'ਸੁ' ਦਾ ਅਰਥ ਸਮੁੰਦਰ ਅਤੇ 'ਨਾਮੀ' ਦਾ ਅਰਥ ਲਹਿਰਾਂ ਹੁੰਦਾ ਹੈ। ਸੁਨਾਮੀ ਉੱਠਣ ਦੇ ਪਿੱਛੇ ਕਈ ਕਾਰਨ ਹੁੰਦੇ ਹਨ ਪਰ ਸਭ ਤੋਂ ਵਧ ਅਸਰਦਾਰ ਕਾਰਨ ਸਮੁੰਦਰੀ ਭੂਚਾਲ ਹੁੰਦਾ ਹੈ। ਇਸ ਦੇ ਇਲਾਵਾ ਜ਼ਮੀਨ ਧੱਸਣ, ਜਵਾਲਾਮੁਖੀ ਫਟਣ ਜਾਂ ਕਿਸੇ ਤਰ੍ਹਾਂ ਦੇ ਧਮਾਕੇ ਦੇ ਅਸਰ ਕਾਰਨ ਵੀ ਸੁਨਾਮੀ ਦੀਆਂ ਲਹਿਰਾਂ ਉੱਠਦੀਆਂ ਹਨ।

# ਕੀ ਤੁਸੀਂ ਜਾਣਦੇ ਹੋ ਕਿ ਇਹ ਸ਼ਖਸ ਹਾਈ ਹੀਲਜ਼ ਪਹਿਨ ਕੇ ਜਾਂਦੈ ਦਫਤਰ



ਸਿਡਨੀ — ਜਿੱਥੇ ਇਕ ਪਾਸੇ ਦੁਨੀਆ ਵਿਚ ਕਈ ਅਜਿਹੀਆਂ ਔਰਤਾਂ ਹਨ, ਜਿਨ੍ਹਾਂ ਨੂੰ ਹਾਈ ਹੀਲਜ਼ ਪਸੰਦ ਨਹੀਂ ਹਨ, ਉੱਥੇ ਹੀ ਆਸਟ੍ਰੇਲੀਆ ਦੇ ਸ਼ਹਿਰ ਸਿਡਨੀ 'ਚ ਇਕ ਸ਼ਖਸ ਔਰਤਾਂ ਵਾਂਗ ਹੀਲਜ਼ ਪਹਿਨਦਾ ਹੈ। ਇਸ ਸ਼ਖਸ ਦਾ ਨਾਂ ਹੈ, ਏਸ਼ਲੇ ਮੈਕਸਵੇਲ ਲੈਮ। ਏਸ਼ਲੇ ਕੋਟ-ਪੈਂਟ ਨਾਲ 6 ਇੰਚ ਦੀ ਹੀਲਜ਼ ਪਹਿਨਦਾ ਹੈ। ਇਹ ਗੱਲ ਤੁਹਾਨੂੰ ਮਜ਼ਾਕ ਲੱਗ ਰਹੀ ਹੋਵੇਗੀ ਪਰ ਇਹ ਗੱਲ ਬਿਲਕੁਲ ਸੱਚ ਹੈ।ਏਸ਼ਲੇ ਸਿਡਨੀ ਵਿਚ ਬੀਮਾ ਕੰਪਨੀ ਵਿਚ ਮੈਨੇਜਰ ਹਨ। ਏਸ਼ਲੇ ਨੂੰ ਦੇਖਣ ਵਾਲਾ ਬਸ ਇਹ ਹੀ ਗੱਲ ਕਹਿੰਦਾ ਹੈ ਕਿ ਇਕ ਵਿਅਕਤੀ ਤੋਂ ਅਜਿਹੀ ਉਮੀਦ ਨਹੀਂ ਕਿ ਉਹ 6 ਇੰਚ ਦੀ ਲੰਬੀ ਹੀਲਜ਼ ਪਹਿਨ ਕੇ ਦਫਤਰ ਜਾਵੇ, ਇਹ ਬਹੁਤ ਹਾਸੋਹੀਣ ਹੈ।ਧਰ ਏਸ਼ਲੇ ਦਾ ਕਹਿਣਾ ਹੈ ਕਿ ਰੋਜ਼ ਕੋਟ-ਪੈਂਟ ਅਤੇ ਟਾਈ ਨਾਲ ਹੀਲਜ਼ ਪਹਿਨ ਕੇ ਦਫਤਰ ਜਾਂਦਾ ਹਾਂ, ਕਿਉਂਕਿ ਉਸ ਨੂੰ ਅਜਿਹਾ ਕਰਨ ਵਿਚ ਚੰਗਾ ਮਹਿਸੂਸ ਹੁੰਦਾ ਹੈ। ਇਸ ਤੋਂ ਇਲਾਵਾ ਉਸ ਨੇ ਦੱਸਿਆ ਕਿ ਇਹ ਸਭ ਉਸ ਨਾਲ ਕੰਮ ਕਰਨ ਵਾਲੀ ਇਕ ਮਹਿਲਾ ਸਹਿ-ਕਰਮਚਾਰੀ ਦੀ ਬਦੌਲਤ ਹੈ, ਜੋ ਹਾਈ ਹੀਲਜ਼ 'ਚ ਖੁਦ ਨੂੰ ਸ਼ਕਤੀਸ਼ਾਲੀ ਮਹਿਸੂਸ ਕਰਦੀ ਹੈ।ਏਸ਼ਲੇ ਨੇ ਮਹਿਲਾ ਤੋਂ ਪੁੱਛਿਆ ਕਿ ਕਿਵੇਂ ਇਕ ਵਸਤੂ ਸ਼ਕਤੀਸ਼ਾਲੀ ਮਹਿਸੂਸ ਕਰਵਾ ਸਕਦੀ ਹੈ ? ਇਸ ਗੱਲ ਦੇ ਜਵਾਬ ਵਿਚ ਔਰਤ ਨੇ ਕਿਹਾ ਕਿ ਟਰਾਈ ਕਰ ਕੇ ਦੇਖੋ ਅਤੇ ਫਿਰ ਖੁਦ ਦੇਖੋ। ਏਸ਼ਲੇ ਨੇ ਕਿਹਾ ਕਿ ਮੈਂ ਹੀਲਜ਼ ਪਹਿਨ ਕਰ ਕੇ ਦੇਖੀ ਅਤੇ ਮੈਂ ਇਸ ਗੱਲ ਨੂੰ ਮੰਨਿਆ ਕਿ ਮੈਨੂੰ ਜੋ ਕਿਹਾ ਗਿਆ ਸੀ ਉਹ ਗੱਲ ਬਿਲਕੁਲ ਸੱਚ ਹੈ। ਇੱਥੇ ਦੱਸ ਦੇਈਏ ਕਿ ਏਸ਼ਲੇ ਕੋਲ 9 ਜੋੜੀਆਂ ਹਾਈ ਹੀਲਜ਼ ਦੀਆਂ ਹਨ, ਕੁਝ ਉਹ ਦਫਤਰ ਜਾਣ ਲਈ ਅਤੇ ਕੁਝ ਬਾਹਰ ਘੁੰਮਣ ਲਈ ਇਸਤੇਮਾਲ ਕਰਦਾ ਹੈ।

# ਲਾੜੀ ਨੇ ਕਰਵਾਇਆ 'ਕਬਰ' ਨਾਲ ਵਿਆਹ

ਵਾਸ਼ਿੰਗਟਨ— ਸੋਸ਼ਲ ਮੀਡੀਆ 'ਤੇ ਇਕ ਅਨੋਖੇ ਵਿਆਹ ਦੀਆਂ ਤਸਵੀਰਾਂ ਵਾਇਰਲ ਹੋ ਰਹੀਆਂ ਹਨ। ਪਹਿਲੀ ਵਾਰ ਦੇਖਣ 'ਚ ਇਹ ਤਸਵੀਰਾਂ ਕਿਸੇ ਆਮ ਵਿਆਹ ਵਾਂਗ ਨਜ਼ਰ ਆਉਣਗੀਆਂ ਪਰ ਜੇਕਰ ਤੁਸੀਂ ਤਸਵੀਰਾਂ ਨੂੰ ਗੌਰ ਨਾਲ ਦੇਖੋਗੇ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਇਸ 'ਚ ਕੋਈ ਕਮੀ ਹੈ। ਇਸ ਵਿਆਹ 'ਚ ਲਾੜੀ ਨੇ ਲਾੜੇ ਨਾਲ ਨਹੀਂ ਬਲਕਿ ਇਕ ਕਬਰ ਨਾਲ ਵਿਆਹ ਕੀਤਾ। ਅਸਲ 'ਚ ਕੇਂਡਲ ਮਰਫੀ, ਜਿਸ ਨੂੰ ਲਾੜਾ ਬਣਾਇਆ ਗਿਆ ਸੀ, ਦੀ 9 ਮਹੀਨੇ ਪਹਿਲਾਂ ਇਕ ਹਾਦਸੇ 'ਚ ਮੌਤ ਹੋ ਗਈ ਸੀ। ਇਸ ਤੋਂ ਬਾਅਦ ਉਸ ਦੀ ਹੋਣ ਵਾਲੀ ਲਾੜੀ ਇਕੱਲੀ ਰਹਿ ਗਈ ਪਰ ਪਹਿਲਾਂ ਤੋਂ ਹੀ ਤੈਅ ਵਿਆਹ ਵਾਲੇ ਦਿਨ ਹੀ ਜੈਸਿਕਾ ਪੇਜੈਟ ਲਾੜੀ ਤਾਂ ਬਣੀ ਪਰ ਕੇਂਡਲ ਮਰਫੀ ਦੀ ਕਬਰ ਦੀ। ਅਸਲ 'ਚ ਕੇਂਡਲ ਤੇ ਜੈਸਿਕਾ ਕਾਲਜ 'ਚ ਮਿਲੇ ਸਨ ਤੇ ਹੌਲੀ-ਹੌਲੀ ਇਕ-ਦੂਜੇ ਨਾਲ ਗੂੜੇ ਪਿਆਰ 'ਚ ਪੈ ਗਏ। ਪਰ ਉਨ੍ਹਾਂ ਦੇ ਪਿਆਰ 'ਚ ਬੀਤੇ ਸਾਲ ਨਵੰਬਰ 'ਚ ਅਜਿਹਾ ਤੂਫਾਨ ਆਇਆ, ਜਿਸ ਨੇ ਕੇਂਡਲ ਨੂੰ ਜੈਸਿਕਾ ਤੋਂ ਵੱਖ ਕਰ ਦਿੱਤਾ। ਕੇਂਡਲ ਦੀ ਇਕ ਸੜਕ ਹਾਦਸੇ 'ਚ ਮੌਤ ਹੋ ਗਈ। ਜੈਸਿਕਾ ਨੇ ਦੱਸਿਆ ਕਿ ਉਹ ਕੇਂਡਲ ਨੂੰ ਕਦੇ ਭੁੱਲ ਨਹੀਂ ਸਕਦੀ ਤੇ ਇਸੇ ਲਈ ਉਸ ਨੇ ਕੇਂਡਲ ਦੀ ਕਬਰ ਨਾਲ ਵਿਆਹ ਕੀਤਾ ਹੈ।

# ਪ੍ਰੇਮੀ ਨੇ ਲਗਾਈ ਪ੍ਰੇਮਿਕਾ ਦੀ ਆਨਲਾਈਨ ਬੋਲੀ, ਨਾਲ ਲਿਖਿਆ ਭੱਦਾ ਕੁਮੈਂਟ

ਕੈਨਬਰਾ— ਕਈ ਵਾਰ ਪ੍ਰੇਮੀ-ਪ੍ਰੇਮਿਕਾ ਇਕ ਦੂਜੇ ਨਾਲ ਅਜਿਹਾ ਮਜ਼ਾਕ ਕਰਦੇ ਹਨ ਕਿ ਇਹ ਉਨ੍ਹਾਂ ਨੂੰ ਭਾਰੀ ਵੀ ਪੈ ਜਾਂਦਾ ਹੈ। ਅਜਿਹਾ ਹੀ ਕੁੱਝ ਹੋਇਆ ਆਸਟਰੇਲੀਆ 'ਚ ਜਿੱਥੇ ਡੇਲ ਲੀਕਸ ਨਾਂ ਦੇ ਵਿਅਕਤੀ ਨੇ ਆਪਣੀ ਆਪਣੀ ਪ੍ਰੇਮਿਕਾ ਨੂੰ ਵੇਚਣ ਦੀ ਹੀ ਬੋਲੀ ਲਗਾ ਦਿੱਤੀ। ਡੇਲ ਲੀਕਸ ਨੇ ਇਕ ਮਜ਼ਾਕ ਤਹਿਤ ਈ-ਬੇਅ 'ਤੇ ਆਪਣੀ 37 ਸਾਲਾ ਪ੍ਰੇਮਿਕਾ ਕੇਲੀ ਗ੍ਰੀਵਸ ਦੀ ਫੋਟੋ ਲਗਾਈ ਅਤੇ ਇਸ ਦੇ ਨਾਲ ਇਕ ਭੱਦਾ ਕੁਮੈਂਟ ਲਿਖਿਆ ਕਿ "ਜਿਵੇਂ ਕਿ ਤੁਸੀਂ ਦੇਖ ਸਕਦੇ ਹੋ ਕਿ ਇਹ ਮੇਰੀ ਯੂਜ਼ਡ ਗਰਲਫਰੈਂਡ ਹੈ। ...ਤੁਸੀਂ ਇਸ ਦੇ ਸਰੀਰ ਦੇ ਅੰਗ ਵੀ ਖਰੀਦ ਸਕਦੇ ਹੋ। ਹੱਦ ਤਾ 'ਹੋ ਗਈ ਜਦ ਕਿਸੇ ਨੇ ਉਨ੍ਹਾਂ ਵਲੋਂ ਕੀਤੇ ਮਜ਼ਾਕ ਨੂੰ ਸੱਚ ਸਮਝ ਲਿਆ ਅਤੇ ਉਸ 'ਤੇ ਲੋਕਾਂ ਨੇ 70,000 ਪੌਂਡ (ਤਕਰੀਬਨ 68 ਲੱਖ ਰੁਪਏ) ਦੀ ਬੋਲੀ ਲਗਾ ਦਿੱਤੀ। ਉਸ ਨੇ ਕਿਹਾ ਕਿ ਉਸ ਨੇ ਆਪਣੀ ਪ੍ਰੇਮਿਕਾ ਤੋਂ ਇਕ ਸ਼ਰਾਰਤ ਦਾ ਬਦਲਾ ਲੈਣ ਲਈ ਅਜਿਹਾ ਕੀਤਾ ਸੀ ਪਰ ਉਹ ਨਹੀਂ ਜਾਣਦਾ ਸੀ ਕਿ ਅਜਿਹੇ ਜਵਾਬ ਮਿਲਣਗੇ। 34 ਸਾਲਾ




ਡੇਲ ਲੀਕਸ ਨੇ ਇਸ ਆਨਲਾਈਨ ਐਡ ਨੂੰ ਇਕ ਸਾਲ ਤਕ ਪੋਸਟ ਕਰਕੇ ਰੱਖੀ ਛੱਡਿਆ। ਉਸ ਨੇ ਕਿਹਾ ਕਿ ਲੋਕਾਂ ਨੇ ਉਸ ਦੇ ਮਜ਼ਾਕ ਨੂੰ ਸੱਚ ਸਮਝ ਲਿਆ ਅਤੇ 24 ਘੰਟਿਆਂ 'ਚ ਉਸ ਨੂੰ 81000 ਕੁਮੈਂਟ ਆ ਗਏ। ਬਾਅਦ 'ਚ ਇਸ ਐਡ ਨੂੰ ਹਟਾ ਲਿਆ ਗਿਆ ਕਿਉਂਕਿ ਇਸ 'ਚ ਸਰੀਰ ਦੇ ਅੰਗਾਂ ਨੂੰ ਵੇਚਣ ਦੀ ਗੱਲ ਆਖੀ ਗਈ ਸੀ।

# ਕੀ ਚੋਣਾਂ ਉੱਤੇ ਅੱਖ ਰੱਖ ਕੇ ਕਾਰਬਨ ਟੈਕਸ ਉੱਤੇ ਰੀਬੇਟ ਦੇ ਰਹੀ ਹੈ ਟਰੂਡੋ ਸਰਕਾਰ ?

ਮਿਸੀਸਾਗਾ ਦੀ ਵੱਖੀ ਵਿੱਚ ਸਥਿਤ ਟੋਰਾਂਟੋ ਦੇ ਹੰਬਰ ਕਾਲਜ ਵਿੱਚ ਕੱਲ ਵਿੱਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਨੇ 2019 ਵਿੱਚ ਕਾਰਬਨ ਟੈਕਸ ਰੀਬੇਟ ਨੂੰ ਚੋਣ ਮੁੱਦਾ ਬਣਾਉਣ ਦਾ ਪੱਤਾ ਖੇਡ ਦਿੱਤਾ ਹੈ। ਉਹਨਾਂ ਐਲਾਨ ਕੀਤਾ ਕਿ ਕਾਰਬਨ ਟੈਕਸ ਉੱਤੇ ਰੀਬੇਟ ਦੇਣ ਲਈ ਲਿਬਰਲ ਸਰਕਾਰ 2 ਬਿਲੀਅਨ ਡਾਲਰ ਦੀ ਰਾਸ਼ੀ ਨਿਰਧਾਰਤ ਕਰਨ ਜਾ ਰਹੀ ਹੈ।ਚੇਤੇ ਰਹੇ ਕਿ 2015 ਦੀਆਂ ਚੋਣਾਂ ਵਿੱਚ ਟਰੂਡੋ ਨੇ ਵਾਅਦਾ ਕੀਤਾ ਸੀ ਕਿ ਕਾਬਰਨ ਪੈਦਾਇਸ਼ ਦੀ ਕੀਮਤ ਅਦਾ ਕਰਨੀ ਸੱਭਨਾਂ ਦਾ ਫਰਜ਼ ਹੈ ਅਤੇ ਉਹ ਇਸ ਨੀਤੀ ਨੂੰ ਲਾਗੂ ਕਰਨਗੇ। 2016 ਵਿੱਚ ਟਰੂਡੋ ਨੇ ਸਾਰੇ ਪ੍ਰੋਵਿੰਸਾਂ ਨੂੰ ਧਮਕੀ ਦਿੱਤੀ ਸੀ ਕਿ ਜੇ ਉਹ ਆਪੋ ਆਪਣੇ ਪ੍ਰੋਵਿੰਸ ਲਈ ਕਾਰਬਨ ਟੈਕਸ ਲਾਗੂ ਨਹੀਂ ਕਰਨਗੇ ਤਾਂ ਫੈਡਰਲ ਸਰਕਾਰ ਇੱਕ ਤਰਫਾ ਫੈਸਲਾ ਕਰਕੇ ਅਜਿਹਾ ਕਰ ਦੇਵੇਗੀ।ਸਿਆਸੀ ਰੂਪ ਵਿੱਚ ਵੰਡੀਆਂ ਪਾਉਣ ਵਾਲੀ ਕਾਰਬਨ ਨੀਤੀ ਨੂੰ ਸਿਆਸੀ ਪਾਰਟੀਆਂ ਆਪੋ ਆਪਣੇ ਸਿਧਾਂਤ ਮੁਤਾਬਕ ਅਪਨਾਉਣਗੀਆਂ ਜਿਸ ਨਾਲ ਅਗਲੀਆਂ ਚੋਣਾਂ ਵਿੱਚ ਇਸ ਮੁੱਦੇ ਉੱਤੇ ਭਖਵੀਂ ਚਰਚਾ ਹੋਵੇਗੀ। ਮਿਸਾਲ ਵਜੋਂ ਪਿਛਲੇ ਮਹੀਨੇ ਉਂਟੇਰੀਓ ਦੇ ਕੰਜ਼ਰਵੇਟਿਵ ਸਰਕਾਰ ਨੇ ਫੈਡਰਲ ਸਰਕਾਰ ਵੱਲੋਂ ਕਾਰਬਨ ਟੈਕਸ ਲਾਏ ਜਾਣ ਦੀ ਤਜਵੀਜ਼ ਨੂੰ ਕਨੂੰਨੀ ਚੁਣੌਤੀ ਦੇਣ ਦੇ ਇਰਾਦੇ ਨਾਲ ਅਦਾਲਤ ਦਾ ਦਰਵਾਜ਼ਾ ਜਾ ਖੜਕਾਇਆ ਸੀ। ਉਂਟੇਰੀਓ ਦੇ ਵਾਤਾਵਰਣ ਮੰਤਰੀ ਰੋਡ ਫਿਲਿਪਸ ਦਾ ਆਖਣਾ ਹੈ ਕਿ ਫੈਡਰਲ ਸਰਕਾਰ ਵੱਲੋਂ ਕਾਰਬਨ ਟੈਕਸ ਲਾਉਣਾ ਗੈਰ-ਸੰਵਿਧਾਨਕ ਕਾਰਵਾਈ ਹੈ। ਉਂਟੇਰੀਓ ਸਰਕਾਰ ਵੱਲੋਂ ਪਿਛਲੀ ਲਿਬਰਲ ਸਰਕਾਰ ਦੁਆਰਾ ਲਾਗੂ



ਕੈਪ ਐਂਡ ਟਰੇਡ ਨੂੰ ਪਹਿਲਾਂ ਹੀ ਖਾਰਜ ਕੀਤਾ ਜਾ ਚੁੱਕਾ ਹੈ।ਅਜਿਹੀ ਚਰਚਾ ਦੇ ਮੱਦੇਨਜ਼ਰ ਟਰੂਡੋ ਹੋਰਾਂ ਦਾ ਕਾਰਬਨ ਟੈਕਸ ਲਾਉਣ ਉੱਤੇ ਬੱਜਿੱਦ ਰਹਿਣਾ ਅਤੇ ਕਾਰਬਨ ਟੈਕਸ ਲਾਗੂ ਕਰਨ ਦੀ ਪ੍ਰਕਿਰਿਆ ਵਿੱਚ ਮਦਦ ਕਰਨ ਲਈ 2 ਬਿਲੀਅਨ ਡਾਲਰ ਦੀ ਰੀਬੇਟ ਦੇਣ ਦਾ ਐਲਾਨ ਸਿਆਸੀ ਮੁੱਦਾ ਹੈ। ਵੈਸੇ ਟਰੂਡੋ ਸਰਕਾਰ ਦੀ ਕਾਰਬਨ ਟੈਕਸ ਦੀ ਨੀਤੀ ਤੋਂ ਦੋਵੇਂ ਧਿਰਾਂ ਨਾਖੁਸ਼ ਹਨ। ਜੋ ਗਰੁੱਪ ਕਾਰਬਨ ਟੈਕਸ ਦੀ ਹਮਾਇਤ ਕਰਦੇ ਹਨ, ਉਹ ਸਮਝਦੇ ਹਨ ਕਿ ਟਰੂਡੋ ਸਰਕਾਰ ਦੁਆਰਾ ਬਹੁਤ ਘੱਟ ਕਾਰਬਨ ਟੈਕਸ ਲਾਏ ਜਾ ਰਹੇ ਹਨ। ਇਸ ਨੀਤੀ ਦੇ ਵਿਰੋਧੀਆਂ ਦਾ ਮੰਨਣਾ ਹੈ ਕਿ ਵੋਟਾਂ ਦੀ ਰਾਜਨੀਤੀ ਖੇਡ ਕੇ ਟਰੂਡੋ ਸਰਕਾਰ ਪਬਲਿਕ ਨੂੰ ਨਹੀਂ ਦੱਸ ਰਹੀ ਕਿ ਦਿੱਤੇ ਜਾਣ ਵਾਲੇ ਰੀਬੇਟ ਅਸਲ ਵਿੱਚ ਕਾਰਬਨ ਟੈਕਸ ਨਾਲੋਂ ਕਿਤੇ ਘੱਟ ਹੋਣਗੇ ਅਤੇ ਇਹ ਪਬਲਿਕ ਨੂੰ ਇਹ ਲੁੱਟਣ ਦਾ ਤਰੀਕਾ ਹੈ।ਇਹਨਾਂ ਚਰਚਾਵਾਂ ਤੋਂ ਨਿਰਲੇਪ ਰਹਿੰਦੇ ਹੋਏ ਕੱਲ ਹੰਬਰ ਕਾਲਜ ਵਿੱਚ ਟਰੂਡੋ ਹੋਰਾਂ ਨੇ ਕਿਹਾ ਕਿ ਅਸੀਂ ਵਿਚਾਰਾਂ ਅਤੇ ਚਰਚਾਵਾਂ ਵਿੱਚ ਬਹੁਤਾ ਸਮਾਂ ਖਰਾਬ ਕਰਕੇ ਆਪਣੇ ਉਦੇਸ਼ ਤੋਂ ਖੁੰਝ ਨਹੀਂ ਸਕਦੇ ਕਿਉਂਕਿ ਭੱਵਿਖ ਦੀਆਂ ਪੀੜੀਆਂ ਨੂੰ ਚੰਗਾ ਜੀਵਨ ਦੇਣ ਵਾਸਤੇ ਕਾਰਬਨ ਟੈਕਸ ਲਾਉਣਾ ਜਰੂਰੀ ਹੈ।ਪਿਛਲੇ ਸਾਲ ਟਰੂਡੋ ਫੈਡਰਲ ਸਰਕਾਰ ਨੇ ਪ੍ਰੋਵਿੰਸਾਂ ਨੂੰ ਆਪੋ ਆਪਣੀ ਕਾਰਬਨ ਟੈਕਸ ਦੀ ਨੀਤੀ ਘੜਨ ਲਈ ਇੱਕ ਸਾਲ ਦਾ ਸਮਾਂ ਦਿੱਤਾ ਸੀ। ਸਸਕੈਚਵਨ, ਮੈਨੀਟੋਬਾ, ਨਿਊ ਬਰੱਨਸਵਿੱਕ ਅਤੇ ਉਂਟੇਰੀਓ ਨੇ ਉਸਦੀ ਰਾਏ ਵੱਲ ਧਿਆਨ ਨਹੀਂ ਸੀ ਦਿੱਤਾ। ਬੰਨੀ ਗਈ ਸਮਾਂ ਸੀਮਾ ਮੁਤਾਬਕ ਹੁਣ ਇਹਨਾਂ ਪ੍ਰੋਵਿੰਸਾਂ ਦੇ ਵਾਸੀ 1 ਅਪਰੈਲ 2019 ਤੋਂ ਕਾਰਬਨ ਟੈਕਸ ਦੇਣ ਲਈ ਮਜ਼ਬੂਰ ਹੋਣਗੇ ਜੋ ਕਿ ਇੱਕ ਟਨ ਕਾਰਬਨ ਪਿੱਛੇ 20 ਡਾਲਰ ਹੋ ਸਕਦਾ ਹੈ। ਅਨੁਮਾਨ ਹੈ ਕਿ ਇਸ ਨਾਲ ਔਸਤਨ ਉਂਟੇਰੀਓ ਵਾਸੀ ਨੂੰ ਪ੍ਰਤੀ ਮਹੀਨਾ 8 ਡਾਲਰ ਤੱਕ ਕਾਰਬਨ ਟੈਕਸ ਭਰਨਾ ਪਵੇਗਾ। ਸਮਝਿਆ ਜਾਂਦਾ ਹੈ ਕਿ ਮੁੱਢਲੇ ਸਾਲਾਂ ਵਿੱਚ ਜਿੰਨਾ ਕੁ ਟੈਕਸ ਲੋਕ ਭਰਨਗੇ, ਉਸਦੇ ਬਰਾਬਰ ਰੀਬੇਟ ਮਿਲ ਜਾਵੇਗੀ ਪਰ ਬਾਅਦ ਦੇ ਸਾਲਾਂ ਵਿੱਚ ਜਾ ਕੇ ਇਹ ਤਵਾਜਨ ਵਿਗੜ ਜਾਵੇਗਾ ਕਿਉਂਕਿ ਕਾਰਬਨ ਟੈਕਸ ਹਰ ਸਾਲ 10 ਡਾਲਰ ਪ੍ਰਤੀ ਟਨ ਵਧਾਏ ਜਾਣ ਦੀ ਤਜ਼ਵੀਜ਼ ਹੈ।ਕੰਜ਼ਰਵੇਟਿਵ ਲੀਡਰ ਐਂਡਰੀਊ ਸ਼ੀਅਰ ਵਾਅਦਾ ਕਰ ਰਹੇ ਹਨ ਕਿ ਅਗਲੇ ਸਾਲ ਚੋਣਾਂ ਜਿੱਤ ਕੇ ਪ੍ਰਧਾਨ ਮੰਤਰੀ ਬਣਨ ਦੀ ਸੂਰਤ ਵਿੱਚ ਉਹ ਕਾਰਬਨ ਟੈਕਸ ਰੱਦ ਕਰ ਦੇਣਗੇ।

## 3 ਹਫਤਿਆਂ ਦੀ ਬੱਚੀ ਨੂੰ ਮਾਰਨ ਲਈ ਚਾਰਜ ਵਿਅਕਤੀ ਉਸ ਦਾ ਹੀ ਪਿਤਾ ਨਿਕਲਿਆ



3 ਹਫਤਿਆਂ ਦੀ ਬੱਚੀ ਦੀ ਮੌਤ ਵਿੱਚ ਚਾਰਜ ਕੀਤੇ ਗਏ ਵਿਅਕਤੀ ਦੀ ਟੋਰਾਂਟੋ ਪੁਲਿਸ ਵੱਲੋਂ ਪਛਾਣ ਉਸ ਬੱਚੀ ਦੇ ਪਿਤਾ ਵਜੋਂ ਕੀਤੀ ਗਈ ਹੈ। ਇਸ ਵਿਅਕਤੀ ਉੱਤੇ ਪਹਿਲਾਂ ਗੁੱਸੇ ਨਾਲ ਹਮਲਾ ਕਰਨ ਦਾ ਚਾਰਜ ਲਾਇਆ ਗਿਆ ਸੀ ਪਰ ਹੁਣ ਇਸ ਚਾਰਜ ਨੂੰ ਸੈਕਿੰਡ ਡਿਗਰੀ ਮਰਡਰ ਵਿੱਚ ਅਪਗ੍ਰੇਡ ਕੀਤੇ ਜਾਣ ਦੀ ਸੰਭਾਵਨਾ ਹੈ। ਇਹ ਜਾਣਕਾਰੀ ਟੋਰਾਂਟੋ ਪੁਲਿਸ ਕਾਂਸਟੇਬਲ ਡੇਵਿਡ ਹੌਪਕਿਨਸਨ ਨੇ ਦਿੱਤੀ। ਵੀਰਵਾਰ ਨੂੰ ਪੁਲਿਸ ਅਧਿਕਾਰੀਆਂ ਨੂੰ ਸਵੇਰੇ 10:50 ਉੱਤੇ 263 ਫਾਰਮੇਸੀ ਐਵਨਿਊ ਉੱਤੇ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਜਦੋਂ ਉਹ ਮੌਕੇ ਉੱਤੇ ਪਹੁੰਚੇ ਤਾਂ ਪੈਰਾਮੈਡਿਕਸ 3 ਹਫਤੇ ਦੀ ਬੱਚੀ ਦਾ ਇਲਾਜ ਕਰ ਰਹੇ ਸਨ ਜੋ ਕਿ ਜ਼ਖ਼ਮੀ ਸੀ। ਫਿਰ ਬੱਚੀ ਨੂੰ ਹਸਪਤਾਲ ਲਿਜਾਇਆ ਗਿਆ ਤੇ ਲਾਈਫ ਸਪੋਰਟ ਸਿਸਟਮ ਉੱਤੇ ਰੱਖਿਆ ਗਿਆ। ਪਰ ਐਤਵਾਰ ਸ਼ਾਮ ਨੂੰ ਬੱਚੀ ਨੇ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਦਮ ਤੋੜ ਦਿੱਤਾ। ਵੀਰਵਾਰ ਨੂੰ ਹੀ 29 ਸਾਲਾ ਟੋਰਾਂਟੋ ਦੇ ਮੈਥਿਊ ਬ੍ਰਫਰਡ ਨੂੰ ਗ੍ਰਿਫਤਾਰ ਕੀਤਾ ਗਿਆ ਤੇ ਉਸ ਉੱਤੇ ਗੁੱਸੇ ਨਾਲ ਹਮਲਾ ਕਰਨ ਦਾ ਚਾਰਜ ਲਾਇਆ ਗਿਆ। ਾਕਿਸਤਾਨ ਵਿੱਚ ਫਰਜ਼ੀ ਬੈਂਕ ਖਾਤਿਆਂ ਨਾਲ 100 ਅਰਬ ਰੁਪਏ ਦਾ ਲੈਣ-ਦੇਣ ਹੋ ਗਿਆ ਪਾਕਿਸਤਾਨ ਸੁਪਰੀਮ ਕੋਰਟ ਨੂੰ ਦੱਸਿਆ ਗਿਆ ਹੈ ਕਿ 107 ਫਰਜ਼ੀ ਬੈਂਕ ਖਾਤਿਆਂ ਨਾਲ 100 ਅਰਬ ਤੋਂ ਵੀ ਵੱਧ ਪਾਕਿਸਤਾਨੀ ਰੁਪਏ (ਕਰੀਬ 77 ਅਰਬ ਅਮਰੀਕਨ ਡਾਲਰ) ਦਾ ਲੈਣ-ਦੇਣ ਕੀਤਾ ਗਿਆ ਹੈ। ਅਧਿਕਾਰੀਆਂ ਨੇ ਮੰਗਲਵਾਰ ਨੂੰ ਇਹ ਗੱਲ ਅਦਾਲਤ ਨੂੰ ਦੱਸੀ। ਇਕ ਸਮਾਚਾਰ ਏਜੰਸੀ ਦੀ ਰਿਪੋਰਟ ਮੁਤਾਬਕ ਦੇਸ਼ ਦੀ ਸੁਪਰੀਮ ਕੋਰਟ ਦੀ ਤਿੰਨ ਮੈਂਬਰੀ ਬੈਂਚ ਨੇ ਸੋਮਵਾਰ ਨੂੰ ਫਰਜ਼ੀ ਬੈਂਕ ਖਾਤਿਆਂ ਤੇ ਮਨੀ ਲਾਂਡਰਿੰਗ ਦੀ ਜਾਂਚ ਦੇ ਸਬੰਧ ਵਿਚ ਸੁਣਵਾਈ ਫਿਰ ਸ਼ੁਰੂ ਕੀਤੀ ਹੈ। ਫੈਡਰਲ ਜਾਂਚ ਏਜੰਸੀ (ਐੱਫ ਆਈ ਏ) ਦੀ ਸਾਂਝੀ ਜਾਂਚ ਟੀਮ ਨੇ ਅਦਾਲਤ ਸਾਹਮਣੇ ਰਿਪੋਰਟ ਪੇਸ਼ ਕੀਤੀ ਤਾਂ ਖੁਲਾਸਾ ਹੋਇਆ ਕਿ ਫਰਜ਼ੀ ਬੈਂਕ ਖਾਤਿਆਂ ਨਾਲ 47 ਅਰਬ ਪਾਕਿਸਤਾਨੀ ਰੁਪਏ ਦਾ ਲੈਣ-ਦੇਣ ਹੋਇਆ ਤੇ 36 ਕੰਪਨੀਆਂ ਦੇ ਫਰਜ਼ੀ ਖਾਤਿਆਂ ਦੇ ਨਾਲ 54 ਅਰਬ ਪਾਕਿਸਤਾਨੀ ਰੁਪਏ ਟਰਾਂਸਫਰ ਕੀਤੇ ਗਏ। ਕੁਝ ਨਿੱਜੀ ਬੈਂਕਾਂ ਵਿਚ ਕਈ ਫਰਜ਼ੀ ਖਾਤੇ ਸਾਲ 2013, 2014 ਅਤੇ 2015 ਵਿਚ ਖੋਲ੍ਹੇ ਗਏ ਸਨ ਅਤੇ ਇਨ੍ਹਾਂ ਖਾਤਿਆਂ ਦੇ ਨਾਲ ਅਰਬਾਂ ਰੁਪਏ ਦਾ ਗੈਰ ਕਾਨੂੰਨੀ ਲੈਣ-ਦੇਣ ਕੀਤਾ ਗਿਆ। ਰਿਪੋਰਟ ਵਿਚ ਕਿਹਾ ਗਿਆ, 'ਐੱਫ ਆਈ ਏ ਇਸ ਬਾਰੇ 32 ਲੋਕਾਂ ਤੋਂ ਪੁੱਛਗਿੱਛ ਕਰ ਰਹੀ ਹੈ। ਇਸ ਮਹੀਨੇ ਦੇ ਸ਼ੁਰੂ ਵਿਚ ਪਾਕਿਸਤਾਨ ਦੇ ਗ੍ਰਹਿ ਮੰਤਰਾਲੇ ਨੇ ਇਸ ਕੇਸ ਵਿਚ ਸ਼ਾਮਲ ਹੋਣ ਦੇ ਸ਼ੱਕ ਵਿਚ 95 ਲੋਕਾਂ ਦੇ ਦੇਸ਼ ਤੋਂ ਬਾਹਰ ਜਾਣ ਤੇ ਰੋਕ ਲਾ ਦਿੱਤੀ ਸੀ।

## ਸਾਊਦੀ ਅਰਬ ਨਾਲ ਕੀਤੀ ਗਈ ਹਥਿਆਰਾਂ ਦੀ ਡੀਲ ਰੱਦ ਕੀਤੀ ਜਾਵੇ- ਜਗਮੀਤ ਸਿੰਘ

ਓਟਵਾ,- ਫੈਡਰਲ ਐਨਡੀਪੀ ਆਗੂ ਜਗਮੀਤ ਸਿੰਘ ਵੱਲੋਂ ਓਟਵਾ ਨੂੰ ਬੇਨਤੀ ਕੀਤੀ ਜਾ ਰਹੀ ਹੈ ਕਿ ਸਾਊਦੀ ਅਰਬ ਨਾਲ ਕੀਤੀ ਗਈ ਹਥਿਆਰਾਂ ਦੀ 15 ਬਿਲੀਅਨ ਡਾਲਰ ਦੀ ਡੀਲ ਨੂੰ ਰੱਦ ਕਰ ਦਿੱਤਾ ਜਾਵੇ। ਸ਼ਨਿੱਚਰਵਾਰ ਨੂੰ ਓਨਟਾਰੀਓ ਵਿੱਚ ਕੈਪੁਸਕਾਸਿੰਗ ਤੋਂ ਗੱਲ ਕਰਦਿਆਂ ਜਗਮੀਤ ਸਿੰਘ ਨੇ ਆਖਿਆ ਕਿ ਸਾਡੇ ਕੋਲ ਇਸ ਗੱਲ ਦਾ ਰਿਕਾਰਡ ਹੈ ਕਿ ਸਾਊਦੀ ਸ਼ਾਸਨ ਆਪਣੇ ਹੀ ਲੋਕਾਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ। ਉਨ੍ਹਾਂ ਆਖਿਆ ਕਿ ਹੁਣ ਇੱਕ ਪੱਤਰਕਾਰ ਦੀ ਮੌਤ ਨਾਲ ਇਹ ਸਿੱਧ ਹੋ ਗਿਆ ਹੈ ਕਿ ਅਸੀਂ ਸਾਊਦੀ ਅਰਬ ਨੂੰ ਹਥਿਆਰਾਂ ਦੀ ਵਿੱਕਰੀ ਜਾਰੀ ਨਹੀਂ ਰੱਖ ਸਕਦੇ। ਇਸ ਵਿੱਚ ਕੋਈ ਤੁਕ ਨਹੀਂ ਬਣਦੀ ਕਿ ਮੌਜੂਦਾ ਸੰਦਰਭ ਵਿੱਚ ਸਾਨੂੰ ਅਜਿਹੇ ਹਥਿਆਰ ਸਾਊਦੀ ਅਰਬ ਨੂੰ ਵੇਚਣੇ ਚਾਹੀਦੇ ਹਨ ਜਿਨ੍ਹਾਂ ਦੀ ਮਦਦ ਨਾਲ ਉਹ ਆਪਣੇ ਹੀ ਲੋਕਾਂ ਨੂੰ ਹੋਰ ਦਬਾਉਣ।

ਜ਼ਿਕਰਯੋਗ ਹੈ ਕਿ 19 ਅਕਤੂਬਰ ਨੂੰ ਸਾਊਦੀ ਅਧਿਕਾਰੀਆਂ ਨੇ ਇਹ ਐਲਾਨ ਕੀਤਾ ਸੀ ਕਿ ਸਾਊਦੀ ਪੱਤਰਕਾਰ ਜਮਾਲ ਖਸ਼ੋਗੀ, ਜੋ ਕਿ ਵਾਸ਼ਿੰਗਟਨ ਪੋਸਟ ਦਾ ਕੰਟ੍ਰੀਬਿਊਟਰ ਤੇ ਆਪਣੇ ਦੇਸ਼ ਦਾ ਆਲੋਚਕ ਸੀ, ਉਨ੍ਹਾਂ ਦੇ ਇਸਤਾਨਬੁਲ ਸਫਾਰਤਖਾਨੇ ਵਿੱਚ ਮਾਰਿਆ ਗਿਆ। 2 ਅਕਤੂਬਰ ਨੂੰ ਲਾਪਤਾ ਹੋਣ ਤੋਂ ਬਾਅਦ ਕਈ ਵਾਰੀ ਇਨਕਾਰ ਕੀਤੇ ਜਾਣ ਤੋਂ ਬਾਅਦ ਆਖਿਰਕਾਰ ਸਾਊਦੀ ਅਰਬ ਨੇ ਇਹ ਗੱਲ ਮੰਨ ਹੀ ਲਈ।

ਵਿਦੇਸ਼ ਮੰਤਰੀ ਕ੍ਰਿਸਟੀਆ ਫਰੀਲੈਂਡ ਵੱਲੋਂ ਸ਼ਨਿੱਚਰਵਾਰ ਰਾਤ ਨੂੰ ਇੱਕ ਬਿਆਨ ਜਾਰੀ ਕਰਕੇ ਆਖਿਆ ਗਿਆ ਕਿ ਖਸ਼ੋਗੀ ਦੀ ਮੌਤ ਬਾਰੇ ਸਾਊਦੀ ਅਰਬ ਦਾ ਸਪਸ਼ਟੀਕਰਨ ਨਾਕਾਫੀ ਹੈ ਤੇ ਇਸ ਵਿੱਚ ਕੋਈ ਵੀ ਭਰੋਸੇਯੋਗਤਾ ਨਹੀਂ ਝਲਕਦੀ। ਫਰੀਲੈਂਡ ਨੇ ਤੁਰਕੀ ਦੇ ਅਧਿਕਾਰੀਆਂ ਦੇ ਸਹਿਯੋਗ ਨਾਲ ਖਸ਼ੋਗੀ ਦੀ ਮੌਤ ਦੀ ਮੁਕੰਮਲ ਜਾਂਚ ਕਰਵਾਉਣ ਦੀ ਮੰਗ ਵੀ ਕੀਤੀ ਹੈ। ਜਗਮੀਤ ਸਿੰਘ ਦਾ ਕਹਿਣਾ ਹੈ ਕਿ ਦੇਸ ਵਜੋਂ ਸਾਡੀ ਨੈਤਿਕ ਜ਼ਿੰਮੇਵਾਰੀ ਹੈ ਕਿ ਜਿਹੜੇ ਹਥਿਆਰ ਅਸੀਂ ਵੇਚਦੇ ਹਾਂ ਉਨ੍ਹਾਂ ਦੀ ਅੱਗੇ ਵਰਤੋਂ ਮਨੁੱਖੀ ਅਧਿਕਾਰਾਂ ਦੀ ਉਲੰਘਣਾਂ ਲਈ ਨਾ ਕੀਤੀ ਜਾਵੇ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਵੀ ਖਸ਼ੋਗੀ ਦੀ ਮੌਤ ਦੀ ਨਿਖੇਧੀ ਕੀਤੀ ਜਾ ਚੁੱਕੀ ਹੈ।

ਟੋਰਾਂਟੋ ਪੁਲਿਸ ਨੇ 11 ਗੈਰਲਾਇਸੰਸਸ਼ੁਦਾ ਮੈਰੀਜੁਆਨਾ ਡਿਸਪੈਂਸਰੀਆਂ ਕੀਤੀਆਂ ਬੰਦ

ਟੋਰਾਂਟੋ ਪੁਲਿਸ ਦਾ ਕਹਿਣਾ ਹੈ ਕਿ ਪਿਛਲੇ ਹਫਤੇ ਜਦੋਂ ਤੋਂ ਮੈਰੀਜੁਆਨਾ ਦਾ ਕਾਨੂੰਨੀਕਰਨ ਹੋਇਆ ਹੈ ਉਦੋਂ ਤੋਂ ਲੈ ਕੇ ਹੁਣ ਤੱਕ ਉਹ 11 ਗੈਰਲਾਇਸੰਸਸ਼ੁਦਾ ਡਿਸਪੈਂਸਰੀਆਂ ਬੰਦ ਕਰ ਚੁੱਕੇ ਹਨ।

ਇਹ ਵੀ ਦੱਸਿਆ ਗਿਆ ਕਿ ਪ੍ਰੋਵਿੰਸ ਦੇ ਨਵੇਂ ਕੈਨਾਬਿਸ ਐਕਟ ਤਹਿਤ ਮਾਰੇ ਗਏ ਛਾਪਿਆਂ ਦੌਰਾਨ 21 ਵਿਅਕਤੀਆਂ ਨੂੰ ਚਾਰਜ ਕੀਤਾ ਜਾ ਚੁੱਕਿਆ ਹੈ ਤੇ ਰਿਹਾਅ ਕੀਤਾ ਜਾ ਚੁੱਕਿਆ ਹੈ। ਪੁਲਿਸ ਅਧਿਕਾਰੀ ਪੰਜ ਗੈਰਲਾਇਸੰਸਸ਼ੁਦਾ ਸ਼ਾਪਸ ਸੁੱਕਰਵਾਰ ਦੁਪਹਿਰੇ ਤੇ ਛੇ ਹੋਰ ਸ਼ਾਪਸ ਵੀਕੈਂਡ ਉੱਤੇ ਬੰਦ ਕਰਵਾ ਚੁੱਕੇ ਹਨ। ਪੁਲਿਸ ਦਾ ਕਹਿਣਾ ਹੈ ਕਿ ਉਹ ਮੈਰੀਜੁਆਨਾ ਦੇ ਕਾਨੂੰਨੀਕਰਨ ਤੋਂ ਬਾਅਦ ਗੈਰਲਾਇਸੰਸਸ਼ੁਦਾ ਡਿਸਟ੍ਰੀਬਿਊਟਰਜ਼ ਉੱਤੇ ਕਾਰਵਾਈ ਕਰਨੀ ਜਾਰੀ ਰੱਖਣਗੇ।ਓਨਟਾਰੀਓ ਵਿੱਚ ਕਾਨੂੰਨੀ ਮਾਨਤਾ ਪ੍ਰਾਪਤ ਮੈਰੀਜੁਆਨਾ ਰੀਟੇਲਰ ਸਰਕਾਰ ਵੱਲੋਂ ਆਨਲਾਈਨ ਚਲਾਇਆ ਜਾਣ ਵਾਲਾ ਸਟੋਰ ਹੈ। ਗੈਰਕਾਨੂੰਨੀ ਸਟੋਰਜ਼, ਜਿਹੜੇ ਕਾਨੂੰਨ ਦੇ ਦਾਇਰੇ ਵਿੱਚ ਆਉਣਾ ਚਾਹੁੰਦੇ ਹਨ, ਨੂੰ ਪਹਿਲਾਂ ਹੀ ਇਹ ਦੱਸਿਆ ਜਾ ਚੁੱਕਿਆ ਸੀ ਕਿ ਜੇ ਉਹ 17 ਅਕਤੂਬਰ ਤੋਂ ਪਹਿਲਾਂ ਆਪਣਾ ਕੰਮ ਬੰਦ ਕਰ ਦਿੰਦੇ ਹਨ ਤਾਂ ਉਹ ਰੀਟੇਲ ਲਾਇਸੰਸ ਲਈ ਅਪਲਾਈ ਕਰ ਸਕਦੇ ਹਨ।

## ਦੁਬਈ 'ਚ ਚਮਕੀ ਭਾਰਤੀ ਸ਼ਖਸ ਦੀ ਕਿਸਮਤ, ਲੱਗੀ 7 ਕਰੋੜ ਦੀ ਲਾਟਰੀ




ਖਾੜੀ ਦੇਸ਼ ਸੰਯੁਕਤ ਅਰਬ ਅਮੀਰਾਤ ਦੇ ਦੁਬਈ ਵਿਚ ਰਹਿ ਰਹੇ ਇਕ ਭਾਰਤੀ ਦੀ 10 ਲੱਖ ਅਮਰੀਕੀ ਡਾਲਰ (ਲੱਗਭਗ 7.3 ਕਰੋੜ ਰੁਪਏ) ਦੀ ਇਨਾਮੀ ਰਾਸ਼ੀ ਵਾਲੀ ਲਾਟਰੀ ਲੱਗੀ ਹੈ। ਇਕ ਅੰਗਰੇਜ਼ੀ ਅਖਬਾਰ ਨੇ ਖਬਰ ਦਿੱਤੀ ਹੈ ਕਿ ਦੁਬਈ ਵਿਚ 6 ਸਾਲ ਤੋਂ ਰਹਿ ਰਹੇ 45 ਸਾਲਾ ਸੌਰਵ ਡੇ ਦੀ ਇਹ ਲਾਟਰੀ ਲੱਗੀ ਹੈ। ਉਨ੍ਹਾਂ ਨੇ ਸਤੰਬਰ ਮਹੀਨੇ ਵਿਚ ਆਪਣੀ ਛੁੱਟੀਆਂ ਵਿਚ ਕੋਲਕਾਤਾ ਯਾਤਰਾ ਦੇ ਸਮੇਂ ਪਹਿਲੀ ਵਾਰ ਦੁਬਈ ਡਿਊਟੀ ਫ੍ਰੀ ਟਿਕਟ ਖਰੀਦੀ ਸੀ। ਡੇ ਇਕ ਬੀਮਾ ਯੋਜਨਾ ਕੰਪਨੀ ਵਿਚ ਕੰਮ ਕਰਦੇ ਹਨ। ਉਨ੍ਹਾਂ ਦੇ ਇਲਾਵਾ ਦੋ ਹੋਰ ਲੋਕਾਂ ਦੀ ਕਿਸਮਤ ਖੁੱਲ੍ਹੀ ਹੈ। ਇਨ੍ਹਾਂ ਵਿਚ ਇਕ 44 ਸਾਲਾ ਭਾਰਤੀ ਸ਼ਖਸ ਅਜੀਤ ਬਾਬੂ ਹੈ। ਉਨ੍ਹਾਂ ਨੂੰ ਬੀ.ਐੱਮ. ਡਬਲਊ. ਕੰਪਨੀ ਦੀ ਮੋਟਰਾਬਾਈਕ ਮਿਲੇਗੀ। ਲਾਟਰੀ ਹਾਸਲ ਕਰਨ ਵਾਲਾ ਤੀਜਾ ਸ਼ਖਸ ਸ਼੍ਰੀਲੰਕਾ ਦੇ ਸਜੀਵਾ ਨਿਰੰਜਨ ਹਨ। ਉਨ੍ਹਾਂ ਨੂੰ ਰੇਂਜ ਰੋਵਰ ਕਾਰ ਮਿਲੇਗੀ।

## ਔਰਤ ਨਾਲ ਛੇੜਛਾੜ 'ਤੇ ਦੋਸ਼ੀ ਨੇ ਕਿਹਾ, ਇੰਝ ਕਰਨ ਨੂੰ ਟਰੰਪ ਨੇ ਆਖਿਆ ਸੀ

ਵਾਸ਼ਿੰਗਟਨ — ਅਮਰੀਕਾ 'ਚ ਇਕ ਵਿਅਕਤੀ ਨੂੰ ਫਲਾਈਟ 'ਚ ਸਫਰ ਦੌਰਾਨ ਕਥਿਤ ਤੌਰ 'ਤੇ ਮਹਿਲਾ ਨਾਲ ਛੇੜਛਾੜ ਕਰਨ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਗਿਆ। ਗ੍ਰਿਫਤਾਰ ਕੀਤੇ ਵਿਅਕਤੀ ਨੇ ਆਪਣਾ ਬਚਾਅ ਕਰਦੇ ਹੋਏ ਆਖਿਆ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਇਸ 'ਚ ਕੋਈ ਵੱਡੀ ਗੱਲ ਨਹੀਂ ਹੈ ਕਿਉਂਕਿ ਟਰੰਪ ਨੇ ਇਕ ਵਾਰ ਕਿਹਾ ਸੀ ਕਿ ਜੇਕਰ ਤੁਸੀਂ ਮਸ਼ਹੂਰ ਹੋ ਤਾਂ ਅਜਿਹਾ ਕਰ ਸਕਦੇ ਹੋ।

ਨਿਊ ਮੈਕਸੀਕੋ ਦੀ ਜ਼ਿਲਾ ਅਦਾਲਤ 'ਚ ਦਾਇਰ ਕੀਤੀ ਗਈ ਸ਼ਿਕਾਇਤ ਮੁਤਾਬਕ ਹਿਊਸਟਨ ਤੋਂ ਅਬੁਕਰਕੀ ਜਾਣ ਵਾਲੀ ਸਾਊਥ-ਵੈਸਟ ਏਅਰਲਾਇੰਸ 'ਚ ਐਤਵਾਰ ਨੂੰ ਇਕ ਮਹਿਲਾ ਨੇ ਦੋਸ਼ ਲਾਇਆ ਕਿ ਜਦੋਂ ਉਹ ਆਪਣੀ ਸੀਟ 'ਤੇ ਸੌਂ ਰਹੀ ਸੀ ਉਦੋਂ ਪਿੱਛੇ ਵਾਲੀ ਸੀਟ 'ਤੇ ਬੈਠੇ ਵਿਅਕਤੀ ਨੇ ਉਸ ਦੀ ਬ੍ਰੈਸਟ ਨੂੰ ਟੱਚ ਕੀਤਾ, ਜਿਸ ਕਾਰਨ ਉਸ ਦੀ ਨੀਂਦ ਖੁਲ ਗਈ। ਮਹਿਲਾ ਨੇ ਦੱਸਿਆ ਕਿ ਪਹਿਲਾਂ ਉਸ ਨੂੰ ਲੱਗਾ ਕਿ ਇਹ ਗਲਤੀ ਨਾਲ ਹੋਇਆ ਹੋਵੇਗਾ ਪਰ ਕਰੀਬ 30 ਮਿੰਟਾਂ ਬਾਅਦ ਉਸ ਨੇ ਫਿਰ ਇੰਝ ਹੀ ਕੀਤਾ। ਉਦੋਂ ਮਹਿਲਾ ਉਠ



ਕੇ ਖੜੀ ਹੋਈ ਅਤੇ ਦੋਸ਼ੀ ਨੂੰ ਅਜਿਹਾ ਦੁਬਾਰਾ ਨਾ ਕਰਨ ਲਈ ਆਖਿਆ। ਪੁਲਸ ਨੇ ਦੋਸ਼ੀ ਦੀ ਪਛਾਣ ਬਰੂਸ ਐਲੇਕਜ਼ੇਂਡਰ ਦੇ ਨਾਂ ਵੱਜੋਂ ਕੀਤੀ ਹੈ। ਇਸ ਘਟਨਾ ਤੋਂ ਬਾਅਦ ਮਹਿਲਾ ਦੂਜੀ ਸੀਟ 'ਤੇ ਜਾ ਕੇ ਬੈਠ ਗਈ ਅਤੇ ਜਿਵੇਂ ਹੀ ਫਲਾਈਟ ਦੀ ਲੈਂਡਿੰਗ ਹੋਈ ਐਲੇਕਜ਼ੇਂਡਰ ਨੂੰ ਗ੍ਰਿਫਤਾਰ ਕਰ ਲਿਆ ਗਿਆ। ਸ਼ਿਕਾਇਤ ਮੁਤਾਬਕ ਜਦੋਂ ਦੋਸ਼ੀ ਨੂੰ ਹੱਥਕੜੀ ਲਾ ਕੇ ਪੁਲਸ ਦੀ ਕਾਰ 'ਚ ਬੈਠਾਇਆ ਗਿਆ ਉਦੋਂ ਉਸ ਨੇ ਕਿਹਾ ਕਿ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਕਹਿੰਦੇ ਹਨ ਕਿ ਔਰਤਾਂ ਨਾਲ ਅਜਿਹਾ ਕਰ ਸਕਦੇ ਹਾਂ। ਐਲੇਕਜ਼ੇਂਡਰ ਦੀ ਉਮਰ ਪੁਲਸ ਨੇ ਜਨਤਕ ਨਹੀਂ ਕੀਤੀ ਪਰ ਸ਼ਿਕਾਇਤ ਮੁਤਾਬਕ ਉਹ ਕਾਫੀ ਸਮੇਂ ਤੋਂ ਭਾਰੀ ਸਾਜ਼ੋ-ਸਮਾਨ ਦੇ ਅਪਰੇਟਰ ਵੱਜੋਂ ਕੰਮ ਕਰ ਰਿਹਾ ਹੈ। ਜ਼ਿਕਰਯੋਗ ਹੈ ਕਿ 2016 ਦੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਟਰੰਪ ਦਾ ਇਕ ਆਡੀਓ ਵਾਇਰਲ ਹੋਇਆ ਸੀ ਜਿਸ 'ਚ ਟਰੰਪ ਨੂੰ ਇਹ ਕਹਿੰਦੇ ਹੋਏ ਸੁਣਿਆ ਗਿਆ ਸੀ ਜੇਕਰ ਤੁਸੀਂ ਸਟਾਰ ਹੋ ਤਾਂ ਉਹ ਤੁਹਾਨੂੰ ਕੁਝ ਵੀ ਕਰਨ ਦਿੰਦੀ ਹੈ, ਤੁਸੀਂ ਉਨ੍ਹਾਂ ਦੇ ਨਾਲ ਕੁਝ ਵੀ ਕਰ ਸਕਦੇ ਹੋ।

## ਐਬਟਸਫੋਰਡ 'ਚ ਇੱਕ ਹੋਰ ਨੌਜਵਾਨ ਗੈਂਗ ਹਿੰਸਾ ਦਾ ਸ਼ਿਕਾਰ

ਐਬਟਸਫੋਰਡ :- 32000 ਬਲਾਕ ਫਰੇਜ਼ਰਵੇਅ ਅਤੇ ਕਲੀਅਰਬਰੁੱਕ ਰੋਡ (ਸੀਡਰ ਹਿਲ ਪਲਾਜ਼ਾ) ਦੇ ਨੇੜੇ ਇੱਕ ਅਣਪਛਾਤੇ ਵਿਅਕਤੀਆਂ ਵਲੋਂ ਨੌਜਵਾਨ ਦਾ ਕਤਲ ਕਰ ਦਿੱਤਾ ਗਿਆ। ਮਿਲੀ ਜਾਣਕਾਰੀ ਅਨੁਸਾਰ ਪੁਲਿਸ ਨੇ ਇਸ ਘਟਨਾ ਸਬੰਧੀ ਦੱਸਿਆ ਕਿ ਤਕਰੀਬਨ ਸ਼ਾਮ 6:43 ਵਜੇ 32000 ਬਲਾਕ ਫਰੇਜ਼ਰਵੇਅ ਅਤੇ ਕਲੀਅਰਬਰੁੱਕ ਰੋਡ ਦੇ ਨੇੜੇ ਸੀ.ਆਈ.ਬੀ.ਸੀ. ਬੈਂਕ ਦੀ ਏ.ਟੀ.ਐਮ. ਮਸ਼ੀਨ ਦੇ ਕਮਰੇ 'ਚ ਹਿੰਸਕ ਘਟਨਾ ਦੀ ਸੂਚਨਾ ਮਿਲੀ ਜਿਥੇ ਕਿ ਇਹ ਨੌਜਵਾਨ ਮਰੀ ਹੋਈ ਹਾਲਤ 'ਚ ਮਿਲਿਆ। ਅਧਿਕਾਰੀਆਂ ਨੇ ਦੱਸਿਆ ਕਿ ਏ.ਟੀ.ਐਮ. ਮਸ਼ੀਨ ਦੇ ਦਰਵਾਜ਼ੇ ਵੀ ਟੁੱਟੇ ਹੋਏ ਸਨ ਜਿਸ ਤੋਂ ਬਾਅਦ ਪੁਲਿਸ ਨੇ ਇਸ ਘਟਨਾ ਸਬੰਧੀ ਦੱਸਿਆ ਕਿ ਇਹ ਗਿਣ-ਮਿਥ ਕੇ ਕੀਤਾ ਗਿਆ ਕਤਲ ਜਾਪਦਾ ਹੈ। ਇਸ ਤੋਂ ਬਿਨਾਂ ਪੁਲਿਸ ਨੇ ਹਾਲੇ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ ਅਤੇ ਨੌਜਵਾਨ ਦੀ ਪਹਿਚਾਣ ਵੀ ਹਾਲੇ ਪੁਲਿਸ ਵਲੋਂ ਜਾਰੀ ਨਹੀਂ ਕੀਤੀ ਗਈ। ਪੁਲਿਸ ਵਲੋਂ ਇੱਕ ਨੰਬਰ 1-877-551-4448 ਜਾਰੀ ਕਰਕੇ ਇਸ ਸਬੰਧੀ ਲੋਕਾਂ ਵਲੋਂ ਮਦਦ ਵੀ ਮੰਗੀ ਗਈ ਹੈ। ਦੱਸਣਯੋਗ ਹੈ ਕਿ ਪਿਛਲੇ 2 ਹਫ਼ਤਿਆਂ ਤੋਂ ਇਹ ਤੀਜੀ ਅਜਿਹੀ ਘਟਨਾ ਹੈ।

# ਦਿਓ

## ਸੁਖਦੇਵ ਸਿੰਘ ਮਾਨ

ਸਾਖੀ ਦਾ ਪੰਨਾ ਪਲਟਦਾ ਹਾਂ। ਅੱਜ ਮੋਟੇ ਅੱਖਰ ਵੀ ਧੁੰਦਲੇ ਦਿਖਾਈ ਦਿੰਦੇ ਹਨ। ਉਂਜ ਤਾਂ ਸੈਂਕੜੇ ਕਥਾਵਾਂ ਮੈਨੂੰ ਯਾਦ ਹਨ, ਪਰ ਗ੍ਰੰਥ ਫਰੋਲਦਿਆਂ, ਸਾਖੀਆਂ ਵਾਚਦਿਆਂ ਕੋਈ ਨਵੀਂ ਤੰਦ ਲੱਭ ਪੈਂਦੀ ਹੈ। ਅੱਜਕੱਲ੍ਹ ਸੰਗਤਾਂ ਵੀ ਨਵੇਂਪਣ ਦੀ ਮੰਗ ਕਰਨ ਲੱਗੀਆਂ ਹਨ। ਪੁਰਾਣੇ ਹਾਰਮੋਨੀਅਮ ਦੇ ਨਾਲ ਇਲੈਕਟ੍ਰੌਨਿਕ ਸਾਜ਼ ਆ ਗਏ ਹਨ। ਬਿਜਲਈ ਯੰਤਰਾਂ ਨੂੰ ਵਜਾਉਣ ਦਾ ਸ਼ਾਇਦ ਮੈਨੂੰ ਤਰੀਕਾ ਨਹੀਂ ਆਉਂਦਾ, ਘੱਟੋ ਘੱਟ ਮੇਰਾ ਸ਼ਾਗਿਰਦ ਜਾਗਰ ਸਿੰਘ ਤਾਂ ਇਹੀ ਕਹਿੰਦਾ ਹੈ: "ਖ਼ਾਲਸਾ ਜੀ, ਆਪਣਾ ਜਥਾ ਪੱਛੜਦਾ ਜਾ ਰਿਹੈ। ਅੱਜਕੱਲ੍ਹ ਕੀਰਤਨੀਏ ਤਾਂ ਵੀਜ਼ੇ ਲਵਾ ਕੇ ਕਨੇਡਾ ਜਾ ਰਹੇ ਐ। ਆਪਾਂ ਐਥੇ ਈ ਮਰਗਤ ਦੇ ਭੋਗਾਂ ਨੂੰ ਉਡੀਕੀ ਜਾਂਦੇ ਹਾਂ।" ਮੇਰੀ ਉਦਾਸੀ ਦੀ ਜਾਗਰ ਸਿੰਘ ਪਰਵਾਹ ਨਹੀਂ ਕਰਦਾ। ਇੱਕ ਵਾਰੀ ਬੋਲਣ ਲੱਗ ਪਵੇ ਤਾਂ ਬੋਲੀ ਜਾਂਦਾ ਹੈ। "ਐਤਕੀਂ ਖ਼ਾਲਸਾ, ਮੈਂ ਟੈੱਟ ਦਾ ਪੇਪਰ ਦੇਣ ਤੋਂ ਵੀ ਖੁੰਝ ਗਿਆ। ਵਕਤ ਤਾਂ ਸਾਰਾ ਰਿਆਜ਼ 'ਚ ਲੰਘ ਜਾਂਦੈ। ਘਰ ਜਾ ਕੇ ਕਿਤਾਬ ਚੁੱਕਦਾ ਤਾਂ ਸਿਰ ਵਿੱਚ ਡਰੰਮ ਛੈਣੇ ਖੜਕਣ ਲੱਗ ਪੈਂਦੇ ਐ। ਬੁਰੇ ਫਸ ਗਏ ਹਾਂ ਖ਼ਾਲਸਾ ਜੀ।" ਜਾਗਰ ਸਿੰਘ ਦੀਆਂ ਗੱਲਾਂ ਆਪਣੀ ਥਾਂ ਸਹੀ ਹਨ। ਦਰਅਸਲ, ਸਾਡੇ ਕੀਰਤਨੀਆਂ 'ਚ ਵੀ ਮੁਕਾਬਲਾ ਚੱਲ ਪਿਆ ਹੈ। ਜਥੇ ਕਾਰਡ ਛਪਵਾ ਕੇ ਸੰਗਤਾਂ 'ਚ ਵੰਡਦੇ ਫਿਰਦੇ ਹਨ। ਇੱਕ ਮੈਂ ਹੀ ਉਨ੍ਹਾਂ ਵਿੱਚੋਂ ਹਾਂ ਜਿਹੜਾ ਆਪ ਵੀ ਡੁੱਬਦਾ ਜਾਂਦਾ ਹਾਂ ਤੇ ਨਾਲ ਜਾਗਰ ਨੂੰ ਵੀ ਡੋਬੀ ਜਾਂਦਾ ਹਾਂ। ਜਾਗਰ ਕਦੇ ਕਦੇ ਖ਼ਲਜਗਣ 'ਚੋਂ ਉੱਭਰ ਜਾਂਦਾ ਹੈ, ਪਰ ਮੇਰੀ ਹਾਲਤ ਤਾਂ ਸੱਪ ਮੂੰਹ ਆਈ ਕੋੜ੍ਹ ਕਿਰਲੀ ਵਾਲੀ ਹੈ। ਸਾਜ਼ ਵਜਾਉਣੇ ਸਿੱਖਾਂ ਜਾਂ ਗਲ਼ ਪਈ ਕਬੀਲਦਾਰੀ ਦੀ ਬੇੜ ਧੂਹਾਂ ? ਬਾਹਰ ਨਿਗ੍ਹਾ ਮਾਰਦਾ ਹਾਂ। ਅੰਮ੍ਰਿਤ ਵੇਲਾ ਹੈ। ਇਸ ਵੇਲੇ ਤਾਂ ਸੁਤਾ ਟਿਕ ਜਾਣੀ ਚਾਹੀਦੀ ਹੈ, ਪਰ ਮਨ ਦੀ ਭਟਕਣ ਬਾਣੀ ਦੇ ਥੰਮਾਂ ਨਾਲ ਵੀ ਕਾਬੂ ਨਹੀਂ ਆ ਰਹੀ। ਅੱਜ ਕੀਰਤਨ ਤੋਂ ਵੀ ਤਬੀਅਤ ਨਾਸਾਜ਼ ਹੋਣ ਦਾ ਬਹਾਨਾ ਲਾ ਕੇ ਛੁੱਟੀ ਮਾਰ ਲਈ ਹੈ। ਮੇਰੇ ਹਿੱਸੇ ਆਈ ਤਿੰਨ ਏਕੜ ਜ਼ਮੀਨ ਵੱਲ ਤੁਰ ਪੈਂਦਾ ਹਾਂ। ਇਸ ਖੇਤ ਦੀ ਵੀ ਆਪਣੀ ਕਹਾਣੀ ਹੈ। ਮਿੱਟੀ ਨਾਲ ਮਿੱਟੀ ਹੋ ਕੇ ਟਿੱਬੇ ਪੱਧਰ ਕੀਤੇ ਹਨ। ਬੋਰ ਲਾਇਆ ਹੈ। ਧੀ ਕਿਰਨ ਅਤੇ ਬੇਟੇ ਮੰਗਲ ਨੇ ਪੜ੍ਹਾਈ 'ਚੋਂ ਸਮਾਂ ਬਚਾ ਮੇਰੇ ਨਾਲ ਹੱਥ ਵਟਾਇਆ ਹੈ। ਘਰ ਲਈ ਸਾਲ ਭਰ ਦੇ ਦਾਣੇ ਖੇਤ ਦੇਣ ਲੱਗ ਪਿਆ। ਚੰਗੀਆਂ ਜ਼ਮੀਨਾਂ ਵਾਲੇ ਮੇਰੇ ਮਿੱਟੀ ਨਾਲ ਲੱਥ ਪੱਥ ਚੋਲੇ ਨੂੰ ਦੇਖ ਮਖੌਲਾਂ ਕਰਦੇ ਹਨ: "ਖ਼ਾਲਸਾ ਜੀ, ਖੇਤੀ ਏਨਾ ਸੌਖਾ ਕੰਮ ਨਹੀਂ। ਆਹ ਟਿੱਬੇ ਤਾਂ ਲਹੂ ਪੀ ਲੈਂਦੇ ਐ।" ਮੈਂ ਸ਼ਾਂਤ ਰਹਿ ਕੇ ਉੱਤਰ ਦਿੰਦਾ ਹਾਂ, "ਮੇਰੇ ਗੁਰੂ ਦਾ ਕਿਰਤ 'ਚ ਭਰੋਸਾ ਸੀ ਗੁਰਮੁਖੋ। ਮੇਰਾ ਰਾਹ ਵੀ ਉਹੀ ਹੈ।" ਪਰ ਅੱਜ ਮਨ ਧੀਰ ਨਹੀਂ ਧਰ ਰਿਹਾ। ਵਿਸ਼ਵਾਸ ਥਾਲੀ ਦੇ ਪਾਣੀ ਵਾਂਗ ਡੋਲ ਰਿਹਾ ਹੈ। ਖੇਤ 'ਚ ਮੈਂ ਉੱਥੇ ਜਾ ਖੜ੍ਹਾ ਜਿੱਥੇ ਬੇਟੇ ਮੰਗਲ ਨੇ ਪੇਂਦੂ ਬੇਰੀ ਲਾਈ ਹੈ। ਬੇਰੀ ਫੈਲਦੀ ਗਈ। ਬੇਟੇ ਤੋਂ ਇੱਕ ਨਿਆਣਪੁਣਾ ਹੋ ਗਿਆ ਕਿ ਉਸ ਨੇ ਬੇਰੀ ਖੇਤ ਦੇ ਵਿਚਕਾਰ ਲਾ ਦਿੱਤੀ। ਮੈਂ ਮੰਗਲ ਨਾਲ ਇਹ ਨੁਕਸ ਵੀ ਸਾਂਝਾ ਨਾ ਕੀਤਾ। ਥੋੜ੍ਹੇ ਜਿਹੇ ਚਾਨਣ 'ਚ ਮੈਂ ਬੇਰੀ ਦੀਆਂ ਕੂਲੀਆਂ ਪਲੂਮਣਾਂ ਪਲੋਸਣ ਲੱਗਾ। ਅੱਖਾਂ 'ਚੋਂ ਆਪਮੁਹਾਰੇ ਨੀਰ ਚੱਲ ਪਿਆ। ਵਿਰਲੇ ਵਿਰਲੇ ਚਿੱਟੇ ਵਾਲਾਂ ਨਾਲ ਪ੍ਰਕਾਸ਼ ਹੋਏ ਦਾੜ੍ਹੇ ਵਿਚਦੀ ਹੰਝੂ ਧਰਤੀ 'ਤੇ ਕਿਰਨ ਲੱਗੇ। ਉਂਜ ਤਾਂ ਮੈਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਵਾਲੀ ਕਥਾ ਸੁਣਾਉਂਦਿਆਂ ਮਨ ਮੁਸ਼ਕਿਲ ਨਾਲ ਕਾਬੂ ਰੱਖਦਾ ਹਾਂ, ਪਰ ਅੱਜ ਤਾਂ ਮਨ ਵੱਸੋਂ ਹੀ ਬਾਹਰ ਹੈ। ਬਾਣੀ 'ਚੋਂ ਮਨ ਨੂੰ ਥੰਮ ਸਕਣ ਵਾਲੇ ਕਿੰਨੇ ਸ਼ਬਦ ਉਚਾਰਨ ਦਾ ਮੈਂ ਯਤਨ ਕਰਦਾ ਹਾਂ, ਗ੍ਰਹਿਸਥ ਮਾਰਗ 'ਤੇ ਚੱਲਦਿਆਂ ਵੀ ਸੰਨਿਆਸੀ ਵਰਗਾ ਆਚਰਨ ਧਾਰਨ ਦੀ ਸੰਗਤ ਨੂੰ ਤਾਕੀਦ ਕਰਦਾ ਰਹਿੰਦਾ ਹਾਂ, ਪਰ ਮਨ ਹੈ ਕਿ ਅੱਜ ਕਾਬੂ ਨਹੀਂ ਆ ਰਿਹਾ।

ਮੰਗਲ ਨੇ ਬੇਰੀ ਨੂੰ ਮੱਛਰਦਾਨੀਆਂ ਨਾਲ ਕੱਜਿਆ ਹੋਇਆ ਹੈ। ਆਪਣੀ ਡਿਗਰੀ ਲਈ ਸਿੱਖਿਆ ਅਦਾਰੇ ਨੂੰ ਜਾਂਦਾ ਮੰਗਲ ਬੋਲਿਆ ਸੀ, "ਡੈਡੀ, ਮੇਰੇ ਬੇਰ ਤੋਤੇ ਨਾ ਟੁੱਕ ਜਾਣ, ਧਿਆਨ ਰੱਖਣਾ।" ਮੰਗਲ ਦੀ ਤਾੜਨਾ ਯਾਦ ਕਰ ਮੇਰੇ ਬਚਪਨ 'ਚ ਪਿੜਾਂ ਵਿੱਚ ਦੇਖੇ ਡਰਾਮੇ ਦੀਆਂ ਸਤਰਾਂ ਮੈਨੂੰ ਯਾਦ ਆ ਗਈਆਂ: "ਗੋਪੀਆ ਸੰਭਾਲ ਘੁੱਕਰਾ, ਟੁੱਕ ਜਾਣ ਨਾ ਵਲੈਤੀ ਚੁੰਝਾਂ ਵਾਲੇ...।"

ਬੇਰ ਤਾਂ ਟੁੱਕੇ ਜਾ ਚੁੱਕੇ ਹਨ। ਦਰਅਸਲ, ਮੈਂ ਬੇਰੀ ਵਾਲੀਆਂ ਤਿੰਨ ਕਨਾਲਾਂ ਦਾ ਬਿਆਨਾ ਜ਼ਿਮੀਂਦਾਰ ਮੱਘਰ ਤੋਂ ਫੜ ਚੁੱਕਾ ਹਾਂ। ਬੇਰੀ ਲਾਉਣ ਵਾਲੇ ਤੋਂ, ਬੇਰਾਂ ਦੀ ਰਾਖੀ ਦੀ ਤਾੜਨਾ ਕਰਨ ਵਾਲੇ ਤੋਂ ਮੈਂ ਇਹ ਗੱਲ ਲੁਕੋਈ ਤਾਂ ਫਿਰਦਾ ਹਾਂ, ਪਰ ਇਹ ਪਰਦਾ ਕਿੰਨੇ ਦਿਨ ਰਹੇਗਾ ? ਜਦੋਂ ਮੰਗਲ ਨੂੰ ਮਜਬੂਰੀਵੱਸ ਚੁੱਕੇ ਇਸ ਕਦਮ ਬਾਰੇ ਪਤਾ ਲੱਗੇਗਾ ਤਾਂ ਉਸ ਦੇ ਦਿਲ 'ਤੇ ਕੀ ਬੀਤੇਗੀ। ਅੱਖਾਂ 'ਚ ਫਿਰ ਹੰਝੂ ਭਰ ਆਏ ਹਨ। ਪੁਲੀਸ 'ਚ ਭਰਤੀ ਕਰਵਾਈ ਧੀ ਕਿਰਨ ਦੁੱਖ ਬਣ ਕੇ ਚੇਤਿਆਂ ਵਿਚਦੀ ਲੰਘਣ ਲੱਗੀ ਹੈ। ਕਿਰਨ ਦਾ ਕੱਲ੍ਹ ਹੀ ਮੁਹਾਲੀ ਪੁਲੀਸ ਲਾਈਨ ਤੋਂ ਫ਼ੋਨ ਆਇਆ ਸੀ: "ਡੈਡੀ, ਸਭ ਕੁਝ ਸਹੀ ਚੱਲ ਰਿਹੈ ?" ਕਿਰਨ ਦੇ ਵਿਆਹ ਦੀ ਤਾਰੀਖ਼ ਸਿਰ 'ਤੇ ਹੈ। ਸ਼ਾਇਦ ਕੁੜੀ ਨੂੰ ਸਹੁਰਿਆਂ ਵੱਲੋਂ ਥੋੜ੍ਹਾ ਲਾਲਚ ਦਿਖਾਉਣ ਦਾ ਇਸ਼ਾਰਾ ਆਪਣੀ ਮੰਮੀ ਤੋਂ ਮਿਲਿਆ ਹੋਵੇਗਾ। ਵਿਆਹ ਦੇ ਦਿਨਾਂ 'ਚ ਮੈਂ ਕੁੜੀ ਨੂੰ ਕਿਸੇ ਚਿੰਤਾ 'ਚ ਖਿੱਚਣ ਦੇ ਹੱਕ ਵਿੱਚ ਨਹੀਂ। ਮੈਂ ਮੋੜਵਾਂ ਉੱਤਰ ਦਿੱਤਾ, "ਉਸ ਦਾਤੇ ਦੇ ਹੁਕਮ 'ਚ ਜੋ ਵੀ ਹੋਣਾ ਹੋਇਆ, ਦਰੁਸਤ ਹੀ ਹੋਊ ਕਿਰਨ।" ਕਿਰਨ ਮੇਰੇ ਉਲਝੇ ਹੋਏ ਉੱਤਰ 'ਤੇ ਹੱਸ ਪਈ, "ਡੈਡੀ, ਛੋਟੇ ਰੱਬਾਂ ਬਾਰੇ ਦੱਸੋ। ਉਸ ਦਾਤੇ ਬਾਰੇ ਨਹੀਂ।"


ਮੈਂ ਗੱਲ ਹਾਸੇ 'ਚ ਪਾ ਲਈ। ਇੰਨੀ ਹਿੰਮਤਣ ਕੁੜੀ ਮੂਹਰੇ ਮੈਂ ਕੋਈ ਕਮਜ਼ੋਰ ਗੱਲ ਕਰਨੀ ਨਹੀਂ ਚਾਹੁੰਦਾ। ਕਿਰਨ ਨੇ ਪੁਲੀਸ ਯੋਗਤਾ ਦਾ ਟੈਸਟ ਵੀ ਆਪਣੀ ਦ੍ਰਿੜ੍ਹਤਾ ਨਾਲ ਪਾਸ ਕੀਤਾ ਹੈ। ਪੰਜ ਫੁੱਟ ਨੌਂ ਇੰਚ ਕੱਦ ਦੀ ਮਾਲਕ ਕਿਰਨ ਨੇ ਦੌੜ ਪਹਿਲੇ ਹੱਲੇ ਹੀ ਪਾਰ ਕਰ ਲਈ। ਉੱਚੀ ਛਾਲ 'ਚ ਉਹ ਪਹਿਲੀ ਵਾਰ ਡੰਡੇ 'ਚ ਉਲਝ ਕੇ ਅਸਫ਼ਲ ਰਹੀ। ਮੈਂ ਮੈਦਾਨ ਦੇ ਬਾਹਰ ਖੜ੍ਹਾ ਅਰਦਾਸਾਂ ਕਰਦਾ ਰਿਹਾ ਤਾਂ ਜੋ ਕੁੜੀ ਰੁਜ਼ਗਾਰ ਸਿਰ ਹੋ ਜਾਵੇ ਅਤੇ ਕੋਈ ਬਣਦਾ ਸਰਦਾ ਪਰਿਵਾਰ ਤਿੰਨ ਕੱਪੜਿਆਂ 'ਚ ਉਸ ਨੂੰ ਸਵੀਕਾਰ ਕਰ ਲਵੇ। ਸ਼ਾਇਦ ਮੇਰੀ ਅਰਦਾਸ ਦਾ ਟੈਸਟ ਲੈਣ ਵਾਲੇ ਅਫ਼ਸਰ 'ਤੇ ਅਸਰ ਹੋਇਆ। ਉਸ ਨੇ ਇੱਕ ਮੌਕਾ ਗੁਆ ਚੁੱਕੀ ਕੁੜੀ ਨੂੰ ਕਿਹਾ, "ਬੇਟੇ, ਇਸ ਪਾਸੇ ਤੋਂ ਦੌੜ ਕੇ ਆਉ ?" ਕਿਰਨ ਦੌੜੀ, ਡੰਡੇ ਤੋਂ ਪਾਰ ਜਾ ਡਿੱਗੀ ? ਕਿਰਨ ਨੌਕਰੀ ਵਾਲਾ ਭਵਜਲ ਲੰਘ ਗਈ, ਪਰ ਉਸ ਦੇ ਵਿਆਹ ਵਾਲੀ ਅਗਨ ਪ੍ਰੀਖਿਆ ਮੇਰੇ ਲਈ ਭਾਰੀ ਪੈ ਗਈ। ਇੱਕ ਦਿਨ ਵਿਚੋਲਾ ਮਸੋਸਿਆ ਮੂੰਹ ਲੈ ਕੇ ਆ ਗਿਆ। "ਖ਼ਾਲਸਾ, ਸੱਤ ਲੱਖ ਤਾਂ ਅਗਲਿਆਂ ਦੀ ਝੋਲੀ ਪਾਉਣਾ ਪਊ।" ਵਿਚੋਲੇ ਦੀ ਗੱਲ ਸੁਣ ਮੇਰੀ ਸੁਰਤ ਬੌਂਦਲ ਗਈ। ਮੈਂ ਖੜ੍ਹੇ ਪੈਰ ਮੱਘਰ ਨਾਲ ਸੌਦਾ ਤੈਅ ਕਰ ਲਿਆ। ਮੱਘਰ ਵੀ ਬੜਾ ਲਾਲਚੀ ਜ਼ਿਮੀਂਦਾਰ ਨਿਕਲਿਆ। ਪੈਸੇ ਪੱਲੇ ਪਾ ਵਿਆਹ ਨੂੰ ਉਡੀਕੇ ਬਿਨਾਂ ਜ਼ਮੀਨ 'ਤੇ ਕਾਬਜ਼ ਵੀ ਹੋ ਗਿਆ। ਮੈਂ ਜਦੋਂ ਮੱਘਰ ਨੂੰ ਵਿਆਹ ਤਕ ਬੈਅ ਵਾਲਾ ਪਰਦਾ ਬਣਾਈ ਰੱਖਣ ਲਈ ਕਹਿਣ ਗਿਆ ਤਾਂ ਉਸ ਬੇਰੀ ਵੀ ਪੁਟਵਾ ਦਿੱਤੀ। ਬੇਰੀ ਦੇ ਕੁਮਲਾ ਰਹੇ ਪੱਤਿਆਂ ਤੇ ਬੇਰਾਂ ਉੱਤੋਂ ਦੀ ਲੰਘਦਿਆਂ ਮੈਨੂੰ ਜਾਪਿਆ ਜਿਵੇਂ ਆਪਣੇ ਪਿਉ ਦਾਦੇ ਦਾ ਸਿਵਾ ਲਤੜ ਰਿਹਾ ਹੋਵਾਂ। ਮੱਘਰ ਨੇ ਮਿੱਟੀ ਵਾਲੇ ਹੱਥ ਝਾੜਦਿਆਂ ਬੜੀ ਬੇਕਿਰਕੀ ਨਾਲ ਕਿਹਾ, "ਖ਼ਾਲਸਾ, ਜਿਹੜਾ ਖੇਤ ਝੋਨੇ ਲਈ ਤਿਆਰ ਕਰਨਾ ਹੋਵੇ, ਉਹਦੇ ਵਿਚਾਲੇ ਰੁੱਖ ਨਹੀਂ ਚਾਹੀਦਾ।"

ਮੱਘਰ ਨੂੰ ਕੌਣ ਸਮਝਾਵੇ ਕਿ ਰੁੱਖਾਂ ਬਿਨਾਂ ਜਦੋਂ ਇਹ ਧਰਤੀ ਤਪਣ ਲੱਗੇਗੀ ਤਾਂ ਝੋਨਾ ਲਾਉਣ ਵਾਲੇ ਵੀ ਬੇਰੀ ਦੀਆਂ ਲਗਰਾਂ ਵਾਂਗ ਤੜਫ਼ਣਗੇ। ਮੇਰੀ ਵਿਉਂਤ ਤਾਂ ਮੱਘਰ ਦੀ ਕਾਹਲੀ ਨੇ ਤਹਿਸ ਨਹਿਸ ਕਰ ਦਿੱਤੀ। ਘਰ ਵੱਲ ਭਾਰੀ ਕਦਮ ਪੁੱਟਦਾ ਆਇਆ। ਘਰ ਪੁੱਜਿਆ ਤਾਂ ਭੈਣ ਦੇ ਵਿਆਹ ਦੀ ਜ਼ਿੰਮੇਵਾਰੀ ਸਾਂਭਣ ਲਈ ਮੰਗਲ ਆ ਗਿਆ। ਇਸ ਤੋਂ ਪਹਿਲਾਂ ਕਿ ਮੰਗਲ ਬੇਰੀ ਦੀ ਕੋਈ ਗੱਲ ਛੇੜੇ, ਮੈਂ ਵਿਆਹ ਦੇ ਅਧੂਰੇ ਪਏ ਕਈ ਕੰਮ ਉਸ ਦੇ ਜ਼ਿੰਮੇ ਪਾ ਦਿੱਤੇ। ਅੱਧੀ ਰਾਤ ਤਕ ਸਾਰਾ ਟੱਬਰ ਵਿਆਹ ਦੇ ਕੰਮਾਂ ਦੀ ਭੱਜ ਦੌੜ 'ਚ ਉਲਝਿਆ ਰਿਹਾ। ਕੰਮ ਹਾਲੇ ਵੀ ਕਰਨ ਵਾਲੇ ਸਨ। ਅਚਾਨਕ ਬੱਦਲ ਗਰਜਣ ਲੱਗਾ। "ਡੈਡੀ, ਉਹੀ ਰੁੱਤ ਹੈ ਜਿਸ ਦਾ ਤੁਸੀਂ ਜ਼ਿਕਰ ਕਰਦੇ ਰਹਿੰਦੇ ਹੋ ਕਿ ਇਸ ਰੁੱਤ 'ਚ ਝੱਖੜ ਦੇ ਰੂਪ 'ਚ ਦਿਓ ਸਾਡੇ ਇਲਾਕੇ ਵਿਚਦੀ ਲੰਘਦੈ। ਇਹ ਸਹੀ ਗੱਲ ਹੈ ਡੈਡੀ ?"

"ਕਾਕਾ, ਸਾਖੀ ਤਾਂ ਇਹੀ ਕਹਿੰਦੀ ਹੈ।"

"ਡੈਡੀ, ਇਸ ਕਥਾ 'ਚ ਮੈਨੂੰ ਤਰਕ ਨਹੀਂ ਜਾਪਦਾ।"

ਮੈਂ ਮੰਗਲ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਖੀ ਵਾਲਾ ਦਿਓ ਤਾਂ ਪਤਾ ਨਹੀਂ ਕਿਹੋ ਜਿਹਾ ਸੀ, ਪਰ ਅੱਜ ਦਿਓਆਂ ਦੀਆਂ ਬਹੁਤ ਨਸਲਾਂ ਪੈਦਾ ਹੋ ਗਈਆਂ ਹਨ। ਮੰਗਲ ਸ਼ਾਇਦ ਹੋਰ ਗੱਲਾਂ ਵੀ ਕਰਦਾ ਰਿਹਾ, ਪਰ ਤੇਜ਼ ਚੱਲ ਪਈ ਹਵਾ ਕੁਝ ਵੀ ਸੁਣਨ ਨਹੀਂ ਦਿੰਦੀ। ਸਾਰੀ ਰਾਤ ਮੇਰੇ ਮਨ 'ਚ ਬੇਰੀ ਵਾਲੀ ਘਟਨਾ ਘੁੰਮਦੀ ਰਹੀ ਥਕਾਵਟ ਕਾਰਨ ਸਵੇਰੇ ਅੱਖ ਲੱਗੀ ਤਾਂ ਮੰਗਲ ਨੇ ਅਫ਼ਸੋਸ 'ਚ ਸਿਰ ਮਾਰਦਿਆਂ ਮੇਰੀ ਬਾਂਹ ਆ ਫੜੀ, "ਡੈਡੀ, ਰਾਤ ਝੱਖੜ ਨਾਲ ਮੇਰੀ ਬੇਰੀ ਉੱਖੜ ਗਈ। ਮੇਰਾ ਕੋਲ ਜਾਣ ਨੂੰ ਜੀਅ ਨਹੀਂ ਮੰਨਿਆ।" ਮੈਂ ਮੰਗਲ ਨੂੰ ਹੌਸਲਾ ਦਿੰਦਿਆਂ ਕਿਹਾ, "ਕੋਈ ਨਾ ਪੁੱਤ, ਤੂੰ ਹੋਰ ਬੇਰੀ ਲਾ ਲਈਂ।" ਮੈਂ ਉਸ ਦੀ ਪਿੱਠ ਥਾਪੜਦਾ ਇਹ ਵੀ ਕਹਿਣਾ ਚਾਹੁੰਦਾ ਹਾਂ: "ਪੁੱਤਰਾ, ਬੇਰੀਆਂ ਵੀ ਲਾ, ਨਵੀਂ ਨਸਲ ਦੇ ਦਿਓਆਂ ਨਾਲ ਲੜਨ ਦਾ ਕੋਈ ਤਰੀਕਾ ਵੀ ਸਿੱਖ ਲੈ।" ਪਰ ਕਿਰਨ ਦੇ ਵਿਆਹ ਨੂੰ ਨੇਪਰੇ ਚਾੜ੍ਹਨ ਦੀ ਮਜਬੂਰੀ ਕਾਰਨ ਗੱਲ ਮੇਰੇ ਸੰਘ 'ਚ ਅਟਕ ਗਈ।





# ਪੰਜਾਬੀ ਗਾਇਕੀ ਇਹ ਕਿਹੜਾ ਸੱਭਿਆਚਾਰ ਪ੍ਰਫੁੱਲਿਤ ਕਰ ਰਹੀ ਹੈ ?

## ਬਲਬੀਰ ਸਿੰਘ ਬੱਬੀ

ਸਮੁੱਚੀ ਦੁਨੀਆ ਵਿਚ ਮਨੋਰੰਜਨ ਤੇ ਸੱਭਿਆਚਾਰਕ ਪੱਖ ਨੂੰ ਆਪੋ-ਆਪਣੇ ਰੂਪ ਵਿਚ ਅੱਡ-ਅੱਡ ਤਰੀਕਿਆਂ ਨਾਲ ਸੰਗੀਤਕ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਸੰਗੀਤ ਪੁਰਾਤਨ ਸਮੇਂ ਤੋਂ ਹਰ ਖਿੱਤੇ ਦੀ ਮਹਾਨ ਵਿਰਾਸਤ ਹੈ ਤੇ ਇਸ ਨੂੰ ਰੂਹ ਨੂੰ ਸਕੂਨ ਦੇਣ ਲਈ ਅਹਿਮ ਮੰਨਿਆ ਜਾਂਦਾ ਰਿਹਾ ਹੈ, ਜੋ ਬਿਲਕੁਲ ਸਹੀ ਵੀ ਹੈ। ਕਈ ਇਲਾਕਿਆਂ ਦੀ ਪਛਾਣ ਹੀ ਸੰਗੀਤ ਕਾਰਨ ਬਣੀ ਹੋਈ ਹੈ। ਸਮੇਂ ਦੇ ਗੇੜ ਅਨੁਸਾਰ ਹਰ ਇਕ ਚੀਜ਼ ਵਿਚ ਤਬਦੀਲੀ ਹੁੰਦੀ ਹੈ ਤੇ ਤਬਦੀਲੀ ਹੋਣੀ ਵੀ ਜ਼ਰੂਰੀ ਹੈ। ਪਰ ਤਬਦੀਲੀ ਜਾਂ ਬਦਲ ਏਨਾ ਵੀ ਨਾ ਹੋਵੇ ਕਿ ਹਰ ਚੀਜ਼ ਦੀ ਜੱਖਣਾ ਹੀ ਪੁੱਟ ਕੇ ਉਸ ਦਾ ਅਜਿਹਾ ਰੂਪ ਬਣਾ ਦਿੱਤਾ ਜਾਏ, ਜਿਸ ਤੋਂ ਨਫ਼ਰਤ ਜਿਹੀ ਹੁੰਦੀ ਜਾਪੇ। ਠੀਕ ਇਸੇ ਤਰ੍ਹਾਂ ਹੀ ਅੱਜਕੱਲ੍ਹ ਪੰਜਾਬੀ ਗਾਇਕੀ ਤੇ ਗੀਤ-ਸੰਗੀਤ ਵਿਚ ਹੋ ਰਿਹਾ ਹੈ, ਭਾਵ ਵਧੀਆ ਪੰਜਾਬੀ ਗਾਇਕੀ ਦੀ ਜੱਖਣਾ ਪੁੱਟ ਕੇ ਇਸ ਦੇ ਆਪਣੇ ਹੀ ਇਸ ਨਾਲ ਧ੍ਰੋਹ ਨਹੀਂ ਕਮਾ ਰਹੇ, ਸਗੋਂ ਬਹੁਤ ਹੀ ਦੂਰ ਲੰਘ ਗਏ, ਜਿੱਥੋਂ ਮੁੜਨਾ ਮੁਸ਼ਕਿਲ ਜਾਪ ਰਿਹਾ ਹੈ। ਪੁਰਾਤਨ ਸਮੇਂ ਦੇ ਜੋ ਉਸਤਾਦ ਫ਼ਨਕਾਰ ਸਨ ਗਾਇਕੀ ਨੂੰ ਰੱਬੀ ਇਬਾਦਤ ਸਮਝਦੇ ਸਨ। ਉਨ੍ਹਾਂ ਨੇ ਥੋੜ੍ਹੇ ਸਾਧਨਾਂ ਰਾਹੀਂ ਬੇਸ਼ਕੀਮਤੀ ਚੀਜ਼ਾਂ ਸਾਡੇ ਅੱਗੇ ਪੇਸ਼ ਕੀਤੀਆਂ, ਜਿਨ੍ਹਾਂ 'ਤੇ ਹੁਣ ਤੱਕ ਮਾਣ ਕੀਤਾ ਜਾ ਰਿਹਾ ਹੈ। ਕਿਸੇ ਪਾਸਿਓਂ ਵੀ ਉਂਗਲ ਨਹੀਂ ਉੱਠ ਸਕਦੀ। ਉਸ ਸਮੇਂ ਖਾਸ ਸੰਗੀਤਕ ਘਰਾਣੇ ਜਾਂ ਖ਼ਾਸ ਜਾਤੀਆਂ ਦੇ ਲੋਕ ਹੀ ਇਸ ਪਾਸੇ ਆ ਰਹੇ ਸਨ, ਜਿਨ੍ਹਾਂ ਨੇ ਸਮਾਜ ਨੂੰ ਮੁੱਖ ਰੱਖ ਕੇ ਗੀਤਾਂ ਦੀ ਰਚਨਾ ਕੀਤੀ, ਸ਼ਰਮ ਹਯਾ ਦਾ



ਪੱਲਾ ਫੜ ਕੇ ਚੰਗਾ ਗਾਇਆ ਤੇ ਵਾਹ-ਵਾਹ ਵੀ ਰੱਜ ਕੇ ਖੱਟੀ।

ਪਿਛਲੇ ਦੋ ਕੁ ਦਹਾਕੇ ਤੋਂ ਤਾਂ ਪੰਜਾਬੀ ਗਾਇਕੀ ਵਿਚ ਨਵੇਂ-ਨਵੇਂ ਗਾਇਕਾਂ, ਗੀਤਕਾਰਾਂ, ਸੰਗੀਤਕਾਰਾਂ ਆਦਿ ਦੀ ਭਰਮਾਰ ਹੀ ਹੋ ਗਈ ਹੈ। ਇਸ ਭੀੜ ਵਿਚ ਚੰਗੀਆਂ ਸੰਗੀਤਕ ਰੂਹਾਂ ਗਾਇਬ ਜਿਹੀਆਂ ਹੀ ਹੋ ਗਈਆਂ ਹਨ ਜਾਂ ਉਹ ਸਮਾਂ ਦੇਖ ਕੇ ਚੁੱਪ ਹਨ। ਅੱਜ ਪੈਸੇ ਦੇ ਜ਼ੋਰ ਨਾਲ ਬੇਸੁਰੇ ਜਿਨ੍ਹਾਂ ਨੂੰ ਉੱਕਾ ਹੀ ਸੰਗੀਤ ਦੀ ਤਾਲੀਮ ਨਹੀਂ, ਉਹ ਅੱਗੇ ਆ ਕੇ ਗ਼ਲਤ ਤੇ ਪ੍ਰਦੂਸ਼ਿਤ ਗਾਇਕੀ ਪੇਸ਼ ਕਰਨਾ ਮਾਣ ਸਮਝਣ ਲੱਗ ਪਏ ਹਨ। ਹੁਣ ਕੋਈ ਸ਼ੱਕ ਨਹੀਂ ਕਿ ਇਸ ਪਾਸੇ ਸਥਾਪਤ ਹੋਣ ਲਈ ਬਹੁਤ ਸਾਰੇ ਨਵੇਂ ਤੇ ਕੁਝ ਪੁਰਾਣੇ ਗਾਇਕਾਂ ਨੇ ਬਿਨ-ਮਤਲਬੋਂ ਹੀ ਪੰਜਾਬੀ ਗੀਤਾਂ ਵਿਚ ਰੱਜ ਕੇ ਲੱਚਰਤਾ, ਅਸ਼ਲੀਲਤਾ ਤੇ ਨੰਗੇਜ਼ਪੁਣਾ ਵਾੜ ਦਿੱਤਾ ਹੈ। ਬਹੁਤ ਹੀ ਗ਼ਲਤ ਤਰੀਕੇ ਨਾਲ ਅੱਧ-ਨੰਗੀਆਂ ਕੁੜੀਆਂ ਨੂੰ ਸ਼ਰਮ ਕਿੱਲੇ 'ਤੇ ਟੰਗ ਕੇ ਨਚਾਇਆ ਜਾ ਰਿਹਾ ਹੈ। ਗੀਤ ਇਸ ਤਰ੍ਹਾਂ ਦਾ ਹੁੰਦਾ ਹੈ ਜਿੱਥੇ ਕੁੜੀਆਂ ਦੀ ਲੋੜ ਹੀ ਨਹੀਂ ਹੁੰਦੀ, ਪਰ ਉੱਥੇ ਨੰਗ ਪਰੋਸਿਆ ਜਾ ਰਿਹਾ ਹੈ। ਅੱਜ ਪੰਜਾਬੀ ਗਾਇਕੀ ਨੂੰ ਫੁਕਰੇ ਗਾਇਕਾਂ ਨੇ ਸਵੀਮਿੰਗ ਪੂਲ 'ਚ ਵਾੜ ਕੇ ਟੀ.ਵੀ. ਚੈਨਲਾਂ 'ਤੇ ਦਿਖਾਉਣਾ ਸ਼ੁਰੂ ਕੀਤਾ ਹੋਇਆ ਹੈ। ਬੇਸ਼ੱਕ ਸਾਰੇ ਗਾਇਕ ਅੱਜ ਵੀ ਅਜਿਹੇ ਨਹੀਂ ਹਨ, ਪਰ ਮਾੜਿਆਂ ਦੀ ਭੀੜ ਵਿਚ ਚੰਗਾ ਗਾਉਣ ਤੇ ਲਿਖਣ ਵਾਲੇ ਇਕ ਤਰ੍ਹਾਂ ਨਾਲ ਗੁਆਚ ਕੇ ਰਹਿ ਗਏ ਜਾਪਦੇ ਹਨ। ਬਹੁਤ ਸਾਰੇ ਵਿਦੇਸ਼ੀ ਵੱਸਦੇ ਗਾਇਕ, ਜਿਨ੍ਹਾਂ ਨੂੰ ਸ਼ਾਇਦ ਕੋਈ ਜਾਣਦਾ ਵੀ ਨਹੀਂ, ਉਹ ਇਸ ਮਾਮਲੇ ਵਿਚ ਨਿੱਤ ਨਵਾਂ ਚੰਦ ਸਿਰਫ਼ ਪੈਸੇ ਦੇ ਜ਼ੋਰ 'ਤੇ ਚੜ੍ਹਾ ਕੇ ਪੰਜਾਬੀ ਗਾਇਕੀ ਨੂੰ ਨੀਵਾਂ ਵਿਖਾ ਰਹੇ ਹਨ। ਅੱਜ ਬਹੁਤੇ ਪੰਜਾਬੀ ਗੀਤਾਂ 'ਚ ਹਰ ਕਿਸਮ ਦੇ ਨਸ਼ੇ ਦਾ ਪ੍ਰਚਾਰ ਰੱਜ ਕੇ ਕੀਤਾ ਜਾ ਰਿਹਾ ਹੈ। ਕਈ ਚੰਗੇ ਗੀਤ ਗਾ ਚੁੱਕੇ ਗਾਇਕ ਵੀ ਨਸ਼ਿਆਂ ਵਾਲੇ ਗੀਤ ਹੁਣ ਵੱਧ ਗਾ ਰਹੇ ਹਨ। ਇੱਥੋਂ ਤੱਕ ਕਿ ਹੁਣ ਤਾਂ ਕੁੜੀਆਂ ਨੂੰ ਵੀ ਸਿਗਰਟਾਂ ਤੇ ਸ਼ਰਾਬ ਪੀਂਦਿਆਂ ਪੰਜਾਬੀ ਗੀਤਾਂ 'ਚ ਵਿਖਾਇਆ ਜਾ ਰਿਹਾ ਹੈ ਤੇ ਟੁੰਨ ਹੋ ਕੇ ਡਿੱਗਦੀਆਂ ਵੀ। ਦੁਰ ਫਿੱਟੇ ਮੂੰਹ ਅਜਿਹੀ ਗਾਇਕੀ ਦੇ। ਹਾਂ ਅੱਜ ਦੀਆਂ ਕੁਝ ਔਰਤ ਗਾਇਕਾਵਾਂ ਵੀ ਰੱਜ ਕੇ ਆਪਣੇ ਗੀਤਾਂ 'ਚ ਗੰਦ ਪਾ ਰਹੀਆਂ ਹਨ। ਜੋ ਉਨ੍ਹਾਂ ਦੀ ਬੇਸਮਝੀ ਹੀ ਕਹੀ ਜਾ ਸਕਦੀ ਹੈ। ਜਦੋਂ ਡਾਂਗਾਂ, ਬਰਛੀਆਂ, ਟਕੂਏ, ਤਲਵਾਰਾਂ ਆਦਿ ਗੀਤਾਂ 'ਚ ਤੱਕ ਕੇ ਅਜੀਬ ਜਿਹਾ ਲੱਗਾ ਤਾਂ ਫਿਰ ਬੰਦੂਕਾਂ, ਰਫ਼ਲਾਂ, ਪਿਸਤੌਲਾਂ, ਰਿਵਾਲਵਰਾਂ ਦਾ ਦੌਰ ਸ਼ਰੇਆਮ ਚੱਲ ਪਿਆ ਤੇ ਅਸਲ੍ਹੇ ਤੇ ਨਿੱਤ ਗੀਤ ਆਉਣੇ ਸ਼ੁਰੂ ਹੋ ਗਏ। ਉਲਟਾ ਸਰਕਾਰ ਨੇ ਵੀ ਅਸਲ੍ਹਾ ਲਾਈਸੈਂਸ ਥੋਕ ਦੇ ਭਾਅ ਦਿੱਤੇ। ਕੋਈ ਅਤਿਕਥਨੀ ਨਹੀਂ ਜੋ ਅਸਲ੍ਹੇ ਤੇ ਹਥਿਆਰਾਂ ਦਾ ਮਾਹੌਲ ਬਣਿਆ ਅਤੇ ਗੈਂਗਸਟਰ ਦਾ ਉਭਾਰ ਹੋਇਆ ਹੈ, ਇਸ ਸਭ ਕੁਝ ਵਿਚ ਅੱਜ ਦੀ ਪੰਜਾਬੀ ਗਾਇਕੀ ਦੀ ਵੀ ਵੱਡੀ ਦੇਣ ਹੈ। ਸ਼ਾਇਦ ਤਾਂ ਹੀ ਪੰਜਾਬ 'ਚ ਨਿੱਤ ਗੈਂਗਵਾਰ ਜਾਂ ਫਾਇਰਿੰਗ ਵਿਚ ਬੰਦੇ ਮਾਰਨਾ ਆਮ ਗੱਲ ਹੋ ਗਈ ਜਾਪਦੀ ਹੈ। ਅੱਜ ਪੰਜਾਬੀ ਸੰਗੀਤਕ ਚੈਨਲ ਧੜਾਧੜ ਆ ਰਹੇ ਹਨ। ਉਨ੍ਹਾਂ ਦਾ ਮਕਸਦ ਵਪਾਰ ਹੈ ਨਾ ਕਿ ਚੰਗੀ-ਮਾੜੀ ਗਾਇਕੀ ਪਰਖਣਾ। ਅਸੀਂ ਦੇਸ਼ਾਂ ਦੇ ਆਪਸੀ ਯੁੱਧਾਂ ਵਿਚ ਫ਼ੌਜ ਵਲੋਂ ਇਕ-ਦੂਜੇ 'ਤੇ ਆਪਸੀ ਹਮਲਿਆਂ ਸਮੇਂ ਟੈਂਕ, ਤੋਪਾਂ, ਗੋਲੇ, ਬੰਬ ਆਦਿ ਵਰਤੇ ਜਾਂਦੇ ਤਾਂ ਸੁਣੇ ਸਨ ਜਾਂ ਫ਼ਿਲਮੀ ਪਰਦੇ 'ਤੇ ਤੱਕੇ ਸਨ। ਸੀਰੀਆ ਜਿਹੇ ਦੇਸ਼ਾਂ ਦੀ ਲੜਾਈ ਟੀ.ਵੀ. 'ਤੇ ਦੇਖੀ ਹੈ। ਮੈਂ ਹੈਰਾਨ ਹਾਂ ਕਿ ਬੇਸੁਰੇ, ਅਕਲੋਂ ਹੀਣੇ, ਨੌਜਵਾਨਾਂ ਨੂੰ ਭਟਕਾਉਣ ਵਾਲੇ ਅਤਿ ਮੂਰਖ ਗਾਇਕ ਆਪਣੇ ਨਾਂਅ ਨੂੰ ਗ਼ਲਤ ਤਰੀਕੇ ਨਾਲ ਚਮਕਾਉਣ ਲਈ ਹੁਣ ਆਪਣੇ ਗੀਤ ਟੈਂਕ ਤੇ ਤੋਪਾਂ ਆਦਿ ਨਾਲ ਫ਼ਿਲਮਾ ਕੇ ਪੰਜਾਬ 'ਚ ਪਤਾ ਨਹੀਂ ਕਿਹੜੀ ਗਾਇਕੀ ਨੂੰ ਪ੍ਰਫੁੱਲਿਤ ਕਰਨਾ ਚਾਹੁੰਦੇ ਹਨ। ਜਦ ਟੈਂਕ, ਤੋਪ, ਵੱਡੀਆਂ ਗੰਨਾਂ ਜਾਂ ਵਿਦੇਸ਼ੀ ਅਸਲ੍ਹਾ, ਪੰਜਾਬੀ ਗੀਤਾਂ ਵਿਚ ਆਏਗਾ ਤਾਂ ਇਹ ਗਾਇਕੀ ਰੂਹ ਨੂੰ ਸਕੂਨ ਦੇਣ ਵਾਲੀ ਕਿਸ ਤਰ੍ਹਾਂ ਕਹੀ ਜਾ ਸਕਦੀ ਹੈ ? ਗੀਤਾਂ ਵਿਚ ਇਨ੍ਹਾਂ ਗ਼ਲਤ ਪੈ ਰਹੀਆਂ ਪਿਰਤਾਂ ਨੂੰ ਰੋਕਣਾ ਬਹੁਤ ਜ਼ਰੂਰੀ ਹੈ ਪਰ ਰੋਕੇ ਕੌਣ, ਸਮਝ ਨਹੀਂ ਆ ਰਹੀ, ਕੀਹਦੇ ਅੱਗੇ ਫਰਿਆਦ ਕਰੀਏ ? ਗਾਇਕ ਵੀਰੋ, ਫੋਕੀਆਂ ਗੱਲਾਂਬਾਤਾਂ ਤੇ ਬਨਾਵਟੀ ਚੜ੍ਹਾਈ ਲਈ ਪੰਜਾਬ ਦੀ ਨੌਜਵਾਨੀ ਨੂੰ ਕੁਰਾਹੇ ਨਾ ਪਾਓ, ਪੰਜਾਬ ਤਾਂ ਪਹਿਲਾਂ ਹੀ ਕਈ ਪਾਸਿਆਂ ਤੋਂ ਬਲਦੀ ਦੇ ਬੂਥੇ ਆਇਆ ਹੈ। ਹੋਰ ਨਮਕ ਇਸ ਦੇ ਜ਼ਖ਼ਮਾਂ ਉੱਤੇ ਛਿੜਕ ਕੇ ਇਸ ਨੂੰ ਜ਼ਖ਼ਮੀ ਨਾ ਕਰੋ, ਹੋਰ ਜ਼ੁਲਮ ਨਾ ਸਹੇੜੋ। ਜੇ ਗਾਇਕੀ ਦਾ ਭੂਤ ਜ਼ਿਆਦਾ ਹੀ ਸਵਾਰ ਹੈ ਤਾਂ ਚੰਗਾ ਗਾਓ, ਤਾਂ ਕਿ ਮਨੋਰੰਜਨ ਦੇ ਨਾਲ ਲੋਕਾਂ ਨੂੰ ਚੰਗੀ ਜੀਵਨ ਜਾਚ ਮਿਲੇ।



# ਪੰਜਵੀਂ ਕੁੜੀ

**ਐਸ. ਸਾਕੀ**

ਫੋਨ ਦੀ ਘੰਟੀ ਵੱਜਦਿਆਂ ਹੀ ਮੇਰੀ ਅੱਖ ਖੁੱਲ੍ਹ ਗਈ। ਸਵੇਰ ਦੇ ਚਾਰ ਵੱਜੇ ਸਨ। "ਕੌਣ ਹੋ ਸਕਦਾ ਹੈ? ਸ਼ਾਇਦ ਗ਼ਲਤ ਨੰਬਰ ਹੋਵੇ।" ਇਹ ਸੋਚਦਿਆਂ ਮੈਂ ਰਿਸੀਵਰ ਚੁੱਕ ਕੰਨ ਨੂੰ ਲਾਇਆ। ਹੈਲੋ ਆਖਿਆ ਤਾਂ ਉਧਰੋਂ ਆਵਾਜ਼ ਆਈ, "ਬਈ ਮੈਂ ਹਰਪ੍ਰੀਤ ਬੋਲ ਰਿਹਾ ਹਾਂ ਕੈਨੇਡਾ ਵਾਲਾ।" ਤਦੇ ਜਾਣਿਆ-ਪਛਾਣਿਆ ਚਿਹਰਾ ਜ਼ਿਹਨ 'ਚ ਆ ਗਿਆ। ਉਸ ਦੀਆਂ ਗੱਲਾਂ ਮਨ 'ਚ ਟੁਰਨ ਲੱਗੀਆਂ। ਪਹਿਲਾਂ ਉਸ ਦੇ ਬਚਪਨ ਅਤੇ ਫਿਰ ਜਵਾਨੀ ਦੇ ਦਿਨ ਚੇਤੇ ਆਏ। ਛੋਟੇ ਹੁੰਦਿਆਂ ਤੋਂ ਹੀ ਉਹ ਮੇਰਾ ਮਿੱਤਰ ਵੀ ਸੀ।

ਹਰਮੀਤ ਸਾਡੇ ਬਲਾਕ ਵਿੱਚ ਹੀ ਰਹਿੰਦਾ ਸੀ। ਉਨ੍ਹਾਂ ਦੇ ਘਰ ਵਿੱਚ ਵੱਡੀ ਉਮਰ ਦੇ ਮਾਪੇ ਸੋਹਣ ਸਿੰਘ ਤੇ ਰਤਨ ਕੌਰ, ਸਭ ਤੋਂ ਵੱਡਾ ਪੁੱਤਰ ਜਗਰੂਪ ਸਿੰਘ, ਵਿਚਕਾਰਲਾ ਸਤਿਨਾਮ ਸਿੰਘ, ਉਨ੍ਹਾਂ ਤੋਂ ਛੋਟੀ ਭੈਣ ਸ਼ਰਨਜੀਤ ਕੌਰ ਅਤੇ ਸਭ ਤੋਂ ਛੋਟਾ ਹਰਮੀਤ ਰਹਿੰਦੇ ਸਨ। ਸ਼ੁਰੂ ਵਿੱਚ ਉਹ ਚਾਰ ਕਮਰਿਆਂ ਵਿੱਚ ਰਹਿੰਦੇ ਸਨ। ਫਿਰ ਹਰਮੀਤ ਦੇ ਵੱਡਾ ਹੋਣ 'ਤੇ ਉਨ੍ਹਾਂ ਇੱਕ ਕਮਰਾ ਦੁਕਾਨ ਵਿੱਚ ਬਦਲ ਲਿਆ ਸੀ। ਉਹ ਚੌਥਾ ਕਮਰਾ ਜਗਰੂਪ ਸਿੰਘ ਕੋਲ ਸੀ। ਭਾਵੇਂ ਕਮਰੇ ਦੀ ਜਗਰੂਪ ਸਿੰਘ ਨੂੰ ਸਖ਼ਤ ਜ਼ਰੂਰਤ ਸੀ, ਪਰ ਉਸ ਨੂੰ ਦੁਕਾਨ 'ਚ ਬਦਲਣਾ ਉਨ੍ਹਾਂ ਦੀ ਮਜਬੂਰੀ ਸੀ।

ਦਰਅਸਲ, ਚਾਰ ਸਾਲ ਦੀ ਉਮਰ ਵਿੱਚ ਹਰਮੀਤ ਦੀਆਂ ਦੋਵੇਂ ਲੱਤਾਂ ਨੇ ਕੰਮ ਕਰਨਾ ਬੰਦ ਕਰ ਦਿੱਤਾ। ਮਾਪੇ ਉਸ ਨੂੰ ਕਈ ਡਾਕਟਰਾਂ ਕੋਲ ਲੈ ਕੇ ਗਏ, ਪਰ ਕੋਈ ਫ਼ਰਕ ਨਹੀਂ ਪਿਆ। ਫਿਰ ਉਸ ਦਾ ਤੁਰਨਾ-ਫਿਰਨਾ ਬਿਲਕੁਲ ਬੰਦ ਹੋ ਗਿਆ। ਉਸ ਨੂੰ ਇੱਕ ਥਾਂ ਤੋਂ ਦੂਜੀ ਥਾਂ ਜਾਣ ਲਈ ਰਿੜ੍ਹਨਾ ਪੈਂਦਾ ਸੀ। ਡਾਕਟਰਾਂ ਕੋਲ ਜਾ ਜਾ ਕੇ ਥੱਕ ਗਏ ਤਾਂ ਉਨ੍ਹਾਂ ਨੇ ਸੰਤਾਂ, ਪੀਰਾਂ ਅਤੇ ਲੋਕਾਂ ਦੇ ਦੱਸੇ ਟੂਣਿਆਂ-ਟੋਟਕਿਆਂ ਦੀ ਮਦਦ ਲੈਣੀ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ ਸਾਰੇ ਪੀਰ ਫ਼ਕੀਰ ਧਿਆਏ, ਪਰ ਕਿਸੇ ਕੋਲੋਂ ਵੀ ਉਸ ਦੀਆਂ ਲੱਤਾਂ ਵਿੱਚ ਜਾਨ ਨਹੀਂ ਫੂਕੀ ਗਈ। ...ਅਤੇ ਹਰਮੀਤ ਉਸੇ ਤਰ੍ਹਾਂ ਗੀਂਗ-ਗੀਂਗ ਕੇ ਚੱਲਦਾ ਰਿਹਾ।

ਅਖੀਰ ਥੱਕ ਕੇ ਮਾਪਿਆਂ ਨੇ ਹਰਮੀਤ ਨੂੰ ਰੱਬ ਆਸਰੇ ਛੱਡ ਦਿੱਤਾ। ਉਸ ਦੇ ਭੈਣ-ਭਰਾ ਰੋਜ਼ ਸਕੂਲ ਪੜ੍ਹਨ ਜਾਂਦੇ, ਪਰ ਹਰਮੀਤ ਕਿਤੇ ਵੀ ਜਾਣ ਜੋਗਾ ਨਹੀਂ ਸੀ ਰਿਹਾ। ਸਰੀਰੋਂ ਭਾਵੇਂ ਹਰਮੀਤ ਅਪਾਹਜ ਸੀ, ਪਰ ਦਿਮਾਗ਼ ਪੱਖੋਂ ਉਹ ਭੈਣ-ਭਰਾਵਾਂ ਨਾਲੋਂ ਕਿਤੇ ਤੇਜ਼ ਸੀ। ਘਰ 'ਚ ਰਹਿੰਦਿਆਂ ਹੌਲੀ ਹੌਲੀ ਉਨ੍ਹਾਂ ਦੀਆਂ ਕਿਤਾਬਾਂ ਪੜ੍ਹਨ ਦੀ ਕੋਸ਼ਿਸ਼ ਕਰਦਾ। ਇਸ ਵਿੱਚ ਉਸ ਦੀ ਭੈਣ ਸ਼ਰਨਜੀਤ ਕੌਰ ਨੇ ਬਹੁਤ ਮੱਦਦ ਕੀਤੀ। ਘਰ ਦੇ ਸਾਰੇ ਉਸ ਨੂੰ ਸ਼ਰਨੀ ਆਖਦੇ ਸਨ, ਪਰ ਉਨ੍ਹਾਂ ਵਿੱਚੋਂ ਇਕੱਲਾ ਹਰਮੀਤ ਹੀ ਉਸ ਨੂੰ ਸ਼ਰਨਜੀਤ ਆਖ ਕੇ ਬੁਲਾਉਂਦਾ ਸੀ। ਜਦੋਂ ਸ਼ਰਨੀ ਆਪ ਪੜ੍ਹਨ ਬੈਠਦੀ ਤਾਂ ਉਹ ਹਰਮੀਤ ਨੂੰ ਵੀ ਨਾਲ ਲੈ ਲੈਂਦੀ। ਪਹਿਲਾਂ ਉਸ ਨੇ ਹਰਮੀਤ ਨੂੰ ਅੱਖਰਾਂ ਦੀ ਪਛਾਣ ਕਰਵਾਈ। ਫਿਰ ਹੌਲੀ-ਹੌਲੀ ਅੱਖਰਾਂ ਨੂੰ ਜੋੜ ਸ਼ਬਦ ਪੜ੍ਹਨ ਲਾ ਦਿੱਤਾ। ਅਖੀਰ ਉਹ ਪੰਜਾਬੀ ਅਤੇ ਅੰਗਰੇਜ਼ੀ ਦੀਆਂ ਕਿਤਾਬਾਂ ਵੀ ਪੜ੍ਹਨ ਲੱਗਿਆ। ਘਰ ਵਿੱਚ ਸ਼ਰਨੀ ਨੂੰ ਛੱਡ ਉਸ ਦਾ ਦੂਜੇ ਨੰਬਰ ਦਾ ਭਰਾ ਸਤਿਨਾਮ ਵੀ ਉਸ ਨੂੰ ਬਹੁਤ ਪਿਆਰ ਕਰਦਾ ਸੀ। ਉਹ ਵੀ ਉਸ ਨਾਲ ਗੱਲਾਂ ਕਰਦਾ। ਉਸ ਦੀ ਰੁਚੀ ਅਨੁਸਾਰ ਉਸ ਦੀ ਹਰ ਮੰਗ ਪੂਰੀ ਕਰਦਾ।

ਪਤਾ ਨਹੀਂ ਕਿਉਂ ਪੜ੍ਹਾਈ ਨੂੰ ਛੱਡ ਬਿਜਲੀ ਨਾਲ ਚੱਲਣ ਵਾਲੀਆਂ ਚੀਜ਼ਾਂ ਵਿੱਚ ਹਰਮੀਤ ਦੀ ਰੁਚੀ ਵਧ ਗਈ ਸੀ। ਉਹ ਕਦੇ ਟੇਪ ਰਿਕਾਰਡਰ ਖੋਲ੍ਹ ਲੈਂਦਾ, ਕਦੇ ਕੋਈ ਛੋਟੀ ਮਸ਼ੀਨ ਠੀਕ ਕਰਨ ਦੀ ਕੋਸ਼ਿਸ਼ ਕਰਦਾ। ਸਤਿਨਾਮ ਨੇ ਉਸ ਨੂੰ ਬਿਜਲੀ ਦੇ ਸਾਰੇ ਔਜ਼ਾਰ ਲਿਆ ਕੇ ਦੇ ਦਿੱਤੇ ਸਨ। ਉਹ ਘਰ ਪਹਿਲਾਂ ਬਿਜਲੀ ਦੀ ਕੋਈ ਚੀਜ਼ ਖਰਾਬ ਕਰਦਾ, ਫਿਰ ਉਸ ਨੂੰ ਠੀਕ ਕਰਨ ਦੀ ਕੋਸ਼ਿਸ਼ ਕਰਦਾ। ਅਜੇ ਉਹ ਮਸਾਂ ਤੇਰ੍ਹਾਂ-ਚੌਦਾਂ ਸਾਲਾਂ ਦਾ ਹੋਇਆ ਸੀ ਕਿ ਬਿਜਲੀ ਦੀਆਂ ਕਈ ਮਸ਼ੀਨਾਂ ਖੋਲ੍ਹ ਕੇ ਸੰਵਾਰਨ ਲੱਗ ਪਿਆ ਸੀ। ਉਸ ਨੇ ਸਕੂਲ ਜਾ ਕੇ ਕੋਈ ਪੜ੍ਹਾਈ ਨਹੀਂ ਕੀਤੀ, ਪਰ ਉਹ ਹਿਸਾਬ ਦੇ ਕਈ ਔਖੇ ਸਵਾਲ ਸ਼ਰਨੀ ਨੂੰ ਸਮਝਾ ਦਿੰਦਾ। ਅੰਗਰੇਜ਼ੀ ਦੀਆਂ ਕਈ ਕਿਤਾਬਾਂ ਪੜ੍ਹ ਉਨ੍ਹਾਂ ਦੇ ਅਰਥ ਦੱਸ ਦਿੰਦਾ।

ਭਰਾਵਾਂ ਵਿੱਚ ਸਭ ਤੋਂ ਵੱਡਾ ਜਗਰੂਪ ਅੱਡ ਬਿਰਤੀ ਦਾ ਬੰਦਾ ਸੀ। ਉਸ ਨੂੰ ਤਾਂ ਆਪਣੇ ਆਪ ਤੀਕ ਮਤਲਬ ਸੀ। ਉਸ ਨੇ ਸਕੂਲ ਦੀ ਪੜ੍ਹਾਈ ਪੂਰੀ ਕਰਕੇ ਕਾਲਜ ਜਾਣਾ ਠੀਕ ਨਹੀਂ ਸਮਝਿਆ। ਉਹ ਕਾਲੋਨੀ ਦੇ ਆਪਣੇ ਮਿੱਤਰ ਅਤੇ ਉਸ ਦੇ ਠੇਕੇਦਾਰ ਪਿਉ ਨਾਲ ਮਿਲ ਕੇ ਕਈ ਛੋਟੇ ਛੋਟੇ ਠੇਕੇ ਨਿੱਜੀ ਤੌਰ 'ਤੇ ਲੈਣ ਲੱਗਿਆ।

ਹਰਮੀਤ ਅਠਾਰਾਂ ਸਾਲ ਦਾ ਹੋ ਗਿਆ ਸੀ, ਪਰ ਉਸ ਦੀਆਂ ਲੱਤਾਂ ਅਜੇ ਵੀ ਉਸ ਦਾ ਸਾਥ ਨਹੀਂ ਸਨ ਦਿੰਦੀਆਂ। ਉਹ ਘਰ ਵਿੱਚ ਸਤਿਨਾਮ ਰਾਹੀਂ ਲਿਆਂਦੀਆਂ ਫਹੁੜੀਆਂ ਨਾਲ ਟੁਰਦਾ। ਹੁਣ ਉਸ ਨੂੰ ਜ਼ਮੀਨ 'ਤੇ ਰਿੜ੍ਹਨਾ ਨਹੀਂ ਸੀ ਪੈਂਦਾ।

ਘਰ ਵਿੱਚ ਚਾਰ ਕਮਰੇ ਸਨ। ਇੱਕ ਨੂੰ ਉਨ੍ਹਾਂ ਡਰਾਇੰਗ ਰੂਮ ਬਣਾ ਰੱਖਿਆ ਸੀ। ਬਾਹਰ ਵਾਲਾ ਕਮਰਾ ਜਗਰੂਪ ਕੋਲ ਸੀ। ਇੱਕ ਵਿੱਚ ਉਨ੍ਹਾਂ ਦੇ ਮਾਪੇ ਤੇ ਭੈਣ ਰਹਿੰਦੀ ਸੀ। ਇੱਕ ਸਤਿਨਾਮ ਅਤੇ ਹਰਮੀਤ ਦੇ ਹਿੱਸੇ ਸੀ। ਸਤਿਨਾਮ ਦੇ ਮਨ ਵਿੱਚ ਆਇਆ ਕਿ ਉਹ ਆਪਣੇ ਛੋਟੇ ਭਰਾ ਹਰਮੀਤ ਲਈ ਬਾਹਰ ਵਾਲੇ ਭਾਵ ਜਗਰੂਪ ਦੇ ਕਮਰੇ 'ਚ ਬਿਜਲੀ ਦੀਆਂ ਘਰੇਲੂ ਚੀਜ਼ਾਂ ਠੀਕ ਕਰਨ ਲਈ ਦੁਕਾਨ ਖੋਲ੍ਹ ਦੇਵੇ। ਜਦੋਂ ਉਨ੍ਹਾਂ ਨੇ ਜਗਰੂਪ ਕੋਲੋਂ ਬਾਹਰਲਾ ਕਮਰਾ ਮੰਗਿਆ ਤਾਂ ਘਰ ਵਿੱਚ ਜਿਵੇਂ ਇੱਕ ਤੂਫ਼ਾਨ ਹੀ ਉੱਠ ਖਲੋਤਾ। ਉਹ ਕਿਸੇ ਵੀ ਸ਼ਰਤ 'ਤੇ ਹਰਮੀਤ ਨੂੰ ਕਮਰਾ ਦੇਣ ਨੂੰ ਤਿਆਰ ਨਹੀਂ ਸੀ। ਅਖੀਰ ਸਤਿਨਾਮ ਤੇ ਹਰਮੀਤ ਡਰਾਇੰਗ ਰੂਮ ਵਿੱਚ ਚਲੇ ਗਏ ਅਤੇ ਉਨ੍ਹਾਂ ਨੇ ਆਪਣਾ ਕਮਰਾ ਜਗਰੂਪ ਨੂੰ ਦੇ ਦਿੱਤਾ। ਜਗਰੂਪ ਵਾਲੇ ਕਮਰੇ ਵਿੱਚ ਸਤਿਨਾਮ ਨੇ ਹਰਮੀਤ ਲਈ ਬਿਜਲੀ ਦੀ ਦੁਕਾਨ ਖੋਲ੍ਹ ਦਿੱਤੀ।

ਪਹਿਲਾਂ ਹੌਲੀ-ਹੌਲੀ ਬਲਾਕ ਅਤੇ ਫਿਰ ਕਾਲੋਨੀ ਦੀਆਂ ਬਿਜਲੀ ਦੀਆਂ ਕਈ ਚੀਜ਼ਾਂ ਠੀਕ ਹੋਣ ਲਈ ਉਸ ਦੀ ਦੁਕਾਨ 'ਤੇ ਆਉਣ ਲੱਗੀਆਂ। ਹਰਮੀਤ ਨੂੰ ਵਕਤ ਕੱਟਣ ਦੇ ਨਾਲ ਨਾਲ ਥੋੜ੍ਹੀ ਆਮਦਨ ਵੀ ਹੋਣ ਲੱਗੀ।

ਫਿਰ ਇੱਕ ਦਿਨ ਮਾਪਿਆਂ ਨੇ ਜਗਰੂਪ ਦਾ ਵਿਆਹ ਕਰ ਦਿੱਤਾ। ਕੁੜੀ ਦਲੀਪ ਕੌਰ ਵੀ ਆਪਣੇ ਪਤੀ ਦੇ ਸੁਭਾਅ ਵਾਲੀ ਆਈ। ਘਰ ਵਿੱਚ ਕਿਸੇ ਤਰ੍ਹਾਂ ਦੀ ਮੱਦਦ ਕਰਨ ਦੀ ਥਾਂ ਸਹੁਰੇ ਘਰ ਆਉਂਦਿਆਂ ਹੀ ਉਸ ਨੇ ਪਤੀ ਨੂੰ ਪਰਿਵਾਰ ਵਿਰੁੱਧ ਭੜਕਾਉਣਾ ਸ਼ੁਰੂ ਕਰ ਦਿੱਤਾ।

ਸੋਹਣ ਸਿੰਘ ਦਾ ਇੱਕ ਜਮਾਤੀ ਦਰਬਾਰਾ ਸਿੰਘ ਕਦੇ ਕੈਨੇਡਾ ਜਾ ਵੱਸਿਆ ਸੀ। ਉਸ ਦੀ ਇੱਕੋ-ਇੱਕ ਧੀ ਸੀ। ਦਰਬਾਰਾ ਸਿੰਘ ਇੱਕ ਵਾਰ ਕਿਸੇ ਕੰਮ ਲਈ ਇੰਡੀਆ ਆਇਆ ਅਤੇ ਸੋਹਣ ਸਿੰਘ ਦੇ ਘਰ ਠਹਿਰਿਆ। ਤਿੰਨ-ਚਾਰ ਦਿਨਾਂ ਵਿੱਚ ਹੀ ਉਸ ਨੂੰ ਆਪਣੇ ਮਿੱਤਰ ਦਾ ਵੱਡੇ ਤੋਂ ਛੋਟਾ ਪੁੱਤਰ ਸਤਿਨਾਮ ਬਹੁਤ ਜਚ ਗਿਆ।

ਇੱਕ ਦਿਨ ਸਵੇਰੇ ਚਾਹ ਪੀਂਦਿਆਂ ਉਸ ਨੇ ਗੱਲ ਟੋਰੀ, "ਬਈ ਸੋਹਣ ਸਿੰਘ, ਇੱਕ ਗੱਲ ਕਰਨੀ ਸੀ ਤੇਰੇ ਨਾਲ।" ਚਾਹ ਪੀਂਦੇ ਸੋਹਣ ਸਿੰਘ ਨੇ ਆਪਣੇ ਦੋਸਤ ਵੱਲ ਵੇਖਿਆ ਜ਼ਰੂਰ, ਪਰ ਬੋਲਿਆ ਕੁਝ ਵੀ ਨਹੀਂ।

"ਯਾਰ, ਤੂੰ ਆਪਣਾ ਪੁੱਤਰ ਸਤਿਨਾਮ ਮੈਨੂੰ ਦੇ ਦੇ।" ਸੋਹਣ ਸਿੰਘ ਦੀ ਸਮਝ ਕੁਝ ਨਹੀਂ ਆਇਆ, ਪਰ ਉਹ ਇਸ ਨੂੰ ਸਮਝਣ ਲਈ ਇਸ ਵਾਰੀ ਵੀ ਕੁਝ ਨਹੀਂ ਬੋਲਿਆ। ਬਸ ਉਸੇ ਤਰ੍ਹਾਂ ਚਾਹ ਦਾ ਕੱਪ ਹੱਥ 'ਚ ਫੜੀ ਉਸ ਵੱਲ ਵੇਖਦਾ ਰਿਹਾ।

"ਯਾਰ, ਮੇਰੇ ਵੱਲ ਕੀ ਵੇਖ ਰਿਹਾ ਹੈਂ। ਤੈਨੂੰ ਪਤਾ ਮੇਰੀ ਇੱਕੋ-ਇੱਕ ਧੀ ਹੈ। ਮੇਰੇ ਕੋਲ ਗੱਡੀਆਂ ਹਨ। ਮੇਰਾ ਟਰਾਂਸਪੋਰਟ ਦਾ ਵੱਡਾ ਕੰਮ ਹੈ। ਵੱਡਾ ਘਰ ਹੈ। ਪੈਸਾ ਵੀ ਹੈ। ਜੇ ਕਮੀ ਹੈ ਤਾਂ ਸਤਿਨਾਮ ਜਿਹੇ ਮੁੰਡੇ ਦੀ ਜਿਹੜਾ ਮੇਰੀ ਧੀ ਨਾਲ ਮੇਰਾ ਕਾਰੋਬਾਰ ਸਾਂਭ ਲਵੇ।"

"ਪਰ ਤੂੰ ਕੈਨੇਡਾ ਰਹਿੰਦਾ ਹੈ ਅਤੇ ਅਸੀਂ...?"

"ਬਈ ਸੋਹਣ ਸਿੰਘ, ਜੇ ਮੈਂ ਕੈਨੇਡਾ 'ਚ ਰਹਿੰਦਾ ਹਾਂ ਤਾਂ ਸਤਿਨਾਮ ਵੀ ਉੱਥੇ ਰਹਿ ਸਕਦਾ ਹੈ। ਉੱਥੇ ਜਾਵੇਗਾ ਤਾਂ ਮੌਜ ਕਰੇਗਾ। ਜੰਮਿਆ ਜਮਾਇਆ ਕੰਮ ਮਿਲ ਜਾਵੇਗਾ। ਬੱਸ ਉਸ ਨੂੰ ਸਾਂਭਣ ਵਾਲਾ ਚਾਹੀਦਾ ਹੈ। ਮੇਰੀ ਧੀ ਵੀ ਬਹੁਤ ਚੰਗੀ ਹੈ। ਸਿਆਣੀ ਕੁੜੀ ਹੈ। ਤੇਰੇ ਪੁੱਤ ਨਾਲ ਜ਼ਰੂਰ ਐਡਜਸਟ ਕਰ ਲਵੇਗੀ।"

ਦੋਵਾਂ ਮਿੱਤਰਾਂ ਨੇ ਮਿੰਟਾਂ ਵਿੱਚ ਹੀ ਰਿਸ਼ਤਾ ਪੱਕਾ ਕਰ ਲਿਆ। ਮਹੀਨੇ ਵਿੱਚ ਹੀ ਸਤਿਨਾਮ ਦਾ ਵਿਆਹ ਹੋ ਗਿਆ ਅਤੇ ਛੇ ਮਹੀਨੇ ਬਾਅਦ ਉਹ ਕੈਨੇਡਾ ਚਲਾ ਗਿਆ। ਉਸ ਦੇ ਚਲੇ ਜਾਣ ਦਾ ਸਭ ਤੋਂ ਵੱਧ ਦੁੱਖ ਹਰਮੀਤ ਨੂੰ ਸੀ ਕਿਉਂਕਿ ਸਤਿਨਾਮ ਹੀ ਉਸ ਦੀ ਮਦਦ ਕਰਦਾ ਸੀ। ਇੱਕ ਸਾਲ ਹੋਰ ਲੰਘਿਆ, ਸੋਹਣ ਸਿੰਘ ਨੇ ਧੀ ਦਾ ਵਿਆਹ ਕਰ ਦਿੱਤਾ ਅਤੇ ਸਤਿਨਾਮ ਸਿੰਘ ਮਾਂ-ਪਿਓ ਤੇ ਹਰਮੀਤ ਨੂੰ ਵੀ ਕੈਨੇਡਾ ਲੈ ਗਿਆ। ਜਗਰੂਪ ਨੇ ਉਹ ਘਰ ਵੇਚ ਦਿੱਤਾ ਤੇ ਟੁਰਦੀ ਕਹਾਣੀ ਦਾ ਇੱਥੇ ਹੀ ਅੰਤ ਹੋ ਗਿਆ।

ਕਦੇ-ਕਦਾਈਂ ਕੈਨੇਡਾ ਤੋਂ ਮੈਨੂੰ ਹਰਮੀਤ ਦਾ ਫੋਨ ਆਉਂਦਾ ਰਹਿੰਦਾ। ਉੱਥੇ ਉਸ ਨੇ ਜਨਰਲ ਸਟੋਰ ਖੋਲ੍ਹ ਲਿਆ ਸੀ ਜਿਹੜਾ ਦਿਨਾਂ ਵਿੱਚ ਹੀ ਚੱਲ ਨਿਕਲਿਆ। ਬਿਜਲੀ ਦੀਆਂ ਛੋਟੀਆਂ-ਛੋਟੀਆਂ ਮਸ਼ੀਨਾਂ ਠੀਕ ਕਰਨ ਵਾਲਾ ਹਰਮੀਤ ਕੈਨੇਡਾ ਜਾ ਕੇ ਇੱਕ ਚੰਗਾ ਕਾਰੋਬਾਰੀ ਬਣ ਗਿਆ।

ਫਿਰ ਟੁਰਦੀ ਜ਼ਿੰਦਗੀ ਵਿੱਚ ਇੱਕ ਅਜੀਬ ਘਟਨਾ ਵਾਪਰੀ। ਇੱਕ ਦਿਨ ਹਰਮੀਤ ਦਾ ਫੋਨ ਆਇਆ। ਕਿੰਨਾ ਚਿਰ ਉਹ ਮੇਰੇ ਨਾਲ ਗੱਲਾਂ ਕਰਦਾ ਰਿਹਾ। ਉਸ ਨੇ ਇੱਕ ਅਜਿਹੀ ਬਾਤ ਦੱਸੀ ਜਿਸ 'ਤੇ ਮੈਨੂੰ ਯਕੀਨ ਹੀ ਨਹੀਂ ਹੋਇਆ। ਉਹ ਕੈਨੇਡਾ ਜਾਣ ਤੋਂ ਕੁਝ ਸਮੇਂ ਬਾਅਦ ਚੁੱਪਚਾਪ ਆਪਣੇ ਮਾਪਿਆਂ ਨਾਲ ਪੰਜਾਬ ਆਇਆ ਅਤੇ ਇੱਕ ਬੀ.ਏ. ਪਾਸ ਕੁੜੀ ਨਾਲ ਵਿਆਹ ਕਰਵਾ ਕੇ ਕੈਨੇਡਾ ਮੁੜ ਗਿਆ ਸੀ। ਮੈਨੂੰ ਇਹ ਸਮਝ ਨਹੀਂ ਆਈ ਕਿ ਬੀ.ਏ. ਪੜ੍ਹੀ ਕੁੜੀ ਨੇ ਅਜਿਹੇ ਬੰਦੇ ਨਾਲ ਵਿਆਹ ਕਿਵੇਂ ਕਰਵਾ ਲਿਆ ਜਿਸ ਦੀਆਂ ਦੋਵੇਂ ਲੱਤਾਂ ਕੰਮ ਨਹੀਂ ਸਨ ਕਰਦੀਆਂ? ਜਿਹੜਾ ਕਿੰਨਾ ਲਾਚਾਰ, ਬੇਵੱਸ ਹੈ ਕਿ ਫਹੁੜੀਆਂ ਤੋਂ ਬਿਨਾਂ ਕਿਤੇ ਆ-ਜਾ ਨਹੀਂ ਸਕਦਾ। ਜਿਸ ਨੇ ਜੀਵਨ ਵਿੱਚ ਕਦੇ ਠੀਕ ਤਰ੍ਹਾਂ ਟੁਰ ਕੇ ਨਹੀਂ ਵੇਖਿਆ। ਉਹ ਸਾਬਤ ਕੁੜੀ ਕੈਨੇਡਾ 'ਚ ਲੋਕਾਂ ਸਾਹਮਣੇ ਉਸ ਅੱਧੇ ਆਦਮੀ ਨਾਲ ਕਿਵੇਂ ਟੁਰਦੀ ਹੋਵੇਗੀ? ਕੀ ਲੋਕ ਉਸ ਵੱਲ ਤਰਸ ਭਰੀਆਂ ਨਜ਼ਰਾਂ ਨਾਲ ਨਹੀਂ ਵੇਖਦੇ ਹੋਣਗੇ?

ਵਕਤ ਲੰਘਦਿਆਂ ਪੰਜ ਸਾਲ ਤਕ ਨਾ ਤਾਂ ਫਿਰ ਕਦੇ ਹਰਮੀਤ ਦਾ ਹੀ ਫੋਨ ਆਇਆ ਤੇ ਨਾ ਹੀ ਮੈਂ ਉਸ ਨੂੰ ਮੁੜ ਸੰਪਰਕ ਕਰ ਸਕਿਆ। ਹੌਲੀ-ਹੌਲੀ ਉਸ ਦੀਆਂ ਸਾਰੀਆਂ ਯਾਦਾਂ ਮਨ 'ਚੋਂ ਬਾਹਰ ਨਿਕਲ ਗਈਆਂ।

ਪਰ ਅੱਜ ਸਵੇਰੇ ਚਾਰ ਵਜੇ ਉਸ ਦੇ ਫੋਨ ਨੇ ਫਿਰ ਉਹ ਸਭ ਯਾਦ ਕਰਵਾ ਦਿੱਤਾ ਸੀ। ਉਸ ਨੇ ਫੋਨ 'ਤੇ ਦੱਸਿਆ ਕਿ ਪਹਿਲਾਂ ਉਹ ਕੈਨੇਡਾ ਤੋਂ ਦਿੱਲੀ ਆਵੇਗਾ ਅਤੇ ਉੱਥੋਂ ਫਿਰ ਪੰਜਾਬ ਚਲਿਆ ਜਾਵੇਗਾ। ਪੰਦਰਾਂ ਦਿਨ ਪੰਜਾਬ ਰਹਿ ਕੇ ਉਹ ਫਿਰ ਦਿੱਲੀ ਮੁੜੇਗਾ। ਮੈਂ ਕਲੋਨੀ ਵਿੱਚ ਹੀ ਉਸ ਲਈ ਗੈਸਟ ਹਾਊਸ ਦੇ ਦੋ ਕਮਰੇ ਬੁੱਕ ਕਰਵਾ ਦੇਵਾਂ ਤਾਂ ਕਿ ਉਸ ਨੂੰ ਕੋਈ ਤਕਲੀਫ਼ ਨਾ ਹੋਵੇ।

ਪੰਦਰਾਂ ਦਿਨਾਂ ਬਾਅਦ ਹਰਮੀਤ ਨਵੀਂ ਚਮਚਮਾਉਂਦੀ ਗੱਡੀ ਵਿੱਚ ਆਪਣੇ ਮਾਂ-ਪਿਉ ਨਾਲ ਸਾਡੇ ਘਰ ਆ ਗਿਆ। ਗੱਡੀ ਡਰਾਈਵਰ ਚਲਾ ਕੇ ਲੈ ਆਇਆ ਸੀ ਜਿਹੜੀ ਉਸ ਨੇ ਇੱਕ ਮਹੀਨੇ ਲਈ ਕਿਰਾਏ 'ਤੇ ਲਈ ਸੀ।

ਹਰਮੀਤ ਉਸੇ ਤਰ੍ਹਾਂ ਦਾ ਸੀ ਜਿਹੋ ਜਿਹਾ ਪੰਜ ਵਰ੍ਹੇ ਪਹਿਲਾਂ ਦਿੱਲੀ ਤੋਂ ਕੈਨੇਡਾ ਗਿਆ ਸੀ। ਬਸ ਉਸ ਦਾ ਚਿਹਰਾ ਪਹਿਲਾਂ ਨਾਲੋਂ ਭਰਿਆ ਲੱਗ ਰਿਹਾ ਸੀ। ਉਸ ਨੇ ਸਲੀਕੇ ਵਾਲੇ ਕੱਪੜੇ ਪਹਿਨ ਰੱਖੇ ਸਨ। ਉਸ ਵਿੱਚ ਇੱਕ ਬਦਲਾਅ ਹੋਰ ਆ ਗਿਆ ਸੀ। ਹੁਣ ਉਹ ਉਸ ਦੇ ਭਰਾ ਸਤਿਨਾਮ ਰਾਹੀਂ ਖਰੀਦੀਆਂ ਫਹੁੜੀਆਂ ਨਾਲ ਨਹੀਂ ਸੀ ਟੁਰ ਰਿਹਾ ਸਗੋਂ ਕੈਨੇਡਾ ਤੋਂ ਆਪਣੇ ਲਈ ਬੈਟਰੀ ਨਾਲ ਚੱਲਣ ਵਾਲੀ ਵੀਲ੍ਹਚੇਅਰ ਲੈ ਕੇ ਆਇਆ ਸੀ। ਅਜਿਹੀ ਵੀਲ੍ਹਚੇਅਰ ਜਿਹੜੀ ਛਤਰੀ ਵਾਂਗ ਬੰਦ ਹੋ ਜਾਂਦੀ ਸੀ।

ਉਨ੍ਹਾਂ ਨੇ ਸਾਡੇ ਘਰ ਚਾਹ ਪੀਤੀ। ਅਸੀਂ ਕੈਨੇਡਾ ਦੀਆਂ ਗੱਲਾਂ ਕਰਦੇ ਰਹੇ। ਉਸ ਮੁਲਕ ਵਿੱਚ ਸੁਖ ਭੋਗਦੇ ਬੰਦਿਆਂ ਦੀਆਂ ਗੱਲਾਂ। ਸਰਕਾਰ ਦੀਆਂ ਗੱਲਾਂ ਜਿਹੜੀ ਉੱਥੋਂ ਦੇ ਲੋਕਾਂ ਦਾ ਖਿਆਲ ਰੱਖਦੀ ਹੈ। ਜਿਹੜੀ ਉਨ੍ਹਾਂ ਨੂੰ ਕੋਈ ਔਖ ਨਹੀਂ ਆਉਣ ਦਿੰਦੀ। ਹਰਮੀਤ ਜਿਹੇ ਦੀ ਤਾਂ ਉਸ ਥਾਂ ਹੋਰ ਵੀ ਮਦਦ ਹੁੰਦੀ ਹੈ।

ਮੈਂ ਉਸ ਨੂੰ ਕਲੋਨੀ 'ਚ ਬਣੇ ਗੈਸਟ ਹਾਊਸ ਵਿੱਚ ਛੱਡ ਕੇ ਘਰ ਆ ਗਿਆ। ਉਹਦੇ ਮਾਂ-ਪਿਓ ਦੇ ਨਾਲ ਹੋਣ ਕਰਕੇ ਹਰਮੀਤ ਨਾਲ ਕੋਈ ਵੀ ਨਿੱਜੀ ਗੱਲ ਨਹੀਂ ਕਰ ਸਕਿਆ। ਘਰ ਆ ਕੇ ਮੈਂ ਕਿੰਨਾ ਹੀ ਚਿਰ ਉਸ ਬਾਰੇ ਸੋਚਦਾ ਰਿਹਾ। ਇਸ ਵਾਰੀ ਉਹ ਮੈਨੂੰ ਇੰਨਾ ਸਿੱਧਾ ਨਹੀਂ ਲੱਗਿਆ ਜਿਹੋ ਜਿਹਾ ਉਹ ਪੰਜ ਵਰ੍ਹੇ ਪਹਿਲਾਂ ਕੈਨੇਡਾ ਗਿਆ ਸੀ। ਉਸ ਦੀਆਂ ਗੱਲਾਂ ਇੱਕ ਵਪਾਰੀ ਵਾਲੀਆਂ ਸਨ ਜਿਨ੍ਹਾਂ ਵਿੱਚ ਲਾਭ ਅਤੇ ਹਾਨੀ ਛੁਪੀ ਹੋਈ ਸੀ। ਹੁਣ ਉਸ ਨੂੰ ਦੁਨੀਆਂਦਾਰੀ ਦਾ ਪਤਾ ਸੀ। ਉਸ ਦੇ ਮਾਪਿਆਂ ਦੇ ਹੁੰਦਿਆਂ ਮੈਂ ਉਹਦੇ ਵਿਆਹ ਬਾਰੇ ਨਹੀਂ ਪੁੱਛ ਸਕਿਆ ਕਿ ਉਸ ਦੀ ਗ੍ਰਿਹਸਥੀ ਕਿਵੇਂ ਟੁਰ ਰਹੀ ਹੈ? ਕੀ ਸਾਰਾ ਕੁਝ ਨਿਯਮ ਨਾਲ ਚੱਲ ਰਿਹਾ ਸੀ ਜਾਂ ਉਸ ਵਿੱਚ ਕੋਈ ਅੜਚਣ ਵੀ ਸੀ? ਉਹ ਕੁੜੀ ਜਿਸ ਨੂੰ ਪੰਜਾਬ ਤੋਂ ਪੰਜ ਵਰ੍ਹੇ ਪਹਿਲਾਂ ਵਿਆਹ ਕੇ ਲੈ ਗਿਆ ਸੀ ਉਸ ਨਾਲ ਕਿਵੇਂ ਕੱਟ ਰਹੀ ਸੀ? ਉਹ ਉਸ ਨਾਲ ਕਿਉਂ ਨਹੀਂ ਆਈ? ਅਜਿਹੇ ਕਈ ਸਵਾਲ ਮੇਰੇ ਮਨ ਵਿੱਚ ਸਨ।

ਅਗਲੇ ਦਿਨ ਸਵੇਰੇ ਜਦੋਂ ਦਸ ਵਜੇ ਮੈਂ ਗੈਸਟ ਹਾਊਸ ਪਹੁੰਚਿਆ ਤਾਂ ਉਹ ਤਿੰਨੋਂ ਕਿਤੇ ਜਾਣ ਵਾਲੇ ਸਨ। ਹਰਮੀਤ ਬਹੁਤ ਸੋਹਣੇ ਕੱਪੜੇ ਪਹਿਨੀ ਵੀਲ੍ਹਚੇਅਰ 'ਤੇ ਬੈਠਾ ਸੀ ਅਤੇ ਮਾਂ-ਪਿਓ ਨੇ ਵੀ ਨਵੇਂ ਕੱਪੜੇ ਪਹਿਨ ਰੱਖੇ ਸਨ।

"ਪੁੱਤ, ਅਸੀਂ ਆਹ ਕਲੋਨੀ ਦੇ ਗੁਰਦੁਆਰਾ ਸਾਹਿਬ 'ਚ ਮੱਥਾ ਟੇਕਣ ਜਾ ਰਹੇ ਹਾਂ। ਅੱਧਾ ਘੰਟਾ ਤਾਂ ਸਾਨੂੰ ਲੱਗ ਹੀ ਜਾਵੇਗਾ। ਇੰਨਾ ਚਿਰ ਤੂੰ ਹਰਮੀਤ ਨਾਲ ਗੱਲਾਂ ਕਰ।" ਹਰਮੀਤ ਦੀ ਮਾਂ ਨੇ ਕਿਹਾ। ਮੇਰਾ ਕੋਈ ਜਵਾਬ ਸੁਣੇ ਬਿਨਾਂ ਉਹ ਦੋਵੇਂ ਗੁਰਦੁਆਰਾ ਸਾਹਿਬ ਚਲੇ ਗਏ। ਕਮਰੇ ਵਿੱਚ ਮੈਂ ਅਤੇ ਹਰਮੀਤ ਰਹਿ ਗਏ।

"ਤੂੰ ਕੌਫ਼ੀ ਪੀਵੇਂਗਾ?" ਹਰਮੀਤ ਨੇ ਪੁੱਛਿਆ। ਮੈਂ ਅਜੇ ਹਾਂ ਜਾਂ ਨਾਂਹ ਨਾਲ ਜਵਾਬ ਦੇਣ ਦੀ ਸੋਚ ਹੀ ਰਿਹਾ ਸੀ ਕਿ ਉਸ ਨੇ ਵੀਲ੍ਹਚੇਅਰ 'ਤੇ ਲੱਗੀ ਘੰਟੀ ਵਜਾਈ ਅਤੇ ਗੈਸਟ ਹਾਊਸ ਦਾ ਇੱਕ ਕਾਮਾ ਪਲਾਂ ਵਿੱਚ ਹਾਜ਼ਰ ਹੋ ਗਿਆ।

"ਬਈ ਦੋ ਕੱਪ ਕੌਫ਼ੀ...!"

ਕਾਮਾ ਚਲਾ ਗਿਆ। ਹੁਣ ਮੇਰੇ ਮਨ ਵਿੱਚ ਕਿੰਨੇ ਹੀ ਸਵਾਲ ਸਨ ਜਿਨ੍ਹਾਂ ਦੀ ਉਲਝਣ ਵਿੱਚ ਮੈਂ ਰਾਤ ਭਰ ਉਲਝਿਆ ਰਿਹਾ ਸੀ, ਪਰ ਉਨ੍ਹਾਂ ਦਾ ਕੋਈ ਵੀ ਠੀਕ ਹੱਲ ਨਹੀਂ ਲੱਭ ਸਕਿਆ ਸੀ।

"ਹੋਰ ਬਈ ਹਰਮੀਤ, ਕਿਵੇਂ ਚੱਲ ਰਹੀ ਹੈ ਕੈਨੇਡਾ ਵਿੱਚ?" ਗੱਲ ਸ਼ੁਰੂ ਕਰਨ ਵਿੱਚ ਪਹਿਲ ਮੈਂ ਹੀ ਕੀਤੀ।

"ਬਹੁਤ ਵਧੀਆ... ਬਸ ਯਾਰ ਉਸ ਦੇਸ਼ ਵਿੱਚ ਜਾ ਕੇ ਹੀ ਪਤਾ ਲੱਗਿਆ ਕਿ ਜ਼ਿੰਦਗੀ ਕੀ ਹੁੰਦੀ ਹੈ। ਰੱਬ ਕੋਲੋਂ ਮਿਲਿਆ ਇਹ ਜੀਵਨ ਕਿੰਨਾ ਬਹੁਮੁੱਲਾ ਹੈ ਜਿਹੜਾ ਹਿੰਦੁਸਤਾਨ ਜਿਹੇ ਮੁਲਕ ਵਿੱਚ ਕਿਵੇਂ ਬੇਮਤਲਬ ਜਿਹਾ ਹੋ ਕੇ ਲੰਘ ਜਾਂਦਾ ਹੈ ਅਤੇ ਸਾਨੂੰ ਪਤਾ ਹੀ ਨਹੀਂ ਲੱਗਦਾ।"

ਉਸ ਦੀਆਂ ਗੱਲਾਂ ਸੁਣ ਕੇ ਮੈਂ ਹੈਰਾਨ ਰਹਿ ਗਿਆ, ਬਸ ਇਹੋ ਸੋਚ ਕਿ ਸਾਡੇ ਮੁਲਕ ਵਿੱਚ ਕੀ ਇਨਸਾਨ ਰਹਿੰਦੇ ਹੀ ਨਹੀਂ? ਜੋ ਹਰਮੀਤ ਕਹਿ ਰਿਹਾ, ਕੀ ਉਹ ਠੀਕ ਹੈ?

ਮੈਂ ਇਨ੍ਹਾਂ ਗੱਲਾਂ ਨੂੰ ਪਾਸੇ ਹਟਾ ਉਸ ਕੋਲੋਂ ਅਗਲਾ ਸਵਾਲ ਪੁੱਛਿਆ, "ਹੋਰ ਬਈ ਤੂੰ ਵਿਆਹ ਕਰਵਾਇਆ ਅਤੇ ਸਾਨੂੰ ਤੇਰੇ ਇੰਡੀਆ ਆਉਣ ਦਾ ਪਤਾ ਹੀ ਨਹੀਂ ਲੱਗਿਆ!"

"ਹਾਂ ਯਾਰ, ਉਸ ਵੇਲੇ ਮੇਰੇ ਕੋਲ ਦੋ ਹੀ ਦਿਨ ਸਨ। ਕੈਨੇਡਾ 'ਚ ਮੇਰਾ ਕੋਈ ਬਹੁਤ ਜ਼ਰੂਰੀ ਕੰਮ ਅਟਕਿਆ ਪਿਆ ਸੀ। ਮੈਂ, ਬੀਜੀ ਅਤੇ ਭਾਪਾ ਜੀ ਬਸ ਦੋ ਦਿਨਾਂ ਲਈ ਹੀ ਇੰਡੀਆ ਆਏ ਸੀ। ਵਿਆਹ ਕਰਵਾ ਕੇ ਮੈਂ ਕੈਨੇਡਾ ਮੁੜ ਗਿਆ ਸੀ।"

ਇਸ ਤੋਂ ਬਾਅਦ ਮੇਰੇ ਮਨ ਵਿੱਚ ਫਿਰ ਉਹੀ ਸਵਾਲ ਕਿ ਬੀ.ਏ. ਪੜ੍ਹੀ ਕੁੜੀ ਨੇ ਉਸ ਨਾਲ ਵਿਆਹ ਕਿਵੇਂ ਕਰਵਾ ਲਿਆ? ਉਹ ਰਾਜ਼ੀ ਕਿਵੇਂ ਹੋ ਗਈ ਜਦੋਂਕਿ ਉਸ ਸਾਹਮਣੇ ਤਾਂ ਅੱਧਾ ਆਦਮੀ ਸੀ ਜਿਸ ਨਾਲ ਉਸ ਨੇ ਸਾਰੀ ਉਮਰ ਕੱਟਣੀ ਸੀ। ਮੈਂ ਕੋਸ਼ਿਸ਼ ਕਰਨ 'ਤੇ ਵੀ ਇਹ ਗੱਲ ਹਰਮੀਤ ਕੋਲੋਂ ਨਹੀਂ ਪੁੱਛ ਸਕਿਆ ਅਤੇ ਉਸ ਮੂਹਰੇ ਅਗਲਾ ਸਵਾਲ ਰੱਖ ਦਿੱਤਾ, "ਹੋਰ ਯਾਰ, ਤੇਰੀ ਗ੍ਰਿਹਸਥੀ ਕਿਹੋ ਜਿਹੀ ਟੁਰ ਰਹੀ ਹੈ? ਉਹ ਤੇਰੇ ਨਾਲ ਇੰਡੀਆ ਕਿਉਂ ਨਹੀਂ ਆਈ?"

ਇਸ ਵਾਰੀ ਮੈਂ ਇਕੱਠੇ ਦੋ ਸਵਾਲ ਪੁੱਛੇ। ਉਸ ਨੇ ਮੇਰੇ ਇਨ੍ਹਾਂ ਸਵਾਲਾਂ ਦਾ ਜਵਾਬ ਤੁਰੰਤ ਨਹੀਂ ਦਿੱਤਾ ਜਿਵੇਂ ਇੱਕ ਸੋਚ ਜਿਹੀ ਵਿੱਚ ਪੈ ਗਿਆ ਸੀ ਉਹ। ਕੁਝ ਚਿਰ ਦੀ ਚੁੱਪ ਮਗਰੋਂ ਉਸ ਨੇ ਬੋਲਣਾ ਸ਼ੁਰੂ ਕੀਤਾ, "ਬਈ ਉਹ ਕੁੜੀ ਤਾਂ ਇਸ ਮਹੀਨੇ ਮੈਨੂੰ ਛੱਡ ਕੇ ਕਿਸੇ ਹੋਰ ਮੁੰਡੇ ਨਾਲ...।"



ਉਸ ਦਾ ਜਵਾਬ ਜਿਵੇਂ ਠਾਹ ਕਰਕੇ ਮੇਰੇ 'ਤੇ ਵੱਜਾ। ਜਿਵੇਂ ਕੁਰਾਹੇ ਪਏ ਮੇਰੇ ਸਵਾਲਾਂ ਨੂੰ ਪਲਾਂ ਵਿੱਚ ਸਾਰੇ ਜਵਾਬ ਮਿਲ ਗਏ ਸਨ।

"ਕਿਵੇਂ...?" ਇਸ ਵਾਰ ਮੈਂ ਉਸ ਨੂੰ ਸਿਰਫ਼ ਇੱਕ ਸ਼ਬਦ ਵਾਲਾ ਸਵਾਲ ਹੀ ਪੁੱਛਿਆ।

"ਉਹ ਪੰਜ ਸਾਲਾਂ ਤੀਕ ਮੇਰੇ ਨਾਲ ਰਹੀ," ਹਰਮੀਤ ਨੇ ਗੱਲ ਸ਼ੁਰੂ ਕੀਤੀ, "ਪਰ ਜਦੋਂ ਕੈਨੇਡਾ ਸਰਕਾਰ ਨੇ ਉਸ ਨੂੰ ਗਰੀਨ ਕਾਰਡ ਦੇ ਦਿੱਤਾ ਅਤੇ ਉਹ ਉੱਥੇ ਪੱਕੀ ਹੋ ਗਈ ਤਾਂ ਮੈਨੂੰ ਛੱਡ ਕੇ ਕਿਸੇ ਹੋਰ ਦੇ ਘਰ ਜਾ ਵੱਸੀ।"

"ਬਹੁਤ ਅਫ਼ਸੋਸ ਦੀ ਗੱਲ ਹੈ ਭਾਈ ਸਾਹਿਬ।" ਭਾਵੇਂ ਇਹ ਗੱਲ ਮੈਂ ਉਪਰੋਂ ਉਪਰੋਂ ਹੀ ਆਖੀ ਸੀ ਜਦੋਂਕਿ ਅਜਿਹਾ ਤਾਂ ਹੋਣਾ ਹੀ ਸੀ, ਪਰ ਇੱਕ ਵਾਰੀ ਮੈਨੂੰ ਇਸ ਤਰ੍ਹਾਂ ਕਹਿਣਾ ਹੀ ਪਿਆ।

"ਇਸ ਵਿੱਚ ਅਫ਼ਸੋਸ ਵਾਲੀ ਕਿਹੜੀ ਗੱਲ ਹੈ ਭਾਈ ਸਾਹਿਬ! ਸ਼ਾਇਦ ਤੈਨੂੰ ਪਤਾ ਨਹੀਂ ਇਸ ਵਾਰ ਵੀ ਮੈਂ ਇੰਡੀਆ ਵਿਆਹ ਕਰਵਾਉਣ ਲਈ ਹੀ ਤਾਂ ਆਇਆ ਹਾਂ।" ਉਸੇ ਤਰ੍ਹਾਂ ਬੈਠਿਆਂ ਉਸ ਨੇ ਕਿਹਾ। "ਭਾਈ ਸਾਹਿਬ, ਤੁਸੀਂ ਇਸ ਤਰ੍ਹਾਂ ਕਦੋਂ ਤੀਕ ਕਰੋਗੇ ਜੇ ਇਸ ਵਾਰ ਵੀ ਨਵੀਂ ਵਿਆਹੀ ਕੁੜੀ ਪੰਜ ਸਾਲਾਂ ਬਾਅਦ ਧੋਖਾ ਦੇ...?" ਮੇਰੀ ਗੱਲ ਅਜੇ ਅਧੂਰੀ ਹੀ ਸੀ ਕਿ ਹਰਮੀਤ ਨੇ ਜ਼ੋਰ ਦਾ ਠਾਹਕਾ ਮਾਰਿਆ ਅਤੇ ਖੀ-ਖੀ ਕਰਦਾ ਹੋਇਆ ਬੋਲਣ ਲੱਗਿਆ, "ਭਾਈ ਸਾਹਿਬ, ਕਿੰਨੇ ਭੋਲੇ ਹੋ ਤੁਸੀਂ! ਇਹ ਤਾਂ ਬਹੁਤ ਸਿੱਧੀ ਜਿਹੀ ਗੱਲ ਹੈ। ਪਹਿਲੀ ਕੁੜੀ ਨਾਲ ਮੇਰੀ ਉਮਰ ਦੇ ਪੰਜ ਵਰ੍ਹੇ ਤਾਂ ਬਹੁਤ ਮੌਜ ਨਾਲ ਨਿਕਲੇ। ਇਨ੍ਹਾਂ ਪੰਜ ਸਾਲਾਂ ਵਿੱਚ ਜਦੋਂ ਤੀਕ ਉਹ ਪੱਕੀ ਨਹੀਂ ਹੋਈ ਮੇਰੀ ਪੂਰੀ ਕੇਅਰ ਕਰਦੀ ਰਹੀ।

# ਬੰਦੀ ਛੋੜ ਦਲ ਭੰਜਨ ਗੁਰ ਸੂਰਮਾ ਗੁਰੂ ਹਰਿਗੋਬਿੰਦ ਸਾਹਿਬ ਜੀ



ਗੁ ਰੂ ਨਾਨਕ ਸਾਹਿਬ ਦੀ ਪੰਜਵੀਂ ਜੋਤ ਗੁਰੂ ਅਰਜਨ ਦੇਵ ਜੀ ਨੇ ਜਿੱਥੇ ਸਿੱਖਾਂ ਨੂੰ ਸ਼ਬਦ ਗੁਰੂ ਅਤੇ ਹਰਿਮੰਦਰ ਦੀ ਬਖਸ਼ਿਸ਼ ਕੀਤੀ, ਉੱਥੇ ਆਪਣਾ ਬਲੀਦਾਨ ਦੇ ਕੇ ਦੱਬੇ- ਕੁੱਚਲੇ, ਨੀਵੇਂ ਤੇ ਨਿਤਾਣੇ ਸਮਝੇ ਜਾਂ ਦੇ ਲੋਕਾਂ ਦੇ ਮਨਾਂ ਵਿੱਚੋਂ ਮੌਤ ਦੇ ਭੈਅ ਨੂੰ ਦੂਰ ਕੀਤਾ। ਉਨ੍ਹਾਂ ਆਪਣੇ ਸਰੀਰ ਉੱਤੇ ਇੰਨੇ ਭਿਆਨਕ ਜ਼ੁਲਮ ਝੱਲੇ, ਜਿੰਨੇ ਸੰਸਾਰ ਦੇ ਇਤਿਹਾਸ ਵਿਚ ਪਹਿਲਾਂ ਕਿਸੇ ਯੁੱਗ ਪੁਰਸ਼ ਨੇ ਨਹੀਂ ਸਹੇ ਸਨ। ਮੌਕੇ ਦੀ ਹਕੂਮਤ ਨੇ ਸੋਚਿਆ ਕਿ ਇਸ ਭਿਆਨਕ ਸ਼ਹੀਦੀ ਨੂੰ ਵੇਖ ਸਿੱਖੀ ਦੇ ਰੂਪ ਵਿਚ ਸੱਚ, ਹੱਕ ਦੀ ਰਾਖੀ ਅਤੇ ਜ਼ੁਲਮ ਵਿਰੁੱਧ ਬਣੀ ਲਹਿਰ ਰੁਕ ਜਾਵੇਗੀ ਅਤੇ ਹੌਲੀ-ਹੌਲੀ ਮੁਕ ਜਾਵੇਗੀ। ਪਰ ਇਹ ਉਨ੍ਹਾਂ ਦੀ ਗ਼ਲਤਫਹਿਮੀ ਸੀ। ਸ਼ਹਾਦਤ ਨੇ ਤਾਂ ਸਗੋਂ ਬਲਦੀ ਉੱਤੇ ਘਿਓ ਦਾ ਕੰਮ ਕੀਤਾ। ਗੁਰੂ ਅਰਜਨ ਦੇਵ ਜੀ ਨੇ ਸ਼ਹਾਦਤ ਲਈ ਲਾਹੌਰ ਜਾਣ ਤੋਂ ਪਹਿਲਾਂ ਗੁਰਗੱਦੀ ਸਾਹਿਬਜ਼ਾਦੇ ਹਰਿਗੋਬਿੰਦ ਨੂੰ ਸੌਂਪ ਦਿੱਤੀ॥ ਬਾਬਾ ਬੁੱਢਾ ਜੀ ਜਿਨ੍ਹਾਂ ਨੂੰ ਪੰਜ ਗੁਰੂ ਸਾਹਿਬਾਨ ਨੂੰ ਗੁਰਗੱਦੀ ਦਾ ਤਿਲਕ ਲਗਾਉਣ ਦਾ ਸੁਭਾਗ ਪ੍ਰਾਪਤ ਹੋਇਆ ਹੈ, ਨੇ ਹਰਿਗੋਬਿੰਦ ਸਾਹਿਬ ਨੂੰ ਗੁਰਗੱਦੀ ਦਿੰਦੇ ਸਮੇਂ ਤਲਵਾਰ ਵੀ ਪਹਿਨਾ ਦਿੱਤੀ। ਇਤਿਹਾਸ ਵਿਚ ਇਹ ਇਕ ਨਵਾਂ ਮੋੜ ਸੀ। ਹਰਿਗੋਬਿੰਦ ਸਾਹਿਬ ਕੇਵਲ 11 ਵਰ੍ਹਿਆਂ ਦੀ ਉਮਰ ਵਿਚ 25 ਮਈ, 1606 ਨੂੰ ਗੁਰਗੱਦੀ ਉੱਤੇ ਬੈਠੇ। ਗੁਰੂ ਸਾਹਿਬ ਦਾ ਜਨਮ 1595 ਨੂੰ ਗੁਰੂ ਕੀ ਵਡਾਲੀ ਵਿਖੇ ਹੋਇਆ ਸੀ। ਗੁਰਗੱਦੀ ਸੌਂਪਦੇ ਸਮੇਂ ਗੁਰੂ ਅਰਜਨ ਦੇਵ ਜੀ ਦੇ ਬਚਨ ਸਨ, "ਕਰੜੇ ਸਮੇਂ ਆ ਰਹੇ ਹਨ। ਗੁਰੂ ਨਾਨਕ ਸਾਹਿਬ ਵੱਲੋਂ ਸੱਚ, ਹੱਕ ਤੇ ਬਰਾਬਰੀ ਦੀ ਸ਼ੁਰੂ ਕੀਤੀ ਲਹਿਰ ਦੀਆਂ ਜੜ੍ਹਾਂ ਕੱਟਣ ਲਈ ਬਦੀ ਆਪਣਾ ਪੂਰਾ ਜ਼ੋਰ ਲਗਾ ਰਹੀ ਹੈ। ਗੁਰੂ ਨਾਨਕ ਦਾ ਘਰ ਹੁਣ ਤੀਕ ਸੱਚ, ਹੱਕ, ਪ੍ਰੇਮ, ਅਣਖ, ਬਰਾਬਰੀ ਅਤੇ ਆਜ਼ਾਦੀ ਦੀ ਰਾਖੀ ਲਈ ਲੋਕ ਲਹਿਰ ਨੂੰ ਅਮਨ ਅਤੇ ਸ਼ਾਂਤਮਈ ਢੰਗ ਨਾਲ ਮਜ਼ਬੂਤ ਕਰਦਾ ਰਿਹਾ ਹੈ। ਜੇ ਜਾਬਰ ਇਸ ਨੂੰ ਸਾਡੀ ਕਮਜ਼ੋਰੀ ਸਮਝਦਾ ਹੈ ਤਾਂ ਇਹ ਉਸ ਦੀ ਭੁੱਲ ਹੈ। ਸਾਡੀ ਸ਼ਹਾਦਤ ਲੋਕ ਮਨਾਂ ਵਿੱਚੋਂ ਜ਼ੁਲਮ ਅਤੇ ਮੌਤ ਦੇ ਭੈਅ ਨੂੰ ਦੂਰ ਕਰ ਦੇਵੇਗੀ ਤੇ ਉਹ ਇਸ ਧਰਮ ਯੁੱਧ ਵਿਚ ਆਪਣੀਆਂ ਜਾਨਾਂ ਵਾਰਨ ਤੋਂ ਵੀ ਕਦੇ ਗੁਰੇਜ਼ ਨਹੀਂ ਕਰਨਗੇ।' ਗੁਰੂ ਹਰਗੋਬਿੰਦ ਸਾਹਿਬ ਨੇ ਜ਼ੁਲਮ ਦਾ ਮੁਕਾਬਲਾ ਕਰਨ ਲਈ ਫ਼ੌਜ ਤਿਆਰ ਕਰਨੀ ਸ਼ੁਰੂ ਕੀਤੀ। ਕੇਵਲ ਰੋਟੀ ਉੱਤੇ ਹੀ ਨੌਜਵਾਨ ਗੁਰੂ ਜੀ ਦੀ ਫ਼ੌਜ ਵਿਚ ਭਰਤੀ ਹੋਣ ਲੱਗ ਪਏ। ਗੁਰੂ ਜੀ ਨੇ ਆਪਣਾ ਪਹਿਰਾਵਾ ਸ਼ਹਿਨਸ਼ਾਹਾਂ ਵਾਲਾ ਬਣਾਇਆ। ਪਗੜੀ ਵਿਚ ਕਲਗੀ ਸਜਾਈ। ਪਰਮਾਤਮਾ ਦੇ ਤਖ਼ਤ ਸਾਹਿਬ ਦੀ ਉਸਾਰੀ ਕਰਵਾਈ। ਸਾਰੀ ਉਸਾਰੀ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੀ ਦੇਖ-ਭਾਲ ਵਿਚ ਹੋਈ। ਸ੍ਰੀ ਅਕਾਲ ਤਖ਼ਤ ਦੀ ਉਸਾਰੀ ਕਰਵਾ ਕੇ ਗੁਰੂ ਜੀ ਨੇ ਗੁਰੂ ਨਾਨਕ ਸਾਹਿਬ ਦੇ ਹੁਕਮਾਂ ਦੀ ਹੀ ਪਾਲਣਾ ਕੀਤੀ। ਗੁਰੂ ਨਾਨਕ ਸਾਹਿਬ ਦਾ ਹੁਕਮ ਹੈ ਕਿ ਵਾਹਿਗੁਰੂ ਹੀ ਸੱਚਾ ਪਾਤਸ਼ਾਹ ਹੈ ਅਤੇ ਉਸ ਦਾ ਤਖ਼ਤ ਸੱਚਾ ਹੈ। ਅਕਾਲ ਤਖ਼ਤ ਦੀ ਸਥਾਪਨਾ ਨਾਲ ਸਿੱਖਾਂ ਨੂੰ ਸੱਚੇ ਪਾਤਿਸ਼ਾਹ ਦਾ ਤਖ਼ਤ ਮਿਲ ਗਿਆ ਤੇ ਉਨ੍ਹਾਂ ਦੇ ਮਨੋਂ ਦੁਨਿਆਵੀ ਤਖ਼ਤ ਦਾ ਡਰ ਜਾਂਦਾ ਰਿਹਾ। ਜਿੱਥੇ ਹਰਿਮੰਦਰ ਸਾਹਿਬ ਵਿਖੇ ਨਿਰੋਲ ਗੁਰਬਾਣੀ ਦਾ ਕੀਰਤਨ ਹੁੰਦਾ ਸੀ, ਉੱਥੇ ਅਕਾਲ ਤਖ਼ਤ ਸਾਹਿਬ ਸਾਹਮਣੇ ਸ਼ਸਤਰਾਂ ਦੀਆਂ ਮਸ਼ਕਾਂ ਹੋਣ ਲੱਗੀਆਂ। ਰਾਗੀ ਅਤੇ ਢਾਡੀ ਬੀਰ ਰਸ ਦੀਆਂ ਵਾਰਾਂ ਗਾਉਣ ਲੱਗ ਪਏ। ਭਾਈ ਸੱਤਾ ਤੇ ਬਲਵੰਡ ਨੂੰ ਵਿਸ਼ੇਸ਼ ਰੂਪ ਵਿਚ ਵਾਰਾਂ ਗਾਉਣ 'ਤੇ ਲਗਾਇਆ ਗਿਆ। ਗੁਰੂ ਸਾਹਿਬ ਆਪਣਾ ਦਰਬਾਰ ਅਕਾਲ ਤਖ਼ਤ ਉੱਤੇ ਲਗਾਉਂਦੇ, ਫਰਿਆਦੀਆਂ ਦੀਆਂ ਫਰਿਆਦਾਂ ਸੁਣਦੇ ਤੇ ਫ਼ੈਸਲੇ ਸੁਣਾਉਂਦੇ। ਉਨ੍ਹਾਂ ਚੰਦੋਆ ਲਗਾਉਣਾ ਅਤੇ ਨਗਾਰਾ ਵਜਾਉਣਾ ਵੀ ਸ਼ੁਰੂ ਕਰ ਦਿੱਤਾ। ਗੁਰੂ ਜੀ ਨੇ 52 ਚੋਣਵੇਂ ਨੌਜਵਾਨਾਂ ਨੂੰ ਆਪਣੇ ਨਿੱਜੀ ਅੰਗ ਰੱਖਿਅਕ ਬਣਾਇਆ। ਸਾਰੀ ਫ਼ੌਜ ਨੂੰ ਪੰਜ ਜਥਿਆਂ ਵਿਚ ਵੰਡ ਦਿੱਤਾ ਗਿਆ। ਭਾਈ ਬਿਧੀ ਚੰਦ, ਭਾਈ ਪੈੜਾ, ਭਾਈ ਪਿਰਾਣਾ, ਭਾਈ ਲੰਗਾਹ ਤੇ ਭਾਈ ਪਰਾਗ ਛਿੱਬਰ ਨੂੰ ਇਨ੍ਹਾਂ ਜੱਥਿਆਂ ਦੇ ਜੱਥੇਦਾਰ ਥਾਪਿਆ ਤੇ ਪੰਜ ਕਿਲ੍ਹਿਆਂ ਦੀ ਉਸਾਰੀ ਕਰਵਾਈ। ਅੰਮ੍ਰਿਤਸਰ ਸਾਹਿਬ ਸਿੱਖਾਂ ਦੀ ਰਾਜਧਾਨੀ ਹੀ ਬਣ ਗਿਆ॥ ਜਦੋਂ ਮੁਰਤਜ਼ਾ ਖ਼ਾਨ ਲਾਹੌਰ ਦਾ ਗਵਰਨਰ ਬਣਿਆ ਤਾਂ ਉਸ ਬਾਦਸ਼ਾਹ ਜਹਾਂਗੀਰ ਕੋਲ ਗੁਰੂ ਜੀ ਵਿਰੁੱਧ ਸ਼ਿਕਾਇਤ ਕੀਤੀ। ਉਹ ਗੁਰੂ ਘਰ ਦਾ ਵਿਰੋਧੀ ਸੀ ਤੇ ਉਸ ਨੇ ਬਾਦਸ਼ਾਹ ਪਾਸੋਂ ਗੁਰੂ ਜੀ ਦੀ ਗ੍ਰਿਫ਼ਤਾਰੀ ਦੇ ਹੁਕਮ ਪ੍ਰਾਪਤ ਕਰ ਲਏ। ਗੁਰੂ ਜੀ ਦਾ ਫ਼ੌਜ ਰੱਖਣਾ, ਬਾਦਸ਼ਾਹਾਂ ਵਾਂਗ ਤਖ਼ਤ ਉੱਤੇ ਬੈਠ ਦਰਬਾਰ ਸਜਾਉਣਾ, ਕਿਲ੍ਹੇ ਦੀ ਉਸਾਰੀ, ਹਾਰੇ ਹੋਏ ਰਾਜਿਆਂ ਤੇ ਸਰਦਾਰਾਂ ਨੂੰ ਆਪਣੀ ਸ਼ਰਨ ਵਿਚ ਲੈਣਾ, ਸੰਗਤਾਂ ਨੂੰ ਕੇਵਲ ਅਕਾਲ ਪੁਰਖ ਦਾ ਹੁਕਮ ਮੰਨਣ ਦਾ ਆਦੇਸ਼ ਦੇਣਾ, ਜਬਰ ਜ਼ੁਲਮ ਦਾ ਵਿਰੋਧ ਕਰਨਾ, ਲੋਕਾਂ ਨੂੰ ਸੱਚ, ਹੱਕ, ਆਜ਼ਾਦੀ ਤੇ ਅਣਖ ਲਈ ਜੂਝਣ ਦੀ ਪ੍ਰੇਰਣਾ ਦੇਣਾ ਆਦਿ। ਉਨ੍ਹਾਂ ਦੀ ਗ੍ਰਿਫਤਾਰੀ ਲਈ ਬਹਾਨੇ ਬਣ ਗਏ। ਲਾਹੌਰ ਦੇ ਗਵਰਨਰ ਨੇ ਉਨ੍ਹਾਂ ਦੀ ਗ੍ਰਿਫਤਾਰੀ ਲਈ ਵਜ਼ੀਰ ਖ਼ਾਨ ਤੇ ਗੁੰਚਾ ਬੇਗ ਨੂੰ ਗੁਰੂ ਜੀ ਵੱਲ ਭੇਜਿਆ। ਵਜ਼ੀਰ ਖ਼ਾਨ ਗੁਰੂ ਘਰ ਦਾ ਸ਼ਰਧਾਲੂ ਸੀ। ਉਸ ਨੂੰ ਪਤਾ ਸੀ ਕਿ ਜੇ ਗੁਰੂ ਜੀ ਲਾਹੌਰ ਗਏ ਤਾਂ ਗਵਰਨਰ ਨੇ ਉਨ੍ਹਾਂ ਨਾਲ ਭਲੀ ਨਹੀਂ ਕਰਨੀ। ਉਨ੍ਹਾਂ ਗੁਰੂ ਜੀ ਨੂੰ ਆਗਰੇ ਜਾਣ ਦੀ ਬੇਨਤੀ ਕੀਤੀ। ਗੁਰੂ ਜੀ ਕੇਵਲ 17 ਵਰ੍ਹਿਆਂ ਦੇ ਸਨ ਜਦੋਂ ਆਪ ਜੀ ਨੇ ਆਗਰੇ ਵੱਲ ਚਾਲੇ ਪਾਏ। ਦਿੱਲੀ ਪੁੱਜ ਉਨ੍ਹਾਂ ਨੇ ਮਜਨੂੰ ਦੇ ਟਿੱਲੇ ਉੱਤੇ ਪੜਾਅ ਕੀਤਾ ਤੇ ਇਥੇ ਹੀ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਜਹਾਂਗੀਰ ਨੇ ਗੁਰੂ ਸਾਹਿਬ ਨੂੰ 12 ਸਾਲ ਦੀ ਕੈਦ ਦਾ ਹੁਕਮ ਸੁਣਾ ਕੇ ਗਵਾਲੀਅਰ ਦੇ ਕਿਲ੍ਹੇ ਵਿਚ ਭੇਜ ਦਿੱਤਾ। ਇਸ ਕਿਲ੍ਹੇ ਵਿਚ ਕੇਵਲ ਸ਼ਾਹੀ ਕੈਦੀ ਹੀ ਰੱਖੇ ਜਾਂਦੇ ਸਨ। ਇਥੇ ਪਹਿਲਾਂ ਹੀ 101 ਰਾਜੇ ਕੈਦ ਸਨ। ਗੁਰੂ ਜੀ ਨੇ ਆਪਣੇ ਸਾਥੀਆਂ ਨੂੰ ਵਾਪਸ ਅੰਮ੍ਰਿਤਸਰ ਭੇਜ ਦਿੱਤਾ ਤਾਂ ਜੋ ਧਰਮ ਪ੍ਰਚਾਰ ਦਾ ਕੰਮ ਜਾਰੀ ਰੱਖਿਆ ਜਾ ਸਕੇ। ਗੁਰੂ ਜੀ ਨੇ ਕਿਲ੍ਹੇ ਦੇ ਅੰਦਰ ਹੀ ਦੀਵਾਨ ਸਜਾਉਣੇ ਸ਼ੁਰੂ ਕਰ ਦਿੱਤੇ। ਦੂਜੇ ਪਾਸੇ ਵਜ਼ੀਰ ਖ਼ਾਨ, ਸਾਈਂ ਮੀਆਂ ਮੀਰ ਤੇ ਨਿਜ਼ਾਮੂਦੀਨ ਔਲੀਆ ਨੇ ਜਹਾਂਗੀਰ ਨੂੰ ਉਸ ਦੀ ਗ਼ਲਤੀ ਦਾ ਅਹਿਸਾਸ ਦੁਆਣ ਦੀਆਂ ਕੋਸ਼ਿਸ਼ਾਂ ਜਾਰੀ ਕਰ ਦਿੱਤੀਆਂ। ਉਨ੍ਹਾਂ ਨੂਰਜਹਾਂ ਨੂੰ ਵੀ ਗੁਰੂ ਜੀ ਦੇ ਹੱਕ ਵਿਚ ਕਰ ਲਿਆ। ਹੁਣ ਜਹਾਂਗੀਰ ਬਿਮਾਰ ਰਹਿਣ ਲੱਗ ਪਿਆ। ਉਸ ਨੂੰ ਦੱਸਿਆ ਗਿਆ ਕਿ ਇਸ ਬਿਮਾਰੀ ਦਾ ਮੁੱਖ ਕਾਰਨ ਕਿਸੇ ਪੀਰ ਨੂੰ ਦੁੱਖ ਦੇਣਾ ਹੈ। ਜਹਾਂਗੀਰ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋ ਗਿਆ ਤੇ ਉਸ ਨੇ ਗੁਰੂ ਜੀ ਦੀ ਰਿਹਾਈ ਦਾ ਹੁਕਮ ਜਾਰੀ ਕਰ ਦਿੱਤਾ, "ਜਹਾਂ ਤਬੀਅਤ ਹੋਇ ਜਾਈਏ, ਜਹਾਂ ਖੁਸ਼ੀ ਹੋਏ ਰਹੀਏ।" ਗੁਰੂ ਜੀ ਜਦੋਂ ਕਿਲ੍ਹਾ ਛੱਡਣ ਲੱਗੇ ਤਾਂ ਉੱਥੇ ਕੈਦ ਰਾਜਿਆਂ ਨੇ ਬੇਨਤੀ ਕੀਤੀ, "ਮਹਾਰਾਜ ਸਾਨੂੰ ਕਿਸ ਦੇ ਸਹਾਰੇ ਛੱਡ ਕੇ ਜਾ ਰਹੇ ਹੋ?" ਗੁਰੂ ਜੀ ਨੇ ਜਹਾਂਗੀਰ ਨੂੰ ਆਖਿਆ ਕਿ ਮੈਂ ਉਦੋਂ ਤਕ ਕਿਲ੍ਹੇ ਵਿਚੋਂ ਨਹੀਂ ਜਾਵਾਂਗਾ ਜਦੋਂ ਤਕ ਇਨ੍ਹਾਂ ਸਾਰਿਆਂ ਨੂੰ ਰਿਹਾਅ ਨਹੀਂ ਕੀਤਾ ਜਾਂਦਾ। ਜਹਾਂਗੀਰ ਨੇ ਹੁਕਮ ਦਿੱਤਾ ਕਿ ਛੋਟੇ ਰਾਜਿਆਂ ਨੂੰ ਛੱਡ ਦਿੱਤਾ ਜਾਵੇ। ਬਾਕੀ ਜਿੰਨੇ ਗੁਰੂ ਜੀ ਦੇ ਚੋਲ਼ੇ ਨੂੰ ਫੜ ਸਕਣ ਉਹ ਬਾਹਰ ਆ ਸਕਦੇ ਹਨ। ਉਦੋਂ ਕੈਦ ਵਿਚ 49 ਛੋਟੇ ਰਾਜ ਸਨ, ਬਾਕੀ 52 ਰਾਜਿਆਂ ਦੀ ਰਿਹਾਈ ਲਈ ਗੁਰੂ ਜੀ ਨੇ 52 ਕਲੀਆਂ ਵਾਲਾ ਚੋਗਾ ਬਣਵਾਇਆ ਤੇ ਸਾਰੇ ਰਾਜਿਆਂ ਦੀ ਰਿਹਾਈ ਹੋਈ। ਉਦੋਂ ਤੋਂ ਹੀ ਗੁਰੂ ਜੀ ਨੂੰ ਬੰਦੀ ਛੋੜ ਆਖਿਆ ਜਾਣ ਲੱਗ ਪਿਆ। ਇਸ ਪਿੱਛੋਂ ਜਹਾਂਗੀਰ ਗੁਰੂ ਜੀ ਦਾ ਸ਼ਰਧਾਲੂ ਬਣ ਗਿਆ। ਗੁਰੂ ਅਰਜਨ ਦੇਵ ਦੀ ਸ਼ਹਾਦਤ ਦੇ ਤਿੰਨ ਦਹਾਕਿਆਂ ਪਿੱਛੋਂ ਹੀ ਗੁਰੂ ਦੇ ਸਿੱਖਾਂ ਨੇ ਸ਼ਾਹੀ ਫੌਜਾਂ ਦਾ ਮੂੰਹ ਤੋੜ ਜਵਾਬ ਦਿੱਤਾ ਅਤੇ ਸੱਚ ਤੇ ਹੱਕ ਦੀ ਰਾਖੀ ਲਈ ਆਪਣੀਆਂ ਜਾਨਾਂ ਦੀ ਪਰਵਾਹ ਨਾ ਕਰਦੇ ਹੋਏ ਮੈਦਾਨ-ਏ-ਜੰਗ ਵਿਚ ਕੁੱਦੇ ਅਤੇ ਸ਼ਾਹੀ ਫੌਜਾਂ ਨੂੰ ਕਰਾਰੀ ਹਾਰ ਦਾ ਮੂੰਹ ਵੇਖਣਾ ਪਿਆ। ਗੁਰੂ ਜੀ ਨੇ ਅੰਮ੍ਰਿਤਸਰ ਨੂੰ ਤਿਆਗ ਕੀਰਤਪੁਰ ਸਾਹਿਬ ਰਹਿਣ ਦਾ ਫ਼ੈਸਲਾ ਕੀਤਾ। ਉਹ ਆਖਰੀ ਸਮੇਂ ਤਕ ਇਥੇ ਰਹਿ ਧਰਮ ਪ੍ਰਚਾਰ ਕਰਦੇ ਰਹੇ। ਗੁਰੂ ਜੀ 3 ਮਾਰਚ, 1645 ਨੂੰ ਜੋਤੀ ਜੋਤ ਸਮਾ ਗਏ। ਆਪ ਜੀ ਦਾ ਅੰਤਮ ਸੰਸਕਾਰ ਦਰਿਆ ਸਤਿਲੁਜ ਦੇ ਕੰਢੇ ਗੁਰਦੁਆਰਾ ਪਤਾਲਪੁਰੀ ਵਾਲੀ ਥਾਂ 'ਤੇ ਕੀਤਾ ਗਿਆ। ਗੁਰੂ ਜੀ ਗੁਰਗੱਦੀ ਬਾਬਾ ਗੁਰਦਿੱਤਾ ਜੀ ਦੇ ਪੁੱਤਰ ਤੇ ਆਪਣੇ ਪੋਤਰੇ ਗੁਰੂ ਹਰਿ ਰਾਏ ਜੀ ਨੂੰ ਸੌਂਪ ਗਏ। ਜਬਰ, ਜ਼ੁਲਮ, ਨਾ-ਬਰਾਬਰੀ ਅਤੇ ਅਨਿਆਂ ਵਿਰੁੱਧ ਜਿਹੜੀ ਸ਼ਾਂਤਮਈ ਮੁਹਿੰਮ ਪਹਿਲੇ ਗੁਰੂ ਨੇ ਸ਼ੁਰੂ ਕੀਤੀ ਸੀ ਉਸ ਨੂੰ ਗੁਰੂ ਹਰਿਗੋਬਿੰਦ ਨੇ ਨਵਾਂ ਮੋੜ ਦਿੱਤਾ। ਉਨ੍ਹਾਂ ਜ਼ੁਲਮ ਦੇ ਟਾਕਰੇ ਲਈ ਹਥਿਆਰ ਚੁੱਕੇ ਅਤੇ ਸਿੱਖਾਂ ਨੂੰ ਸੱਚ ਤੇ ਹੱਕ ਦੀ ਲੜਾਈ ਲੜਨ ਲਈ ਤਿਆਰ ਕੀਤਾ।

# ਸੱਚਮੁੱਚ ਸ਼ੇਰ-ਏ-ਪੰਜਾਬ ਸੀ ਮਹਾਰਾਜਾ ਰਣਜੀਤ ਸਿੰਘ



ਜਦੋਂ ਹਿੰਦੁਸਤਾਨ ਵਿੱਚ ਮੁਗ਼ਲ ਰਾਜ ਦਾ ਅੰਤ ਹੋ ਰਿਹਾ ਸੀ ਤੇ ਬ੍ਰਿਟਿਸ਼ ਰਾਜ ਈਸਟ ਇੰਡੀਆ ਕੰਪਨੀ ਰਾਹੀਂ ਭਾਰਤੀ ਰਾਜ ਪ੍ਰਬੰਧ ਵਿੱਚ ਦਖ਼ਲਅੰਦਾਜ਼ੀ ਕਰ ਕੇ ਹਿੰਦੁਸਤਾਨ ਦੀ ਵਾਗ ਡੋਰ ਆਪਣੇ ਹੱਥ ਵਿੱਚ ਲੈਣ ਦੇ ਉਪਰਾਲੇ ਕਰ ਰਿਹਾ ਸੀ, ਉਸ ਸਮੇਂ ਹਿੰਦੁਸਤਾਨ ਦੀ ਡਾਵਾਂ ਡੋਲ ਸਥਿਤੀ ਦਾ ਫ਼ਾਇਦਾ ਲੈ ਕੇ ਅਫ਼ਗਾਨ ਧਾੜਵੀ ਅਹਿਮਦ ਸ਼ਾਹ ਅਬਦਾਲੀ ਦਰ੍ਹਾ ਖੈਬਰ ਦੇ ਰਸਤੇ ਦਾਖ਼ਲ ਹੋ ਕੇ ਹਿੰਦੁਸਤਾਨ ਵਿੱਚ ਲੁੱਟ ਮਾਰ ਕਰਦਾ ਸੀ ਤੇ ਦੇਸ਼ ਦਾ ਖ਼ਜ਼ਾਨਾ ਤੇ ਔਰਤਾਂ ਦੀ ਲੁੱਟਮਾਰ ਕਰ ਕੇ ਵਾਪਸ ਅਫ਼ਗਾਨਿਸਤਾਨ ਪਰਤ ਜਾਂਦਾ ਸੀ। ਇਸ ਤੋਂ ਪਹਿਲਾਂ ਮੁਗ਼ਲ ਰਾਜ ਦੇ ਸ਼ਾਸਕਾਂ ਜਹਾਂਗੀਰ ਤੇ ਔਰੰਗਜ਼ੇਬ ਨੇ ਸਿੱਖਾਂ ਤੇ ਹਿੰਦੂਆਂ ਉਪਰ ਬਹੁਤ ਜ਼ੁਲਮ ਕੀਤੇ ਸਨ। ਸਮੇਂ ਦੇ ਬਦਲਾਅ ਨਾਲ ਉੱਤਰੀ ਭਾਰਤ ਭਾਵ ਪੰਜਾਬ ਵਿੱਚ ਛੋਟੀਆਂ-ਛੋਟੀਆਂ ਰਿਆਸਤੀ ਮਿਸਲਾਂ ਦੀ ਸਥਾਪਨਾ ਹੋਈ। ਮਿਸਲ ਦੇ ਸਰਦਾਰ ਅਫ਼ਗਾਨੀ ਧਾੜਵੀਆਂ ਦਾ ਮੁਕਾਬਲਾ ਕਰਨ ਲਈ ਆਮ ਜਨਤਾ ਤੋਂ ਰਾਖੀ ਦੇ ਰੂਪ ਵਿੱਚ ਮਾਮਲਾ ਲੈ ਕੇ ਉਨ੍ਹਾਂ ਦੀ ਰੱਖਿਆ ਕਰਦੇ ਸਨ। ਇਹ ਮਿਸਲ ਸਰਦਾਰ ਕਿਸੇ ਬਾਹਰਲੇ ਹਮਲੇ ਦੌਰਾਨ ਇਕਮੁੱਠ ਹੋ ਕੇ ਧਾੜਵੀਆਂ ਦਾ ਮੁਕਾਬਲਾ ਕਰਦੇ ਤੇ ਆਮ ਹਾਲਾਤ ਵਿੱਚ ਆਪਸ ਵਿੱਚ ਲੜਦੇ ਰਹਿੰਦੇ ਸਨ।

ਇਨ੍ਹਾਂ ਮਿਸਲਾਂ ਵਿੱਚ ਇੱਕ ਮਿਸਲ ਸ਼ੁਕਰਚੱਕੀਆ ਸੀ, ਜਿਸ ਦਾ ਮੋਢੀ ਸਰਦਾਰ ਬੁੱਧ ਸਿੰਘ ਬਹਾਦਰ ਸੀ। ਉਸ ਕੋਲ 25 ਏਕੜ ਜ਼ਮੀਨ ਤੇ ਕੁਝ ਪਸ਼ੂ ਸਨ, ਜਿਸ ਨਾਲ ਉਹ ਆਪਣਾ ਪਰਿਵਾਰਕ ਗੁਜ਼ਾਰਾ ਕਰਦਾ ਸੀ ਤੇ ਪਿੰਡ ਸ਼ੁਕਰਚੱਕ ਦੇ ਲੋਕਾਂ ਕੋਲੋਂ ਰਾਖੀ ਟੈਕਸ ਲੈ ਕੇ ਬਾਹਰਲੇ ਧਾੜਵੀਆਂ ਤੋਂ ਉਨ੍ਹਾਂ ਦੀ ਰੱਖਿਆ ਕਰਦਾ ਸੀ। ਉਹ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਸਿਪਾਹੀ ਸੀ। ਬੁੱਧ ਸਿੰਘ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਨੌਧ ਸਿੰਘ ਤੇ ਫਿਰ ਚੜ੍ਹਤ ਸਿੰਘ ਨੇ ਸ਼ੁਕਰਚੱਕੀਆ ਮਿਸਲ ਦੀ ਸਰਦਾਰੀ ਕੀਤੀ। ਉਸ ਸਮੇਂ ਸਾਰੀਆਂ ਸਿੱਖ ਮਿਸਲਾਂ ਨੇ ਰਲ ਕੇ ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਨਾ-ਕਾਮਯਾਬ ਕੀਤੇ ਤੇ ਉਸ ਦੇ ਵਾਪਸ ਅਫ਼ਗਾਨ ਪਰਤਦਿਆਂ ਉਸ ਕੋਲੋਂ ਭਾਰਤੀ ਖ਼ਜ਼ਾਨਾ ਖੋਹ ਲਿਆ। ਫਿਰ ਵੀ ਕੋਹਿਨੂਰ ਹੀਰਾ ਉਹ ਮੁਗ਼ਲਾਂ ਤੋਂ ਲੁੱਟ ਕੇ ਅਫ਼ਗਾਨਿਸਤਾਨ ਲੈ ਗਿਆ ਸੀ। ਅਹਿਮਦ ਸ਼ਾਹ ਅਬਦਾਲੀ ਨੇ ਕੁੱਲ ਸੱਤ ਹਮਲੇ ਦਰ੍ਹਾ ਖੈਬਰ ਦੇ ਰਸਤੇ ਹਿੰਦੁਸਤਾਨ ਉੱਤੇ ਕੀਤੇ ਤੇ ਹਰ ਵਾਰ ਉਸ ਨੂੰ ਸਿੱਖ ਮਿਸਲਾਂ ਦਾ ਸਾਹਮਣਾ ਕਰਨਾ ਪਿਆ। ਸਰਦਾਰ ਚੜ੍ਹਤ ਸਿੰਘ ਵੀ ਗੁਰੂ ਘਰ ਦਾ ਸਿੱਖ ਸੀ, ਪਰ ਅਚਾਨਕ ਖ਼ੁਦ ਕੋਲੋਂ ਗੋਲੀ ਚੱਲਣ ਨਾਲ ਉਸ ਦੀ ਮੌਤ ਹੋ ਗਈ। ਮਗਰੋਂ ਸ਼ੁਕਰਚੱਕੀਆ ਮਿਸਲ ਦੀ ਸਰਦਾਰੀ ਉਨ੍ਹਾਂ ਦੇ ਪੁੱਤਰ ਮਹਾਂ ਸਿੰਘ ਕੋਲ ਆ ਗਈ। ਇਸ ਸਮੇਂ ਤਕ ਸਿੱਖਾਂ ਦੀ ਦਲ ਖ਼ਾਲਸਾ ਫ਼ੌਜ ਤਿਆਰ ਹੋ ਚੁੱਕੀ ਸੀ।

ਮਹਾਂ ਸਿੰਘ ਤੇ ਰਾਜ ਕੌਰ ਦੇ ਘਰ 13 ਨਵੰਬਰ 1780 ਨੂੰ ਰਣਜੀਤ ਸਿੰਘ ਦਾ ਜਨਮ ਹੋਇਆ। 6 ਸਾਲ ਦੀ ਉਮਰ ਵਿੱਚ ਚੇਚਕ ਦੇ ਹਮਲੇ ਕਾਰਨ ਉਸ ਦੀ ਖੱਬੀ ਅੱਖ ਜਾਂਦੀ ਰਹੀ। ਮਿਸਲੀ ਝਗੜਿਆਂ ਦੌਰਾਨ ਮਹਾਂ ਸਿੰਘ ਕੋਲੋਂ ਕਨ੍ਹਈਆ ਮਿਸਲ ਦੇ ਸਰਦਾਰ ਗੁਰਬਖ਼ਸ਼ ਸਿੰਘ ਦੀ ਮੌਤ ਹੋ ਗਈ। ਕਨੱਈਆ ਮਿਸਲ ਦੀ ਸਰਦਾਰਨੀ ਸਦਾ ਕੌਰ ਨੇ ਦੋਵਾਂ ਮਿਸਲਾਂ ਦੀ ਰਾਜ ਸ਼ਕਤੀ ਮਜ਼ਬੂਤ ਕਰਨ ਲਈ ਆਪਣੀ ਲੜਕੀ ਮਹਿਤਾਬ ਕੌਰ ਦਾ ਵਿਆਹ ਰਣਜੀਤ ਸਿੰਘ ਨਾਲ ਕਰ ਦਿੱਤਾ। ਰਣਜੀਤ ਸਿੰਘ ਕਿਸੇ ਸਕੂਲ ਵਿੱਚ ਪੜ੍ਹਨ ਨਹੀਂ ਗਿਆ। ਉਨ੍ਹਾਂ ਸਿਰਫ਼ ਸ਼ਸ਼ਤਰ ਵਿੱਦਿਆ ਅਤੇ ਘੋੜ ਸਵਾਰੀ ਵਿੱਚ ਮੁਹਾਰਤ ਹਾਸਲ ਕੀਤੀ। ਉਹ ਗੁਰਮੁਖੀ ਅਤੇ ਥੋੜ੍ਹੀ ਬਹੁਤ ਫ਼ਾਰਸੀ ਜਾਣਦੇ ਸਨ। ਸਦਾ ਕੌਰ, ਰਣਜੀਤ ਸਿੰਘ ਦੀ ਰਾਜਨੀਤਕ ਗੁਰੂ ਸੀ। ਰਣਜੀਤ ਸਿੰਘ ਨੌਂ ਸਾਲ ਦਾ ਸੀ ਜਦੋਂ ਮਹਾਂ ਸਿੰਘ ਦੀ ਮੌਤ ਹੋ ਗਈ ਤੇ ਮਿਸਲ ਦਾ ਭਾਰ ਰਣਜੀਤ ਸਿੰਘ ਦੇ ਮੋਢਿਆਂ ਉੱਤੇ ਆਣ ਪਿਆ। ਮਹਿਜ਼ 13 ਸਾਲ ਦੀ ਉਮਰ ਵਿੱਚ ਰਣਜੀਤ ਸਿੰਘ ਨੇ ਆਪਣੀ ਪਹਿਲੀ ਜੰਗ ਜਿੱਤੀ। 12 ਅਪਰੈਲ 1801 ਨੂੰ ਗੁਰੂ ਨਾਨਕ ਦੇਵ ਜੀ ਦੀ ਕੁਲ ਦੇ ਵਾਰਸ ਬਾਬਾ ਸਾਹਿਬ ਸਿੰਘ ਬੇਦੀ ਨੇ ਰਣਜੀਤ ਸਿੰਘ ਦਾ ਰਾਜ ਤਿਲਕ ਕੀਤਾ।

ਅਹਿਮਦ ਸ਼ਾਹ ਅਬਦਾਲੀ ਦੇ ਪੋਤਰੇ ਸ਼ਾਹ ਜ਼ਮਾਨ ਨੇ ਰਣਜੀਤ ਸਿੰਘ ਉੱਤੇ ਇੱਕਾ ਦੁੱਕਾ ਹਮਲੇ ਕੀਤੇ ਤੇ ਅਖ਼ੀਰ ਰਣਜੀਤ ਸਿੰਘ ਨੇ ਉਸ ਨੂੰ ਜੰਗ ਲਈ ਲਲਕਾਰਿਆ। ਇਸ ਜੰਗ ਵਿੱਚ ਸ਼ਾਹ ਜ਼ਮਾਨ ਨੂੰ ਕਰਾਰੀ ਹਾਰ ਦੇ ਕੇ ਵਾਪਸ ਅਫ਼ਗਾਨਿਸਤਾਨ ਭਜਾ ਦਿੱਤਾ ਤੇ ਦਰ੍ਹਾ ਖੈਬਰ ਦਾ ਰਸਤਾ ਰਣਜੀਤ ਸਿੰਘ ਨੇ ਸਦਾ ਲਈ ਬੰਦ ਕਰ ਦਿੱਤਾ।

ਹੌਲੀ ਹੌਲੀ ਨਾਲ ਲੱਗਦੀਆਂ ਮਿਸਲਾਂ ਨੂੰ ਰਣਜੀਤ ਸਿੰਘ ਨੇ ਆਪਣੇ ਅਧੀਨ ਕਰ ਲਿਆ। 9 ਫ਼ਰਵਰੀ 1819 ਨੂੰ ਉਸ ਨੇ ਅੰਗਰੇਜ਼ਾਂ ਨਾਲ ਅੰਮ੍ਰਿਤਸਰ ਦੀ ਸੰਧੀ ਕੀਤੀ ਕਿ ਅੰਗਰੇਜ਼ ਦਰਿਆ ਸਤਲੁਜ ਦੇ ਪਾਰ ਉੱਤਰ, ਪੂਰਬ ਅਤੇ ਪੱਛਮ ਵੱਲ ਆਪਣੇ ਪੈਰ ਨਹੀਂ ਰੱਖਣਗੇ। ਜਦੋਂ ਤਕ ਰਣਜੀਤ ਸਿੰਘ ਜ਼ਿੰਦਾ ਰਿਹਾ, ਅੰਗਰੇਜ਼ਾਂ ਨੇ ਉਸ ਦੇ ਖ਼ਾਲਸਾ ਰਾਜ ਵੱਲ ਮੂੰਹ ਨਹੀਂ ਕੀਤਾ ਅਤੇ ਦਰਿਆ ਸਤਲੁਜ ਦੇ ਦੱਖਣ ਤਕ ਸੀਮਤ ਰਹੇ।

ਸ਼ਾਹ ਮਹਿਮੂਦ ਨੇ ਕਾਬਲ ਦਾ ਰਾਜ ਸੰਭਾਲ ਕੇ ਸ਼ਾਹ ਸ਼ੁਜਾ ਨੂੰ ਸ਼ੇਰਗੜ੍ਹੀ (ਸ੍ਰੀਨਗਰ) ਦੇ ਕਿਲ੍ਹੇ ਵਿੱਚ ਕੈਦ ਕਰ ਲਿਆ। ਸ਼ਾਹ ਸੁਜਾ ਕੋਲ ਕੋਹਿਨੂਰ ਹੀਰਾ ਸੀ। ਵਫ਼ਾ ਬੇਗ਼ਮ ਨੇ ਰਣਜੀਤ ਸਿੰਘ ਕੋਲ ਫ਼ਰਿਆਦ ਕੀਤੀ ਕਿ ਸ਼ਾਹ ਸ਼ੁਜਾ ਨੂੰ ਕੈਦ ਵਿੱਚੋਂ ਛੁਡਵਾ ਦੇਵੇ ਤਾਂ ਉਹ ਉਨ੍ਹਾਂ ਨੂੰ ਕੋਹਿਨੂਰ ਹੀਰਾ ਸੌਂਪ ਦੇਵੇਗੀ। ਰਣਜੀਤ ਸਿੰਘ ਨੇ ਆਪਣੀ ਸੂਝਵਾਨ ਨੀਤੀ ਸਦਕਾ ਸ਼ਾਹ ਸੁਜਾ ਨੂੰ ਛੁਡਵਾ ਲਿਆ ਤੇ ਲਾਹੌਰ ਲੈ ਆਇਆ। ਕੋਹਿਨੂਰ ਹੀਰਾ ਹਾਸਲ ਕਰ ਕੇ ਰਣਜੀਤ ਸਿੰਘ ਨੇ ਸ਼ਾਹ ਸ਼ੁਜਾ ਨੂੰ ਕਾਬਲ ਦਾ ਰਾਜਾ ਬਣਾ ਦਿੱਤਾ।

ਰਣਜੀਤ ਸਿੰਘ ਦੀ ਇੱਕ ਹੋਰ ਪ੍ਰਾਪਤੀ ਇਹ ਸੀ ਕਿ ਉਸ ਨੇ ਗੁਰੂ ਗੋਬਿੰਦ ਸਿੰਘ ਵੱਲੋਂ ਆਪਣੀ ਜੋ ਕਲਗੀ ਆਪਣੇ ਇੱਕ ਸਿੱਖ ਸੰਗਤ ਸਿੰਘ ਦੀ ਦਸਤਾਰ ਉੱਪਰ ਚਮਕੌਰ ਦੀ ਗੜ੍ਹੀ ਵਿਖੇ ਸਜਾਈ ਸੀ, ਨੂੰ ਸੰਗਤ ਸਿੰਘ ਦੇ ਪੋਤਰੇ ਜਾਂ ਪੜਪੋਤਰੇ ਭਾਗ ਸਿੰਘ ਤੋਂ 1,25,000 ਮੋਹਰਾਂ ਦੇ ਕੇ ਪ੍ਰਾਪਤ ਕੀਤੀ ਸੀ। ਲਾਹੌਰ ਕਿਲ੍ਹੇ ਦੀ ਉਪਰਲੀ ਮਮਟੀ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਕੇ ਉਨ੍ਹਾਂ ਅੱਗੇ ਇਹ ਕਲਗੀ ਭੇਟ ਕੀਤੀ ਗਈ। ਰਣਜੀਤ ਸਿੰਘ ਨੇ ਇਹ ਕਲਗੀ ਕਦੇ ਵੀ ਆਪਣੀ ਦਸਤਾਰ ਉੱਤੇ ਨਹੀਂ ਸਜਾਈ ਸੀ।

ਇਸੇ ਤਰ੍ਹਾਂ ਭੰਗੀ ਮਿਸਲ ਦੇ ਸਰਦਾਰ ਗੁਲਾਬ ਸਿੰਘ ਪਾਸੋਂ ਅੰਮ੍ਰਿਤਸਰ ਜਿੱਤ ਕੇ ਰਣਜੀਤ ਸਿੰਘ ਨੇ ਉਸ ਸਮੇਂ ਦੀ ਸਭ ਤੋਂ ਵੱਡੀ ਤੋਪ 'ਜਮ-ਜਮ ਤੋਪ' ਹਾਸਲ ਕੀਤੀ ਸੀ। ਇਸ ਵਿੱਚ ਇੱਕੋ ਸਮੇਂ ਲਗਪਗ 23 ਕਿੱਲੋ ਬਾਰੂਦ ਪੈਂਦਾ ਸੀ।


ਮਹਾਰਾਜਾ ਰਣਜੀਤ ਸਿੰਘ ਦੇ ਖ਼ਾਲਸਾ ਦਰਬਾਰ ਤੇ ਸੈਨਾ ਵਿੱਚ ਹਰ ਧਰਮ ਦੇ ਲੋਕ ਸ਼ਾਮਲ ਸਨ। ਰਣਜੀਤ ਸਿੰਘ ਦੇ 40 ਸਾਲਾ ਰਾਜ ਕਾਲ ਦੌਰਾਨ ਉਨ੍ਹਾਂ ਦਾ ਨਿਆਂ ਪ੍ਰਬੰਧ ਇੰਨਾ ਉੱਚਾ ਸੀ ਕਿ ਇਸ ਸਮੇਂ ਦੌਰਾਨ ਕਿਸੇ ਵੀ ਅਪਰਾਧੀ ਨੂੰ ਮੌਤ ਦੀ ਸਜ਼ਾ ਨਹੀਂ ਸੁਣਾਈ ਗਈ ਸੀ।

ਮਹਾਰਾਜਾ ਰਣਜੀਤ ਸਿੰਘ ਉਪਰ ਸਿਕੰਦਰੇ-ਆਜ਼ਮ ਦੇ ਵਿਅਕਤੀਤਵ ਦਾ ਬਹੁਤ ਪ੍ਰਭਾਵ ਰਿਹਾ ਹੈ। ਰਣਜੀਤ ਸਿੰਘ ਨੇ ਜਿੱਤੇ ਹੋਏ ਮੁਲਕਾਂ ਦੇ ਰਾਜਿਆਂ ਨਾਲ ਉਹੀ ਵਿਹਾਰ ਕੀਤਾ, ਜੋ ਸਿਕੰਦਰ ਨੇ ਕੀਤਾ ਸੀ। ਹਮਲਿਆਂ ਦੌਰਾਨ ਲੁੱਟ ਦਾ ਸਾਮਾਨ ਹਮੇਸ਼ਾ ਖ਼ਾਲਸਾ ਰਾਜ ਦੇ ਤੋਸ਼ੇਖਾਨੇ ਦਾ ਹਿੱਸਾ ਰਿਹਾ, ਕਦੇ ਵੀ ਵਿਅਕਤੀਤਵ ਲੁੱਟ ਮਾਰ ਨਹੀਂ ਹੋਈ। ਇਸ ਕਰਕੇ ਹੀ ਖ਼ਾਲਸਾ ਰਾਜ ਕੰਧਾਰ ਤੋਂ ਤਿੱਬਤ ਤਕ ਫੈਲਿਆ।

ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਦੌਰਾਨ ਕਿਸੇ ਵੀ ਧਾਰਮਿਕ ਮਾਮਲੇ ਵਿੱਚ ਰਾਜਨੀਤਕ ਦਖ਼ਲ ਨਹੀਂ ਦਿੱਤਾ। ਹਰੇਕ ਨੂੰ ਆਪਣਾ ਧਰਮ ਮੰਨਣ ਦੀ ਆਜ਼ਾਦੀ ਸੀ।

ਮਹਾਰਾਜਾ ਰਣਜੀਤ ਸਿੰਘ 27 ਜੂਨ, 1839 ਨੂੰ ਖ਼ਾਲਸਾ ਰਾਜ ਨੂੰ ਸਦੀਵੀਂ ਵਿਛੋੜਾ ਦੇ ਗਏ। ਉਨ੍ਹਾਂ ਦੀ ਮੌਤ ਤੋਂ ਬਾਅਦ ਖ਼ਾਲਸਾ ਰਾਜ ਆਪਸੀ ਝਗੜਿਆਂ ਕਾਰਨ ਖਿੰਡ-ਪੁੰਡ ਗਿਆ ਤੇ ਖ਼ਾਲਸਾ ਰਾਜ ਉਪਰ ਬ੍ਰਿਟਿਸ਼ ਰਾਜ ਨੇ ਪੈਰ ਪਸਾਰ ਲਏ। ਖ਼ਾਲਸਾ ਰਾਜ ਦਾ ਕੋਹਿਨੂਰ ਹੀਰਾ, ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ ਅਤੇ ਬਹੁਤ ਸਾਰਾ ਖ਼ਜ਼ਾਨੇ ਦਾ ਮਾਲ ਬ੍ਰਿਟਿਸ਼ ਸਰਕਾਰ ਇੰਗਲੈਂਡ ਲੈ ਗਈ।

# ਅਸੀਂ ਚਾਹੁੰਦੇ ਹਾਂ ਕਿ ਜ਼ਿਆਦਾ ਤੋਂ ਜ਼ਿਆਦਾ ਪੰਜਾਬੀ ਕੈਨੇਡਾ ਆਉਣ : ਕੈਨੇਡੀਅਨ ਨੇਤਾ



ਕੈਨੇਡਾ 'ਚ ਵਿਰੋਧੀ ਧਿਰ ਦੇ ਨੇਤਾ ਐਂਡਰਿਊ ਸ਼ੀਅਰ 7 ਅਕਤੂਬਰ ਤੋਂ 13 ਅਕਤੂਬਰ ਤਕ ਭਾਰਤ ਯਾਤਰਾ 'ਤੇ ਰਹੇ। ਉਹ ਆਪਣੀ ਪਤਨੀ ਨਾਲ ਭਾਰਤ 'ਚ ਕਈ ਥਾਵਾਂ 'ਤੇ ਘੁੰਮੇ। ਇਸ ਦੌਰਾਨ ਉਹ ਪੰਜਾਬ ਵੀ ਆਏ ਅਤੇ ਉਨ੍ਹਾਂ ਨੇ ਹਰਿਮੰਦਰ ਸਾਹਿਬ 'ਚ ਜਾ ਕੇ ਮੱਥਾ ਵੀ ਟੇਕਿਆ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਤੁਹਾਨੂੰ ਦੱਸ ਦਈਏ ਕਿ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਦੇ ਨੇਤਾ ਐਂਡਰਿਊ ਸ਼ੀਅਰ 2019 ਦੀਆਂ ਫੈਡਰਲ ਚੋਣਾਂ 'ਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਟੱਕਰ ਦੇਣ ਦੀਆਂ ਤਿਆਰੀਆਂ ਕਰ ਰਹੇ ਹਨ ਅਤੇ ਉਨ੍ਹਾਂ ਦੀ ਭਾਰਤ ਫੇਰੀ ਨੂੰ ਵੀ ਚੋਣਾਂ ਨਾਲ ਜੋੜਿਆ ਜਾ ਰਿਹਾ ਹੈ। ਸ਼ੀਅਰ ਨੇ ਭਾਰਤ ਫੇਰੀ ਦੌਰਾਨ ਕਿਹਾ ਕਿ ਉਹ ਚਾਹੁੰਦੇ ਹਨ ਕਿ ਕੈਨੇਡਾ 'ਚ ਹੋਰ ਵੀ ਪੰਜਾਬੀਆਂ ਨੂੰ ਪੜ੍ਹਾਈ ਅਤੇ ਕਾਰੋਬਾਰ ਕਰਨ ਦਾ ਮੌਕਾ ਮਿਲੇ। ਉਨ੍ਹਾਂ ਕਿਹਾ ਕਿ ਪੰਜਾਬ 'ਚ ਆ ਕੇ ਉਨ੍ਹਾਂ ਨੂੰ ਬਹੁਤ ਖੁਸ਼ੀ ਮਹਿਸੂਸ ਹੋਈ। ਸ੍ਰੀ ਹਰਿਮੰਦਰ ਸਾਹਿਬ 'ਚ ਨਤਮਸਤਕ ਹੋ ਕੇ ਅਤੇ ਸੇਵਾ ਕਰਕੇ ਉਨ੍ਹਾਂ ਨੂੰ ਬਹੁਤ ਚੰਗਾ ਲੱਗਾ। ਮੈਂ ਜਲ੍ਹਿਆਂਵਾਲਾ ਬਾਗ ਅਤੇ ਭਗਤ ਪੂਰਨ ਸਿੰਘ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ 'ਚ ਵੀ ਗਿਆ। ਤੁਹਾਨੂੰ ਦੱਸ ਦਈਏ ਕਿ ਉਨ੍ਹਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ. ਜੀ. ਪੀ. ਸੀ.) ਵਲੋਂ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਭੇਟ ਕੀਤਾ ਗਿਆ। ਉਨ੍ਹਾਂ ਕਿਹਾ,"ਸਿੱਖ ਭਾਈਚਾਰੇ ਨੇ ਕੈਨੇਡਾ ਦੇ ਵਿਕਾਸ 'ਚ ਜੋ ਯੋਗਦਾਨ ਪਾਇਆ ਹੈ, ਉਸ ਨੂੰ ਕੋਈ ਨਹੀਂ ਭੁੱਲ ਸਕਦਾ। ਅਸੀਂ ਭਾਰਤ ਦੀ ਏਕਤਾ 'ਚ ਵਿਸ਼ਵਾਸ ਰੱਖਦੇ ਹਾਂ। ਅਸੀਂ ਅਜਿਹੇ ਕਿਸੇ ਵੀ ਗਰੁੱਪ ਨੂੰ ਸਪੋਰਟ ਨਹੀਂ ਕਰਦੇ ਜੋ ਹਿੰਸਾ ਕਰਨ ਲਈ ਸਿਆਸੀ ਏਜੰਡਾ ਰੱਖੇ। ਉਨ੍ਹਾਂ ਆਪਣੀ ਭਾਰਤ ਫੇਰੀ ਬਾਰੇ ਗੱਲ ਕਰਦਿਆਂ ਕਿਹਾ ਕਿ ਮੈਂ ਪਹਿਲੀ ਵਾਰ ਭਾਰਤ ਆਇਆ ਹਾਂ। ਇੱਥੇ ਮੇਰਾ ਨਿੱਘਾ ਸਵਾਗਤ ਕੀਤਾ ਗਿਆ। ਪ੍ਰਧਾਨ ਮੰਤਰੀ ਮੋਦੀ ਨਾਲ ਮੈਂ ਕਈ ਮੁੱਦਿਆਂ 'ਤੇ ਗੱਲ ਬਾਤ ਕੀਤੀ। ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਦੋਹਾਂ ਦੇਸ਼ਾਂ ਵਿਚਕਾਰ ਸ਼ਾਂਤੀ ਅਤੇ ਦੋਸਤੀ ਬਣੀ ਰਹੇ।

## ਕੈਨੇਡੀਅਨ ਸਿਟੀਜ਼ਨਸ਼ਿਪ ਹਾਸਲ ਕਰਨਾ ਆਸਮਾਨ ਛੂਹਣ ਬਰਾਬਰ

ਭਾਰਤੀਆਂ ਖਾਸ ਕਰਕੇ ਪੰਜਾਬੀਆਂ 'ਚ ਵਿਦੇਸ਼ ਜਾਣ ਦੀ ਦੌੜ ਵਧਦੀ ਜਾ ਰਹੀ ਹੈ। ਜੇਕਰ ਤੁਸੀਂ ਪੰਜਾਬ ਦੇ ਏਜੰਟਾਂ ਤੇ ਇਮੀਗ੍ਰੇਸ਼ਨ ਦਫਤਰਾਂ 'ਤੇ ਗੌਰ ਕਰੋ ਤਾਂ ਇੰਨੀਂ ਦਿਨੀਂ ਇਨ੍ਹਾਂ ਦਫਤਰਾਂ ਦੇ ਮੂਹਰੇ ਕੁਝ ਜ਼ਿਆਦਾ ਹੀ ਲੋਕਾਂ ਦੀ ਭੀੜ ਲੱਗੀ ਰਹਿੰਦੀ ਹੈ, ਜਿਨ੍ਹਾਂ 'ਚ ਵੱਡੀ ਗਿਣਤੀ 'ਚ ਵਿਦਿਆਰਥੀ ਸ਼ਾਮਲ ਹੁੰਦੇ ਹਨ। ਇਹ ਵਿਦਿਆਰਥੀ ਕੈਨੇਡਾ ਵਰਗੇ ਦੇਸ਼ 'ਚ ਹੀ ਪੜ੍ਹਾਈ ਕਰਕੇ ਉਥੇ ਹੀ ਜ਼ਿੰਦਗੀ ਬਸਰ ਕਰਨ ਦੇ ਚਾਹਵਾਨ ਹੁੰਦੇ ਹਨ। ਪਰ ਇਹ ਸਭ ਇਸ ਸਾਰੇ ਘਟਨਾਕ੍ਰਮ ਦਾ ਸਿਰਫ ਇਕ ਹਿੱਸਾ ਹੈ। ਜੇਕਰ ਕੈਨੇਡਾ ਗਏ ਲੋਕਾਂ ਵੱਲ ਨਜ਼ਰ ਮਾਈ ਜਾਵੇ ਤਾਂ ਉਨ੍ਹਾਂ ਦਾ ਉਥੇ ਰਹਿਣਾ ਵੀ ਬਾਹਲਾ ਸੌਖਾਲਾ ਨਹੀਂ ਪ੍ਰਤੀਤ ਹੁੰਦਾ। ਅਜਿਹੀ ਹੀ ਇਕ ਤਸਵੀਰ ਬਿਆਨ ਕਰ ਰਿਹਾ ਹੈ ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਅਹਿਮਦ ਹੁਸੈਨ ਵਲੋਂ ਬੀਤੇ ਦਿਨ ਕੀਤਾ ਗਿਆ ਇਕ ਟਵੀਟ। ਆਪਣੇ ਇਸ ਟਵੀਟ 'ਚ ਅਹਿਮਦ ਹੁਸੈਨ ਨੇ ਕਿਹਾ ਕਿ ਕੈਨੇਡੀਅਨ ਸਿਟੀਜ਼ਨਸ਼ਿਪ ਹਾਸਲ ਕਰਨ ਲਈ ਆਸਮਾਨ ਲਿਮਟ ਹੈ। ਇਸ ਦੌਰਾਨ ਉਨ੍ਹਾਂ ਨੇ 6 ਲੋਕਾਂ ਨੂੰ ਕੈਨੇਡਾ ਦੀ ਸਿਟੀਜ਼ਨਸ਼ਿਪ ਦੀ ਸਹੁੰ ਚੁਕਾਉਂਦਿਆਂ ਇਕ ਵੀਡੀਓ ਸ਼ੇਅਰ ਕੀਤੀ। ਜਿਨ੍ਹਾਂ ਨੂੰ ਕੈਨੇਡਾ ਦੇ ਸਭ ਤੋਂ ਉੱਚੇ ਸੀ.ਐੱਨ. ਟਾਵਰ 'ਤੇ ਸਹੁੰ ਚੁਕਾਈ ਗਈ। ਅਸਲ 'ਚ ਇਸ ਵੀਡੀਓ ਨੂੰ ਸ਼ੇਅਰ ਕਰਨ ਦਾ ਮਕਸਦ ਇਹ ਹੀ ਲੱਗ ਰਿਹਾ ਹੈ ਕਿ ਉਹ ਪ੍ਰਵਾਸੀਆਂ ਨੂੰ ਦਿਖਾਉਣਾ ਚਾਹੁੰਦੇ ਹਨ ਕਿ ਕੈਨੇਡਾ ਦੀ ਸਿਟੀਜ਼ਨਸ਼ਿਪ ਹਾਸਲ ਕਰਨਾ ਬੱਚਿਆ ਦੀ ਖੇਡ ਨਹੀਂ ਹੈ।

## ਕੈਨੇਡੀਅਨ ਡਾਕਟਰ ਬਣਿਆ ਚਰਚਾ ਦਾ ਵਿਸ਼ਾ, ਬੱਚੇ ਦੀ ਖੁਸ਼ੀ ਲਈ ਕੀਤਾ ਇਹ ਕੰਮ



ਕੈਨੇਡਾ— ਜ਼ਿੰਦਗੀ 'ਚ ਕੁੱਝ ਪਲ ਅਜਿਹੇ ਹੁੰਦੇ ਹਨ ਜਦ ਉਹ ਅਚਾਨਕ ਹੀ ਸੁਰਖੀਆਂ 'ਚ ਆ ਜਾਂਦੇ ਹਨ। ਅਜਿਹਾ ਹੀ ਕੁੱਝ ਕੈਨੇਡਾ 'ਚ ਵੀ ਦੇਖਣ ਨੂੰ ਮਿਲਿਆ, ਜਿੱਥੇ ਡਾਕਟਰ ਨੇ ਇਕ ਬੱਚੇ ਦਾ ਆਪਰੇਸ਼ਨ ਕਰਨ ਤੋਂ ਪਹਿਲਾਂ ਉਸ ਦੇ ਟੈਡੀ ਬੀਅਰ ਦਾ ਆਪਰੇਸ਼ਨ ਕੀਤਾ ਕਿਉਂਕਿ ਬੱਚਾ ਚਾਹੁੰਦਾ ਸੀ ਕਿ ਉਸ ਦੇ ਇਲਾਜ ਤੋਂ ਪਹਿਲਾਂ ਉਸ ਦੇ ਟੈਡੀ ਬੀਅਰ ਦਾ ਇਲਾਜ ਕੀਤਾ ਜਾਵੇ। ਡਾਕਟਰ ਨੇ ਅਜਿਹਾ ਹੀ ਕੀਤੇ ਤੇ ਉਸ ਦੇ ਇਸ ਕੰਮ ਦੀਆਂ ਸੋਸ਼ਲ ਮੀਡੀਆ 'ਤੇ ਸਿਫਤਾਂ ਹੋ ਰਹੀਆਂ ਹਨ। ਕੈਨੇਡੀਅਨ ਬ੍ਰਾਡਕਾਸਟਿੰਗ ਕਾਰਪ੍ਰੇਸ਼ਨ ਮੁਤਾਬਕ ਡਾਕਟਰ ਮੈਕਨੇਲੀ ਨੇ 8 ਸਾਲ ਦੇ ਜੈਕਸਨ ਮੈਕੀ ਦਾ ਆਪਰੇਸ਼ਨ ਕਰਨਾ ਸੀ। ਬੱਚਾ ਦਿਮਾਗ ਨਾਲ ਜੁੜੀ ਹੋਈ ਗੰਭੀਰ ਬੀਮਾਰੀ ਹਾਈਡ੍ਰੋਸੈਫਲਿਸ ਤੋਂ ਪੀੜਤ ਸੀ। ਬੱਚਾ ਸਿਰਫ ਇਹ ਜਾਣਦਾ ਸੀ ਕਿ ਡਾਕਟਰ ਹਰ ਬੀਮਾਰੀ ਨੂੰ ਦੂਰ ਕਰ ਸਕਦੇ ਹਨ। ਮੈਕੀ ਨੇ ਡਾਕਟਰ ਨੈਕਨਲੀ ਤੋਂ ਆਪਣੇ ਟੈਡੀ ਬੀਅਰ ਦਾ ਇਲਾਜ ਕਰਵਾਉਣ ਦੀ ਇੱਛਾ ਪ੍ਰਗਟ ਕੀਤੀ। ਉਸ ਨੇ ਕਿਹਾ ਕਿ ਉਸ ਦੇ ਟੈਡੀ ਬੀਅਰ ਨੂੰ ਵੀ ਟਾਂਕੇ ਲਗਾਉਣ ਦੀ ਸਖਤ ਜ਼ਰੂਰਤ ਹੈ। ਡਾਕਟਰ ਨੇ ਦੱਸਿਆ ਕਿ ਬੱਚਾ ਇਸ ਖਿਡੌਣੇ ਲਈ ਜਜ਼ਬਾਤੀ ਸੀ ਅਤੇ ਉਹ ਉਸ ਨੂੰ ਟਾਲ ਨਾ ਸਕਿਆ। ਡਾਕਟਰ ਨੇ ਆਪ੍ਰੇਸ਼ਨ ਥਿਏਟਰ 'ਚ ਟੈਡੀ ਬੀਅਰ ਦਾ ਆਪਰੇਸ਼ਨ ਕੀਤਾ ਅਤੇ ਇਸ ਦੀਆਂ ਤਸਵੀਰਾਂ ਵੀ ਸੋਸ਼ਲ ਮੀਡੀਆ 'ਤੇ ਪੋਸਟ ਕੀਤੀਆਂ ਗਈਆਂ ਹਨ। ਇਸ ਤੋਂ ਬਾਅਦ ਬੱਚੇ ਨੇ ਵੀ ਖੁਸ਼ੀ-ਖੁਸ਼ੀ ਆਪਣਾ ਆਪਰੇਸ਼ਨ ਕਰਵਾਇਆ ਅਤੇ ਉਸ ਦੀ ਸਿਹਤ ਹੁਣ ਠੀਕ ਹੈ। ਡਾਕਟਰ ਦੀ ਕੋਸ਼ਿਸ਼ ਸਫਲ ਹੋਈ। ਲੋਕਾਂ ਨੇ ਡਾਕਟਰ ਦੇ ਇਸ ਕੰਮ ਦੀ ਬਹੁਤ ਸਿਫਤ ਕੀਤੀ ਕਿਉਂਕਿ ਉਸ ਨੇ ਬੱਚੇ ਦੇ ਜਜ਼ਬਾਤਾਂ ਦਾ ਧਿਆਨ ਰੱਖਿਆ

# ਕੈਨੇਡਾ 'ਚ ਪੰਜਾਬੀਆਂ ਦੀ ਬੱਲੇ-ਬੱਲੇ, ਬਰੈਂਪਟਨ ਚੋਣਾਂ 'ਚ ਝੰਡੇ ਗੱਡਣ ਦੀਆਂ ਹੋਈਆਂ ਤਿਆਰੀਆਂ

ਬਰੈਂਪਟਨ— ਓਂਟਾਰੀਓ 'ਚ ਪੰਜਾਬੀ ਬਹੁਲਤਾ ਵਾਲੇ ਸ਼ਹਿਰ ਬਰੈਂਪਟਨ ਦੀਆਂ ਵੱਖ-ਵੱਖ 5 ਸੀਟਾਂ ਤੋਂ ਆਉਣ ਵਾਲੇ ਸਾਰੇ ਮੈਂਬਰ ਆਫ ਪਾਰਲੀਮੈਂਟ ਪੰਜਾਬੀ ਹਨ। ਹੁਣ ਪੰਜਾਬੀਆਂ ਦੀ ਨਜ਼ਰ ਸਿਟੀ ਕੌਂਸਲਿੰਗ 'ਤੇ ਹੈ। ਬਰੈਂਪਟਨ ਅਤੇ ਇਸ ਦੇ ਨੇੜਲੇ ਛੋਟੇ-ਛੋਟੇ ਸ਼ਹਿਰਾਂ 'ਚ ਵੱਖ-ਵੱਖ ਸਿਟੀ ਕੌਂਸਲਰਸ, ਰੀਜਨਲ (ਖੇਤਰੀ) ਕੌਂਸਲਰਸ ਅਤੇ ਸਕੂਲ ਬੋਰਡ ਦੇ ਟਰੱਸਟੀ ਦੇ ਅਹੁਦਿਆਂ ਲਈ ਪੰਜਾਬੀ ਮੂਲ ਦੇ 36 ਉਮੀਦਵਾਰ ਆਪਣੀ ਕਿਸਮਤ ਅਜਮਾਉਣ ਲਈ ਖੜ੍ਹੇ ਹਨ। ਬਰੈਂਪਟਨ ਅਤੇ ਗ੍ਰੇਟਰ ਟੋਰਾਂਟੋ ਏਰੀਆ ਸ਼ਹਿਰਾਂ 'ਚ 22 ਅਕਤੂਬਰ ਨੂੰ ਵੋਟਿੰਗ ਹੋਵੇਗੀ ਅਤੇ ਅੱਜ-ਕੱਲ ਚੋਣ ਪ੍ਰਚਾਰ ਜ਼ੋਰਾਂ 'ਤੇ ਚੱਲ ਰਿਹਾ ਹੈ। ਬਰੈਂਪਟਨ ਦੇ ਇਲਾਵਾ ਟੋਰਾਂਟੋ, ਸਕਾਰਬੋਰੋ, ਮਿਸੀਸਾਗਾ, ਮਰਖਨ, ਨਾਰਥ ਯਾਰਕ ਅਤੇ ਵਾਘਨ 'ਚ ਵੀ ਚੋਣਾਂ ਹੋਣੀਆਂ ਹਨ। ਬਰੈਂਪਟਨ ਦੇ ਵਾਰਡ ਨੰਬਰ 9 ਅਤੇ 10 ਤੋਂ ਚੋਣਾਂ ਲੜ ਰਹੇ 10 ਉਮੀਦਵਾਰਾਂ 'ਚੋਂ 7 ਪੰਜਾਬੀ ਹਨ। ਜਿਨ੍ਹਾਂ 'ਚ ਮੰਗਲਜੀਤ ਡੱਬ, ਧਰਮਵੀਰ ਗੋਹਿਲ, ਮਹਿੰਦਰ ਗੁਪਤਾ, ਰੋਹਿਤ ਸਿੱਧੂ, ਹਰਕੀਰਤ ਸਿੰਘ ਸਿਟੀ ਕੌਂਸਲਰ ਲਈ ਖੜੇ ਹਨ ਅਤੇ ਰੀਜਨਲ ਕੌਂਸਲਿੰਗ ਲਈ ਮੈਦਾਨ 'ਚ ਰਾਜਬੀਰ ਕੌਰ, ਹਰਨੇਕ ਰਾਏ, ਗੁਰਪ੍ਰੀਤ ਢਿੱਲੋਂ ਅਤੇ ਵਿੱਕੀ ਢਿੱਲੋਂ ਖੜ੍ਹੇ ਹਨ। ਉੱਥੇ ਹੀ ਫੈਡਰਲ ਸਰਕਾਰ 'ਚ ਮੰਤਰੀ ਰਹੇ ਬਲ ਗੋਸਲ ਅਜਿਹੇ ਪਹਿਲੇ ਅਤੇ ਇਕੱਲੇ ਪੰਜਾਬੀ ਉਮੀਦਵਾਰ ਹਨ ਜੋ ਬਰੈਂਪਟਨ ਮੇਅਰ ਦੇ ਅਹੁਦੇ ਲਈ ਵਰਤਮਾਨ ਮੇਅਰ ਲਿੰਡਾ ਜੈਫਰੀ ਦਾ ਮੁਕਾਬਲਾ ਕਰ ਰਹੇ ਹਨ।




ਇਸ ਵਾਰ ਦੀਆਂ ਚੋਣਾਂ ਵਧੇਰੇ ਦਿਲਚਸਪ ਹਨ। ਥਾਂ-ਥਾਂ 'ਤੇ ਪੰਜਾਬੀ ਉਮੀਦਵਾਰਾਂ ਵਲੋਂ ਵੋਟਿੰਗ ਅਪੀਲ ਵਾਲੇ ਬੋਰਡ ਲੱਗੇ ਹੋਏ ਹਨ ਅਤੇ ਪੰਜਾਬੀ ਭਾਈਚਾਰੇ 'ਚ ਇਸ ਗੱਲ ਨੂੰ ਲੈ ਕੇ ਉਤਸ਼ਾਹ ਹੈ। ਕਈ ਥਾਵਾਂ 'ਤੇ ਪੰਜਾਬੀ ਹੀ ਪੰਜਾਬੀਆਂ ਦੇ ਵਿਰੁੱਧ ਖੜ੍ਹੇ ਹਨ ਅਤੇ ਨਤੀਜਿਆਂ 'ਚ ਬੱਲੇ-ਬੱਲੇ ਕਰਵਾਉਣ ਦੀਆਂ ਤਿਆਰੀਆਂ ਕਰ ਰਹੇ ਹਨ।

# ਸੈਂਕੜੇ ਦੇਸ਼ਾਂ ਤੋਂ ਹੈ ਕੈਨੇਡਾ ਨੂੰ ਸਾਈਬਰ ਖਤਰਾ




ਟੋਰਾਂਟੋ—ਚੀਨ ਅਤੇ ਰੂਸ ਬੇਸ਼ੱਕ ਸਾਈਬਰ ਹਮਲਿਆਂ ਦੇ ਮਾਮਲੇ 'ਚ ਪਹਿਲੀ ਕਤਾਰ 'ਚ ਸ਼ਾਮਲ ਹੋਣ, ਪਰ ਇਹ ਹੀ ਸਿਰਫ ਦੋ ਮੁਲਕ ਨਹੀਂ ਹਨ, ਜਿਨ੍ਹਾਂ ਤੋਂ ਕੈਨੇਡਾ ਨੂੰ ਸਾਈਬਰ ਹਮਲਿਆਂ ਦਾ ਖਤਰਾ ਹੈ। ਇਸ ਗੱਲ ਦਾ ਪ੍ਰਗਟਾਵਾ 'ਕੈਨੇਡੀਅਨ ਸੈਂਟਰ ਫਾਰ ਸਾਈਬਰ ਸਕਿਊਰਿਟੀ' ਦੇ ਨਵੇਂ ਮੁੱਖੀ ਸਕੌਟ ਜਾਨਸ ਨੇ ਕੀਤਾ। ਉਨ੍ਹਾਂ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਅਜਿਹੇ ਹੋਰ ਵੀ ਬਹੁਤ ਸਾਰੇ ਦੇਸ਼ ਹਨ, ਜਿਹੜੇ ਸਾਈਬਰ ਹਮਲਿਆਂ ਦੀ ਵਰਤੋਂ ਦਾ ਲਾਭ ਲੈਣ ਲਈ ਤਿਆਰ ਬੈਠੇ ਹਨ ਅਤੇ ਉਹ ਦੇਸ਼ਾਂ ਦੀ ਗੁਪਤ ਜਾਣਕਾਰੀਆਂ ਚੋਰੀ ਕਰਨਾ ਚਾਹੁੰਦੇ ਹਨ, ਜਿਹੜੀਆਂ ਕੁਝ ਸਾਲ ਪਹਿਲਾਂ ਉਨ੍ਹਾਂ ਦੀ ਪੁਹੰਚ ਤੋਂ ਬਾਹਰ ਹੁੰਦੀਆਂ ਸਨ। ਸਾਈਬਰ ਹਮਲਿਆਂ ਨੂੰ ਉਹ ਇਕ ਸਾਧਨ ਵਜੋਂ ਵਰਤ ਰਹੇ ਹਨ ਅਤੇ ਇਹ ਸਿਰਫ ਇਕ ਜਾਂ 2 ਦੇਸ਼ਾਂ ਦੇ ਹੱਥ 'ਚ ਹੀ ਨਹੀਂ ਹੈ, ਸਗੋਂ ਸੈਂਕੜੇ ਮੁਲਕ ਇਸ ਸਾਧਨ ਦੀ ਵਰਤੋਂ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਉਹ ਕਮਿਊਨੀਕੇਸ਼ਨਜ਼ ਸਕਿਊਰਿਟੀ ਅਸਟੈਬਲਿਸ਼ਮੈਂਟ 'ਚ ਵੀ ਉਪ-ਮੁੱਖੀ ਹਨ। ਸਾਈਬਰ ਹਮਲੇ ਬਹੁਤ ਸਸਤਾ ਅਤੇ ਸੌਖਾ ਸਾਧਨ ਹੈ ਅਤੇ ਸੈਂਕੜੇ ਦੇਸ਼ ਇਸ ਦੀ ਵਰਤੋਂ ਕਰਕੇ ਜਾਣਕਾਰੀਆਂ 'ਚ ਜਨਤਕ ਤੌਰ 'ਤੇ ਹੇਰਫੇਰ ਕਰਨ ਦੀ ਤਾਂਘ 'ਚ ਹਮੇਸ਼ਾ ਰਹਿੰਦੇ ਹਨ। ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਕੈਨੇਡਾ ਯੂਰਪੀ ਦੇਸ਼ਾਂ ਅਤੇ ਅਮਰੀਕਾ ਵੱਲੋਂ ਰੂਸ 'ਤੇ ਸਾਈਬਰ ਹਮਲਿਆਂ ਦੇ ਲਗਾਏ ਜਾਣ ਵਾਲੇ ਦੋਸ਼ਾਂ ਦਾ ਹਿੱਸਾ ਬਣਿਆ ਸੀ ਅਤੇ ਕੈਨੇਡਾ ਨੇ ਹਾਮੀ ਭਰੀ ਸੀ ਕਿ ਰੂਸ ਨੇ ਬੀਤੇ ਕੁਝ ਸਾਲਾਂ ਤੋਂ ਕਈ ਸਾਈਬਰ ਹਮਲਿਆਂ ਨੂੰ ਅੰਜਾਮ ਦਿੱਤਾ ਹੈ। ਕੈਨੇਡਾ ਨੇ ਰੂਸ 'ਤੇ ਦੋਸ਼ ਲਗਾਏ ਸਨ ਕਿ ਇਸ ਨੇ ਬੀਤੇ ਸਮੇਂ 'ਚ 'ਇੰਟਰਨੈਸ਼ਨਲ ਕੈਮੀਕਲ ਵੈਪਨਜ਼ ਵਾਚਡਾਗ' ਦੇ ਸਿਸਟਮ ਨੂੰ ਹੈਕ ਕਰਨ ਦੀ ਕੋਸ਼ਿਸ਼ ਕੀਤੀ ਸੀ ਅਤੇ ਇਸ ਤੋਂ ਇਲਾਵਾ ਰੂਸ ਨੇ 'ਵਰਲਡ ਐਂਟੀ ਡੋਪਿੰਗ ਏਜੰਸੀ' ਦਾ ਸਰਵਰ ਹੈਕ ਕੀਤਾ ਸੀ।

# ਜੇ ਤੁਸੀਂ ਵੀ ਪੀਜ਼ਾ ਖਾਣ ਦੇ ਸ਼ੌਕੀਨ ਹੋ ਤਾਂ ਪੜ੍ਹੋ ਇਹ ਖਬਰ



ਆਸਟ੍ਰੇਲੀਆ— ਅੱਜ ਦੇ ਸਮੇਂ ਹਰ ਕੋਈ ਪਿੱਜ਼ਾ ਅਤੇ ਹੋਰ ਫਾਸਟ ਫੂਡ ਖਾਣ ਦਾ ਸ਼ੌਕੀਨ ਹੈ। ਡੋਮੀਨੋਜ਼ ਪਿੱਜ਼ਾ ਖਾਣ ਦੇ ਤਾਂ ਬੱਚੇ ਵੀ ਫੈਨ ਹਨ ਪਰ ਹਾਲ ਹੀ 'ਚ ਆਸਟ੍ਰੇਲੀਆ 'ਚ ਇਕ ਹੈਰਾਨ ਕਰ ਦੇਣ ਵਾਲਾ ਮਾਮਲਾ ਸਾਹਮਣਾ ਆਇਆ ਹੈ। ਦਰਅਸਲ ਆਸਟ੍ਰੇਲੀਆ ਦੇ ਲਿਸਮੋਰ ਸ਼ਹਿਰ 'ਚ ਸਥਿਤ ਡੋਮੀਨੋਜ਼ ਸ਼ਾਪ 'ਚ ਕੰਮ ਕਰਨ ਵਾਲੇ ਇਕ ਕਰਮਚਾਰੀ ਨੇ ਕੁੱਝ ਤਸਵੀਰਾਂ ਸੋਸ਼ਲ ਮੀਡੀਆ 'ਤੇ ਸਾਂਝੀਆਂ ਕੀਤੀਆਂ, ਜਿਸ ਦੇ ਬਾਅਦ ਇਸ ਨੂੰ ਬੰਦ ਕਰ ਦਿੱਤਾ ਗਿਆ। ਇਨ੍ਹਾਂ ਤਸਵੀਰਾਂ 'ਚ ਸ਼ਾਪ ਦੀ ਰਸੋਈ ਦੀ ਗੰਦਗੀ ਨਾਲ-ਨਾਲ ਖਰਾਬ ਹੋਇਆ ਮਾਸ, ਉੱਲੀ ਲੱਗਾ ਪਨੀਰ, ਕੰਟੇਨਰ 'ਚ ਘੁੰਮਦੇ ਹੋਏ ਕੀੜੇ ਅਤੇ ਗੰਦੇ ਬਰਤਨਾਂ ਦੇ ਨਾਲ-ਨਾਲ ਹੋਰ ਕਈ ਥਾਵਾਂ 'ਤੇ ਗੰਦਗੀ ਦਿਖਾਈ ਦੇ ਰਹੀ ਸੀ। ਡੋਮੀਨੋਜ਼ ਅਮਰੀਕੀ ਕੰਪਨੀ ਹੈ, ਜੋ ਪਿੱਜ਼ਾ ਬਣਾਉਣ ਲਈ ਮਸ਼ਹੂਰ ਹੈ। ਭਾਰਤ ਦੇ ਕਈ ਸ਼ਹਿਰਾਂ 'ਚ ਇਸ ਦੀਆਂ ਬ੍ਰਾਂਚਾਂ ਹਨ। ਅਜਿਹੇ 'ਚ ਇੱਥੇ ਦੇ ਲੋਕਾਂ ਨੂੰ ਇਸ ਬਾਰੇ ਪਤਾ ਹੋਣਾ ਚਾਹੀਦਾ ਹੈ ਕਿ ਖਰਾਬ ਭੋਜਨ ਖਾਣ ਨਾਲ ਉਨ੍ਹਾਂ ਦੀ ਸਿਹਤ 'ਤੇ ਮਾੜਾ ਅਸਰ ਪੈ ਸਕਦਾ ਹੈ। ਇਨ੍ਹਾਂ ਤਸਵੀਰਾਂ ਦੇ ਵਾਇਰਲ ਹੋਣ 'ਤੇ ਤੁਸੀਂ ਵੀ ਡੋਮੀਨੋਜ਼ ਦਾ ਪਿੱਜ਼ਾ ਖਾਣ ਤੋਂ ਪਹਿਲਾਂ ਇਕ ਵਾਰ ਜ਼ਰੂਰ ਸੋਚੋਗੇ।

# ਟਰੂਡੋ ਤੇ ਸ਼ੀਅਰ ਨੇ ਕੀਤੇ ਟਵੀਟ, ਕਿਹਾ ਉਨ੍ਹਾਂ ਨੂੰ ਹੈ ਧੀਆਂ 'ਤੇ



ਟੋਰਾਂਟੋ: 19 ਸਤੰਬਰ 2011 ਨੂੰ ਸੰਯੁਕਤ ਰਾਸ਼ਟਰ ਮਹਾ ਸਭਾ ਵਲੋਂ 11 ਅਕਤੂਬਰ ਨੂੰ ਇਸ ਦਿਵਸ ਦੇ ਰੂਪ 'ਚ ਮਨਾਉਣ ਦਾ ਫੈਸਲਾ ਲਿਆ ਗਿਆ ਸੀ। ਪੂਰੀ ਦੁਨੀਆ 'ਚ ਇਸ ਨੂੰ ਇਸ ਲਈ ਮਨਾਇਆ ਜਾਂਦਾ ਹੈ ਤਾਂ ਕਿ ਬੱਚੀਆਂ ਦੀ ਜ਼ਿੰਦਗੀ ਸੁਰੱਖਿਅਤ ਰਹਿਣ ਤੇ ਬੁਲੰਦੀਆਂ ਨੂੰ ਹਾਸਲ ਕਰਨ। ਇਸ ਮੌਕੇ ਕੈਨੇਡੀਅਨ ਪ੍ਰਧਾਨ ਮਤੰਰੀ ਜਸਟਿਨ ਟਰੂਡੋ ਤੇ ਵਿਰੋਧੀ ਧਿਰ ਦੇ ਨੇਤਾ ਐਂਡ੍ਰਿਊ ਸ਼ੀਅਰ ਨੇ ਟਵੀਟ ਕੀਤੇ। ਆਪਣੇ ਟਵੀਟਾਂ 'ਤੇ ਜਿਥੇ ਟਰੂਡੋ ਨੇ ਬੇਟੀਆਂ ਦੇ ਸੁਪਨਿਆਂ ਨੂੰ ਪੂਰਾ ਕਰਨ 'ਤੇ ਜ਼ੋਰ ਦਿੱਤਾ ਉਥੇ ਹੀ ਸ਼ੀਅਰ ਨੇ ਕਿਹਾ ਕਿ ਉਨ੍ਹਾਂ ਨੂੰ ਆਪਣੀਆਂ ਬੇਟੀਆਂ ਤੇ ਪਤਨੀ 'ਤੇ ਮਾਣ ਹੈ। ਇਸ ਮੌਕੇ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਟਵੀਟ ਕਰਦਿਆਂ ਕਿਹਾ ਕਿ ਅੱਜ ਦਾ ਦਿਨ ਸਾਡੀਆਂ ਧੀਆਂ, ਪੋਤਰੀਆਂ ਭੈਣਾਂ ਬਾਰੇ ਹੈ। ਇਹ ਦਿਨ ਇਸ ਗੱਲ ਨੂੰ ਯਕੀਨੀ ਬਣਾਉਣ ਬਾਰੇ ਹੈ ਕਿ ਉਹ ਅਜਿਹੇ ਸੰਸਾਰ 'ਚ ਵੱਡੀਆਂ ਹੋ ਰਹੀਆਂ ਹਨ, ਜਿਥੇ ਕਿ ਉਨ੍ਹਾਂ ਦੀ ਆਵਾਜ਼ ਨੂੰ ਸੁਣਿਆ ਜਾਂਦਾ ਹੈ ਤੇ ਉਨ੍ਹਾਂ ਨੂੰ ਉਨ੍ਹਾਂ ਦੇ ਸੁਪਨਿਆਂ ਤੱਕ ਪਹੁੰਚਣ 'ਚ ਮਦਦ ਕੀਤੀ ਜਾਂਦੀ ਹੈ। ਵਿਰੋਧੀ ਧਿਰ ਦੇ ਨੇਤਾ ਐਂਡ੍ਰਿਊ ਸ਼ੀਅਰ ਨੇ ਆਪਣੇ ਟਵੀਟ 'ਚ ਵੀਡੀਓ ਸ਼ੇਅਰ ਕੀਤੀ ਤੇ ਕਿਹਾ ਕਿ ਉਨ੍ਹਾਂ ਦੇ ਜ਼ਿੰਦਗੀ 'ਚ ਸ਼ਾਮਲ ਔਰਤਾਂ, ਉਨ੍ਹਾਂ ਦੀ ਪਤਨੀ ਜਿਲ, ਬੇਟੀਆਂ ਗ੍ਰੇਸ, ਮੈਰੀ ਤੇ ਮੈਡੇਲਾਈਨ, 'ਤੇ ਮਾਣ ਹੈ।

## ਦੁਨੀਆ ਭਰ 'ਚ ਔਰਤਾਂ ਲਗਾਤਾਰ ਸ਼ੋਸ਼ਣ ਦਾ ਕਰ ਰਹੀਆਂ ਹਨ ਸਾਹਮਣਾ :

ਮੈਲਬੌਰਨ— ਦਿੱਲੀ ਸਣੇ ਵਿਸ਼ਵ ਭਰ ਦੇ ਸ਼ਹਿਰਾਂ 'ਚ ਔਰਤਾਂ ਉਤਪੀੜਨ ਕਾਰਨ ਲਗਾਤਾਰ ਪ੍ਰੇਸ਼ਾਨੀ ਦਾ ਸਾਹਮਣਾ ਕਰ ਰਹੀਆਂ ਹਨ। ਲੜਕੀਆਂ ਦਾ ਮੰਨਣਾ ਹੈ ਕਿ ਉਤਪੀੜਨ ਦੀ ਸ਼ਿਕਾਇਤ ਦਾ ਕੋਈ ਬਹੁਤ ਮਤਲਬ ਨਹੀਂ ਹੈ ਕਿਉਂਕਿ ਉਨ੍ਹਾਂ 'ਤੇ ਕਾਫੀ ਘੱਟ ਕਾਰਵਾਈ ਹੈ। ਇਕ ਰਿਪੋਰਟ 'ਚ ਇਹ ਗੱਲ ਸਾਹਮਣੇ ਆਈ ਹੈ। ਬੱਚਿਆਂ ਦੇ ਅਧਿਕਾਰਾਂ ਲਈ ਕੰਮ ਕਰਨ ਵਾਲੇ ਸੰਗਠਨ 'ਪਲਾਨ ਇੰਟਰਨੈਸ਼ਨਲ' ਨੇ ਦਿੱਲੀ, ਕੰਪਾਲਾ, ਲੀਮਾ, ਮੈਡ੍ਰਿਡ ਤੇ ਸਿਡਨੀ 'ਚ ਰਹਿਣ ਵਾਲੀਆਂ 21 ਹਜ਼ਾਰ ਤੋਂ ਵਧ ਲੜਕੀਆਂ ਤੇ ਔਰਤਾਂ ਦੇ ਬਿਆਨ ਦੇ ਆਧਾਰ 'ਤੇ ਇਹ ਰਿਪੋਰਟ ਤਿਆਰ ਕੀਤੀ ਹੈ। ਇਸ 'ਚ ਪਾਇਆ ਗਿਆ ਹੈ ਕਿ ਸਾਰੇ ਪੰਜ ਸ਼ਹਿਰਾਂ 'ਚ ਲੜਕੇ ਤੇ ਪੁਰਸ਼, ਲੜਕੀਆਂ ਤੇ ਔਰਤਾਂ ਦਾ ਪਿੱਛਾ ਕਰਦੇ ਹਨ, ਇਤਰਾਜ਼ਯੋਗ ਸ਼ਬਦ ਕਹਿੰਦੇ ਹਨ ਤੇ ਉਨ੍ਹਾਂ ਨੂੰ ਗੰਦੀ ਨਜ਼ਰ ਨਾਲ ਦੇਖਦੇ ਰਹਿੰਦੇ ਹਨ। ਆਸਟਰੇਲੀਆ 'ਚ ਮੋਨਾਸ਼ ਯੂਨੀਵਰਸਿਟੀ ਦੇ ਸੋਧਕਰਤਾਵਾਂ ਸਣੇ




ਜਾਂਚਕਰਤਾਵਾਂ ਦੀ ਇਕ ਰਿਪੋਰਟ ਮੁਤਾਬਕ ਇਸ ਤਰ੍ਹਾਂ ਦੇ ਵਿਵਹਾਰ ਨੂੰ ਸਮਾਜ ਤੇ ਨੇੜੇ ਖੜ੍ਹੇ ਲੋਕ ਲੁਕਾ ਲੈਂਦੇ ਹਨ ਤੇ ਅਧਿਕਾਰੀ ਸ਼ਾਇਦ ਹੀ ਕੋਈ ਕਾਰਵਾਈ ਕਰਦੇ ਹਨ। ਇਨ੍ਹਾਂ ਸਾਰੇ ਪੰਜ ਸ਼ਹਿਰਾਂ 'ਚ ਲੜਕੀਆਂ ਤੇ ਔਰਤਾਂ ਨੇ ਦੱਸਿਆ ਕਿ ਇਨ੍ਹਾਂ ਸ਼ਹਿਰਾਂ 'ਚ ਸ਼ੋਸ਼ਣ ਤੇ ਉਤਪੀੜਨ ਦੇ ਹੋਰ ਰੂਪ ਆਮ ਹਨ।

# ਜਲੰਧਰ ਦੇ ਛੋਟੇ ਸਰਦਾਰ ਅਰਸ਼ਦੀਪ ਨੇ ਪੁਆਈਆਂ ਫੋਟੋਗ੍ਰਾਫੀ ਜਗਤ 'ਚ ਧੁੰਮਾਂ

ਜਲੰਧਰ ਦੇ ਅਰਸ਼ਦੀਪ ਸਿੰਘ ਨੇ 10 ਸਾਲ ਤੋਂ ਘੱਟ ਉਮਰ ਦੀ ਸ਼੍ਰੇਣੀ 'ਚ 2018 ਵਾਈਲਡ ਲਾਈਫ ਫੋਟੋਗ੍ਰਾਫੀ ਐਵਾਰਡ ਜਿੱਤਿਆ ਹੈ।ਬ੍ਰਿਟੇਨ ਦਾ ਕੁਦਰਤੀ ਇਤਿਹਾਸ ਅਜਾਇਬ ਘਰ ਹਰ ਸਾਲ ਵਿਸ਼ਵ ਪੱਧਰ ਦਾ ਫੋਟੋਗ੍ਰਾਫ਼ੀ ਮੁਕਾਬਲਾ ਕਰਵਾਇਆ ਜਾਂਦਾ ਹੈ। ਜਿਸ ਵਿਚ ਅਰਸ਼ਦੀਪ ਨੇ ਆਪਣੇ ਉਮਰ ਵਰਗ ਵਿਚ ਐਵਾਰਡ ਜਿੱਤਿਆ ਹੈ।ਅਰਸ਼ਦੀਪ ਨੇ ਇਹ ਜੇਤੂ ਫੋਟੋ ਕਪੂਰਥਲਾ ਦੇ ਨੇੜੇ ਖਿੱਚੀ ਸੀ ਜਿਸ ਵਿੱਚ ਦੋ ਉੱਲੂ ਇੱਕ ਪਾਈਪ 'ਚੋਂ ਬਾਹਰ ਵੱਲ ਝਾਤੀ ਮਾਰਦੇ ਨਜ਼ਰ ਆ ਰਹੇ ਹਨ।ਅਰਸ਼ਦੀਪ, ਜਿਸ ਦੀ ਉਮਰ 10 ਸਾਲ ਹੈ, ਮੁਤਾਬਕ, "ਮੈਂ ਜਦੋਂ ਉੱਲੂਆਂ ਨੂੰ ਉੱਡ ਕੇ ਪਾਈਪ ਦੇ ਅੰਦਰ ਜਾਂਦੇ ਦੇਖਿਆ ਤਾਂ ਆਪਣੇ ਪਿਤਾ ਨੂੰ ਦੱਸਿਆ। ਉਨ੍ਹਾਂ ਆਖਿਆ ਕਿ ਇਹ ਤਾਂ ਹੋ ਹੀ ਨਹੀਂ ਸਕਦਾ; ਫਿਰ ਵੀ ਉਨ੍ਹਾਂ ਨੇ ਕਾਰ ਰੋਕ ਲਈ। ਸਾਨੂੰ 20-30 ਮਿੰਟ ਇੰਤਜ਼ਾਰ ਕਰਨਾ ਪਿਆ। ਜਦੋਂ ਉੱਲੂ ਮੁੜ ਬਾਹਰ ਵੱਲ ਆਏ ਤਾਂ ਮੈਂ ਫੋਟੋ ਖਿੱਚ ਲਈ।" ਓਵਰਆਲ ਐਵਾਰਡ ਨੀਦਰਲੈਂਡ ਦੇ ਮਾਰਸੈਲ ਵਾਨ ਊਸਟਨ ਨੂੰ ਲੰਡਨ ਵਿਖੇ ਹੋਏ ਇੱਕ ਸਮਾਗਮ ਵਿੱਚ ਮਿਲਿਆ। ਉਨ੍ਹਾਂ ਦੀ ਜੇਤੂ ਤਸਵੀਰ ਚੀਨ ਦੇ ਪਹਾੜਾਂ 'ਚ ਬੈਠੇ ਦੋ ਬਾਂਦਰਾਂ ਦੀ ਹੈ।ਊਸਟਨ ਨੇ ਬੀਬੀਸੀ ਨੂੰ ਦੱਸਿਆ ਕਿ ਉਨ੍ਹਾਂ ਨੂੰ ਐਵਾਰਡ ਜਿੱਤ ਕੇ ਝਟਕਾ ਵੀ ਲੱਗਿਆ ਤੇ ਸਨਮਾਨ ਦਾ ਅਹਿਸਾਸ ਵੀ ਹੋਇਆ।ਜੂਨੀਅਰ ਸ਼੍ਰੇਣੀ 'ਚ ਦੱਖਣੀ ਅਫ਼ਰੀਕਾ ਦੇ ਸਕਾਏ ਮੀਕਰ ਜੇਤੂ ਰਹੇ। ਉਨ੍ਹਾਂ ਦੀ ਤਸਵੀਰ ਬੋਟਸਵਾਨਾ ਦੇ ਜੰਗਲ 'ਚ ਬੈਠੇ ਤੇਂਦੂਏ ਦੀ ਹੈ।ਇੱਕ ਹੋਰ ਸ਼੍ਰੇਣੀ 'ਆਪਣੇ ਵਾਤਾਵਰਨ ਵਿੱਚ ਜੀਵ', ਜਿਸ ਵਿੱਚ ਸਪੇਨ ਦੇ ਕ੍ਰਿਸਟੋਬਲ ਸਿਰਾਨੋ ਜੇਤੂ ਰਹੇ।ਉਨ੍ਹਾਂ ਦੀ ਤਸਵੀਰ 'ਚ ਕੁਝ ਕਰੈਬ-ਈਟਰ ਸੀਲ ਐਂਟਾਰਕਟਿਕਾ ਵਿੱਚ ਇੱਕ ਬਰਫ਼ ਦੇ ਟੁਕੜੇ ਉੱਪਰ ਆਰਾਮ ਕਰ ਰਹੀਆਂ ਹਨ।ਉਨ੍ਹਾਂ ਨੇ ਪੱਛਮੀ ਆਸਟ੍ਰੇਲੀਆ 'ਚ ਮਡ-ਡੋਬਰ ਵਾਸਪ (ਭੂੰਡ) ਦੇ ਚਿੱਕੜ 'ਚ ਘੁੰਮਣ ਨੂੰ ਆਪਣੇ ਲੇਂਸ 'ਚ ਕੈਦ ਕਰ ਲਿਆ।








# ਹੁਣ ਸਾਰੀ ਰਾਤ ਰੱਟੇ ਲਾਉਣ ਦੀ ਲੋੜ ਨਹੀਂ, ਯਾਦਦਾਸ਼ਤ ਵਧਾਉਣੀ ਏ ਤਾਂ ਇਹ ਪੜ੍ਹੋ

ਰਾਤ ਦੇ ਆਰਾਮ ਨਾਲ ਮਨੁੱਖੀ ਯਾਦਦਾਸ਼ਤ ਨੂੰ ਕਿੰਨੇ ਫ਼ਾਇਦੇ ਹਨ, ਇਸ ਬਾਰੇ ਅਜੇ ਜ਼ਿਆਦਾ ਕੁਝ ਨਹੀਂ ਕਿਹਾ ਜਾ ਸਕਦਾ, ਨਿਊਰੋ-ਵਿਗਿਆਨੀਆਂ ਨੇ ਇਸ ਵਿਸ਼ੇ 'ਤੇ ਖੋਜ ਅਜੇ ਸ਼ੁਰੂ ਕੀਤੀ ਹੈ।ਜੇਕ ਤਮੀਨੇਨ ਦੇ ਬਹੁਤ ਸਾਰੇ ਅਜਿਹੇ ਵਿਦਿਆਰਥੀ ਹਨ, ਜੋ ਇਮਤਿਹਾਨ ਤੋਂ ਪਹਿਲਾਂ ਪੂਰੀ ਰਾਤ ਪੜ੍ਹਾਈ ਕਰਦੇ ਹਨ, ਤਾਂ ਜੋ ਉਹ ਜ਼ਿਆਦਾ ਤੋਂ ਜ਼ਿਆਦਾ ਪੜ੍ਹਾਈ ਕਰ ਸਕਣ।ਪਰ ਯੂ.ਕੇ. ਦੀ ਰਾਇਲ ਹੋਲੋਵੇ ਯੂਨੀਵਰਸਿਟੀ ਵਿਚ ਮਨੋਵਿਗਿਆਨ ਦੇ ਇਹ ਲੈਕਚਰਾਰ ਵਿਦਿਆਰਥੀਆਂ ਨੂੰ ਇਹ ਚੇਤਾਵਨੀ ਦਿੰਦੇ ਹਨ ਕਿ, "ਜੋ ਤੁਸੀਂ ਕਰ ਰਹੇ ਹੋ ਇਹ ਸਹੀ ਨਹੀਂ ਹੈ।" ਨੀਂਦ ਨਾਲ ਯਾਦਦਾਸ਼ਤ 'ਤੇ ਕਿਸ ਤਰੀਕੇ ਨਾਲ ਅਸਰ ਪੈਂਦਾ ਹੈ, ਤਮੀਨੇਨ ਇਸ ਵਿਸ਼ੇ ਦੇ ਮਾਹਿਰ ਹਨ, ਇਸ ਦਾ ਅਸਰ ਖਾਸ ਕਰਕੇ ਉਸ ਚੇਤੇ 'ਤੇ ਪੈਂਦਾ ਹੈ, ਜਿਸਦੀ ਭਾਸ਼ਾ ਲਈ ਲੋੜ ਹੁੰਦੀ ਹੈ। ਸਲੀਪ ਲਰਨਿੰਗ ਯਾਨਿ ਕਿ ਸੁੱਤੇ ਹੋਏ ਸਿੱਖਣਾ- ਇਹ ਤਰੀਕਾ ਵਿਦਿਆਰਥੀ ਬੇਹੱਦ ਪਸੰਦ ਕਰਦੇ ਹਨ। ਵਿਦਿਆਰਥੀ ਸੋਚਦੇ ਹਨ ਕਿ ਸੁੱਤੇ ਹੋਏ ਕੋਈ ਭਾਸ਼ਾ-ਸਿੱਖਣ ਵਾਲੀ ਰਿਕਾਰਡਿੰਗ ਸੁਣਨ ਨਾਲ ਇਸ ਦੀ ਛਾਪ ਦਿਮਾਗ 'ਤੇ ਰਹਿ ਜਾਂਦੀ ਹੈ ਅਤੇ ਉਹ ਸਵੇਰੇ ਉੱਠਦੇ ਹੀ ਨਵੀਂ ਭਾਸ਼ਾ ਬੋਲ ਸਕਣਗੇ। ਇਹ ਸਿਰਫ਼ ਇੱਕ ਧਾਰਨਾ ਹੈ।ਪਰ ਪੜ੍ਹਾਈ ਕਰਨ ਜਾਂ ਕੁਝ ਵੀ ਸਿੱਖਣ ਲਈ ਨੀਂਦ ਬਹੁਤ ਜ਼ਰੂਰੀ ਹੈ। ਤਮੀਨੇਨ ਅਤੇ ਕਈ ਹੋਰ ਵਿਗਿਆਨੀਆਂ ਵੱਲੋਂ ਕੀਤੀ ਗਈ ਖੋਜ ਇਸਦਾ ਜਵਾਬ ਦਿੰਦੀ ਹੈ ਤਮੀਨੇਨ ਦੇ ਚੱਲ ਰਹੇ ਖੋਜ ਪ੍ਰਾਜੈਕਟ ਵਿਚ ਹਿੱਸਾ ਲੈਣ ਵਾਲੇ ਵਾਲੰਟੀਅਰਜ਼ ਨਵੀਂ ਸ਼ਬਦਾਵਲੀ ਸਿੱਖਦੇ ਹਨ ਅਤੇ ਫਿਰ ਪੂਰੀ ਰਾਤ ਜਾਗਦੇ ਹਨ। ਤਮੀਨੇਨ ਉਨ੍ਹਾਂ ਦੀ ਯਾਦਾਸ਼ਤ ਦੀ ਤੁਲਨਾ ਕੁਝ ਰਾਤ ਜਾਗਣ ਵਾਲਿਆਂ ਦੀ ਸ਼ਬਦਾਵਲੀ ਨਾਲ ਕਰਦੇ ਹਨ।ਸ਼ਬਦ ਯਾਦ ਕਰਨ ਤੋਂ ਬਾਅਦ ਨਾ ਸੌਣ ਵਾਲੇ ਹਿੱਸੇਦਾਰਾਂ ਨੂੰ ਕਈ ਰਾਤਾਂ ਦੀ ਰਿਕਵਰੀ ਸਲੀਪ (ਨੀਂਦ ਦੀ ਭਰਪਾਈ) ਦਿੱਤੀ ਗਈ।ਇਸ ਤੋਂ ਬਾਅਦ ਵੀ ਨੀਂਦ ਲੈਣ ਵਾਲੇ ਅਤੇ ਨੀਂਦ ਨਾ ਲੈਣ ਵਾਲਿਆਂ ਦੇ ਸਮੂਹਾਂ ਦੀ ਜਦੋਂ ਸ਼ਬਦਾਂ ਨੂੰ ਤੇਜ਼ੀ ਨਾਲ ਸ਼ਬਦ ਚੇਤੇ ਕਰਨ ਦੀ ਤੁਲਨਾ ਕੀਤੀ ਗਈ ਤਾਂ ਆਪਸ ਵਿਚ ਕਾਫ਼ੀ ਫਰਕ ਦੇਖਣ ਨੂੰ ਮਿਲਿਆ।ਉਨ੍ਹਾਂ ਦਾ ਕਹਿਣਾ ਹੈ ਕਿ, "ਨੀਂਦ ਸੱਚ-ਮੁੱਚ ਹੀ ਚੀਜ਼ਾਂ ਸਿੱਖਣ ਅਤੇ ਯਾਦ ਕਰਨ ਦਾ ਮੁੱਖ ਹਿੱਸਾ ਹੈ।" ਉਹ ਆਖਦੇ ਹਨ ਕਿ, "ਭਾਵੇਂ ਤੁਸੀਂ ਸੁੱਤੇ ਹੋਏ ਪੜ੍ਹ ਨਹੀਂ ਰਹੇ ਹੁੰਦੇ, ਪਰ ਤੁਹਾਡਾ ਦਿਮਾਗ ਅਜੇ ਵੀ ਪੜ੍ਹ ਰਿਹਾ ਹੁੰਦਾ ਹੈ।ਇਸ ਤਰ੍ਹਾਂ ਲਗਦਾ ਹੈ ਜਿਵੇਂ ਤੁਹਾਡਾ ਦਿਮਾਗ ਤੁਹਾਡੇ ਕਹਿਣੇ 'ਤੇ ਕੰਮ ਕਰ ਰਿਹਾ ਹੋਵੇ। ਤੁਸੀਂ ਆਪਣੀ ਪੜ੍ਹਾਈ ਵਿੱਚ ਲਗਾਏ ਗਏ ਸਮੇਂ ਦਾ ਪ੍ਰਭਾਵ ਉਦੋਂ ਤੱਕ ਹਾਸਲ ਨਹੀਂ ਕਰ ਸਕਦੇ, ਜਦੋਂ ਤੱਕ ਤੁਸੀਂ ਸੌਂ ਨਹੀਂ ਜਾਂਦੇ।"



## ਰਾਤ ਦੌਰਾਨ ਸਥਾਪਤ ਹੋਣ ਵਾਲਾ ਤਾਲਮੇਲ



ਸਾਡੇ ਅੰਦਰ ਕਿੰਨੇ ਸਲੀਪ ਸਪਿੰਡਲਜ਼ ਹੋ ਸਕਦੇ ਹਨ ਇਸ ਲਈ ਵਿਅਕਤੀ ਵਿੱਚ ਇਕ ਆਨੂਵੰਸ਼ਕ ਅੰਗ (ਜੈਨੇਟਿਕ ਕੌਮਪੋਨੈਂਟ)ਹੁੰਦਾ ਹੈ। ਸਾਡੇ ਸਰੀਰ ਦੀਆਂ ਅੰਦਰੂਨੀ ਘੜੀਆਂ ਦਾ ਵੀ ਜੈਨੇਟਿਕ ਆਧਾਰ ਹੁੰਦਾ ਹੈ, ਇਹ ਅੰਦਰੂਨੀ ਘੜੀਆਂ ਸਾਨੂੰ ਦੱਸਦੀਆਂ ਹਨ ਕਿ ਕਦੋਂ ਸੌਣਾ ਹੈ ਅਤੇ ਕਦੋਂ ਜਾਗਣਾ ਹੈ। ਆਪਣੀ ਕੌਗਨੀਟਿਵ ਕਾਰਗੁਜ਼ਾਰੀ ਦੇ ਸਿਖਰ 'ਤੇ ਪਹੁੰਚਣ ਲਈ ਤਿਆਰ ਹੋਏ ਸਾਈਕਲਜ਼ ਦੀ ਪਾਲਣਾ ਕਰਨੀ ਬਹੁਤ ਜ਼ਰੂਰੀ ਹੈ।ਮਾਈਕਲ ਡਲਬਯੂ ਯੰਗ ਤੋਂ ਇਲਾਵਾ ਸਿਰਫ਼ ਕੁਝ ਹੀ ਲੋਕਾਂ ਨੂੰ ਇਸ ਵਿਸ਼ੇ ਬਾਰੇ ਜਾਣਕਾਰੀ ਹੈ। ਮਾਈਕਲ ਨੂੰ ਸਾਲ 2017 ਵਿਚ 2 ਹੋਰ ਸਹਿ-ਖੋਜਕਰਤਾਵਾਂ ਨਾਲ ਸਾਂਝੇ ਨੋਬਲ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ। ਉਨ੍ਹਾਂ ਨੂੰ ਕਲੌਕ ਜੀਨਜ਼ 'ਤੇ ਕੀਤੇ ਗਏ ਕੰਮ ਲਈ ਫੀਜ਼ੀਓਲੋਜੀ/ਮੈਡੀਸਨ ਦੇ ਖੇਤਰ ਵਿੱਚ ਇਹ ਪੁਰਸਕਾਰ ਦਿੱਤਾ ਗਿਆ। ਯੰਗ ਸਮਝਾਉਂਦੇ ਹਨ ਕਿ ਸਹੀ ਤਰੀਕੇ ਨਾਲ ਕੰਮ ਕਰਨ ਲਈ- ਭਾਵੇਂ ਉਹ ਘਰ ਵਿੱਚ ਹੋਏ, ਕੰਮ ਦੌਰਾਨ, ਜਾਂ ਫਿਰ ਜ਼ਿੰਦਗੀ ਦੇ ਕਿਸੇ ਹੋਰ ਖੇਤਰ ਵਿਚ- "ਤੁਸੀਂ ਕੀ ਕਰਨਾ ਚਾਹੁੰਦੇ ਹੋ ਕਿ ਮੁੜ ਤੋਂ ਤਾਲਮੇਲ ਵਾਲੇ ਮਾਹੌਲ ਨੂੰ ਬਣਾਉਣ ਦੀ ਕੋਸ਼ਿਸ਼ ਕੀਤੀ ਜਾਵੇ।" ਉਹ ਵਿਅਕਤੀ ਜਿਸ ਨੂੰ ਆਪਣੀ ਜੀਵਨ ਸ਼ੈਲੀ ਵਿੱਚ, ਵਾਤਾਵਰਨ ਕਾਰਨ ਜਾਂ ਵਿਰਾਸਤ ਵਿੱਚ ਹੀ ਨੀਂਦ ਨਾਲ ਸਬੰਧਤ ਕੋਈ ਵਿਕਾਰ ਮਿਲਿਆ ਹੋਵੇ, ਜਿਸ ਨਾਲ ਟੁੱਟਵੀਂ ਨੀਂਦ ਅਨੁਭਵ ਕਰਦਾ ਹੋਵੇ- ਉਸ ਨੂੰ ਲੋਕ ਪਹਿਲਾਂ ਹੀ ਵਾਕ ਵਿਚ ਅਕਸਰ ਕੁਝ ਖਰਾਬ ਜਵਾਬ ਦੇ ਦਿੰਦੇ ਹਨ।ਇਨ੍ਹਾਂ ਜਵਾਬਾਂ ਵਿੱਚ ਵਿਅਕਤੀਆਂ ਨੂੰ ਰੋਸ਼ਨੀ ਨੂੰ ਪੂਰੀ ਤਰ੍ਹਾਂ ਰੋਕਣ ਵਾਲੇ ਪਰਦਿਆਂ ਦੀ ਵਰਤੋਂ ਕਰਨਾ ਜਾਂ ਫਿਰ ਦਿਨ ਦੌਰਾਨ ਤੇਜ਼ ਰੋਸ਼ਨੀ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਇਹ ਸਲਾਹ ਕੁਦਰਤੀ ਰੋਸ਼ਨੀ ਅਤੇ ਡਾਰਕ ਸਾਈਕਲਜ਼ ਦੀ ਨਕਲ ਕਰਨ ਲਈ ਦਿੱਤੀ ਜਾਂਦੀ ਹੈ।

## ਕੀ ਹੁੰਦਾ ਹੈ ਸੁੱਤੇ ਹੋਏ ਵਿਅਕਤੀ ਦੇ ਦਿਮਾਗ ਅੰਦਰ ?

ਤਮੀਨੇਨ ਵੱਲੋਂ ਜਿੱਥੇ ਨੀਂਦ ਬਾਰੇ ਖੋਜ ਨੂੰ ਅੰਜਾਮ ਦਿੱਤਾ ਜਾਂਦਾ ਹੈ, ਉਹ ਉਨ੍ਹਾਂ ਦੀ ਸਲੀਪ ਲੈਬ ਹੈ। ਥੋੜ੍ਹੀ ਬਹੁਤ ਸਜਾਵਟ ਵਾਲੇ ਇਸ ਕਮਰੇ ਵਿੱਚ ਇਕ ਬਿਸਤਰਾ ਹੈ, ਇੱਕ ਰੰਗੀਨ ਕੱਪੜਾ ਹੈ ਅਤੇ ਫਰੇਮ ਕੀਤੀਆਂ ਗਈਆਂ ਕਾਗਜ਼ ਦੀਆਂ ਤਿਤਲੀਆਂ ਹਨ।ਬਿਸਤਰੇ ਉੱਪਰ ਇੱਕ ਛੋਟੀ ਇਲੈਕਟ੍ਰੋ-ਐਨਸੇਫ਼ੈਲੋਗ੍ਰਾਫ਼ੀ (ਈਈਜੀ) ਮਸ਼ੀਨ ਹੈ, ਜੋ ਕਿ ਖੋਜ ਵਿਚ ਭਾਗ ਲੈਣ ਵਾਲੇ ਵਿਅਕਤੀ ਦੇ ਦਿਮਾਗ ਵਿਚ ਹੋਣ ਵਾਲੀ ਹਰਕਤਾਂ 'ਤੇ ਨਜ਼ਰ ਰੱਖਦੀ ਹੈ। ਇਹ ਮਸ਼ੀਨ ਨਾ ਸਿਰਫ਼ ਦਿਮਾਗ ਦੇ ਵੱਖੋ-ਵੱਖ ਹਿੱਸਿਆਂ (ਫਰੰਟਲ, ਟੈਂਪੋਰਲ ਅਤੇ ਪੇਰਾਈਟਲ)ਵਿੱਚ ਹੋਣ ਵਾਲੀ ਹਲਚਲ, ਸਗੋਂ ਮਾਸਪੇਸ਼ੀ ਵਿਚ ਹੋਣ ਵਾਲੀਆਂ ਹਰਕਤ ਅਤੇ ਅੱਖਾਂ ਦੀ ਗਤੀਵਿਧੀ ਵੀ ਮਾਪਦੀ ਹੈ।ਕੰਟਰੋਲ ਰੂਮ ਵਿਚ ਖੋਜਕਰਤਾ ਅਸਲ ਸਮੇਂ ਮੁਤਾਬਕ ਇਹ ਦੇਖ ਸਕਦੇ ਹਨ ਕਿ ਵਾਲੰਟੀਅਰ ਦੇ ਦਿਮਾਗ ਦਾ ਕਿਹੜਾ ਹਿੱਸਾ ਕਿਰਿਆਸ਼ੀਲ ਹੋ ਰਿਹਾ ਹੈ, ਕਿੰਨੇ ਸਮੇਂ ਲਈ ਹੋ ਰਿਹਾ ਹੈ ਅਤੇ ਕਿੰਨੀ ਹੱਦ ਤੱਕ।ਗਰਾਫ਼ ਦੀ ਸਹਾਇਤਾ ਨਾਲ ਵਾਲੰਟੀਅਰ ਦੀਆਂ ਅੱਖਾਂ ਦੀ ਗਤੀਵਿਧੀ ਬਾਰੇ ਆਰਾਮ ਨਾਲ ਦੇਖਿਆ ਜਾ ਸਕਦਾ ਹੈ। ਈ 1 ਅਤੇ ਈ 2 (ਅੱਖ 1 ਅਤੇ ਅੱਖ 2) ਦੇ ਗਤੀਵਿਧੀ ਗਰਾਫ਼ ਨੂੰ ਦੇਖ ਕੇ ਅਰਾਮ ਨਾਲ ਕਿਹਾ ਜਾ ਸਕਦਾ ਹੈ ਕਿ ਕਦੋਂ ਵਾਲੰਟੀਅਰ ਰੈਪਿਡ ਆਈ ਮੂਵਮੈਂਟ (ਆਰਈਐਮ) ਦੀ ਹਾਲਤ ਵਿੱਚ ਹੈ।ਤਮੀਨੇਨ ਦੀ ਮੌਜੂਦਾ ਖੋਜ ਅਤੇ ਭਾਸ਼ਾ ਦੇ ਵਿਕਾਸ ਵਿਚ ਨੀਂਦ ਦੀ ਭੂਮਿਕਾ ਲਈ ਆਮ ਤੌਰ 'ਤੇ ਜ਼ਿਆਦਾ ਮਹੱਤਰਪੂਰਨ ਹੈ, ਡੂੰਘੀ ਨੀਂਦ ਦਾ ਗੈਰ-ਆਰਈਐਮ ਪੜਾਅ, ਜਿਸ ਨੂੰ ਸਲੋ-ਵੇਵ ਸਲੀਪ (ਐਸਡਬਲਯੂਐਸ) ਕਿਹਾ ਜਾਂਦਾ ਹੈ। ਯਾਦਾਂ ਨੂੰ ਬਨਾਉਣ ਅਤੇ ਕਾਇਮ ਰੱਖਣ ਲਈ, ਭਾਵੇਂ ਉਹ ਸ਼ਬਦਾਵਲੀ ਹੋਵੇ, ਵਿਆਕਰਣ ਜਾਂ ਕੋਈ ਹੋਰ ਗਿਆਨ, ਐਸਡਬਲਯੂਐਸ ਕਾਫ਼ੀ ਮਹੱਤਵਪੂਰਨ ਹੈ।ਦਿਮਾਗ ਦੇ ਵੱਖ-ਵੱਖ ਹਿੱਸਿਆਂ ਵਿਚ ਆਪਸੀ ਪ੍ਰਕਿਰਿਆ ਇੱਥੇ ਮੁੱਖ ਹੈ। ਹਿੱਪੋਕੈਂਪਸ ਦਿਮਾਗ ਦਾ ਇੱਕ ਹਿੱਸਾ ਹੁੰਦਾ ਹੈ ਜੋ ਛੇਤੀ ਯਾਦ ਕਰਨ ਲਈ ਚੰਗਾ ਹੁੰਦਾ ਹੈ। ਐਸਡਬਲਯੂਐਸ ਦੌਰਾਨ ਹਿੱਪੋਕੈਂਪਸ, ਨਿਓਕੋਰਟੈਕਸ ਦੇ ਨਾਲ ਲਗਾਤਾਰ ਸੰਪਰਕ ਵਿਚ ਰਹਿੰਦਾ ਹੈ, ਤਾਂ ਜੋ ਕਿਸੇ ਚੀਜ਼ ਨੂੰ ਲੰਬੇ ਸਮੇਂ ਤੱਕ ਯਾਦ ਰੱਖਿਆਂ ਲਈ ਮਜ਼ਬੂਤ ਕੀਤਾ ਜਾ ਸਕੇ।

ਹੋ ਸਕਦਾ ਹੈ ਕਿ ਕਿਸੇ ਯਾਦ ਕੀਤੇ ਗਏ ਸ਼ਬਦ ਨੂੰ ਸ਼ੁਰੂਆਤ ਵਿਚ ਹਿੱਪੋਕੈਂਪਸ ਵੱਲੋਂ ਐਨਕੋਡ ਕੀਤਾ ਜਾਵੇ, ਪਰ ਇਸ ਗਿਆਨ ਨੂੰ ਮਜ਼ਬੂਤੀ ਦੇਣ ਲਈ ਇਸ ਵਿਚ ਨਿਓਕੋਰਟੀਕਲ ਸਿਸਟਮ ਦੀ ਸ਼ਮੂਲੀਅਤ ਕੀਤੀ ਜਾ ਸਕਦੀ ਹੈ। ਇਹ ਸ਼ਬਦ ਯਾਦ ਕਰਨ ਤੋਂ ਬਾਅਦ, ਇਸ ਸਬੰਧੀ ਪੈਟਰਨ ਖੋਜ ਕਰਕੇ, ਅਤੇ ਸਿਰਜਣਾਤਮਕ ਤੌਰ 'ਤੇ ਮੁਸ਼ਕਲਾਂ ਦਾ ਹੱਲ ਕਰਨ ਲਈ ਇਨ੍ਹਾਂ ਸ਼ਬਦਾਂ ਨੂੰ ਹੋਰ ਵਿਚਾਰਾਂ ਨਾਲ ਜੋੜਿਆ ਜਾ ਸਕਦਾ ਹੈ।ਹਿੱਪੋਕੈਂਪਸ ਅਤੇ ਨਿਓਕੋਰਟੈਕਸ ਵਿਚਾਲੇ ਜਿਹੜੇ ਰਸਤੇ ਰਾਹੀਂ ਜਾਣਕਾਰੀ ਗੁਜ਼ਰਦੀ ਹੈ, ਉਸ ਵਿੱਚ ਬਹੁਤ ਸਾਰੇ ਸਲੀਪ ਸਪਿੰਡਲਜ਼ ਹੁੰਦੇ ਹਨ। ਦਿਮਾਗ ਦੀ ਗਤੀਵਿਧੀ ਵਿੱਚ ਇਹ ਉਹ ਸਪਾਈਕਸ ਹਨ ਜੋ ਤਿੰਨ ਸਕਿੰਟਾਂ ਤੋਂ ਵੱਧ ਨਹੀਂ ਹੁੰਦੇ।ਤਮੀਨੇਨ ਮੁਤਾਬਕ, "ਸਲੀਪ ਸਪਿੰਡਲਜ਼ ਦਾ ਸਬੰਧ ਨਵੀਂ ਜਾਣਕਾਰੀ ਨੂੰ ਦਿਮਾਗ ਵਿਚ ਪਹਿਲਾਂ ਤੋਂ ਮੌਜੂਦ ਜਾਣਕਾਰੀ ਨਾਲ ਜੋੜਨ ਦੇ ਨਾਲ ਹੈ।" ਉਨ੍ਹਾਂ ਦੀ ਖੋਜ ਵਿਚ ਭਾਗ ਲੈਣ ਵਾਲਿਆਂ ਤੋਂ ਸਾਹਮਣੇ ਆਏ ਅੰਕੜੇ ਇਹ ਦਰਸਾਉਂਦੇ ਹਨ ਕਿ ਜ਼ਿਆਦਾ ਸਲੀਪ ਸਪਿੰਡਲਜ਼ ਦੇ ਨਾਲ ਯਾਦ ਕੀਤੇ ਗਏ ਸ਼ਬਦਾਂ ਨੂੰ ਜ਼ਿਆਦਾ ਮਜ਼ਬੂਤੀ ਹਾਸਲ ਹੋਈ।ਹਾਲਾਂਕਿ ਤਮੀਨੇਨ ਸਲੋ-ਵੇਵ ਸਲੀਪ ਵੱਲ ਧਿਆਨ ਕੇਂਦਰਿਤ ਕਰਦੇ ਹਨ, ਪਰ ਇੱਕ ਹੋਰ ਵੀ ਥਿਊਰੀ ਹੈ ਜਿਸ ਮੁਤਾਬਕ ਭਾਸ਼ਾ ਦੇ ਵਿਕਾਸ ਵਿਚ ਆਰਈਐਮ ਸਲੀਪ ਦਾ ਵੀ ਯੋਗਦਾਨ ਰਹਿੰਦਾ ਹੈ, ਜੋ ਕਿ ਸਲੀਪ ਸਾਈਕਲ ਦੇ ਇਸ ਹਿੱਸੇ ਦੌਰਾਨ ਆਉਣ ਵਾਲੇ ਸੁਪਨਿਆਂ ਰਾਹੀਂ ਹੁੰਦਾ ਹੈ। ਕੈਨੇਡਾ ਦੀ ਯੂਨੀਵਰਸਿਟੀ ਆਫ ਓਟਵਾ ਵਿੱਚ ਨੀਂਦ ਅਤੇ ਸੁਪਨਿਆਂ ਸਬੰਧੀ ਲੈਬ 'ਚ ਕੀਤੀ ਗਈ ਖੋਜ ਤੋਂ ਸਾਹਮਣੇ ਆਇਆ ਹੈ ਕਿ ਫ਼ਰੈਂਚ ਵਿੱਚ ਸੁਪਨੇ ਲੈਣ ਵਾਲੇ ਅੰਡਰਗ੍ਰੈਜੁਏਟਸ ਦੇ ਦਿਮਾਗ, ਸਿੱਖੀ ਜਾ ਰਹੀ ਭਾਸ਼ਾ ਦੇ ਨਾਲ ਨਵੇਂ ਕੁਨੈਕਸ਼ਨ ਸਥਾਪਤ ਕਰਨ ਵਿੱਚ ਸਮਰਥ ਸਨ।ਆਖਰਕਾਰ ਸੁਪਨੇ, ਦਿਨ ਵਿੱਚ ਵਾਪਰੀਆਂ ਘਟਨਾਵਾਂ ਦੇ ਮਹਿਜ਼ ਰੀਪਲੇਅ ਹੀ ਨਹੀਂ ਹੁੰਦੇ। ਖੋਜ ਰਾਹੀਂ ਇਹ ਵੀ ਦੱਸਿਆ ਗਿਆ ਹੈ ਕਿ ਦਿਮਾਗ ਦੇ ਉਹ ਖੇਤਰ ਜੋ ਲੌਜਿਕ ਦੇਖਦੇ ਹਨ (ਫ਼ਰੰਟਲ ਲੌਬ), ਜੋ ਭਾਵਨਾਵਾਂ ਵੱਲ ਦੇਖਦੇ ਹਨ (ਐਮੀਗਡਾਲਾ), ਨੀਂਦ ਦੌਰਾਨ ਇਹ ਆਪਸ ਵਿੱਚ ਵੱਖ-ਵੱਖ ਤਰੀਕੇ ਨਾਲ ਕੰਮ ਕਰਦੇ ਹਨ।ਇਸ ਨਾਲ ਇਨ੍ਹਾਂ ਕਲਪਨਾਤਮਿਕ ਨਵੇਂ ਕਨੈਕਸ਼ਨਾਂ ਨੂੰ ਵਾਪਰਨ ਦੀ ਇਜਾਜ਼ਤ ਮਿਲਦੀ ਹੈ। ਉਹ ਵਿਦਿਆਰਥੀ ਜੋ ਕਿ ਡੂੰਘਾਈ ਨਾਲ ਦੂਜੀ ਭਾਸ਼ਾ ਸਿੱਖ ਰਹੇ ਹੋਣ ਉਨ੍ਹਾਂ ਨੂੰ ਆਰਈਐਮ ਸਲੀਪ ਜ਼ਿਆਦਾ ਮਿਲਦੀ ਹੈ। ਇਸ ਨਾਲ ਵਿਦਿਆਰਥੀਆਂ ਨੂੰ ਨੀਂਦ ਦੌਰਾਨ, ਸਿੱਖੀਆਂ ਗਈ ਚੀਜ਼ਾਂ ਨੂੰ ਆਪਸ ਵਿਚ ਜੋੜਨ ਲਈ ਜ਼ਿਆਦਾ ਸਮਾਂ ਮਿਲਦਾ ਹੈ, ਜਿਸ ਨਾਲ ਅਗਲੇ ਦਿਨ ਇਸ ਦੇ ਚੰਗੇ ਨਤੀਜੇ ਹਾਸਤ ਹੁੰਦੇ ਹਨ।

# ਅਫਗਾਨਿਸਤਾਨ ਚੋਣਾਂ : ਲੱਖਾਂ ਵੋਟਰਾਂ ਨੇ ਬੁਲੇਟ ਨੂੰ ਦਿਖਾਈ ਬੈਲੇਟ ਦੀ ਤਾਕਤ



ਅਫਗਾਨਿਸਤਾਨ ਵਿੱਚ ਲੰਬੇ ਸਮੇਂ ਬਾਅਦ ਹੋਈਆਂ ਸੰਸਦੀ ਚੋਣਾਂ ਵਿੱਚ ਲੱਖਾਂ ਲੋਕਾਂ ਨੇ ਜਾਨਲੇਵਾ ਹਮਲਿਆਂ ਦੇ ਬਾਵਜੂਦ ਆਪਣੇ ਜਮਹੂਰੀ ਹੱਕਾਂ ਦੀ ਵਰਤੋਂ ਕੀਤੀ।ਪੂਰੇ ਮੁਲਕ ਵਿੱਚ ਕਈ ਪੋਲਿੰਗ ਸਟੇਸ਼ਨਾਂ ਨੂੰ ਨਿਸ਼ਾਨਾ ਬਣਾਇਆ ਗਿਆ ਜਿਸ ਵਿੱਚ ਦਰਜਨਾਂ ਲੋਕਾਂ ਦੀ ਜਾਨ ਗਈ ਅਤੇ ਕਈ ਜ਼ਖਮੀ ਹੋਏ।250 ਸੀਟਾਂ ਲਈ ਔਰਤਾਂ ਸਮੇਤ 2,500 ਤੋਂ ਵੱਧ ਉਮੀਦਵਾਰ ਮੈਦਾਨ ਵਿੱਚ ਸਨ।

## ਹਿੰਸਾ ਦਾ ਪੱਧਰ ਕੀ ਰਿਹਾ ?

ਪੋਲਿੰਗ ਸਟੇਸ਼ਨਾਂ ਉੱਤੇ ਹਿੰਸਾ ਅਤੇ ਹਮਲਿਆਂ ਦੀਆਂ ਦਰਜਨਾਂ ਘਟਨਾਵਾਂ ਸਾਹਮਣੇ ਆਈਆਂ ਜਿਨ੍ਹਾਂ ਵਿੱਚ ਕਈ ਮੌਤਾਂ ਹੋਈਆਂ।ਕਾਬੁਲ ਵਿੱਚ ਆਤਮਘਾਤੀ ਹਮਲੇ ਵਿੱਚ 15 ਲੋਕਾਂ ਦੀ ਮੌਤ ਹੋ ਗਈ। ਖ਼ਬਰ ਏਜੰਸੀ ਏਐਫਲਪੀ ਮੁਤਾਬਕ ਕਾਬੁਲ ਵਿੱਚ ਹੀ ਇੱਕ ਹੋਰ ਘਟਨਾ ਵਿੱਚ ਤਿੰਨ ਲੋਕ ਹਲਾਕ ਹੋ ਗਏ 30 ਲੋਕ ਜ਼ਖਮੀ ਹੋ ਗਏ।ਖ਼ਬਰ ਏਜੰਸੀ ਐਸੋਸੀਏਟਡ ਪ੍ਰੈੱਸ ਮੁਤਾਬਕ ਰਾਜਧਾਨੀ ਦੇ ਉੱਤਰੀ-ਦੱਖਣੀ ਇਲਾਕੇ ਵਿੱਚ ਬੰਬ ਨੂੰ ਨਾਕਾਮ ਕਰਦੇ ਹੋਏ ਦੋ ਪੁਲਿਸ ਵਾਲੇ ਵੀ ਜ਼ਖਮੀ ਹੋ ਗਏ। ਕੁੰਦੂਜ਼ ਸ਼ਹਿਰ ਵਿੱਚ ਤਿੰਨ ਲੋਕਾਂ ਦੀ ਮੌਤ ਹੋਈ ਅਤੇ 50 ਲੋਕ ਜ਼ਖਮੀ ਹੋ ਗਏ।ਰੱਖਿਆ ਮੰਤਰੀ ਮੁਤਾਬਕ ਚੋਣਾਂ ਸ਼ਾਂਤਮਈ ਤਰੀਕੇ ਨਾਲ ਕਰਵਾਉਣ ਲਈ 70, 000 ਸੁਰੱਖਿਆ ਮੁਲਾਜ਼ਮਾਂ ਦੀ ਤਾਇਨਾਤੀ ਕੀਤੀ ਗਈ ਸੀ।

## 'ਅਸੀਂ ਤਾਲਿਬਾਨ ਨੂੰ ਜਿੱਤਣ ਨਹੀਂ ਦੇਵਾਂਗੇ'



ਅਫ਼ਗਾਨਿਸਤਾਨ ਵਿੱਚ ਚੋਣਾਂ ਵੇਲੇ ਵੋਟਾਂ ਪਾਉਣਾ ਬਹਾਦਰੀ ਦਾ ਕੰਮ ਹੈ। ਅਸੀਂ ਉਨ੍ਹਾਂ ਪੋਲਿੰਗ ਸਟੇਸ਼ਨਾਂ ਉੱਤੇ ਗਏ ਜਿੱਥੇ ਅਸੀਂ 2014 ਵਿੱਚ ਗਏ ਸੀ। ਇਨ੍ਹਾਂ ਪੋਲਿੰਗ ਸਟੇਸ਼ਨਾਂ ਉੱਤੇ ਇਸ ਵਾਰ ਜ਼ਿਆਦਾ ਭੀੜ ਸੀ, ਲਾਈਨਾਂ ਹੋਰ ਵੀ ਲੰਬੀਆਂ ਸਨ।ਵੋਟ ਦੇਣ ਆਈਆਂ ਔਰਤਾਂ ਵਿੱਚ ਉਤਸਾਹ ਹੋਰ ਵੀ ਜ਼ਿਆਦਾ ਦੇਖਣ ਨੂੰ ਮਿਲਿਆ। ਕਈ ਅਫਗਾਨਾਂਕਾਂ ਨੇ ਦੱਸਿਆ, "ਅਸੀਂ ਤਾਲਿਬਾਨ ਨੂੰ ਜਿੱਤਣ ਨਹੀਂ ਦੇਵਾਂਗੇ।" ਇਹ ਚੋਣਾਂ ਮਹੱਤਵਪੂਰਨ ਕਿਉਂ ਹਨ ? ਅਫਗਾਨਿਸਤਾਨ ਵਿੱਚ ਜ਼ਿਆਦਾਤਰ ਲੋਕ ਚੰਗੀ ਜ਼ਿੰਦਗੀ, ਰੁਜ਼ਗਾਰ, ਸਿੱਖਿਆ ਅਤੇ ਤਾਲੀਬਾਨ ਨਾਲ ਜੰਗ ਖ਼ਤਮ ਹੋਣ ਦੇ ਹਾਮੀ ਹਨ।ਇਨ੍ਹਾਂ ਚੋਣਾਂ ਵਿੱਚ ਬਹੁਤੇ ਉਮੀਦਵਾਰ ਨੌਜਵਾਨ ਅਤੇ ਪੜ੍ਹੇ ਲਿਖੇ ਹਨ। ਉਥਲ-ਪੁਥਲ ਵਾਲੇ ਇਸ ਮੁਲਕ ਵਿੱਚ ਉਹ ਬਦਲਾਅ ਲਿਆਉਣ ਦੀ ਗੱਲ ਕਰ ਰਹੇ ਹਨ।ਹਾਲਾਂਕਿ ਚੋਣਾਂ ਪੰਜ ਸਾਲ ਪੂਰੇ ਹੋਣ 'ਤੇ ਸਾਲ 2015 ਵਿੱਚ ਹੀ ਹੋ ਜਾਣੀਆਂ ਚਾਹੀਦੀਆਂ ਸਨ। ਪਰ 2014 ਵਿੱਚ ਹੋਈਆਂ ਰਾਸ਼ਟਰਪਤੀ ਚੋਣਾਂ ਵਿੱਚ ਹੋਏ ਵਿਵਾਦ ਕਾਰਨ ਮੁਲਕ ਵਿੱਚ ਅੰਦਰੂਨੀ ਜੰਗ ਛਿੜ ਗਈ।

ਅਫਗਾਨਿਸਤਾਨ ਵਿੱਚ ਅਸਲ ਤਾਕਤ ਤਾਂ ਰਾਸ਼ਟਰਪਤੀ ਦੇ ਹੱਥਾਂ ਵਿੱਚ ਹੀ ਹੁੰਦੀ ਹੈ। ਇਨ੍ਹਾਂ ਚੋਣਾਂ ਨੂੰ ਅਪਰੈਲ 2019 ਵਿੱਚ ਹੋਣ ਵਾਲੀਆਂ ਰਾਸ਼ਟਰਪਤੀ ਦੀਆਂ ਚੋਣਾਂ ਲਈ ਇਮਤਿਹਾਨ ਦੇ ਤੌਰ 'ਤੇ ਦੇਖਿਆ ਜਾ ਰਿਹਾ ਹੈ।

# ਅ.ਫਗਾਨ ਸੰਸਦ 'ਚ ਨਰਿੰਦਰ ਸਿੰਘ ਖਾਲਸਾ ਵੱਲੋਂ ਹਿੰਦੂਆਂ ਤੇ ਸਿੱਖਾਂ ਦੀ ਨੁਮਾਇੰਦਗੀ

ਅਫ਼ਗਾਨਿਸਤਾਨ ਵਿੱਚ ਸੰਸਦੀ ਚੋਣਾਂ ਵਿੱਚ ਵੋਟਰਾਂ ਨੇ ਕੱਟੜਪੰਥੀਆਂ ਦੇ ਵੋਟਾਂ ਵਿੱਚ ਵਿਘਨ ਪਾਉਣ ਦੇ ਸਾਰੇ ਹਿੰਸਕ ਮਨਸੂਬਿਆਂ ਉੱਪਰ ਪਾਣੀ ਫੇਰਦਿਆਂ ਵੱਧ-ਚੜ੍ਹ ਕੇ ਆਪਣੇ ਜ਼ਮਹੂਰੀ ਹੱਕ ਦੀ ਵਰਤੋਂ ਕੀਤੀ।ਸੰਸਦੀ ਚੋਣਾਂ ਲਈ ਵੋਟਾਂ ਸਨਿੱਚਰਵਾਰ ਸਵੇਰੇ ਸ਼ੁਰੂ ਹੋਈਆਂ ਜਦਕਿ ਕੁਝ ਹਿੰਸਕ ਖੇਤਰਾਂ ਵਿੱਚ ਵੋਟਾਂ ਦੀ ਪ੍ਰਕਿਰਿਆ ਦੋ ਘੰਟੇ ਦੇਰੀ ਨਾਲ ਸ਼ੁਰੂ ਹੋਈ ਸੀ ਹਾਲਾਂਕਿ ਪਿਛਲੇ ਦਿਨੀਂ ਕਾਬੁਲ ਵਿੱਚ ਖ਼ੁਦਕੁਸ਼ ਹਮਲਾ ਹੋਇਆ ਜਿਸ ਵਿੱਚ 15 ਤੋਂ ਵੱਧ ਮੌਤਾਂ ਹੋਈਆਂ ਸਨ। ਅਫ਼ਗਾਨਿਸਤਾਨ ਦੇ ਚੋਣ ਕਮਿਸ਼ਨ ਵੱਲੋਂ ਜਾਰੀ ਅੰਕੜਿਆਂ ਮੁਤਾਬਕ 80 ਲੱਖ ਵੋਟਰਾਂ ਨੇ ਆਪਣੀ ਰਜਿਸਟਰੇਸ਼ਨ ਕਰਵਾਈ ਹੈ।ਹਿੰਸਾ ਦੇ ਵਿਰੁੱਧ ਲੋਕ-ਫ਼ਤਵਾ ਕੱਟੜਪੰਥੀ ਸੰਗਠਨਾਂ ਤਾਲਿਬਾਨ ਅਤੇ ਇਸਲਾਮਿਕ ਸਟੇਟ ਨੇ ਚੋਣਾਂ ਤੋਂ ਪਹਿਲਾਂ ਹੋਏ ਵੱਖੋ-ਵੱਖ ਹਮਲਿਆਂ ਦੀ ਜ਼ਿੰਮੇਵਾਰੀ ਕਬੂਲੀ ਹੈ। ਇਸ ਤੋਂ ਪਹਿਲਾਂ ਅਪ੍ਰੈਲ ਵਿੱਚ ਚੋਣਾਂ ਦੇ ਐਲਾਨ ਤੋਂ ਬਾਅਦ ਵੱਖੋ-ਵੱਖ ਵੋਟਰ ਰਜਿਸਟਰੇਸ਼ਨ ਕੇਂਦਰਾਂ ਉੱਪਰ ਹੋਏ ਹਮਲਿਆਂ ਵਿੱਚ ਲਗਭਗ 60 ਲੋਕਾਂ ਦੀ ਜਾਨ ਜਾਣ ਗਈ।ਵੱਖ-ਵੱਖ ਹਮਲਿਆਂ ਵਿੱਚ 10 ਉਮੀਦਵਾਰਾਂ ਦੇ ਵੀ ਮਾਰੇ ਜਾਣ ਦੀਆਂ ਖ਼ਬਰਾਂ ਹਨ।



## ਤਾਲਿਬਾਨ ਦੇ ਪਤਨ ਤੋਂ ਬਾਅਦ ਤੀਸਰੀ ਆਮ ਚੋਣ

ਸਾਲ 2001 ਵਿੱਚ ਤਾਲਿਬਾਨ ਦੇ ਪਤਨ ਤੋਂ ਬਾਅਦ ਇਹ ਦੇਸ ਵਿੱਚ ਤੀਸਰੀਆਂ ਆਮ ਚੋਣਾਂ ਹਨ ਜੋ ਕਿ ਮਿੱਥੇ ਸਮੇਂ ਤੋਂ ਤਿੰਨ ਸਾਲ ਪਛੜ ਕੇ ਹੋ ਰਹੀਆਂ ਹਨ 2014 ਦੀਆਂ ਰਾਸ਼ਟਰਪਤੀ ਚੋਣਾਂ ਸਮੇਂ ਹੋਈ ਧਾਂਦਲੀ ਤੋਂ ਬਾਅਦ ਪੈਦਾ ਹੋਏ ਤਣਾਅ ਕਰਕੇ ਦੇਸ ਵਿੱਚ ਖਾਨਾ ਜੰਗੀ ਛਿੜ ਪਈ ਜਿਸ ਕਾਰਨ ਚੋਣਾਂ ਟਲਦੀਆਂ ਰਹੀਆਂ। ਇਨ੍ਹਾਂ ਚੋਣਾਂ ਵਿੱਚ ਵੋਟਰ ਦੇਸ ਵਿੱਚ ਬਿਹਤਰ ਜ਼ਿੰਦਗੀ, ਨੌਕਰੀਆਂ, ਸਿੱਖਿਆ ਅਤੇ ਤਾਲਿਬਾਨ ਨਾਲ ਲੜਾਈ ਦੇ ਖਾਤਮੇ ਦੀ ਉਮੀਦ ਨਾਲ ਵੋਟ ਕਰ ਰਹੇ ਹਨ। ਤਾਲਿਬਾਨ ਅਤੇ ਇਸਲਾਮਿਕ ਸਟੇਟ ਨੇ ਲੋਕਾਂ ਨੂੰ ਵਰਤਮਾਨ ਚੋਣਾਂ ਦੇ ਬਾਈਕਾਟ ਲਈ ਅਪੀਲ ਕੀਤੀ ਸੀ ਜੋ ਕਿ ਸਪਸ਼ਟ ਤੌਰ 'ਤੇ ਖਾਰਜ ਨਜ਼ਰ ਆਈ।

## ਇਨ੍ਹਾਂ ਚੋਣਾਂ ਦੀ ਕੀ ਖ਼ਾਸੀਅਤ ਹੈ ?

40 ਤੋਂ ਵਧੇਰੇ ਸੀਟਾਂ ਔਰਤਾਂ ਲਈ ਰਾਖਵੀਆਂ ਹਨ। ਇਸ ਵਾਰ ਦੀਆਂ ਚੋਣਾਂ ਵਿੱਚ ਮਰਦ ਉਮੀਦਵਾਰਾਂ ਦੇ ਮੁਕਾਬਲੇ ਵਧੇਰੇ ਵੋਟਾਂ ਹਾਸਲ ਕਰਨ ਵਾਲੀਆਂ ਔਰਤਾਂ ਵੀ ਸੰਸਦ ਵਿੱਚ ਆ ਸਕਣਗੀਆਂ।ਇਸ ਸਾਲ ਦੀਆਂ ਚੋਣਾਂ ਵਿੱਚ ਪਹਿਲੀ ਵਾਰ ਵੋਟਰਾਂ ਦੀ ਪਹਿਚਾਣ ਸਥਾਪਿਤ ਕਰਨ ਲਈ ਬਾਇਓਮੀਟਰਿਕ ਤਕਨੀਕ ਦੀ ਵਰਤੋਂ ਕੀਤੀ ਜਾ ਰਹੀ ਹੈ।ਇਹ ਚੋਣਾਂ ਦੇਸ ਦੇ ਚੋਣ ਕਮਿਸ਼ਨ, ਸੁਰੱਖਿਆ ਦਸਤਿਆਂ ਅਤੇ ਪੁਲਿਸ ਲਈ ਵੀ ਇਮਤਿਹਾਨ ਦੀ ਘੜੀ ਹੈ। ਇਨ੍ਹਾਂ ਚੋਣਾਂ ਨੂੰ 2019 ਵਿੱਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਦੀ ਰਿਹਰਸਲ ਵਜੋਂ ਵੀ ਦੇਖਿਆ ਜਾ ਰਿਹਾ ਹੈ।ਸਾਲ 2014 ਵਿੱਚ ਨਾਟੋ ਫੌਜਾਂ ਦੇ ਦੇਸ ਛੱਡਣ ਤੋਂ ਬਾਅਦ ਇਹ ਪਹਿਲੀਆਂ ਚੋਣਾਂ ਹਨ ਜੋ ਅਫਗਾਨ ਮਸ਼ਿਨਰੀ ਆਪਣੇ ਦਮ 'ਤੇ ਕਰਵਾ ਰਹੀ ਹੈ।ਇਸ ਵਾਰ ਦੀਆਂ ਚੋਣਾਂ ਵਿੱਚ ਕਈ ਨਵੇਂ ਪੜ੍ਹੇ-ਲਿਖੇ ਚਿਹਰੇ ਵੀ ਮੈਦਾਨ ਵਿੱਚ ਹਨ, ਜਿਨ੍ਹਾਂ ਵਿੱਚ ਬਹੁਤੇ ਸਾਬਕਾ ਪੱਤਰਕਾਰ, ਉਦਮੀਂ ਅਤੇ ਸਾਬਕਾ ਸਰਕਾਰੀ ਮੁਲਾਜ਼ਮ ਸ਼ਾਮਲ ਹਨ

## ਘੱਟ-ਗਿਣਤੀ ਹਿੰਦੂਆਂ ਤੇ ਸਿੱਖਾਂ ਦੀ ਇਤਿਹਾਸਕ ਨੁਮਾਇੰਦਗੀ

ਇਸ ਵਾਰ ਅਫ਼ਗਾਨਿਸਤਾਨ ਦੇ ਖ਼ੁਟਾ ਵਿੱਚ ਘੱਟ ਗਿਣਤੀ ਹਿੰਦੂਆਂ ਅਤੇ ਸਿੱਖਾਂ ਲਈ ਵੀ ਇੱਕ ਸੀਟ ਰਾਖਵੀਂ ਰੱਖੀ ਗਈ ਹੈ ਜੋ ਕਿ ਇੱਕ ਨਵੀਂ ਗੱਲ ਹੈ।ਹਿੰਦੂ ਅਤੇ ਸਿੱਖ ਅਫ਼ਗਾਨਿਸਤਾਨ ਵਿੱਚ ਧਾਰਮਿਕ ਘੱਟ ਗਿਣਤੀ ਹਨ ਅਤੇ ਦੋਵੇਂ ਭਾਈਚਾਰੇ ਸਾਂਝੇ ਰੂਪ ਵਿੱਚ ਆਪਣਾ ਨੁਮਾਇੰਦਾ ਦੀ ਸੰਸਦ ਵਿੱਚ ਭੇਜ ਸਕਦੇ ਹਨ। ਆਮ ਚੋਣਾਂ ਲਈ ਨਰਿੰਦਰ ਸਿੰਘ ਖਾਲਸਾ ਬਿਨਾਂ ਮੁਕਾਬਲਾ ਇਸ ਨੁਮਾਇੰਦਗੀ ਲਈ ਚੁਣੇ ਗਏ ਹਨ।ਨਰਿੰਦਰ ਸਿੰਘ ਪੇਸ਼ੇ ਵਜੋਂ ਵਪਾਰੀ ਹਨ ਅਤੇ ਸਿਆਸੀ ਤਜਰਬੇ ਤੋਂ ਕੋਰੇ ਹਨ ਪਰ ਕੁਝ ਦਿਨਾਂ ਵਿੱਚ ਹੀ ਅਫਗਾਨ ਸੰਸਦ ਦੇ ਮੈਂਬਰ ਬਣ ਜਾਣਗੇ। ਉਹ ਮਰਹੂਮ ਸਿੱਖ ਲੀਡਰ ਅਵਤਾਰ ਸਿੰਘ ਖਾਲਸਾ ਦੇ ਵੱਡੇ ਪੁੱਤਰ ਹਨ।

ਅਫ਼ਗਾਨਿਸਤਾਨ ਦਾ ਸੰਸਦੀ ਢਾਂਚਾ

ਹੇਠਲੇ ਸਦਨ ਦੀਆਂ 250 ਸੀਟਾਂ ਹਨ। ਚੋਣਾਂ ਵਿੱਚ ਕੁੱਲ 2500 ਉਮੀਦਵਾਰ ਮੈਦਾਨ ਵਿੱਚ ਹਨ। ਇਸ ਹਿਸਾਬ ਨਾਲ ਹਰ ਸੀਟ ਲਈ ਔਸਤ 10 ਉਮੀਦਵਾਰ ਮੈਦਾਨ ਵਿੱਚ ਹਨ।ਕਾਬੁਲ ਵਿੱਚ 33 ਸੀਟਾਂ ਲਈ 800 ਤੋਂ ਵਧੇਰੇ ਉਮੀਦਵਾਰ ਹਨ ਜਿਸ ਕਰਕੇ ਇੱਥੇ ਦੀ ਵੋਟ ਪਰਚੀ ਨਿਸ਼ਚਿਤ ਹੀ ਸਭ ਤੋਂ ਵੱਡੀ ਸੀ।ਇਸ ਦੀ ਵੱਡੀ ਵਜ੍ਹਾ ਜੰਗ ਦਾ ਝੰਬਿਆ ਬੁਨਿਆਦੀ ਢਾਂਚਾ ਹੈ ਜਿਸ ਕਰਕੇ ਵੋਟ ਪੇਟੀਆਂ ਦੀ ਢੋਆ-ਢੁਆਈ ਵਿੱਚ ਕਾਫ਼ੀ ਦਿੱਕਤਾਂ ਆਉਂਦੀਆਂ ਹਨ।ਇਸ ਤੋਂ ਬਾਅਦ ਗਿਣਤੀ ਦੇ ਵੀ ਤਿੰਨ ਪੜਾਅ ਹਨ- ਮੁਢਲਾ, ਪ੍ਰਿਲਿਮਨਰੀ ਅਤੇ ਫਾਈਨਲ ਨਤੀਜੇ।

ਪਹਿਲਾਂ ਵੋਟਿੰਗ ਕੇਂਦਰਾਂ 'ਤੇ ਗਿਣਤੀ ਕੀਤੀ ਜਾਂਦੀ ਹੈ ਅਤੇ ਨਤੀਜੇ ਸਭ ਤੋਂ ਵਧੇਰੇ ਵੋਟਾਂ ਹਾਸਲ ਕਰਨ ਵਾਲੇ ਉਮੀਦਵਾਰ ਕੋਲ ਭੇਜੇ ਜਾਂਦੇ ਹਨ। ਅਖ਼ੀਰ ਵਿੱਚ ਮਤ-ਪੇਟੀਆਂ ਨੂੰ ਸੀਲ ਕਰਕੇ ਚੋਣ ਕਮਿਸ਼ਨ ਦੇ ਮੁੱਖ ਦਫ਼ਤਰ ਕਾਬੁਲ ਭੇਜੀਆਂ ਜਾਂਦੀਆਂ ਹਨ ਜਿੱਥੇ ਵੋਟਾਂ ਦੀ ਮੁੜ ਗਿਣਤੀ ਕੀਤੀ ਜਾਂਦੀ ਹੈ ਮੁਢਲੇ ਨਤੀਜੇ 10 ਨਵੰਬਰ ਨੂੰ ਆਉਣ ਦੀ ਸੰਭਾਵਾਨਾ ਹੈ ਜਦ ਕਿ ਫਾਈਨਲ ਨਤੀਜੇ 20 ਦਸੰਬਰ ਨੂੰ ਆਉਣ ਦੀ ਉਮੀਦ ਹੈ।





## ਔਰਤਾਂ ਦੀ ਜ਼ਮੀਨੀ ਹਾਲਤ ਕਿਹੋ-ਜਿਹੀ ਹੈ ?

ਭਾਵੇਂ ਕਿ ਕੌਮਾਂਤਰੀ ਮੀਡੀਆ ਵਿੱਚ ਇਹ ਅਕਸਰ ਆਉਂਦਾ ਹੈ ਕਿ ਤਾਲਿਬਾਨ ਦੇ ਪ੍ਰਭਾਵ ਕਰਕੇ ਅਫ਼ਗਾਨਿਸਤਾਨ ਵਿੱਚ ਔਰਤਾਂ ਦੀ ਹਾਲਤ ਖਰਾਬ ਹੈ ਪਰ ਜ਼ਮੀਨੀ ਸਚਾਈ ਇਸ ਤੋਂ ਉਲਟ ਹੈ।ਔਰਤਾਂ ਦੇ ਹਾਲਾਤ ਪਹਿਲਾਂ ਨਾਲੋਂ ਸੁਧਰੇ ਹਨ। ਦੱਖਣ-ਏਸ਼ੀਆਈ ਖਿੱਤੇ ਵਿੱਚ ਦੇਖੀਏ ਤਾਂ ਇੰਨੀਆਂ ਸੰਸਦ ਮੈਂਬਰ ਨਾ ਤਾਂ ਪਾਕਿਸਤਾਨ ਵਿੱਚ ਹਨ ਅਤੇ ਨਾ ਹੀ ਤਜ਼ਾਕਿਸਤਾਨ, ਉਜ਼ਬੇਕਿਸਤਾਨ ਅਤੇ ਕਜ਼ਾਕਿਸਤਾਨ ਵਿੱਚ ਹਨ।ਜਦਕਿ ਅਫ਼ਗਾਨਿਸਤਾਨ ਵਿੱਚ ਕਈ ਔਰਤਾਂ ਵਜ਼ੀਰ ਕਈ ਸਫ਼ਾਰਤਖ਼ਾਨਿਆਂ ਵਿੱਚ ਸਫੀਰ ਹਨ। ਔਰਤਾਂ ਕਈ ਵਿਭਾਗਾਂ ਵਿੱਚ ਜਿੰਮੇਵਾਰ ਅਹੁਦਿਆਂ ਉੱਪਰ ਕੰਮ ਕਰਦੀਆਂ ਹਨ। ਉਨ੍ਹਾਂ ਲਈ ਕਈ ਭਲਾਈ ਸਕੀਮਾਂ ਅਤੇ ਸਹੂਲਤਾਂ ਹਨ।ਔਰਤਾਂ ਦਾ ਸਿਆਸਤ ਵਿੱਚ ਭਰਵਾਂ ਯੋਗਦਾਨ ਹੈ। ਮਿਸਾਲ ਵਜੋਂ ਬਲਖ਼ ਸੂਬੇ ਵਿੱਚ (ਜਿੱਥੋਂ ਮੈਂ ਬੋਲ ਰਿਹਾ ਹਾਂ) ਵਿੱਚ ਲਗਪਗ ਦੋ ਲੱਖ ਔਰਤਾਂ ਨੇ ਵੋਟਰ ਵਜੋਂ ਰਜਿਸਟਰੇਸ਼ਨ ਕਰਵਾਈ ਹੈ।ਇਸ ਪ੍ਰਕਾਰ ਅਫ਼ਗਾਨਿਸਤਾਨ ਵਿੱਚ ਔਰਤਾਂ ਉੱਪਰ ਕਿਸੇ ਕਿਸਮ ਦੀ ਪਾਬੰਦੀ ਨਹੀਂ ਹੈ ਪਰ ਸੁਰੱਖਿਆ ਕਾਰਨਾਂ ਕਰਕੇ ਕਈ ਖੇਤਰਾਂ ਵਿੱਚ ਹਿੱਸੇਦਾਰੀ ਦੀ ਕਮੀ ਰੜਕਦੀ ਹੈ।

# ਕੀ ਗਰਭ ਦੌਰਾਨ ਮੇਕਅੱਪ ਕਰਨਾ ਖ਼ਤਰਨਾਕ ਹੈ ?



ਵਾਸ਼ਿੰਗਟਨ ਦੇ ਡਾਕਟਰ ਜ਼ਵਰਲਿੰਗ ਦੀ ਖੋਜ ਅਨੁਸਾਰ ਕੁੱਝ ਵਨਸਪਤੀ ਤੋਂ ਬਣੇ ਜਾਂ ਆਰਗੈਨਿਕ/ਨੈਚੂਰਲ/ਜੜ੍ਹੀਆਂ-ਬੂਟੀਆਂ ਤੋਂ ਬਣੀਆਂ ਮੇਕਅੱਪ ਦੀਆਂ ਚੀਜ਼ਾਂ ਵੀ ਗਰਭ ਦੌਰਾਨ ਤਗੜੀ ਐਲਰਜੀ ਕਰ ਸਕਦੀਆਂ ਹਨ ਪਰ ਆਇਰਨ ਆਕਸਾਈਡ ਵਰਤਿਆ ਜਾ ਸਕਦਾ ਹੈ। ਇਹ ਖੋਜ ਬੜੀ ਅਜੀਬ ਸੀ। ਇਸੇ ਲਈ ਗਰਭ ਦੌਰਾਨ ਮੇਕਅੱਪ ਬਾਰੇ ਕਾਫ਼ੀ ਹੋਰ ਵੀ ਖੋਜਾਂ ਹੋਣੀਆਂ ਸ਼ੁਰੂ ਹੋਈਆਂ। ਦੁਨੀਆ ਭਰ ਵਿੱਚ ਜੱਚਾ ਲਈ ਟੈਟੂ ਬਣਾਉਣੇ ਸਖ਼ਤੀ ਨਾਲ ਰੋਕੇ ਗਏ ਹਨ ਕਿਉਂਕਿ ਸੂਈ ਰਾਹੀਂ ਸਰੀਰ ਅੰਦਰ ਜਾਂਦੀ ਬਿਮਾਰੀ ਗਰਭ ਵਿੱਚ ਪਲ ਰਹੇ ਬੱਚੇ ਨੂੰ ਵੀ ਲੱਗ ਜਾਂਦੀ ਹੈ।

ਖੋਜਾਂ ਰਾਹੀਂ ਸਾਬਤ ਹੋਏ ਤੱਥਾਂ ਅਨੁਸਾਰ ਕੁੱਝ ਮੇਕਅੱਪ ਵਾਲੀਆਂ ਚੀਜ਼ਾਂ ਗਰਭਵਤੀ ਔਰਤ ਨਾ ਹੀ ਵਰਤੇ ਤਾਂ ਠੀਕ ਰਹਿੰਦਾ ਹੈ।

ਰੈਟੀਨਾਇਡ/ਰੈਟੀਨੋਲ: ਇਹ ਕਈ ਕਿਸਮਾਂ ਦੀਆਂ ਝੁਰੜੀਆਂ ਰੋਕਣ ਵਾਲੀਆਂ ਕਰੀਮਾਂ ਵਿੱਚ ਪਾਇਆ ਜਾਂਦਾ ਹੈ। ਇਸ ਤੋਂ ਇਲਾਵਾ ਕਈ ਤਰ੍ਹਾਂ ਦੇ ਸ਼ੈਂਪੂ ਅਤੇ ਕਿੱਲ ਮੁਹਾਂਸੇ ਵਾਲੀਆਂ ਕਰੀਮਾਂ ਜਾਂ ਗੋਲੀਆਂ ਵਿੱਚ ਵੀ ਇਹ ਹੈ। ਇਸ ਵਿੱਚ ਵਿਟਾਮਿਨ-ਏ ਏਨਾ ਵੱਧ ਹੁੰਦਾ ਹੈ ਕਿ ਇਹ ਗਰਭ ਵਿੱਚ ਪਲ ਰਹੇ ਬੱਚੇ ਵਿੱਚ ਪੂਰੀ ਜ਼ਿੰਦਗੀ ਲਈ ਨੁਕਸ ਪੈਦਾ ਕਰ ਸਕਦਾ ਹੈ। ਇਸੇ ਲਈ ਕੋਈ ਵੀ ਕਰੀਮ ਜਾਂ ਸ਼ੈਂਪੂ ਵਰਤਣ ਤੋਂ ਪਹਿਲਾਂ ਉਸ ਵਿੱਚ ਚੈੱਕ ਕਰ ਲੈਣਾ ਚਾਹੀਦਾ ਹੈ ਕਿ ਰੇਟੀਨੋਲ ਹੈ ਜਾਂ ਨਹੀਂ।

ਸੈਲੀਸਿਲਿਕ ਐਸਿਡ: ਕਿਲ ਮੁਹਾਂਸੇ ਲਈ ਵਰਤੀਆਂ ਜਾ ਰਹੀਆਂ ਕਰੀਮਾਂ ਅਤੇ ਮੂੰਹ ਸਾਫ਼ ਕਰਨ ਵਾਲੇ ਕਲੀਂਜ਼ਰਾਂ ਵਿੱਚ ਸੈਲੀਸਿਲਕ ਐਸਿਡ ਹੁੰਦਾ ਹੈ। ਵਾਧੂ ਵਰਤੋਂ ਜਾਂ ਮੂੰਹ ਰਾਹੀਂ ਖਾਣ ਨਾਲ ਭਰੂਣ ਵਿੱਚ ਨੁਕਸ ਪੈ ਸਕਦੇ ਹਨ।





ਇਸੇ ਲਈ ਸੈਲੀਸਿਲਿਕ ਐਸਿਡ, ਅਲਫਾ ਅਤੇ ਬੀਟਾ ਹਾਈਡਰੋਕਸਿਲ ਐਸਿਡ ਜੱਚਾ ਲਈ ਵਰਤਣੇ ਠੀਕ ਨਹੀਂ ਹਨ।

ਐਲਮੀਨੀਅਮ ਕਲੋਰਾਈਡ ਹੈਕਸਾ ਹਾਈਡਰੇਟ: ਇਹ ਪਸੀਨਾ ਰੋਕਣ ਵਾਲੀਆਂ ਕਰੀਮਾਂ ਵਿੱਚ ਹੁੰਦਾ ਹੈ (ਐਂਟੀ ਪਰਸਪੀਰੈਂਟ)। ਇਸ ਦੀ ਵਰਤੋਂ ਹਾਨੀਕਾਰਕ ਹੈ।

ਕੈਮੀਕਲ ਸਨਸਕਰੀਨ: ਐਵੋਬੈਨਜ਼ੋਨ, ਓਕਟੀਸੈਲੇਟ, ਆਕਸੀਬੈਨਜ਼ੋਨ ਤੇ ਓਕਸੀਨੋਕਸੇਟ ਆਦਿ ਵਾਲੀਆਂ ਧੁੱਪ ਤੋਂ ਬਚਣ ਵਾਲੀਆਂ ਕਰੀਮਾਂ ਨਹੀਂ ਵਰਤਣੀਆਂ ਚਾਹੀਦੀਆਂ।

ਡਾਈ ਈਥਾਨੋਲਾਮੀਨ ਅਤੇ ਲੋਰਾਮਾਈਡ: ਵਾਲੇ ਸ਼ੈਂਪੂ ਤੇ ਸਰੀਰ ਉੱਤੇ ਮਲਣ ਵਾਲੀਆਂ ਕਰੀਮਾਂ ਵੀ ਵਰਤਣੀਆਂ ਠੀਕ ਨਹੀਂ।

ਡਾਈਹਾਈਡਰੋਕਸੀ ਐਸੀਟੋਨ: ਟੈਨਿੰਗ ਲਈ ਵਰਤੇ ਜਾਂਦੇ ਸਪਰੇਅ ਵਿੱਚ ਇਹ ਤੱਤ ਹੁੰਦਾ ਹੈ ਅਤੇ ਸਾਹ ਰਾਹੀਂ ਅੰਦਰ ਲੰਘ ਜਾਣ ਉੱਤੇ ਨੁਕਸਾਨ ਕਰ ਸਕਦਾ ਹੈ।

ਫੋਰਮੈਲਡੀਹਾਈਡ: ਇਹ ਤੱਤ ਵਾਲ ਸਿੱਧੇ (ਸਟਰੇਟਨਿੰਗ) ਵਿੱਚ, ਨੇਲ ਪਾਲਿਸ਼ਾਂ ਵਿੱਚ, ਅੱਖਾਂ ਦੀਆਂ ਪੁਤਲੀਆਂ ਉੱਤੇ ਲਾਉਣ ਵਾਲੇ ਜੈੱਲ ਆਦਿ ਵਿੱਚ ਇਹ ਪਾਇਆ ਜਾਂਦਾ ਹੈ। ਇਸ ਤੋਂ ਇਲਾਵਾ ਕੁਆਟਰਨੀਅਮ, ਡਾਈਮੀਥਾਇਲ ਹਾਈਡੈਨਟਾਇਨ, ਇਮੀਡਾ ਜ਼ੋਲੀਡੀਨਾਈਲ ਯੂਰੀਆ ਅਤੇ ਬਰੋਮੋ ਨਾਈਟਰੋਪਰੋਪੇਨ ਆਦਿ ਜਿਸ ਵੀ ਕਰੀਮ, ਸ਼ੈਂਪੂ ਜਾਂ ਸਪਰੇਅ ਵਿੱਚ ਹੋਣ, ਉੱਕਾ ਹੀ ਨਹੀਂ ਵਰਤਣੇ ਚਾਹੀਦੇ।

ਹਾਈਡਰੋਕੁਈਨੋਨ: ਜੋ ਰੰਗ ਗੋਰਾ ਕਰਨ ਵਾਲੀਆਂ ਕਰੀਮਾਂ ਵਿੱਚ ਹੈ, ਤੋਂ ਤਾਂ ਹਰ ਹਾਲ ਪਰਹੇਜ਼ ਹੀ ਕਰਨਾ ਠੀਕ ਰਹਿੰਦਾ ਹੈ।

ਪੈਰਾਬੈਨ: ਵਾਲੇ ਕੋਈ ਵੀ ਮੇਕਅੱਪ ਦੇ ਸਮਾਨ ਬਿਲਕੁਲ ਨਹੀਂ ਵਰਤਣੇ ਚਾਹੀਦੇ।

ਥੈਲੇਟ: ਖ਼ੁਸ਼ਬੂ ਅਤੇ ਨੇਲ ਪਾਲਿਸ਼ ਵਿੱਚ ਪਾਇਆ ਜਾਂਦਾ ਹੈ। ਡਾਈਈਥਾਈਲ ਤੇ ਡਾਈ ਬੁਟਾਈਲ ਥੈਲੇਟ ਵਰਤਣ ਨਾਲ ਗਰਭ ਵਿੱਚ ਪਲ ਰਹੇ ਬੱਚੇ ਵਿੱਚ ਕਾਫ਼ੀ ਨੁਕਸ ਹੋ ਸਕਦੇ ਹਨ।

ਥਾਇਓਗਲਾਈਕੋਲਿਕ ਐਸਿਡ: ਇਹ ਸਰੀਰ ਉੱਤੋਂ ਵਾਲ ਲਾਹੁਣ ਵਾਲੀਆਂ ਕਰੀਮਾਂ ਵਿੱਚ ਹਨ। ਏਸੀਟਾਈਲ ਮਾਰਕੈਪਟਨ, ਮਾਰਕੈਪਟੋ ਐਸੀਟੇਟ ਅਤੇ ਮਰਕੈਪਟੋ ਏਸੀਟਿਕ ਐਸਿਡ ਆਦਿ ਸ਼ਬਦ ਟਿਊਬਾਂ ਦੇ ਬਾਹਰੋਂ ਪੜ੍ਹ ਕੇ, ਅਜਿਹੀਆਂ ਕਰੀਮਾਂ ਤੋਂ ਤੌਬਾ ਕਰਨੀ ਹੀ ਬਿਹਤਰ ਹੈ। ਇਹ ਬੱਚੇ ਦੀ ਤੰਦਰੁਸਤੀ ਲਈ ਘਾਤਕ ਸਿੱਧ ਹੁੰਦੇ ਹਨ।

ਟੌਲੂਈਨ: ਨੇਲ ਪਾਲਿਸ਼ ਵਿੱਚ ਹੁੰਦਾ ਹੈ ਜੋ ਜੱਚਾ ਨੂੰ ਨੁਕਸਾਨ ਕਰ ਸਕਦਾ ਹੈ।

ਚਮੜੀ ਸਰੀਰ ਦਾ ਸਭ ਤੋਂ ਵੱਡਾ ਅੰਗ ਹੈ ਅਤੇ ਇਸ ਰਾਹੀਂ ਅਨੇਕ ਚੀਜ਼ਾਂ ਸਰੀਰ ਅੰਦਰ ਪਹੁੰਚ ਕੇ ਨੁਕਸਾਨ ਕਰ ਸਕਦੀਆਂ ਹਨ। ਕੁੱਝ ਵਾਲਾਂ ਅਤੇ ਨਹੁੰ ਰਾਹੀਂ ਵੀ ਅਸਰ ਛੱਡਦੀਆਂ ਹਨ ਤੇ ਢਿੱਡ ਅੰਦਰ ਪਲ ਰਹੇ ਬੱਚੇ ਵਿੱਚ ਸਦੀਵੀ ਨੁਕਸ ਵੀ ਕਰ ਦਿੰਦੀਆਂ ਹਨ।


ਕੁੱਝ ਧਿਆਨ ਦੇਣ ਯੋਗ ਗੱਲਾਂ:

× ਘੱਟੋ-ਘੱਟ ਮੇਕਅੱਪ ਵਰਤਿਆ ਜਾਵੇ।
× ਸਾਬਣ ਗਲਿਸਰੀਨ ਵਾਲਾ ਹੋਵੇ।
× ਨਹਾਉਣ ਜਾਂ ਮੂੰਹ ਧੋਣ ਲਈ ਬਹੁਤਾ ਗਰਮ ਪਾਣੀ ਨਾ ਵਰਤਿਆ ਜਾਵੇ।
× ਹਲਕੀ ਕਰੀਮ ਜਾਂ ਮਲਾਈ ਮੂੰਹ ਉੱਤੇ ਲਾਈ ਜਾ ਸਕਦੀ ਹੈ।
× ਚਮੜੀ ਅਤੇ ਸਿਰ ਵਾਸਤੇ ਖੋਪੇ ਦਾ ਤੇਲ ਵਰਤਿਆ ਜਾ ਸਕਦਾ ਹੈ।
× ਛਾਤੀ ਉੱਤੇ ਲਾਉਣ ਲਈ ਵੀ ਖੋਪੇ ਦਾ ਤੇਲ ਹੀ ਬਿਹਤਰ ਹੈ।
× ਫਾਊਂਡੇਸ਼ਨ ਲਾਉਣ ਲੱਗਿਆਂ ਘੱਟੋ-ਘੱਟ ਕੈਮੀਕਲ ਵਾਲਾ ਵਰਤਿਆ ਜਾਵੇ।
× ਮੇਕਅੱਪ ਲਾਹੁਣ ਲੱਗਿਆਂ ਚੌਲਾਂ ਦੀ ਪਿੱਛ ਜਾਂ ਤਾਜ਼ੇ ਦੁੱਧ ਨਾਲ ਮੂੰਹ ਸਾਫ਼ ਕੀਤਾ ਜਾ ਸਕਦਾ ਹੈ।
× ਬੁੱਲਾਂ ਅਤੇ ਮੂੰਹ ਉੱਤੇ ਮੇਕਅੱਪ ਦੀ ਮੋਟੀ ਤਹਿ ਨਹੀਂ ਲਾਉਣੀ ਚਾਹੀਦੀ।
× ਲੈੱਡ ਤੇ ਕੌਪਰ ਵਾਲੇ ਕਾਸਮੈਟਿਕ ਨਹੀਂ ਵਰਤਣੇ ਚਾਹੀਦੇ। ਇਸ ਲਈ ਅੱਖਾਂ ਅਤੇ ਬੁੱਲਾਂ ਉੱਤੇ ਲਾਈ ਜਾ ਰਹੀ ਪੈਨਸਿਲ ਵਿੱਚ ਇਹ ਤੱਤ ਜ਼ਰੂਰ ਚੈੱਕ ਕਰ ਲੈਣਾ ਚਾਹੀਦਾ ਹੈ।
× ਲਿਪਸਟਿਕ ਨਾ ਹੀ ਵਰਤੀ ਜਾਵੇ ਤਾਂ ਬਿਹਤਰ ਹੈ। ਜੇ ਵਰਤੀ ਜਾ ਰਹੀ ਹੈ ਤਾਂ ਲੈੱਡ ਵਾਲੀ ਲਿਪਸਟਿਕ ਦੀ ਥਾਂ ਕੁਦਰਤੀ ਚੀਜ਼ਾਂ ਦੀ ਬਣੀ ਵਰਤਣੀ ਚਾਹੀਦੀ ਹੈ ਕਿਉਂਕਿ ਬੁੱਲਾਂ ਰਾਹੀਂ ਮੂੰਹ ਅੰਦਰ ਜਾਂਦਾ ਲੈੱਡ ਭਰੂਣ ਉੱਤੇ ਅਸਰ ਪਾ ਸਕਦਾ ਹੈ।
× ਖੋਪੇ ਦਾ ਤੇਲ ਸਿਰ ਅਤੇ ਸਰੀਰ ਦੀ ਚਮੜੀ ਨੂੰ ਨਰਮ ਰੱਖਣ ਲਈ ਬਹੁਤ ਵਧੀਆ ਸਾਬਤ ਹੋ ਚੁੱਕਿਆ ਹੈ ਤੇ ਚਮੜੀ ਅੰਦਰਲੀ ਨਮੀ ਬਰਕਰਾਰ ਰੱਖਦਾ ਹੈ।
× ਬਦਾਮਾਂ ਦਾ ਤੇਲ ਵੀ ਲਾਹੇਵੰਦ ਹੈ।
× ਲੈਵੈਂਡਰ ਤੇਲ ਨਾਲ ਹੱਥਾਂ ਅਤੇ ਗੁੱਟਾਂ ਉੱਤੇ ਮਾਲਿਸ਼ ਕਰਕੇ ਡੂੰਘੀ ਨੀਂਦਰ ਲਈ ਜਾ ਸਕਦੀ ਹੈ।
× ਰੈਟੀਨੋਲ ਦੀ ਥਾਂ ਉਹ 'ਆਈ ਸੀਰਮ' ਵਰਤਿਆ ਜਾ ਸਕਦਾ ਹੈ ਜੋ ਆਰਗੈਨਿਕ ਹੋਵੇ।
× ਐਲੋ ਵੀਰਾ ਕਰੀਮ ਧੁੱਪੇ ਜਾਣ ਲੱਗਿਆਂ ਮੂੰਹ ਜਾਂ ਗਲੇ ਉੱਤੇ ਲਾਈ ਜਾ ਸਕਦੀ ਹੈ।
× ਰੋਜ਼ ਕਸਰਤ ਕਰਨ ਤੇ ਰੱਜ ਕੇ ਸਲਾਦ ਅਤੇ ਫਲ ਖਾਣ ਨਾਲ ਚਿਹਰੇ ਉੱਤੇ ਕੁਦਰਤੀ ਰੌਣਕ ਆ ਜਾਂਦੀ ਹੈ।
× ਸ਼ਰਾਬ ਤੇ ਸਿਗਰਟ ਬੰਦ ਕਰ ਦੇਣੀ ਚਾਹੀਦੀ ਹੈ।
× ਪੈਰਾਬੈਨ ਵਾਲੀਆਂ ਪਰਫਿਊਮਾਂ ਲਾਉਣ ਨਾਲ ਗਰਭਪਾਤ ਹੋ ਸਕਦਾ ਹੈ ਤੇ ਬੱਚੇ ਵਿੱਚ ਜਮਾਂਦਰੂ ਨੁਕਸ ਹੋ ਸਕਦੇ ਹਨ। ਥੈਲੇਟ ਜ਼ੱਚਾ ਦੇ ਹਾਰਮੋਨਾਂ 'ਚ ਗੜਬੜੀ ਪੈਦਾ ਕਰ ਦਿੰਦੇ ਹਨ। ਇਸੇ ਲਈ ਇਨ੍ਹਾਂ ਨੂੰ ਨਾ ਵਰਤਣਾ ਹੀ ਠੀਕ ਹੈ।
× ਗੂੜ੍ਹੀ ਲਾਲ ਲਿਪਸਟਿਕ ਵਿੱਚ ਲੈਡ ਹੁੰਦਾ ਹੈ, ਜੋ ਨੁਕਸਾਨਦੇਹ ਹੈ।
× ਮਸਕਾਰਾ ਅੱਖਾਂ ਦੀ ਖ਼ੂਬਸੂਰਤੀ ਤਾਂ ਵਧਾਉਂਦਾ ਹੈ ਪਰ ਉਸ ਵਿੱਚ ਮਰਕਰੀ (ਪਾਰਾ) ਹੋਣ ਕਾਰਨ ਸਰੀਰ ਦਾ ਨਾਸ ਵੱਜਦਾ ਹੈ ਸੋ ਨਾ ਵਰਤਣਾ ਹੀ ਠੀਕ ਹੈ।

ਡੂੰਘੀ ਨੀਂਦਰ ਲੈ ਕੇ, ਤਣਾਓ ਛੱਡ ਕੇ ਅਤੇ ਖੁੱਲ੍ਹ ਕੇ ਹੱਸ ਕੇ ਜਿਹੜੀ ਰੌਣਕ ਚਿਹਰੇ ਉੱਤੇ ਆਉਂਦੀ ਹੈ, ਉਹ ਕਿਸੇ ਵੀ ਮੇਕਅੱਪ ਨਾਲ ਨਹੀਂ ਆ ਸਕਦੀ। ਇਸੇ ਲਈ ਬੌਡੀ ਵਾਸ਼, ਲੋਸ਼ਨ, ਕਰੀਮਾਂ, ਪਰਫਿਊਮਾਂ ਛੱਡ ਕੇ ਆਪਣੇ ਬੱਚੇ ਬਾਰੇ ਚੰਗੇ ਵਿਚਾਰ ਰੱਖ ਕੇ ਰੱਜ ਕੇ ਜ਼ਿੰਦਗੀ ਦਾ ਹਰ ਪਲ ਮਾਣਨ ਦੀ ਲੋੜ ਹੈ।



# ਆਯੁਰਵੈਦਿਕ ਪ੍ਰਣਾਲੀ ਰਾਹੀਂ ਅੱਖਾਂ ਦੀ ਸੰਭਾਲ



ਅੱਖਾਂ ਕੁਦਰਤ ਵੱਲੋਂ ਮਨੁੱਖ ਨੂੰ ਬਖ਼ਸ਼ਿਆ ਹੋਇਆ ਅਨਮੋਲ ਤੋਹਫ਼ਾ ਹਨ। ਕੁਦਰਤ ਦੀ ਇਸ ਅਣਮੁੱਲੀ ਦਾਤ ਦੀ ਆਯੁਰਵੈਦਿਕ ਵਿਧੀ ਰਾਹੀਂ ਸਾਂਭ-ਸੰਭਾਲ ਕਰਕੇ ਨਜ਼ਰ ਦੀ ਕਮਜ਼ੋਰੀ ਤੋਂ ਬਚਿਆ ਜਾ ਸਕਦਾ ਹੈ। ਜਦੋਂ ਅੱਖਾਂ ਦੇ ਲੈਂਜ਼ ਦੀ ਪਾਰਦਸ਼ਤਾ ਹਲਕੀ ਹੋਣ ਲੱਗੇ ਅਤੇ ਧੁੰਦਲਾ ਦਿਖਾਈ ਦੇਣ ਲੱਗ ਪਵੇ ਤਾਂ ਉਸ ਨੂੰ ਮੋਤੀਆ ਬਿੰਦ ਕਿਹਾ ਜਾਂਦਾ ਹੈ। ਮੋਤੀਆ ਦੋ ਤਰ੍ਹਾਂ ਦਾ ਹੁੰਦਾ ਚਿੱਟਾ ਅਤੇ ਕਾਲਾ ਮੋਤੀਆ। ਆਯੁਰਵੈਦਿਕ ਰਾਹੀਂ ਚਿੱਟੇ ਮੋਤੀਏ ਤੋਂ ਬੜਾ ਸਹਿਜੇ ਹੀ ਛੁਟਕਾਰਾ ਮਿਲ ਸਕਦਾ ਹੈ। ਮੋਤੀਆ ਜ਼ਿਆਦਾਤਰ 40 ਸਾਲ ਦੀ ਉਮਰ ਤੋਂ ਬਾਅਦ ਹੁੰਦਾ ਹੈ। ਇਹ ਰੋਗ ਉਮਰ, ਸ਼ੂਗਰ, ਵਿਟਾਮਨਾਂ ਅਤੇ ਪ੍ਰੋਟੀਨ ਦੀ ਕਮੀ, ਇੰਫੈਕਸ਼ਨ ਜਾਂ ਕਿਸੇ ਸੱਟ ਆਦਿ ਦੇ ਕਾਰਨਾਂ ਕਰਕੇ ਵੀ ਹੋ ਸਕਦਾ ਹੈ। ਅਜਿਹੇ ਹਾਲਾਤ ਵਿੱਚ ਉਮਰ ਦਾ ਘੱਟ ਜਾਂ ਵੱਧ ਹੋਣਾ ਕੋਈ ਮਾਅਨੇ ਨਹੀਂ ਰੱਖਦਾ।

ਸਵੇਰੇ ਉੱਠਦੇ ਸਾਰ ਹੀ ਮੂੰਹ ਵਿੱਚ ਠੰਢਾ (ਤਾਜ਼ਾ) ਪਾਣੀ ਭਰ ਕੇ ਅੱਖਾਂ ਪੂਰੀ ਤਰ੍ਹਾਂ ਖੋਲ੍ਹ ਕੇ ਅੱਖਾਂ ਵਿੱਚ ਪਾਣੀ ਦੇ ਛਿੱਟੇ ਮਾਰੋ। ਅਜਿਹਾ 8-10 ਵਾਰ ਕਰੋ। ਮੂੰਹ ਵਿੱਚ ਭਰਿਆ ਪਾਣੀ ਵਾਰ ਵਾਰ ਬਦਲਣ ਦੀ ਜ਼ਰੂਰਤ ਨਹੀਂ। ਇੱਕ ਚਮਚਾ ਤ੍ਰਿਫਲਾ ਚੂਰਨ, ਅੱਧਾ ਚਮਚਾ ਦੇਸੀ ਘਿਓ ਅਤੇ ਇੱਕ ਚਮਚਾ ਸ਼ਹਿਦ ਮਿਲਾ ਕੇ ਰੋਜ਼ ਸਵੇਰੇ ਖਾਲੀ ਪੇਟ ਲਵੋ। ਇਸ ਦੀ ਵਰਤੋਂ ਨਾਲ ਮੋਤੀਆ ਬਿੰਦ ਦੇ ਨਾਲ ਨਾਲ ਅੱਖਾਂ ਦੇ ਕਈ ਹੋਰ ਦੂਜੇ ਰੋਗਾਂ ਤੋਂ ਵੀ ਬਚਾਅ ਹੋ ਸਕਦਾ ਹੈ।

ਅੱਖਾਂ ਦੀ ਸਾਂਭ-ਸੰਭਾਲ ਦੇ ਕੁੱਝ ਨੁਕਤੇ:

× ਮੋਤੀਆ ਬਿੰਦ ਤੋਂ ਬਚਣ ਅਤੇ ਅੱਖਾਂ ਦੀ ਨਜ਼ਰ ਤੇਜ਼ ਕਰਨ ਲਈ ਹਰ ਰੋਜ਼ ਗਾਜਰ, ਸੰਤਰਾ, ਦੁੱਧ ਅਤੇ ਘਿਓ ਦੀ ਵਰਤੋਂ ਕਰੋ।
× ਇੱਕ ਬੂੰਦ ਪਿਆਜ਼ ਦਾ ਰਸ ਅਤੇ ਇੱਕ ਬੂੰਦ ਸ਼ਹਿਦ ਮਿਲਾ ਕੇ ਇਸ ਮਿਸ਼ਰਣ ਨੂੰ ਰੋਜ਼ਾਨਾ ਅੱਖਾਂ ਵਿੱਚ ਸੁਰਮੇ ਵਾਂਗ ਲਗਾਉਣ ਨਾਲ ਅੱਖਾਂ ਨਿਰੋਗ ਰਹਿੰਦੀਆਂ ਹਨ।
× ਇੱਕ ਚਮਚਾ ਘਿਓ, ਦੋ ਕਾਲੀਆ ਮਿਰਚਾਂ ਅਤੇ ਥੋੜ੍ਹੀ ਜਿਹੀ ਮਿਸ਼ਰੀ ਮਿਲਾ ਕੇ ਦਿਨ ਵਿੱਚ ਤਿੰਨ ਵਾਰ ਇਸ ਦੀ ਵਰਤੋਂ ਕਰੋ। ਨਜ਼ਰ ਤੇਜ਼ ਹੋਵੇਗੀ ਅਤੇ ਅੱਖਾਂ ਦੇ ਰੋਗ ਠੀਕ ਹੋਣਗੇ।
× ਸੌਂਫ ਅਤੇ ਧਨੀਆ ਬਰਾਬਰ ਮਾਤਰਾ ਵਿੱਚ ਲਵੋ, ਇਸ ਵਿੱਚ ਮਿਸ਼ਰੀ ਮਿਲਾ ਕੇ ਇੱਕ-ਇੱਕ ਚਮਚਾ ਸਵੇਰੇ-ਸ਼ਾਮ ਖਾਣ ਨਾਲ ਬਹੁਤ ਲਾਭ ਮਿਲਦਾ ਹੈ।
× ਬਦਾਮ ਦੀਆਂ 6 ਗਿਰੀਆਂ ਅਤੇ 6 ਕਾਲੀਆਂ ਮਿਰਚਾਂ ਲਵੋ। ਉਨ੍ਹਾਂ ਨੂੰ ਪੀਸ ਕੇ ਮਿਸ਼ਰੀ ਵਿੱਚ ਮਿਲਾ ਕੇ ਖਾਣ ਨਾਲ ਵੀ ਮੋਤੀਆ ਬਿੰਦ ਵਿੱਚ ਲਾਭ ਮਿਲਦਾ ਹੈ।
× ਗਾਜਰ, ਪਾਲਕ ਅਤੇ ਆਂਵਲੇ ਦੇ ਰਸ ਦੀ ਵਰਤੋਂ ਕਰਨ ਨਾਲ ਮੋਤੀਆ ਬਿੰਦ 2-3 ਮਹੀਨੇ ਵਿੱਚ ਆਪਣੇ-ਆਪ ਖ਼ਤਮ ਹੋ ਜਾਵੇਗਾ।
× ਇੱਕ ਚਮਚ ਪੀਸਿਆ ਹੋਇਆ ਧਨੀਆ ਇੱਕ ਕੱਪ ਪਾਣੀ ਵਿੱਚ ਉਬਾਲ ਲਵੋ। ਫਿਰ ਇਸ ਉਬਲੇ ਹੋਏ ਪਾਣੀ ਨੂੰ ਠੰਢਾ ਹੋਣ ਤੇ ਸਵੇਰੇ ਸ਼ਾਮ ਅੱਖਾਂ ਵਿੱਚ ਪਾਓ। ਇਸ ਨਾਲ ਵੀ ਮੋਤੀਆ ਬਿੰਦ ਦੇ ਰੋਗ ਵਿੱਚ ਫ਼ਾਇਦਾ ਹੋਵੇਗਾ।
× ਮੋਤੀਆ ਬਿੰਦ ਵਿੱਚ ਹਲਦੀ ਦੀ ਜ਼ਿਆਦਾ ਵਰਤੋਂ ਕਰਨੀ ਚਾਹੀਦੀ ਹੈ। ਹਲਦੀ ਵਿੱਚ ਕਰਕਿਊਮਿਨ ਨਾਮੀ ਰਸਾਇਣ ਹੁੰਦਾ ਹੈ ਜਿਹੜਾ ਸਰੀਰ ਦੇ ਇਮਊਨ ਸਿਸਟਮ ਨੂੰ ਤਾਕਤ ਵਰ ਬਣਾਉਂਦਾ ਹੈ। ਇਸ ਨਾਲ ਸਾਈਟੋਕਾਈਨਸ ਅਤੇ ਇੰਜਾਈਮਜ਼ ਨਿਯੰਤਰਤ ਹੁੰਦੇ ਹਨ।
× ਮੋਤੀਆ ਬਿੰਦ ਅਤੇ ਰਤੌਂਦੀ ਹੋ ਜਾਣ ਤੇ ਨਿੰਮ ਦੇ ਤੇਲ ਦੀ ਸਿਲਾਈ ਅੱਖਾਂ ਵਿੱਚ ਲਗਾਓ।



# ਟਰੰਪ ਦੀ ਭਾਰਤ ਸਮੇਤ ਦੁਨੀਆ ਨੂੰ ਧਮਕੀ, ਹਿੰਮਤ ਹੈ ਤਾਂ 4 ਨਵੰਬਰ ਦੇ ਬਾਅਦ ਖਰੀਦੋ ਈਰਾਨ ਤੋਂ ਤੇਲ

ਵਾਸ਼ਿੰਗਟਨ — ਅਮਰੀਕਾ ਦੀ ਇੱਛਾ ਵਿਰੁੱਧ ਜਿੱਥੇ ਭਾਰਤ ਨੇ ਰੂਸ ਨਾਲ ਐੱਸ-400 ਡਿਫੈਂਸ ਮਿਜ਼ਾਈਲ ਸਿਸਟਮ ਖਰੀਦਣ 'ਤੇ ਸਮਝੌਤਾ ਕੀਤਾ ਹੈ ਉੱਥੇ ਹੁਣ ਈਰਾਨ 'ਤੇ ਅਮਰੀਕੀ ਪਾਬੰਦੀ ਦੇ ਬਾਵਜੂਦ ਲਗਾਤਾਰ ਕੱਚਾ ਤੇਲ ਖਰੀਦਣਾ ਅਮਰੀਕਾ ਨੂੰ ਚੁੱਭ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਪਾਬੰਦੀ ਦੇ ਹਵਾਲੇ ਨਾਲ ਪੂਰੀ ਦੁਨੀਆ ਨੂੰ ਧਮਕਾਉਂਦੇ ਹੋਏ ਕਿਹਾ ਹੈ ਕਿ 4 ਨਵੰਬਰ ਦੇ ਬਾਅਦ ਜੇ ਕਈ ਦੇਸ਼ ਈਰਾਨ ਤੋਂ ਕੱਚਾ ਤੇਲ ਖਰੀਦਦਾ ਹੈ ਤਾਂ ਉਹ ਉਨ੍ਹਾਂ ਵਿਰੁੱਧ ਸਖਤ ਤੋਂ ਸਖਤ ਕਦਮ ਚੁੱਕਣ ਲਈ ਤਿਆਰ ਹੈ।ਡੋਨਾਲਡ ਟਰੰਪ ਨੇ ਈਰਾਨ ਤੋਂ ਕੱਚੇ ਤੇਲ ਦੀ ਦਰਾਮਦ ਨੂੰ ਲੈ ਕੇ ਚਿਤਾਵਨੀ ਦਿੰਦੇ ਹੋਏ ਕਿਹਾ ਹੈ ਕਿ 4 ਨਵੰਬਰ ਤੱਕ ਈਰਾਨ ਤੋਂ ਕੱਚੇ ਤੇਲ ਦੀ ਦਰਾਮਦ ਘਟਾ ਕੇ ਜ਼ੀਰੋ ਨਾ ਕਰਨ ਵਾਲੇ ਦੇਸ਼ਾਂ ਵਿਰੁੱਧ ਅਮਰੀਕਾ ਕਾਰਵਾਈ ਕਰੇਗਾ। ਗੌਰਤਲਬ ਹੈ ਕਿ ਭਾਰਤ ਤੇ ਚੀਨ ਜਿਹੇ ਦੇਸ਼ਾਂ ਦੇ ਈਰਾਨ ਤੋਂ ਤੇਲ ਦਰਾਮਦ ਜਾਰੀ ਰੱਖਣ ਦੇ ਬਾਰੇ ਵਿਚ ਪੁੱਛੇ ਜਾਣ 'ਤੇ ਟਰੰਪ ਨੇ ਕਿਹਾ,"ਅਸੀਂ ਉਨ੍ਹਾਂ ਨੂੰ ਵੀ ਦੇਖਾਂਗੇ।" ਟਰੰਪ ਨੇ ਮਈ ਵਿਚ ਅਮਰੀਕਾ ਨੂੰ ਸਾਲ 2015 ਵਿਚ ਹੋਏ ਈਰਾਨ ਪਰਮਾਣੂ ਸਮਝੌਤੇ ਤੋਂ ਵੱਖ ਕਰ ਲਿਆ ਸੀ ਅਤੇ ਉਸ 'ਤੇ ਮੁੜ ਪਾਬੰਦੀਆਂ ਲਗਾਈਆਂ ਸਨ। ਟਰੰਪ ਨੇ ਈਰਾਨ ਤੋਂ ਤੇਲ ਦਰਾਮਦ ਕਰਨ ਵਾਲੇ ਦੇਸ਼ਾਂ ਨੂੰ 4 ਨਵੰਬਰ ਤੱਕ ਆਪਣੀ ਦਰਾਮਦ ਘਟਾ ਕੇ ਜ਼ੀਰੋ ਕਰਨ ਲਈ ਕਿਹਾ ਹੈ। ਨਾਲ ਹੀ ਉਨ੍ਹਾਂ ਨੇ ਅਜਿਹਾ ਨਾ ਕਰਨ ਵਾਲੇ ਦੇਸ਼ਾਂ 'ਤੇ ਪਾਬੰਦੀ ਲਗਾਉਣ ਦੀ ਵੀ ਚਿਤਾਵਨੀ ਦਿੱਤੀ ਹੈ ਇਸ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਰੂਸ ਤੋਂ 5 ਅਰਬ ਡਾਲਰ ਦੇ ਸੌਦੇ ਵਿਚ ਐੱਸ-400 ਹਵਾਈ ਰੱਖਿਆ ਪ੍ਰਣਾਲੀ ਖਰੀਦਣ 'ਤੇ ਭਾਰਤ ਵਿਰੁੱਧ ਅਮਰੀਕੀ ਕਾਨੂੰਨ ਦੇ ਤਹਿਤ ਦੰਡਕਾਰੀ ਕਾਰਵਾਈ ਹੁੰਦੀ ਹੈ ਜਾਂ ਨਹੀਂ ਇਸ ਦੇ ਬਾਰੇ ਵਿਚ ਜਲਦੀ ਸਥਿਤੀ ਸਪੱਸ਼ਟ ਹੋ ਜਾਵੇਗੀ। 5 ਬਿਲੀਅਨ ਡਾਲਰ ਦੀ ਇਸ ਮੈਗਾ ਡਿਫੈਂਸ ਡੀਲ 'ਤੇ ਅਮਰੀਕਾ ਕਾਟਸਾ (CAATSA) ਪਾਬੰਦੀ ਲਗਾ ਸਕਦਾ ਹੈ। ਬੀਤੇ ਮਹੀਨੇ ਅਮਰੀਕਾ ਨੇ ਚੀਨ 'ਤੇ ਇਹੀ ਪਾਬੰਦੀ ਲਗਾਈ ਸੀ। ਉਦੋਂ ਚੀਨ ਨੇ ਰੂਸ ਤੋਂ ਲੜਾਕੂ ਜਹਾਜ਼ ਅਤੇ ਮਿਜ਼ਾਈਲ ਡਿਫੈਂਸ ਸਿਸਟਮ ਖਰੀਦਿਆ ਸੀ।ਅਮਰੀਕਾ ਨੇ ਆਪਣੇ ਵਿਰੋਧੀਆਂ ਵਿਰੁੱਧ ਪਾਬੰਦੀ ਲਗਾਉਣ ਲਈ Countering American Adventures Through Sanctions (CAATSA) ਕਾਨੂੰਨ ਬਣਾਇਆ ਹੈ। ਇਸ ਦੇ ਤਹਿਤ ਰੂਸ ਨਾਲ ਹਥਿਆਰ ਸੌਦੇ 'ਤੇ ਅਮਰੀਕੀ ਪਾਬੰਦੀਆਂ ਤੋਂ ਭਾਰਤ ਨੂੰ ਛੋਟ ਦੇਣ ਦਾ ਅਧਿਕਾਰ ਸਿਰਫ ਰਾਸ਼ਟਰਪਤੀ ਕੋਲ ਹੀ ਹੈ। ਕਾਟਸਾ ਅਮਰੀਕਾ ਦਾ ਫੈਡਕਲ ਕਾਨੂੰਨ ਹੈ। ਇਸ ਦੇ ਤਹਿਤ ਈਰਾਨ, ਦੱਖਣੀ ਕੋਰੀਆ ਅਤੇ ਰੂਸ 'ਤੇ ਪਾਬੰਦੀ ਲਗਾਈ ਗਈ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤ ਨੂੰ ਜਲਦੀ ਹੀ ਪਤਾ ਲੱਗਣ ਵਾਲਾ ਹੈ। ਜਦੋਂ ਟਰੰਪ ਤੋਂ ਪੁੱਛਿਆ ਗਿਆ ਕਿ ਭਾਰਤ ਨੂੰ ਕਦੋਂ ਪਤਾ ਲੱਗੇਗਾ ਤਾਂ ਉਨ੍ਹਾਂ ਨੇ ਕਿਹਾ,"ਤੁਸੀਂ ਦੇਖੋਗੇ, ਤੁਸੀਂ ਜਿੰਨਾ ਸੋਚ ਰਹੇ ਹੋ ਉਸ ਤੋਂ ਪਹਿਲਾਂ।"

## ਪਾਕਿ 'ਚ ਮ੍ਰਿਤਕ ਦੇ ਖਾਤੇ 'ਚ 460 ਕਰੋੜ ਦੀ ਟਰਾਂਜੈਕਸ਼ਨ

ਕਰਾਚੀ-ਸੋਮਵਾਰ ਨੂੰ ਮੀਡੀਆ ਵਿਚ ਆਈ ਇਕ ਖਬਰ ਅਨੁਸਾਰ ਇਕ ਅਜਿਹੇ ਵਿਅਕਤੀ ਦੇ 3 ਬੈਂਕ ਖਾਤਿਆਂ ਦੇ ਮਾਧਿਅਮ ਤੋਂ 460 ਕਰੋੜ ਰੁਪਏ ਦੀ ਟਰਾਂਜੈਕਸਨ ਦੀ ਗੱਲ ਸਾਹਮਣੇ ਆਈ ਹੈ, ਜੋ ਆਪਣੇ ਨਾਂ 'ਤੇ ਇਨ੍ਹਾਂ ਰਹੱਸਮਈ ਖਾਤਿਆਂ ਦੇ ਖੁੱਲ੍ਹਣ ਤੋਂ ਕਈ ਮਹੀਨੇ ਪਹਿਲਾਂ ਹੀ ਮਰ ਚੁੱਕਾ ਸੀ। ਕਰਾਚੀ ਨਿਵਾਸੀ ਇਕਬਾਲ ਆਰਾਈਨ ਦੀ ਮੌਤ 9 ਮਈ 2014 ਨੂੰ ਹੋਈ ਸੀ ਅਤੇ ਉਸ ਦੀ ਮੌਤ ਤੋਂ ਬਾਅਦ ਰਹੱਸਮਈ ਤਰੀਕੇ ਨਾਲ 3 ਬੈਂਕ ਖਾਤੇ ਖੋਲ੍ਹੇ ਗਏ। ਜਿਨ੍ਹਾਂ ਦੀ ਵਰਤੋਂ ਕੁਝ ਅਸਰ-ਰਸੂਖ ਰੱਖਣ ਵਾਲੇ ਕਾਰੋਬਾਰੀਆਂ ਅਤੇ ਰਾਜਨੇਤਾਵਾਂ ਵਲੋਂ ਮਨੀ ਲਾਂਡਰਿੰਗ ਲਈ ਕੀਤੀ ਜਾ ਰਹੀ ਹੈ।

## ਤਨਮਨਜੀਤ ਸਿੰਘ ਢੇਸੀ ਬੇਂਗਲੁਰੂ-ਲੰਡਨ ਉਡਾਣ ਨਾਲ ਨਿਰਾਸ਼

ਲੰਡਨ— ਬ੍ਰਿਟੇਨ ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਨਿਰਾਸ਼ਾ ਜ਼ਾਹਰ ਕੀਤੀ ਹੈ। ਉਨ੍ਹਾਂ ਦੀ ਨਿਰਾਸ਼ਾ ਇਸ ਗੱਲ 'ਤੇ ਹੈ ਕਿ ਏਅਰ ਇੰਡੀਆ ਨੇ ਹੀਥਰੋ ਨੂੰ ਬੇਂਗਲੁਰੂ ਉਡਾਣ ਵਿਚ ਸੰਚਾਲਿਤ ਕਰਨ ਦਾ ਵਿਕਲਪ ਚੁਣਿਆ ਹੈ। ਇੱਥੇ ਦੱਸਣਯੋਗ ਹੈ ਕਿ ਢੇਸੀ ਲਗਾਤਾਰ ਲੰਡਨ ਹੀਥਰੋ ਅਤੇ ਅੰਮ੍ਰਿਤਸਰ ਵਿਚਾਲੇ ਸਿੱਧੀਆਂ ਉਡਾਣਾਂ ਲਈ ਲਾਬਿੰਗ ਕਰਦੇ ਰਹੇ ਹਨ। ਇਕ ਨਿਊਜ਼ ਏਜੰਸੀ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ,"ਮੈਂ ਨਿਰਾਸ਼ ਹਾਂ ਕਿ ਇਕ ਸਾਲ ਦੇ ਵਧੇਰੇ ਸਮੇਂ ਤੋਂ ਲਗਾਤਾਰ ਇਸ ਉੱਚ ਪੱਧਰੀ ਚਰਚਾ ਦੇ ਬਾਅਦ, ਸਾਨੂੰ ਆਸ ਸੀ ਕਿ ਅਸੀਂ ਹੁਣ ਭਾਰਤ ਸਰਕਾਰ ਅਤੇ ਏਅਰ ਇੰਡੀਆ ਤੋਂ ਅੰਮ੍ਰਿਤਸਰ ਅਤੇ ਲੰਡਨ ਹੀਥਰੋ ਵਿਚਾਲੇ ਸਿੱਧੀਆਂ ਉਡਾਣਾਂ ਦੀ ਚੰਗੀ ਖਬਰ ਲਵਾਂਗੇ। ਇਸ ਪ੍ਰਸਤਾਵ ਨੂੰ ਲਾਗੂ ਕਰਨ ਦੀ ਥਾਂ ਮੈਂ ਹੀਥਰੋਂ ਤੋਂ ਨੇਵਾਰਕ ਉਡਾਣਾਂ ਬਦਲਣ ਦੀ ਬਜਾਏ ਹੀਥਰੋ ਤੋਂ ਅੰਮ੍ਰਿਤਸਰ ਤੱਕ ਬਦਲਣ ਲਈ ਦਿੱਲੀ ਵਿਚ ਪ੍ਰਸਤਾਵ ਦਿੱਤਾ ਸੀ। ਏਅਰ ਇੰਡੀਆ ਨੇ ਹੀਥਰੋ ਨੂੰ ਬੇਂਗਲੁਰੂ ਵਿਚ ਸੰਚਾਲਿਤ ਕਰਨ ਦਾ ਵਿਕਲਪ ਚੁਣਿਆ ਹੈ। ਬ੍ਰਿਟਿਸ਼ ਏਅਰਵੇਜ਼ ਪਹਿਲਾਂ ਹੀ ਉਸ ਮਾਰਗ ਨੂੰ ਸੰਚਾਲਿਤ ਕਰਦਾ ਹੈ ਅਤੇ ਇਸ ਲਈ ਏਅਰ ਇੰਡੀਆ ਬੀ.ਏ. ਦੇ ਨਾਲ ਮੁਕਾਬਲਾ ਕਰਨ ਦੀ ਕੋਸ਼ਿਸ਼ ਕਰੇਗੀ। ਮੇਰਾ ਮੰਨਣਾ ਹੈ ਕਿ ਇਹ ਮੁਕਾਬਲਾ ਸਫਲ ਸਾਬਤ ਨਹੀਂ ਹੋਵੇਗਾ।" ਉਨ੍ਹਾਂ ਨੇ ਕਿਹਾ ਕਿ ਕਿਸੇ ਹੋਰ ਏਅਰਲਾਈਨਜ਼ ਵੱਲੋਂ ਸਿੱਧੇ ਅੰਮ੍ਰਿਤਸਰ ਰੂਟ ਨੂੰ ਸੰਚਾਲਿਤ ਨਹੀਂ ਕੀਤਾ ਗਿਆ ਸੀ ਅਤੇ ਇਹ ਨਿਸ਼ਚਿਤ ਰੂਪ ਵਿਚ ਸਫਲ ਰਹਿੰਦਾ ਜਿਵੇਂ ਕਿ ਬਰਮਿੰਘਮ ਤੋਂ ਅੰਮ੍ਰਿਤਸਰ ਰੂਟ ਇਸ ਸਾਲ ਸਾਬਤ ਹੋਇਆ। ਮੈਨੂੰ ਉਮੀਦ ਹੈ ਕਿ ਭਾਰਤ ਦੇ ਹਾਲ ਹੀ ਵਿਚ ਕੀਤੇ ਦੌਰੇ ਦੌਰਾਨ ਜਿਹੜੇ ਪੰਜਾਬੀ ਸਿਆਸਤਦਾਨ ਮੈਨੂੰ ਮਿਲੇ ਹਨ ਉਹ ਪੰਜਾਬੀਆਂ ਦੇ ਹੱਕਾਂ ਲਈ ਲੜਨਗੇ। ਪੰਜਾਬ ਅਤੇ ਸੂਬੇ ਵਿਚ ਇਸ ਰੂਟ ਲਈ ਦਿੱਲੀ ਵਿਚ ਬਹਿਸ ਕਰਨ ਨਾਲ ਇਸ ਨੂੰ ਮੁੜ ਤੇਜ਼ੀ ਨਾਲ ਦੁਬਾਰਾ ਸ਼ੁਰੂ ਕੀਤਾ ਜਾ ਸਕਦਾ ਹੈ।

# ਬੁਆਏਫਰੈਂਡ 'ਤੇ ਕੰਟਰੋਲ ਰੱਖਣ ਲਈ ਕੁੜੀ ਨੇ ਬਣਾਈ 22 ਨਿਯਮਾਂ ਦੀ ਅਜੀਬੋ-ਗਰੀਬ ਲਿਸਟ

ਇਸ ਦੁਨੀਆ ਵਿਚ ਹਰ ਸ਼ਖਸ ਦੀ ਆਪਣੀ ਵੱਖਰੀ ਸੋਚ ਹੈ। ਰਿਲੇਸ਼ਨਸ਼ਿਪ ਵਿਚ ਆਜ਼ਾਦੀ ਦੇਣਾ ਜੋੜੇ ਦੀ ਸੋਚ 'ਤੇ ਨਿਰਭਰ ਕਰਦਾ ਹੈ ਪਰ ਸੋਸ਼ਲ ਮੀਡੀਆ 'ਤੇ ਇਨੀਂ ਦਿਨੀਂ ਇਕ ਅਜਿਹੀ ਲੜਕੀ ਚਰਚਾ ਵਿਚ ਹੈ ਜਿਸ ਨੂੰ ਆਪਣੇ ਬੁਆਏਫਰੈਂਡ ਨੂੰ ਆਜ਼ਾਦੀ ਦੇਣਾ ਬਿਲਕੁੱਲ ਪਸੰਦ ਨਹੀਂ ਹੈ। ਇਸ ਲੜਕੀ ਦੇ ਨਾਮ ਦਾ ਖੁਲਾਸਾ ਨਹੀਂ ਕੀਤਾ ਗਿਆ ਪਰ ਇਸ ਨੇ ਆਪਣੇ ਬੁਆਏਫਰੈਂਡ ਲਈ ਨਿਯਮਾਂ ਦੀ ਚੰਗੀ ਖਾਸੀ ਲਿਸਟ ਬਣਾਈ ਹੈ। ਬੁਆਏਫਰੈਂਡ ਲਈ ਉਸ ਨੇ ਇਕ-ਦੋ ਨਹੀਂ ਸਗੋਂ 22 ਨਿਯਮ ਸੈੱਟ ਕੀਤੇ ਹਨ ਤਾਂ ਜੋ ਉਹ ਉਸ ਨੂੰ ਕੰਟਰੋਲ ਵਿਚ ਰੱਖ ਸਕੇ। ਅਸਲ ਵਿਚ ਬੀਤੇ ਦਿਨੀਂ 22 ਨਿਯਮਾਂ ਦੀ ਇਹ ਲਿਸਟ ਇਕ ਟਵਿੱਟਰ ਯੂਜ਼ਰ ਨੂੰ ਮਿਲੀ, ਜਿਸ ਨੂੰ ਉਸ ਨੂੰ ਆਨਲਾਈਨ ਪੋਸਟ ਕਰ ਦਿੱਤਾ। ਬਸ ਫਿਰ ਕੀ ਸੀ ਇਸ ਨੂੰ ਪੜ੍ਹਦੇ ਹੀ ਸੋਸ਼ਲ ਮੀਡੀਆ ਯੂਜ਼ਰਸ ਵਿਚ ਇਸ ਨੂੰ ਲੈ ਕੇ ਕਾਫੀ ਚਰਚਾ ਛਿੜ ਗਈ। ਲਿਸਟ ਦੀ ਤਸਵੀਰ ਟਵਿੱਟਰ 'ਤੇ ਸ਼ੇਅਰ ਕਰਦਿਆਂ ਯੂਜ਼ਰ ਨੇ ਲਿਖਿਆ,"ਮੇਰੀ ਗੱਡੀ ਵਿਚ ਕੁਝ ਲੜਕਿਆਂ ਨੇ ਲਿਫਟ ਲਈ ਸੀ ਅਤੇ ਉਨ੍ਹਾਂ ਦੇ ਉਤਰਣ ਤੋਂ ਬਾਅਦ ਗੱਡੀ ਵਿਚ ਇਹ ਲਿਸਟ ਮਿਲੀ, ਜੋ ਸ਼ਾਇਦ ਉਨ੍ਹਾਂ ਵਿਚੋਂ ਕਿਸੇ ਇਕ ਦੀ ਪ੍ਰੇਮਿਕਾ ਨੇ ਦਿੱਤੀ ਹੋਵੇਗੀ। ਇਹ ਲਿਸਟ ਅਸਲ ਵਿਚ ਕਮਾਲ ਹੈ ਕਿਉਂਕਿ ਇਸ ਵਿਚ ਪ੍ਰੇਮਿਕਾ ਨੇ ਆਪਣੇ ਬੁਆਏਫਰੈਂਡ ਲਈ ਅਨੋਖੇ ਨਿਯਮ ਸੈੱਟ ਕਰ ਰੱਖੇ ਹਨ।" ਇਨ੍ਹਾਂ ਵਿਚੋਂ ਇਕ ਨਿਯਮ



ਅਜਿਹਾ ਸੀ ਜਿਸ ਮੁਤਾਬਕ,"ਜਦੋਂ ਤੱਕ ਮੈਂ ਤੇਰੇ ਨਾਲ ਹਾਂ। ਜਦੋਂ ਵੀ ਮੇਰਾ ਮਨ ਕਰੇ ਮੈਂ ਤੁਹਾਡਾ ਫੋਨ ਚੈੱਕ ਕਰ ਸਕਾਂਗੀ।" ਇਹ ਨਿਯਮ ਪੜ੍ਹਨ ਦੇ ਬਾਅਦ ਸੋਸ਼ਲ ਮੀਡੀਆ ਯੂਜ਼ਰਸ ਹੈਰਾਨ ਰਹਿ ਗਏ ਅਤੇ ਉਸ ਲੜਕੀ ਨੂੰ ਦੁਨੀਆ ਦੀ ਸਭ ਤੋਂ ਖਤਰਨਾਕ ਪ੍ਰੇਮਿਕਾ ਕਰਾਰ ਦਿੱਤਾ।ਭਾਵੇਂਕਿ ਕਈਆਂ ਨੇ ਇਸ ਯੂਜ਼ਰ ਨੂੰ ਕਹਿ ਦਿੱਤਾ ਕਿ ਉਸ ਨੇ ਕਿਸੇ ਹੋਰ ਦੀ ਨਹੀਂ ਸਗੋਂ ਆਪਣੀ ਰੂਲ ਲਿਸਟ ਸ਼ੇਅਰ ਕੀਤੀ ਹੈ। ਕੁਝ ਨੇ ਤਾਂ ਨਵੀਂ ਪ੍ਰੇਮਿਕਾ ਬਣਾਉਣ ਦੀ ਸਲਾਹ ਤੱਕ ਦੇ ਦਿੱਤੀ। ਇਕ ਯੂਜ਼ਰ ਨੇ ਲਿਖਿਆ ਅਜਿਹਾ ਲੱਗਦਾ ਹੈ ਕਿ ਮੁੰਡੇ ਨੇ ਲੜਕੀ ਨੂੰ ਧੋਖਾ ਦਿੱਤਾ ਹੋਵੇਗਾ ਇਸ ਲਈ ਹੁਣ ਲੜਕੀ ਨੇ ਉਸ ਲਈ 'ਰੂਲ ਬੁੱਕ' ਬਣਾ ਦਿੱਤੀ ਹੈ ਤਾਂ ਜੋ ਉਹ ਦੁਬਾਰਾ ਧੋਖਾ ਨਾ ਦੇ ਸਕੇ। ਫਿਲਹਾਲ ਅਜਿਹੇ ਕੁਮੈਂਟਸ ਅਤੇ ਸਲਾਹਾਂ ਦੇ ਬਾਅਦ ਇਸ ਯੂਜ਼ਰ ਨੇ ਇਹ ਰੂਲ ਲਿਸਟ ਡਿਲੀਟ ਕਰ ਦਿੱਤੀ।ਤੁਹਾਨੂੰ ਕਿਸੇ ਸਿੰਗਲ ਲੜਕੀ ਦਾ ਫੋਨ ਨੰਬਰ ਆਪਣੇ ਕੋਲ ਰੱਖਣ ਦੀ ਇਜਾਜ਼ਤ ਨਹੀਂ ਹੈ। ਤੁਸੀਂ ਕਿਸੇ ਵੀ ਲੜਕੀ ਨੂੰ ਸੋਸ਼ਲ ਮੀਡੀਆ 'ਤੇ ਫੌਲੋ ਨਹੀਂ ਕਰੋਗੇ।ਤੁਸੀਂ ਹਫਤੇ ਵਿਚ ਦੋ ਵਾਰ ਤੋਂ ਜ਼ਿਆਦਾ ਆਪਣੇ ਦੋਸਤਾਂ ਨਾਲ ਘੁੰਮਣ ਨਹੀਂ ਜਾ ਸਕਦੇ ਹੋ।ਤੁਸੀਂ ਕਿਸੇ ਸਿੰਗਲ ਲੜਕੀ ਵੱਲ ਨਹੀਂ ਦੇਖੋਗੇ।ਜੇ ਕੋਈ ਲੜਕੀ ਆ ਕੇ ਤੁਹਾਡੇ ਨਾਲ ਗੱਲ ਵੀ ਕਰੇ ਤਾਂ ਤੁਸੀਂ ਉੱਥੋ ਚਲੇ ਜਾਓਗੇ।ਮੈਂ ਜਦੋਂ ਚਾਹਾਂ ਤੁਹਾਡਾ ਫੋਨ ਚੈੱਕ ਕਰ ਸਕਦੀ ਹਾਂ।ਜੇ ਮੈਂ ਤੁਹਾਨੂੰ ਲੜਕੀਆਂ ਨਾਲ ਦੇਖਿਆ ਤਾਂ ਮੈਂ ਤੁਹਾਨੂੰ ਮਾਰ ਦੇਵਾਂਗੀ।ਜੇ ਮੈਂ ਕਹਾਂ ਕਿ ਛਾਲ ਮਾਰੋ ਤਾਂ ਤੁਸੀਂ ਪੁੱਛੋਗੇ ਕਿ ਕਿੰਨੀ ਉੱਚਾਈ ਤੋਂ ਪ੍ਰਿੰਸੈੱਸ।ਤੁਸੀਂ ਮੇਰੇ ਮੈਸੇਜ ਦਾ ਜਵਾਬ ਦੇਣ ਵਿਚ ਕਦੇ ਵੀ 10 ਮਿੰਟ ਤੋਂ ਜ਼ਿਆਦਾ ਸਮਾਂ ਨਹੀਂ ਲਗਾਓਗੇ।ਤੁਸੀਂ ਦਿਨ ਵਿਚ ਇਕ ਵਾਰੀ ਮੈਨੂੰ ਆਈ ਲਵ ਯੂ ਕਹੋਗੇ ਤਾਂ ਜੋ ਮੈਨੂੰ ਯਕੀਨ ਹੋ ਜਾਵੇ ਕਿ ਤੁਹਾਡਾ ਧਿਆਨ ਨਹੀਂ ਭਟਕ ਰਿਹਾ।ਤੁਸੀਂ ਮੇਰੇ ਬਿਨਾਂ ਹੋਂਡਾ 'ਤੇ ਨਹੀਂ ਜਾ ਸਕਦੇ।ਤੁਸੀਂ ਮੇਰੀ ਗੈਰ ਮੌਜੂਦਗੀ ਵਿਚ ਡਰਿੰਕ ਨਹੀਂ ਕਰ ਸਕਦੇ। ਜਦੋਂ ਅਸੀਂ ਇਕੱਠੇ ਘੁੰਮਣ ਜਾਵਾਂਗੇ ਤਾਂ ਤੁਹਾਡੇ ਦੋਸਤਾਂ ਨੂੰ ਨਾਲ ਆਉਣ ਦੀ ਇਜਾਜ਼ਤ ਨਹੀਂ ਹੋਵੇਗੀ।ਅਸੀਂ ਦੋ ਹਫਤੇ ਵਿਚ ਇਕ ਵਾਰ ਡੇਟ 'ਤੇ ਜਾਵਾਂਗੇ।ਤੁਸੀਂ ਆਪਣੇ ਦੋਸਤਾਂ ਨਾਲ ਮੇਰੀ ਤੁਲਨਾ ਨਹੀਂ ਕਰੋਗੇ।

# ਹਫਤੇ 'ਚ 40 ਘੰਟੇ ਤੋਂ ਜ਼ਿਆਦਾ ਕੰਮ ਕਰਨ ਵਾਲਿਆਂ ਨੂੰ ਤਣਾਅ ਦਾ ਖਤਰਾ ਦੁੱਗਣਾ



ਵਾਸ਼ਿੰਗਟਨ — ਮਨੁੱਖੀ ਸਿਹਤ ਬਾਰੇ ਹਾਲ ਹੀ ਵਿਚ ਇਕ ਅਧਿਐਨ ਕੀਤਾ ਗਿਆ। ਅਧਿਐਨ ਮੁਤਾਬਕ ਜੇ ਤੁਸੀਂ ਹਫਤੇ ਵਿਚ 40 ਘੰਟੇ ਤੋਂ ਵਧੇਰੇ ਕੰਮ ਕਰ ਰਹੇ ਹੋ ਤਾਂ ਤੁਹਾਡੀ ਤਣਾਅ ਵਿਚ ਆਉਣ ਦੀ ਸੰਭਾਵਨਾ 2 ਗੁਣਾ ਵੱਧ ਜਾਂਦੀ ਹੈ। ਇਹ ਅਜਿਹੀ ਸਮੱਸਿਆ ਹੈ ਜਿਸ ਦਾ ਅਸਰ ਜਵਾਨੀ ਵਿਚ ਤਾਂ ਨਹੀਂ ਦਿੱਸਦਾ ਪਰ ਜਿਵੇਂ-ਜਿਵੇਂ ਇਨਸਾਨ 35-40 ਸਾਲ ਦੀ ਉਮਰ ਪਾਰ ਕਰਦਾ ਹੈ ਤਾਂ ਸਰੀਰ ਅਤੇ ਦਿਮਾਗ 'ਤੇ ਇਸ ਓਵਰਲੋਡ ਦੇ ਭਿਆਨਕ ਅਸਰ ਦਿੱਸਣ ਲੱਗਦੇ ਹਨ। ਇਹ ਨਤੀਜਾ ਅਮਰੀਕਾ ਦੇ ਕਿਰਤ ਵਿਭਾਗ ਦੇ ਇਕ ਹਾਲ ਵਿਚ ਹੀ ਅਧਿਐਨ ਤੋਂ ਨਿਕਲਿਆ ਹੈ। ਕਿਰਤ ਵਿਭਾਗ ਦੇ ਅੰਤਰਗਤ ਆਉਣ ਵਾਲੇ ਬਿਊਰੋ ਆਫ ਲੇਬਰ ਸਟੈਟੇਟਿਕਸ ਨੇ ਕਰੀਬ 5 ਹਜ਼ਾਰ ਲੋਕਾਂ 'ਤੇ ਇਹ ਅਧਿਐਨ ਕੀਤਾ ਸੀ। ਉਸ ਦੇ ਆਧਾਰ 'ਤੇ ਹੀ ਇਹ ਨਤੀਜੇ ਕੱਢੇ ਗਏ। ਅਧਿਐਨ ਲਈ ਸਾਰੇ ਲੋਕਾਂ ਨੂੰ ਦੋ ਤਰ੍ਹਾਂ ਦੇ ਗਰੁੱਪਾਂ ਵਿਚ ਵੰਡਿਆ ਗਿਆ। ਪਹਿਲੇ ਗਰੁੱਪ ਵਿਚ ਉਨ੍ਹਾਂ ਲੋਕਾਂ ਨੂੰ ਸ਼ਾਮਲ ਕੀਤਾ ਗਿਆ, ਜੋ ਹਫਤੇ ਵਿਚ 40 ਤੋਂ 45 ਘੰਟੇ ਹੀ ਕੰਮ ਕਰ ਰਹੇ ਸਨ। ਦੂਜੇ ਗਰੁੱਪ ਵਿਚ ਉਨ੍ਹਾਂ ਲੋਕਾਂ ਨੂੰ ਸ਼ਾਮਲ ਕੀਤਾ ਗਿਆ, ਜੋ ਹਫਤੇ ਵਿਚ 50 ਘੰਟੇ ਤੋਂ ਜ਼ਿਆਦਾ ਕੰਮ ਕਰ ਰਹੇ ਸਨ। ਦੋਹਾਂ ਗਰੁੱਪਾਂ ਦੇ ਲੋਕਾਂ ਦੀ ਦਿਮਾਗੀ ਸਿਹਤ ਦਾ ਅਧਿਐਨ ਕੀਤਾ ਗਿਆ। ਅਧਿਐਨ ਵਿਚ ਸ਼ਾਮਲ ਰਹੇ ਨਿਊਯਾਰਕ ਯੂਨੀਵਰਸਿਟੀ ਦੇ ਸਹਾਇਕ ਅਫਸਰ ਅਜ਼ੀਜ਼ੀ ਸੀਸੈਕਸ ਦੱਸਦੇ ਹਨ,"ਅਧਿਐਨ ਵਿਚ ਕੁਝ ਲੋਕ ਤਾਂ ਅਜਿਹੇ ਵੀ ਆਏ ਸਨ ਜੋ ਹਫਤੇ ਵਿਚ 60 ਘੰਟੇ ਤੋਂ ਵੀ ਜ਼ਿਆਦਾ ਕੰਮ ਕਰ ਰਹੇ ਸਨ। ਉਨ੍ਹਾਂ ਦੀ ਸਿਹਤ 'ਤੇ ਅਸੀਂ ਇਸ ਕੰਮ ਦਾ ਗੰਭੀਰ ਅਸਰ ਦੇਖਿਆ।" ਜ਼ਿਆਦਾ ਸਮਾਂ ਕੰਮ ਕਰਨ ਦਾ ਮਾਨਸਿਕ ਤੇ ਸਰੀਰਕ ਸਿਹਤ ਦੇ ਇਲਾਵਾ ਰਿਸ਼ਤਿਆਂ 'ਤੇ ਵੀ ਅਸਰ ਦਿੱਸਦਾ ਹੈ। ਅਜਿਹੇ ਲੋਕ ਅਕਸਰ ਰਾਤ ਵਿਚ ਜਦੋਂ ਸੋਣ ਲਈ ਜਾਂਦੇ ਹਨ ਉਦੋਂ ਬਿਸਤਰ 'ਤੇ ਲੰਮੇ ਪਏ ਹੋਏ ਆਪਣੇ ਕੰਮ ਜਾਂ ਸਮੱਸਿਆਵਾਂ ਦੇ ਬਾਰੇ ਹੀ ਸੋਚਦੇ ਰਹਿੰਦੇ ਹਨ। ਇਹ ਸੋਚ ਸਿਹਤ 'ਤੇ ਸਭ ਤੋਂ ਖਰਾਬ ਅਸਰ ਪਾਉਂਦੀ ਹੈ। ਇਸ ਲਈ ਜ਼ਿਆਦਾ ਕੰਮ ਕਰਨ ਵਾਲੇ 50 ਫੀਸਦੀ ਤੋਂ ਜ਼ਿਆਦਾ ਲੋਕ 5 ਘੰਟੇ ਦੀ ਵੀ ਚੰਗੀ ਨੀਂਦ ਨਹੀਂ ਲੈ ਪਾਉਂਦੇ।

## ਇੰਗਲੈਂਡ 'ਚ ਪੰਜਾਬਣ ਨੂੰ ਅਦਾਲਤ ਨੇ ਸੁਣਾਈ ਸਜ਼ਾ

ਇੰਗਲੈਂਡ 'ਚ ਇਕ ਪੰਜਾਬਣ ਨੂੰ ਅਦਾਲਤ ਨੇ 10 ਮਹੀਨਿਆਂ ਦੀ ਸਜ਼ਾ ਸੁਣਾਈ ਹੈ। 34 ਸਾਲਾ ਕੁਲਜੀਤ ਕੌਰ ਨੂੰ ਮੇਡਸਟੋਨ ਜੇਲ ਦੀਆਂ ਉੱਚੀਆਂ ਕੰਧਾਂ ਰਾਹੀਂ ਗੈਰ-ਕਾਨੂੰਨੀ ਪੈਕੇਟ ਸੁਟਵਾਉਣ ਦੇ ਮਾਮਲੇ 'ਚ ਸਹਿਯੋਗ ਕਰਨ ਦੇ ਦੋਸ਼ 'ਚ ਸਜ਼ਾ ਮਿਲੀ ਹੈ। ਮੇਡਸਟੋਨ ਕਰਾਊਨ ਕੋਰਟ 'ਚ ਸੁਣਵਾਈ ਦੌਰਾਨ ਦੱਸਿਆ ਗਿਆ ਕਿ ਜੇਲ 'ਚ ਸੁੱਟੇ ਗਏ ਗ਼ੈਰ-ਕਾਨੂੰਨੀ ਪੈਕਟਾਂ 'ਚ ਮੋਬਾਈਲ ਫੋਨ ਅਤੇ ਨਸ਼ੇ ਵੀ ਸਨ।ਜਾਣਕਾਰੀ ਮੁਤਾਬਕ ਕੁਲਜੀਤ ਕੌਰ ਆਪਣੇ ਸਾਥੀਆਂ ਨੂੰ ਜੇਲ ਤੱਕ ਕਾਰ ਚਲਾ ਕੇ ਲਿਆਉਂਦੀ ਸੀ। ਕਾਰ ਸਵਾਰ ਜੇਲ ਦੀ 20 ਫੁੱਟ ਉੱਚੀ ਕੰਧ ਉੱਤੋਂ ਸਮਾਨ ਸੁੱਟਦੇ ਸਨ, ਜਿਸ ਨੂੰ ਆਮ ਲੋਕ ਸ਼ਰ੍ਹੇਆਮ ਵੇਖਦੇ ਸਨ, ਇਹ ਕਾਰਾ 5 ਵਾਰ ਕੀਤਾ ਗਿਆ ਸੀ। ਪਿਛਲੇ ਸਾਲ 1 ਮਾਰਚ ਨੂੰ ਅਜਿਹਾ ਕਰਦਿਆਂ ਇਕ ਪੈਕਟ ਜੇਲ ਦੀਆਂ ਕੰਧਾਂ 'ਤੇ ਲੱਗੀਆਂ ਤਾਰਾਂ 'ਚ ਵੀ ਫਸ ਗਿਆ ਸੀ। ਕੁਲਜੀਤ ਕੌਰ ਦਾ ਬਚਾਅ ਕਰਦਿਆਂ ਵਕੀਲ ਕੀਰਾ ਚਾਨਾ ਨੇ ਕਿਹਾ ਕਿ ਉਹ ਇਕ ਲਾਚਾਰ ਸੀ, ਜੋ ਉਸ ਦੀ ਖਰਾਬ ਦਿਮਾਗੀ ਹਾਲਤ ਕਾਰਨ ਕਿਸੇ ਦੀ ਸਾਜ਼ਸ਼ ਦਾ ਸ਼ਿਕਾਰ ਹੋ ਗਈ ਸੀ ਪਰ ਉਸ ਨੇ ਕੋਈ ਵਿੱਤੀ ਲਾਭ ਨਹੀਂ ਲਿਆ ਸੀ।

## ਵਿਆਹ ਦਾ ਇੰਨਾ ਚਾਅ ਕਿ ਨਸ਼ੇ 'ਚ ਟੱਲੀ ਜੋੜੇ ਨੇ ਖਰੀਦ ਲਿਆ ਹੋਟਲ

ਕਈ ਲੋਕਾਂ ਨੂੰ ਵਿਆਹ ਦਾ ਇੰਨਾ ਕੁ ਚਾਅ ਚੜ੍ਹ ਜਾਂਦਾ ਹੈ ਕਿ ਉਹ ਅਸਮਾਨੀ ਉਡਾਰੀਆਂ ਮਾਰਨ ਲੱਗ ਜਾਂਦੇ ਹਨ। ਅਜਿਹਾ ਹੀ ਬ੍ਰਿਟੇਨ ਦੇ ਇਕ ਜੋੜੇ ਨਾਲ ਵੀ ਹੋਇਆ ਜਿਨ੍ਹਾਂ ਨੇ ਵਿਆਹ ਦੇ ਚਾਅ 'ਚ ਹੋਟਲ ਹੀ ਖਰੀਦ ਲਿਆ। ਇਹ ਜੋੜਾ ਹਨੀਮੂਨ ਮਨਾਉਣ ਲਈ ਸ਼੍ਰੀਲੰਕਾ ਗਿਆ ਸੀ ਅਤੇ ਉਨ੍ਹਾਂ ਨੇ ਨਸ਼ੇ 'ਚ ਉਸੇ ਹੋਟਲ ਨੂੰ ਖਰੀਦ ਲਿਆ, ਜਿਸ 'ਚ ਉਹ ਰੁਕੇ ਸਨ।ਦਰਅਸਲ ਮਾਰਕ ਲੀ (35) ਅਤੇ ਗੀਨਾ ਲਿਅੰਸ (33) 2017 'ਚ ਵਿਆਹ ਤੋਂ ਬਾਅਦ ਤਿੰਨ ਹਫਤਿਆਂ ਲਈ ਸ਼੍ਰੀਲੰਕਾ ਗਏ ਸਨ। ਉੱਥੇ ਪੁੱਜਦਿਆਂ ਹੀ ਉਨ੍ਹਾਂ ਨੇ 12 ਗਲਾਸ ਸ਼ਰਾਬ ਦੇ ਪੀ ਲਏ। ਇਸ ਮਗਰੋਂ ਉਨ੍ਹਾਂ ਨੇ ਨਸ਼ੇ 'ਚ 3 ਸਾਲ ਲਈ 30 ਹਜ਼ਾਰ ਪੌਂਡ (29.26 ਲੱਖ ਰੁਪਏ) ਦੇ ਕੇ ਹੋਟਲ ਲੀਜ 'ਤੇ ਲੈ ਲਿਆ। ਇਸ ਦੇ ਬਾਅਦ ਮਾਰਕ ਅਤੇ ਗੀਨਾ ਨੇ ਪਹਿਲੇ ਸਾਲ ਲਈ 15 ਹਜ਼ਾਰ ਪੌਂਡ (14.63 ਲੱਖ ਰੁਪਏ) ਅਤੇ ਬਾਕੀ ਰਕਮ ਮਾਰਚ 2019 ਤਕ ਦੇਣ ਦੀ ਗੱਲ ਕਰ ਲਈ।

## ਰੇਲ ਮੰਤਰੀ ਨੇ ਦਿੱਤੇ ਅੰਮ੍ਰਿਤਸਰ ਰੇਲ ਹਾਦਸੇ ਦੀ ਜਾਂਚ ਦੇ ਆਦੇਸ਼

ਦੁਸਹਿਰੇ ਵਾਲੇ ਦਿਨ ਅੰਮ੍ਰਿਤਸਰ 'ਚ ਵਾਪਰੇ ਰੇਲ ਹਾਦਸੇ ਦੀ ਜਾਂਚ ਦੇ ਆਦੇਸ਼ ਰੇਲ ਮੰਤਰੀ ਵੱਲੋਂ ਰੇਲਵੇ ਸੁਰੱਖਿਆ ਕਮਿਸ਼ਨ ਨੂੰ ਦਿੱਤੇ ਗਏ ਹਨ। ਇਸ ਦੀ ਜਾਣਕਾਰੀ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਦਿੱਤੀ। ਉਨ੍ਹਾਂ ਨੇ ਕਿਹਾ ਕਿ ਰੇਲ ਮੰਤਰੀ ਪੀਊਸ਼ ਗੋਇਲ ਨੇ ਅੰਮ੍ਰਿਤਸਰ 'ਚ ਹੋਏ ਰੇਲ ਹਾਦਸੇ ਦੀ ਜਾਂਚ ਰੇਲਵੇ ਸੁਰੱਖਿਆ ਕਮਿਸ਼ਨ (ਸੀ. ਆਰ. ਐੱਸ) ਨੂੰ ਦਿੱਤੀ ਹੈ ਅਤੇ ਸੀ. ਆਰ. ਐੱਸ. ਵੱਲੋਂ ਇਸ ਹਾਦਸੇ ਸਬੰਧੀ ਨਿਰਪੱਖ ਜਾਂਚ ਕੀਤੀ ਜਾਵੇਗੀ। ਦੱਸ ਦੇਈਏ ਕਿ 19 ਤਰੀਕ ਨੂੰ ਅੰਮ੍ਰਿਤਸਰ ਦੇ ਜੌੜਾ ਫਾਟਕ ਨੇੜੇ ਦੁਸਹਿਰੇ ਦਾ ਤਿਉਹਾਰ ਮਨਾਉਂਦੇ ਸਮੇਂ ਕਈ ਲੋਕ ਟਰੇਨ ਦਾ ਸ਼ਿਕਾਰ ਹੋ ਗਏ ਸਨ। ਇਸ ਦਰਦਨਾਕ ਹਾਦਸੇ 'ਚ ਕਰੀਬ 62 ਲੋਕਾਂ ਦੀ ਮੌਤ ਹੋ ਗਈ ਸੀ ਅਤੇ ਕਈ ਲੋਕ ਜ਼ਖਮੀ ਹੋ ਗਏ ਸਨ।

# ਸਿੰਗਾਪੁਰ ਤੋਂ ਨਿਊਯਾਰਕ ਵਿਚਾਲੇ ਦੁਨੀਆ ਦੀ ਸਭ ਤੋਂ ਲੰਬੀ ਹਵਾਈ ਸੇਵਾ ਸ਼ੁਰੂ

ਸਿੰਗਾਪੁਰ— ਸਿੰਗਾਪੁਰ ਏਅਰਲਾਈਨਸ ਨੇ ਵੀਰਵਾਰ ਨੂੰ ਇਤਿਹਾਸ ਰਚ ਦਿੱਤਾ। ਸਿੰਗਾਪੁਰ ਤੋਂ ਨਿਊਯਾਰਕ ਦੇ ਵਿਚਾਲੇ ਚਲਣ ਵਾਲੀ ਦੁਨੀਆ ਦੀ ਸਭ ਤੋਂ ਲੰਬੀ ਹਵਾਈ ਯਾਤਰਾ ਸੇਵਾ ਹੁਣ ਸ਼ੁਰੂ ਹੋ ਗਈ ਹੈ। 16,700 ਕਿਲੋਮੀਟਰ ਲੰਬੀ ਹਵਾਈ ਯਾਤਰਾ ਦੌਰਾਨ 19 ਘੰਟੇ ਦਾ ਸਮਾਂ ਲੱਗੇਗਾ। ਸਿੰਗਾਪੁਰ ਤੋਂ ਨਿਊਯਾਰਕ ਦੇ ਵਿਚਾਲੇ ਦੋ ਪਾਇਲਟ ਜਹਾਜ਼ 'ਚ ਆਪਣੀਆਂ ਸੇਵਾਵਾਂ ਦੇਣਗੇ। ਉਡਾਣ ਦੌਰਾਨ ਹਰ ਪਾਇਲਟ ਨੂੰ ਅੱਠ ਘੰਟਿਆਂ ਦਾ ਆਰਾਮ ਦਿੱਤਾ ਜਾਵੇਗਾ। ਚਾਲਕ ਦਲ 'ਚ ਦੋ ਫਸਟ ਆਫਿਸਰ ਤੇ 13 ਮੈਂਬਰੀ ਕੈਬਿਨ ਦਸਤਾ ਮੌਜੂਦ ਰਹੇਗਾ, ਜੋ ਕਿ ਯਾਤਰੀਆਂ ਦੀ ਮਦਦ ਕਰੇਗਾ। ਜਹਾਜ਼ 'ਚ 161 ਯਾਤਰੀਆਂ ਦੇ ਬੈਠਣ ਦੀ ਸਮਰਥਾ ਹੈ, ਜਿਸ 'ਚ 67 ਬਿਜ਼ਨਸ ਕਲਾਸ ਤੇ 94 ਪ੍ਰੀਮੀਅਮ ਇਕਨਾਮੀ ਦੇ ਯਾਤਰੀ ਹੋਣਗੇ। ਇਸ ਜਹਾਜ਼ 'ਚ ਰੈਗੂਲਰ ਇਕਨਾਮੀ ਸੀਟ ਉਪਲੱਬਧ ਨਹੀਂ ਹੈ। ਲੰਬੀ ਦੂਰੀ ਕਾਰਨ ਜਹਾਜ਼ 'ਚ ਯਾਤਰੀਆਂ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਨਾ ਹੋਵੇ ਇਸ ਦੇ ਲਈ ਵਿਸ਼ੇਸ਼ ਉਪਾਅ ਕੀਤੇ ਗਏ ਹਨ। ਜਹਾਜ਼ 'ਚ ਬਿਹਤਰ ਮੀਨੂ ਤੋਂ ਇਲਾਵਾ ਯਾਤਰੀਆਂ ਦੇ ਮਨੋਰੰਜਨ ਲਈ ਟੈਲੀਵੀਜ਼ਨ ਵੀ ਉਪਲੱਬਧ ਹਨ। ਦੱਸਣ ਯੋਗ ਹੈ ਕਿ ਇਸ ਤੋਂ ਪਹਿਲਾਂ ਕੰਤਾਸ ਨੇ ਇਸੇ ਸਾਲ ਦੀ ਸ਼ੁਰੂਆਤ 'ਚ ਪਰਥ ਤੋਂ ਲੰਡਨ ਲਈ 17 ਘੰਟੇ ਦੀ ਨਾਨ-ਸਟਾਪ




ਫਲਾਈਟ ਸੇਵਾ ਸ਼ੁਰੂ ਕੀਤੀ ਸੀ। ਇਸ ਤੋਂ ਇਲਾਵਾ ਕਤਰ ਏਅਰਲਾਈਨਸ ਦੀ ਇਕ ਫਲਾਈਟ ਆਕਲੈਂਡ ਤੋਂ ਦੋਹਾ ਦੇ ਵਿਚਾਲੇ ਉਡਦੀ ਹੈ।




# ਪਾਕਿਸਤਾਨ 'ਚ ਔਰਤਾਂ ਨੂੰ ਤਲਾਕ ਦੀ ਕੀ ਕੀਮਤ ਅਦਾ ਕਰਨੀ ਪੈਂਦੀ ਹੈ

ਜਾਣਾ ਵਾਹਗੇ ਬਾਰਡਰ ਜਾਣਾ , ਗਾਣਾ ਗੀਤ ਪਿਆਰ ਦਾ ਗਾਣਾ
ਜਾਣਾ ਸ਼ਹਿਰ ਲਾਹੌਰ ਜਾਣਾ , ਗਾਣਾ ਗੀਤ ਪਿਆਰ ਦਾ ਗਾਣਾ
ਝਗੜਾ ਵੀਜ਼ੇ ਦਾ ਮਕਾਣਾ , ਗਾਣਾ ਗੀਤ ਪਿਆਰ ਦਾ ਗਾਣਾ

ਭਾਰਤ ਦੀ ਮਨੁੱਖੀ ਅਧਿਕਾਰਾਂ ਦੀ ਮੰਨੀ ਪ੍ਰਮੰਨੀ ਕਾਰਕੁਨ ਕਮਲਾ ਭਾਸੀਨ, ਆਸਮਾ ਜਹਾਂਗੀਰ ਕਾਨਫ਼ਰੰਸ ਵਿੱਚ ਭਾਗ ਲੈਣ ਲਈ ਇਹ ਪੈਗ਼ਾਮ ਲੈ ਕੇ ਲਾਹੌਰ ਆਈਆਂ ਸਨ।

ਦੋ ਦਿਨਾਂ ਤੱਕ ਲਾਹੌਰ ਦੇ ਇੱਕ ਵੱਡੇ ਹੋਟਲ ਵਿੱਚ ਹੋਈ ਇਸ ਕਾਨਫ਼ਰੰਸ ਦਾ ਵਿਸ਼ਾ ਸੀ – 'ਜਸਟਿਸ ਫ਼ਾਰ ਇੰਮਪਾਵਰਮੈਂਟ'। ਇਸ ਕਾਨਫ਼ਰੰਸ ਵਿੱਚ ਜ਼ਿੰਦਗੀ ਦੇ ਹਰ ਸ਼ੋਅਬੇ ਨਾਲ਼ ਤਾਅਲੁੱਕ ਰੱਖਣ ਵਾਲੇ ਲੋਕਾਂ ਨੇ ਬਹੁਤ ਵੱਡੀ ਤਾਦਾਦ ਵਿੱਚ ਸ਼ਿਰਕਤ ਕੀਤੀ। ਇੰਨ੍ਹਾਂ ਲੋਕਾਂ ਵਿੱਚ ਸਿਆਸਤਦਾਨ, ਜੱਜ, ਸੂਝਵਾਨ , ਡਿਵੈਲਪਮੈਂਟਸ ਮਨੁੱਖੀ ਅਧਿਕਾਰ ਦੇ ਕਾਰਕੁੰਨ , ਵਕੀਲ, ਸਟੂਡੈਂਟਸ ਤੇ ਫ਼ਨਕਾਰ ਸ਼ਾਮਿਲ ਸਨ। ਇਸ ਕਾਨਫ਼ਰੰਸ ਦਾ ਟੀਚਾ ਮਨੁੱਖੀ ਅਧਿਕਾਰਾਂ ਦੇ ਹਵਾਲੇ ਨਾਲ ਆਸਮਾ ਜਹਾਂਗੀਰ ਦੇ ਮਕਸਦ ਤੇ ਉਨ੍ਹਾਂ ਦੀਆਂ ਕੀਤੀਆਂ ਹੋਈਆਂ ਕੋਸ਼ਿਸ਼ਾਂ ਨੂੰ ਅੱਗੇ ਵਧਾਉਣਾ ਸੀ।ਕਾਨਫ਼ਰੰਸ ਵਿੱਚ ਮਨੁੱਖੀ ਅਧਿਕਾਰ ਦੇ ਨਾਲ ਜੁੜੇ ਕਈ ਮਸਲਿਆਂ ਬਾਰੇ ਗੱਲਬਾਤ ਹੋਈ ਤੇ ਕਰੀਬ 21 ਵੱਖ-ਵੱਖ ਵਿਸ਼ਿਆਂ 'ਤੇ ਦਾਨਿਸ਼ਵਰਾਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਪੂਰੀ ਦੁਨੀਆਂ ਤੋਂ ਆਏ ਮਨੁੱਖੀ ਅਧਿਕਾਰ ਦੇ ਇੰਨ੍ਹਾਂ ਕਾਰਕੁਨਾਂ ਨੇ ਦੁਨੀਆ ਭਰ ਵਿੱਚ ਮਨੁੱਖੀ ਅਧਿਕਾਰ ਦੇ ਘਾਣ ਨਾਲ ਜੁੜੀਆਂ ਜ਼ਿਆਦਤੀਆਂ ਦੀ ਨਿਸ਼ਾਨਦੇਹੀ ਕੀਤੀ ਅਤੇ ਉਨ੍ਹਾਂ ਦਾ ਹੱਲ ਦੱਸਿਆ।



## ਅਸਮਾ ਜਹਾਂਗੀਰ ਦੀ ਕਮੀ ਨਹੀਂ ਹੋ ਸਕਦੀ ਪੂਰੀ

ਉਨ੍ਹਾਂ ਸਾਰਿਆਂ ਨੇ ਆਸਮਾ ਜਹਾਂਗੀਰ ਦੇ ਮਨੁੱਖੀ ਅਧਿਕਾਰਾਂ ਲਈ ਕੀਤੀ ਜੱਦੋਜਹਿਦ ਦੀ ਤਾਰੀਫ ਕੀਤੀ। ਉਨ੍ਹਾਂ ਨੇ ਇਹ ਵੀ ਕਿਹਾ ਕਿ ਪਾਕਿਸਤਾਨ ਦੇ ਪਿਸੇ ਹੋਏ ਲੋਕਾਂ ਲਈ ਜੋ ਕੰਮ ਉਨ੍ਹਾਂ ਨੇ ਕੀਤੇ ਸ਼ਾਇਦ ਹੋਰ ਕੋਈ ਨਾ ਕਰ ਸਕਦਾ ਤੇ ਉਨ੍ਹਾਂ ਦੇ ਚਲਾਣੇ ਮਗਰੋਂ ਸ਼ਾਇਦ ਹੀ ਘਾਟਾ ਪੂਰਾ ਹੋ ਸਕੇ। ਕਾਨਫ਼ਰੰਸ ਦਾ ਉਦਘਾਟਨ ਪਾਕਿਸਤਾਨ ਦੇ ਚੀਫ਼ ਜਸਟਿਸ, ਜਸਟਿਸ ਸਾਕਿਬ ਨਿਸਾਰ ਨੇ ਕੀਤਾ। ਉਨ੍ਹਾਂ ਨੇ ਆਪਣੀ ਤਕਰੀਰ ਵਿੱਚ ਆਸਮਾ ਜਹਾਂਗੀਰ ਦੇ ਹਵਾਲੇ ਨਾਲ ਆਪਣੀਆਂ ਯਾਦਾਂ ਸਾਂਝੀਆਂ ਕਰਦੀਆਂ ਕਿਹਾ ਕਿ ਆਸਮਾ ਜਹਾਂਗੀਰ ਤੋਂ ਉਨ੍ਹਾਂ ਨੇ ਬਹੁਤ ਕੁਝ ਸਿੱਖਿਆ ਹੈ। ਉਨ੍ਹਾਂ ਕਿਹਾ ਕਿ ਆਸਮਾ ਜਹਾਂਗੀਰ ਉਨ੍ਹਾਂ ਵਾਸਤੇ ਉਸਤਾਦ ਦਾ ਦਰਜਾ ਰੱਖਦੇ ਸਨ। ਆਸਮਾ ਜਹਾਂਗੀਰ ਨੇ ਉਨ੍ਹਾਂ ਨੂੰ ਮਨੁੱਖੀ ਹੱਕਾਂ ਦੀ ਅਹਿਮੀਅਤ ਬਾਰੇ ਦੱਸਿਆ। ਚੀਫ਼ ਜਸਟਿਸ ਸਾਕਿਬ ਨਿਸਾਰ ਨੇ ਦੱਸਿਆ ਕਿ ਉਨ੍ਹਾਂ ਨੇ ਅਪਣਾ ਸਭ ਤੋਂ ਪਹਿਲਾਂ ਆਪਣੇ ਆਪ ਲਿਆ ਫੈਸਲਾ (ਸਿਉ ਮੋਟੋ) ਆਸਮਾ ਦੇ ਕਹਿਣ 'ਤੇ ਲਿਆ ਸੀ।ਪਾਕਿਸਤਾਨ ਦੀ ਸੁਪਰੀਮ ਕੋਰਟ ਦੇ ਜਸਟਿਸ ਆਸਮਾ ਜਹਾਂਗੀਰ ਨੂੰ ਆਪਾ ਕਹਿੰਦੇ ਸਨ ਤੇ ਉਨ੍ਹਾਂ ਦਾ ਸਤਿਕਾਰ ਵੱਡੀ ਭੈਣ ਵਜੋਂ ਕਰਦੇ ਸਨ। ਚੀਫ਼ ਜਸਟਿਸ ਪਾਕਿਸਤਾਨ ਸਾਕਿਬ ਨਿਸਾਰ ਨੇ ਕਿਹਾ, "ਹੁਣ ਪਾਕਿਸਤਾਨ ਵਿੱਚ ਸਿਰਫ਼ ਜਮਹੂਰੀ ਨਿਜ਼ਾਮ ਹੀ ਰਹਿ ਸਕਦਾ ਹੈ।" "ਆਸਮਾ ਜਹਾਂਗੀਰ ਨੇ ਵੀ ਹਮੇਸ਼ਾ ਜਮਹੂਰੀਅਤ ਲਈ ਆਵਾਜ਼ ਬੁਲੰਦ ਕੀਤੀ ਤੇ ਉਨ੍ਹਾਂ ਦੇ ਮਿਸ਼ਨ ਨੂੰ ਅੱਗੇ ਵਧਾਉਣਾ ਹੁਣ ਸਾਡਾ ਕੰਮ ਹੈ।"ਕਾਨਫ਼ਰੰਸ ਵਿੱਚ ਜਿਨ੍ਹਾਂ ਵਿਸ਼ਿਆਂ ਬਾਰੇ ਬਹਿਸ ਹੋਈ, ਉਨ੍ਹਾਂ 'ਚੋਂ ਇਕ ਜਿਨਸੀ ਬਰਾਬਰੀ ਵੀ ਵਿਸ਼ਾ ਸੀ। ਇਸ ਵਿਸ਼ੇ ਬਾਰੇ ਕਮਲਾ ਭਸੀਨ ਨੇ ਕਿਹਾ, "ਪਹਿਲਾਂ ਉਹ ਸਮਝਦੀਆਂ ਸਨ ਕਿ ਔਰਤਾਂ ਨੂੰ ਪਿੱਛੇ ਰੱਖਣ ਦਾ ਕਾਰਨ ਧਰਮ ਨਾਲ ਜੁੜਿਆ ਹੋਇਆ ਹੈ, ਕਿਉਂਕਿ ਮਜ਼੍ਹਬ ਸਾਨੂੰ ਸੱਭਿਅਕ ਸਮਾਜ ਦਾ ਆਦੇਸ਼ ਦਿੰਦਾ ਹੈ।" ਪਰ ਪਿਛਲੇ ਕੁਝ ਅਰਸੇ ਤੋਂ ਮੈਂ ਵੇਖ ਰਹੀ ਹਾਂ ਕਿ ਮਜ਼੍ਹਬ ਦੀ ਥਾਂ ਸਰਾਮਾਏ ਨੇ ਲੈ ਲਈ ਹੈ। ਇਸ ਕਾਰਨ ਔਰਤਾਂ ਨੂੰ ਇੱਕ ਚੀਜ਼ ਸਮਝ ਕੇ ਇਸਤੇਮਾਲ ਕੀਤਾ ਜਾਂਦਾ ਹੈ।

## ਔਰਤਾਂ ਨੂੰ ਮਕਸਦ ਤੋਂ ਪਰੇ ਕੀਤਾ

ਕਮਲਾ ਭਸੀਨ ਦਾ ਕਹਿਣਾ ਸੀ ਕਿ ਅਰਬਾਂ ਡਾਲਰਾਂ ਦੀ ਮੇਕਅੱਪ ਇੰਡਸਟਰੀ ਨੇ ਔਰਤਾਂ ਨੂੰ ਸੋਹਣਾ ਲੱਗਣ ਦੀ ਅਜਿਹੀ ਖ਼ਬਤ ਵਿੱਚ ਪ੍ਰੇਸ਼ਾਨ ਕਰ ਦਿੱਤਾ ਹੈ ਜਿਸ ਨੇ ਉਨ੍ਹਾਂ ਦੇ ਦੂਜੇ ਹੁਨਰਾਂ ਨੂੰ ਪ੍ਰਭਾਵਿਤ ਕੀਤਾ। ਉਨ੍ਹਾਂ ਨੇ ਬੜੇ ਦੁਖ ਨਾਲ਼ ਕਿਹਾ ਕਿ ਅਰਬਾਂ ਡਾਲਰ ਦੀ ਪੋਰਨ ਇੰਡਸਟਰੀ ਤੇ ਬੱਚਿਆਂ ਦੀ ਪੋਰਨੋਗਰਾਫ਼ੀ ਨੇ ਤਾਂ ਔਰਤਾਂ ਨੂੰ ਉਨ੍ਹਾਂ ਦੇ ਜਿਸਮਾਨੀ ਨੁਮਾਇਸ਼ ਵਿੱਚ ਉਲਝਾ ਕੇ ਰੱਖ ਦਿੱਤਾ ਹੈ। ਔਰਤ ਨੂੰ ਬਾਰਬੀ ਡੌਲ ਵਾਂਗ ਇੱਕ ਬੇਜਾਨ ਚੀਜ਼ ਬਣਾ ਕੇ ਉਨ੍ਹਾਂ ਦਾ ਇਸਤੇਸਾਲ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤ ਵਿੱਚ 90 ਫ਼ੀਸਦ ਫ਼ਿਲਮਾਂ ਅਜਿਹੀਆਂ ਬਣਦੀਆਂ ਹਨ ਜਿਨ੍ਹਾਂ ਵਿੱਚ ਔਰਤਾਂ ਨੂੰ ਇੱਕ ਨੁਮਾਇਸ਼ ਤੇ ਜਿਨਸੀ ਜ਼ਰੂਰਤ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਫਿਲਮ ਦਬੰਗ -2 ਕਰੋੜਾਂ ਰੁਪਏ ਕਮਾਉਂਦੀ ਹੈ। ਉਸ ਫਿਲਮ ਵਿੱਚ ਇੱਕ ਗੀਤ ਹੈ, 'ਮੈਂ ਤੰਦੂਰੀ ਮੁਰਗ਼ੀ ਹੂੰ ਯਾਰ ਕਟਵਾ ਸਈਆਂ...।' ਕਮਲਾ ਭਸੀਨ ਨੇ ਕਿਹਾ ਕਿ ਜਦ ਤੱਕ ਔਰਤ ਨੂੰ ਇਕ ਚੀਜ਼ ਨਹੀਂ ਬਲਕਿ ਬਰਾਬਰ ਦੇ ਇਨਸਾਨ ਦਾ ਦਰਜਾ ਨਾ ਦਿੱਤਾ ਗਿਆ ਉਦੋਂ ਤੱਕ ਦੁਨੀਆਂ ਤਰੱਕੀ ਨਹੀਂ ਕਰ ਸਕਦੀ।ਇਸੇ ਤਰ੍ਹਾਂ ਸਵੀਡਨ ਤੋਂ ਆਈ ਮਨੁੱਖੀ ਅਧਿਕਾਰਦੀ ਡਾਇਰੈਕਟਰ ਅਨੇਕਾ ਬੀਨ ਡੇਵਿਡ ਨੇ ਇਸ ਵਿਸ਼ੇ 'ਤੇ ਆਪਣੇ ਕੁੰਜੀਵਤ ਭਾਸ਼ਣ ਵਿੱਚ ਕਿਹਾ ਕਿ ਉਨ੍ਹਾਂ ਦਾ ਮੁਲਕ ਔਰਤਾਂ ਦੀ ਬਰਾਬਰੀ ਦਾ ਬਹੁਤ ਅਲੰਬਰਦਾਰ ਹੈ। ਸਾਡਾ ਮਿਸ਼ਨ ਹੈ ਕਿ ਦੁਨੀਆ ਦੇ ਹਰ ਮੁਲਕ ਵਿੱਚ ਔਰਤਾਂ ਨੂੰ ਬਰਾਬਰ ਦੇ ਹਕੂਕ ਮਿਲਣ। ਅਨੇਕਾ ਬੀਨ ਡੇਵਿਡ ਦਾ ਕਹਿਣਾ ਸੀ ਕਿ ਰਿਸਰਚ ਅਨੁਸਾਰ ਜੇ ਔਰਤਾਂ ਨੂੰ ਮਰਦਾਂ ਦੇ ਬਰਾਬਰ ਨੌਕਰੀਆਂ ਦਿੱਤੀਆਂ ਜਾਣ, ਉਨ੍ਹਾਂ ਨੂੰ ਮਰਦਾਂ ਦੇ ਬਰਾਬਰ ਤਨਖ਼ਾਹ ਮਿਲੇ ਤਾਂ ਦੁਨੀਆਂ ਦੀ ਅਰਥਵਿਵਸਥਾ ਵਿੱਚ 20 ਫ਼ੀਸਦ ਵਾਧਾ ਹੋ ਸਕਦਾ ਹੈ। ਆਸਮਾ ਜਹਾਂਗੀਰ ਦੀ ਧੀ ਵਕੀਲ ਸਲੀਮਾ ਜਹਾਂਗੀਰ ਨੇ ਦੱਸਿਆ ਕਿ ਪਾਕਿਸਤਾਨ ਵਿੱਚ ਔਰਤਾਂ ਨਾਲ ਹਰ ਮਾੜਾ ਸਲੂਕ ਕੀਤਾ ਜਾਂਦਾ ਹੈ।ਉਨ੍ਹਾਂ ਨੂੰ ਕੋਈ ਹਕੂਕ ਨਹੀਂ ਦਿੱਤੇ ਜਾਂਦੇ ਹਨ। ਉਨ੍ਹਾਂ ਨੇ ਕਿਹਾ ਕਿ ਔਰਤ ਜਿਹੜੀ ਆਪਣੀ ਸਾਰੀ ਜ਼ਿੰਦਗੀ ਘਰ ਬਣਾਉਣ ਤੇ ਲੱਗਾ ਦਿੰਦੀ ਹੈ। ਪਰ ਉਸ ਦਾ ਪਤੀ ਉਸ ਨੂੰ ਤਲਾਕ ਦਿੰਦਾ ਹੈ ਤੇ ਤਿੰਨਾਂ ਕੱਪੜਿਆਂ ਵਿੱਚ ਘਰੋਂ ਕੱਢ ਦਿੰਦਾ ਹੈ। ਸਲੀਮਾ ਜਹਾਂਗੀਰ ਨੇ ਦੱਸਿਆ ਕਿ ਪਾਕਿਸਤਾਨ ਇੱਕ ਅਜਿਹਾ ਦੇਸ ਹੈ ਜਿੱਥੇ ਔਰਤ ਤਲਾਕ ਦੀ ਕੀਮਤ ਅਦਾ ਕਰਦੀ ਹੈ।

## 'ਅੱਤਵਾਦ ਸਿਆਸਤ ਦਾ ਨਤੀਜਾ

ਸਲੀਮਾ ਜਹਾਂਗੀਰ ਨੇ ਦੱਸਿਆ ਕਿ ਪਾਕਿਸਤਾਨ ਦੀਆਂ ਅਦਾਲਤਾਂ ਵਿੱਚ ਔਰਤ ਜੱਜਾਂ ਦੀ ਗਿਣਤੀ ਨਾਂਹ ਦੇ ਬਰਾਬਰ ਹੈ। ਸੀਨੀਅਰ ਅਹੁਦੇ 'ਤੇ ਲਾਹੌਰ ਹਾਈ ਕੋਰਟ ਵਿੱਚ ਸਿਰਫ਼ ਦੋ ਔਰਤ ਜੱਜ ਹਨ ਅਤੇ ਬਲੋਚਿਸਤਾਨ ਵਿੱਚ ਇੱਕ ਹੈ। ਜਦਕਿ ਸੁਪਰੀਮ ਕੋਰਟ ਵਿੱਚ ਕਦੇ ਕਿਸੇ ਔਰਤ ਨੂੰ ਜੱਜ ਨਹੀਂ ਬਣਾਇਆ ਗਿਆ। ਮਰਦਾਂ ਦੇ ਮੁਕਾਬਲੇ ਵਕੀਲ ਔਰਤਾਂ ਦੀ ਗਿਣਤੀ ਵੀ ਬਹੁਤ ਘੱਟ ਹੈ। ਉਹ ਵੀ ਕੇਵਲ ਘਰੇਲੂ ਮਸਲਿਆਂ ਵਿੱਚ ਹੀ ਵਕਾਲਤ ਕਰਦੀਆਂ ਹਨ। ਉਹ ਕਦੇ ਜੁਰਮ ਦੇ ਕੇਸਾਂ ਵਿੱਚ ਵਕਾਲਤ ਨਹੀਂ ਕਰਦੀਆਂ। ਹੇਠਲੀਆਂ ਅਦਾਲਤਾਂ ਵਿੱਚ ਔਰਤਾਂ ਜੱਜਾਂ ਦੀ ਗਿਣਤੀ ਬਿਹਤਰ ਹੈ ਪਰ ਉਹ ਕੇਵਲ ਘਰੇਲੂ ਮਸਲੇ ਸੁਣਦੇ ਹਨ। ਸਲੀਮਾ ਨੇ ਜ਼ੋਰ ਦਿੱਤਾ ਕਿ ਪਾਕਿਸਤਾਨ ਵਿੱਚ ਜਿਨਸੀ ਬਰਾਬਰੀ ਬਾਰੇ ਕਾਨੂੰਨ ਬਣਾਉਣ ਅਤੇ ਉਨ੍ਹਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨਾ ਬਹੁਤ ਜ਼ਰੂਰੀ ਹੈ। ਪਾਕਿਸਤਾਨ ਦੇ ਇਕ ਪਛੜੇ ਸ਼ਹਿਰ ਤੋਂ ਆਈ ਇੱਕ ਪੁਲਿਸ ਅਫ਼ਸਰ ਅਸਮਾਰਾ ਅਤਹਰ ਨੇ ਕਿਹਾ ਕਿ ਇਸ ਵੇਲੇ ਦੀ ਜ਼ਰੂਰਤ ਹੈ ਕਿ ਔਰਤਾਂ ਨੂੰ ਬਹੁਤ ਵੱਡੀ ਗਿਣਤੀ ਵਿੱਚ ਪੁਲਿਸ ਫ਼ੋਰਸ ਵਿੱਚ ਸ਼ਾਮਿਲ ਕੀਤਾ ਜਾਵੇ ਤਾਂ ਜੋ ਔਰਤਾਂ ਦੇ ਖ਼ਿਲਾਫ਼ ਹੋਣ ਵਾਲੇ ਜੁਰਮ 'ਤੇ ਕਾਬੂ ਪਾਇਆ ਜਾ ਸਕੇ ਤੇ ਉਨ੍ਹਾਂ ਦੀ ਗੱਲ ਸੁਣੀ ਜਾਵੇ।








## ਸਰਕਾਰਾਂ ਬੇਵਸ ਨਜ਼ਰ ਆਈਆਂ

ਕਾਨਫਰੰਸ ਵਿੱਚ ਔਰਤਾਂ ਦੀਆਂ ਕੰਮ ਵਾਲੀਆਂ ਥਾਂਵਾਂ 'ਤੇ ਜਿਨਸੀ ਸ਼ੋਸ਼ਣ ਹੋਣ ਬਾਰੇ ਵੀ ਗੱਲ ਕੀਤੀ ਗਈ। ਇਸ ਬਾਰੇ ਜ਼ੋਰ ਦਿੱਤਾ ਗਿਆ ਕਿ ਇਸ ਵਿਸ਼ੇ ਬਾਰੇ ਕਾਨੂੰਨ ਬਣਾਇਆ ਜਾਵੇ ਅਤੇ ਉਸ ਨੂੰ ਸਖ਼ਤੀ ਨਾਲ ਲਾਗੂ ਜਾ ਸਕਦਾ ਹੈ। ਦੱਖਣੀ ਏਸ਼ੀਆ ਵਿੱਚ ਮਜ਼੍ਹਬ ਦੇ ਆਧਾਰ 'ਤੇ ਅੱਤਵਾਦ ਦੇ ਵਿਸ਼ੇ ਬਾਰੇ ਸ੍ਰੀਲੰਕਾ, ਭਾਰਤ ਤੇ ਪਾਕਿਸਤਾਨ ਦੇ ਸੂਝਵਾਨਾਂ ਨੇ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਇਹ ਗੰਭੀਰ ਮਸਲਾ ਹੈ ਅਤੇ ਕੁਝ ਵਰ੍ਹਿਆਂ ਤੋਂ ਪਾਕਿਸਤਾਨ ਤੇ ਭਾਰਤ ਵਿੱਚ ਇਹ ਮਸਲਾ ਵਧ ਗਿਆ ਹੈ। ਪਾਕਿਸਤਾਨੀ ਪੱਤਰਕਾਰ ਜ਼ਾਹਿਦ ਹੁਸੈਨ ਨੇ ਕਿਹਾ ਕਿ ਪਾਕਿਸਤਾਨ ਵਿੱਚ ਹਕੂਮਤ ਧਾਰਮਿਕ ਅੱਤਵਾਦ ਕਰਨ ਵਾਲਿਆਂ ਸਾਹਮਣੇ ਬੇਵਸ ਨਜ਼ਰ ਆਉਂਦੀ ਹੈ ਤੇ ਰੂਲ ਆਫ ਲਾਅ ਕਾਇਮ ਕਰਨ ਵਿੱਚ ਨਾਕਾਮ ਰਹੀ ਹੈ। ਕਮਲਾ ਭਸੀਨ ਨੇ ਇਸ ਵਿਸ਼ੇ 'ਤੇ ਗੱਲ ਕਰਦਿਆਂ ਕਿਹਾ ਕਿ ਭਾਰਤ ਵਿੱਚ ਅੱਤਵਾਦ ਦੇ ਵਧਣ ਦਾ ਕਾਰਨ ਧਾਰਮਿਕ ਨਹੀਂ ਬਲਕਿ ਸਿਆਸੀ ਹੈ। ਸਿਆਸਤਦਾਨ ਤਾਕਤ ਤੇ ਕੰਟਰੋਲ ਹਾਸਿਲ ਕਰਨ ਲਈ ਇਸ ਦਾ ਇਸਤੇਮਾਲ ਕਰਦੇ ਹਨ ਅਤੇ ਚੋਣਾਂ ਨੇੜੇ ਆਉਂਦੇ ਹੀ ਧਾਰਮਿਕ ਅਤਵਾਦ ਵਧ ਜਾਂਦਾ ਹੈ। ਕਾਨਫਰੰਸ ਵਿੱਚ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ ਜਿਨ੍ਹਾਂ ਵਿੱਚ ਕਾਨੂੰਨ ਦੀ ਪੜ੍ਹਾਈ ਕਰਨ ਵਾਲੀਆਂ ਕੁੜੀਆਂ ਵੀ ਸ਼ਾਮਿਲ ਸਨ।

ਕਾਨੂੰਨ ਦੀ ਵਿਦਿਆਰਥਣ ਫਜ਼ਾ ਅਹਿਮਦ ਨੇ ਕਿਹਾ, "ਕਾਨਫਰੰਸ ਵਿੱਚ ਸ਼ਿਰਕਤ ਕਰਨ ਨਾਲ ਉਨ੍ਹਾਂ ਦੇ ਗਿਆਨ ਵਿੱਚ ਕਾਫੀ ਵਾਧਾ ਹੋਇਆ ਹੈ ਅਤੇ ਔਰਤਾਂ ਦੇ ਹਕੂਕ ਬਾਰੇ ਕਾਫੀ ਕੁਝ ਪਤਾ ਲੱਗਿਆ ਹੈ।" ਮੌਤ ਦੀ ਸਜ਼ਾ ਬਾਰੇ ਹੋਣੀ ਚਾਹੀਦੀ ਹੈ ਜਾਂ ਨਹੀਂ ਇਸ ਵਿਸ਼ੇ ਬਾਰੇ ਮਾਹਿਰਾਂ ਨੂੰ ਸੁਣਨ ਤੋਂ ਬਾਅਦ ਉਨ੍ਹਾਂ ਦੇ ਖਿਆਲਾਤ ਵਿੱਚ ਤਬਦੀਲੀ ਆਈ ਹੈ। ਮੌਤ ਦੀ ਸਜ਼ਾ ਸੋਚ ਸਮਝ ਕੇ ਦੇਣੀ ਚਾਹੀਦੀ ਹੈ ਤਾਂ ਜੋ ਕਿਸੇ ਨਾਲ ਬੇਇਨਸਾਫ਼ੀ ਨਾ ਹੋਵੇ। ਇੱਕ ਹੋਰ ਵਿਦਿਆਰਥਣ ਆਮਨਾ ਲਗ਼ਾਰੀ ਨੇ ਕਿਹਾ ਕਿ ਇਸ ਵਿਸ਼ੇ 'ਤੇ ਵਿਚਾਰ ਸੁਣ ਕੇ ਉਨ੍ਹਾਂ ਨੇ ਰਾਇ ਬਣਾਈ ਹੈ ਕਿ ਬਹੁਤ ਜ਼ਾਲਮਾਨਾ ਤੇ ਵੱਡੇ ਜੁਰਮਾਂ ਲਈ ਮੌਤ ਦੀ ਸਜ਼ਾ ਹੋਣੀ ਚਾਹੀਦੀ। ਕਾਨਫ਼ਰੰਸ ਦੇ ਅਖ਼ੀਰ ਵਿੱਚ ਪਾਕਿਸਤਾਨ ਦੀ ਮਨੁੱਖੀ ਅਧਿਕਾਰਦੀ ਵਜ਼ੀਰ ਸ਼ੀਰੀਨ ਮਜ਼ਾਰੀ ਤੇ ਪਾਕਿਸਤਾਨ ਪੀਪਲਜ਼ ਪਾਰਟੀ ਦੇ ਚੇਅਰਮੈਨ ਬਿਲਾਵਲ ਭੁੱਟੋ ਜ਼ਰਦਾਰੀ ਨੇ ਤਕਰੀਰ ਕੀਤੀ। ਸ਼ੀਰੀਨ ਮਜ਼ਾਰੀ ਨੇ ਦੱਸਿਆ ਕਿ ਆਸਮਾ ਜਹਾਂਗੀਰ ਉਨ੍ਹਾਂ ਦੀ ਬਚਪਨ ਦੀ ਸਹੇਲੀ ਸੀ । ਉਨ੍ਹਾਂ ਨੇ ਕਿਹਾ ਕਿ ਕਈ ਵਿਸ਼ਿਆਂ 'ਤੇ ਉਨ੍ਹਾਂ ਦੇ ਤੇ ਆਸਮਾ ਦੇ ਖ਼ਿਆਲਾਤ ਨਹੀਂ ਮਿਲਦੇ ਸਨ ਪਰ ਉਨ੍ਹਾਂ ਦੀ ਦੋਸਤੀ ਹਮੇਸ਼ਾ ਰਹੀ। ਉਨ੍ਹਾਂ ਨੇ ਕਿਹਾ ਕਿ ਮਨੁੱਖੀ ਅਧਿਕਾਰਦੀ ਵਜ਼ੀਰ ਹੋਣ ਦੇ ਨਾਤੇ ਉਨ੍ਹਾਂ ਦਾ ਇਹ ਫ਼ਰਜ਼ ਹੈ ਕਿ ਉਹ ਆਸਮਾ ਜਹਾਂਗੀਰ ਦਾ ਮਿਸ਼ਨ ਨੂੰ ਅੱਗੇ ਤੋਰਿਆ ਜਾਵੇ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੀ ਹਕੂਮਤ ਹਰ ਤਰ੍ਹਾਂ ਨਾਲ਼ ਇਨਸਾਨੀ ਹਕੂਕ ਦਾ ਖ਼ਿਆਲ ਰੱਖੇਗੀ। ਪਾਕਿਸਤਾਨ ਪੀਪਲਜ਼ ਪਾਰਟੀ ਦੇ ਚੇਅਰਮੈਨ ਬਿਲਾਵਲ ਭੁੱਟੋ ਨੇ ਕਿਹਾ, "ਮੇਰੀ ਮਾਂ ਬੇਨਜ਼ੀਰ ਭੁੱਟੋ ਤੇ ਆਸਮਾ ਜਹਾਂਗੀਰ ਸਹੇਲੀਆਂ ਸਨ।" "ਮੇਰੇ ਲਈ ਉਹ ਇੱਕ ਅਜ਼ੀਮ ਸ਼ਖਸ਼ੀਅਤ ਸਨ ਜਿਨ੍ਹਾਂ ਨੇ ਸਾਰੀ ਜ਼ਿੰਦਗੀ ਜਮਹੂਰੀਅਤ , ਇਨਸਾਨੀ ਹਕੂਕ ਦੀ ਬਿਹਤਰੀ ਤੇ ਕਾਨੂੰਨ ਦੀ ਵਡਿਆਈ ਵਾਸਤੇ ਕੰਮ ਕੀਤਾ।"ਸਮਾ ਜਹਾਂਗੀਰ ਨੇ ਦੱਬਿਆਂ - ਕੁਚਲਿਆਂ ਤੇ ਮਜਬੂਰ ਲੋਕਾਂ ਵਾਸਤੇ ਕੰਮ ਕੀਤਾ।" ਆਸਮਾ ਜਹਾਂਗੀਰ ਦੀ ਵੱਡੀ ਧੀ ਮਨੀਜ਼ੇ ਜਹਾਂਗੀਰ ਨੇ ਕਿਹਾ ਕਿ ਇਸ ਕਾਨਫ਼ਰੰਸ ਨੇ ਸਮਾਜ ਵਿੱਚ ਮਨੁੱਖੀ ਅਧਿਕਾਰਦੇ ਖ਼ਿਲਾਫ਼ ਹੋਣ ਵਾਲੀਆਂ ਕਾਰਵਾਈਆਂ ਦਾ ਵਿਰੋਧ ਕਰਨ ਵਾਲਿਆਂ ਨੂੰ ਪਲੇਟਫਾਰਮ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਹਕੂਕ ਦਿੱਤੇ ਬਗ਼ੈਰ ਸਮਾਜ ਅੱਗੇ ਨਹੀਂ ਵਧ ਸਕਦਾ। ਤੁਹਾਨੂੰ ਇਹ ਵੀ ਪਸੰਦ ਆ ਸਕਦਾ ਹੈ

# ਬੱਚਿਆਂ ਨੂੰ ਉਲਟੀਆਂ ਆਉਣ ਦੇ ਕਾਰਨ ਅਤੇ ਇਲਾਜ

**ਡਾ. ਹਰਸ਼ਿੰਦਰ ਕੌਰ**

ਉਲਟੀਆਂ ਸਿਰਫ਼ ਬੱਚਿਆਂ ਨੂੰ ਹੀ ਨਹੀਂ ਬਲਕਿ ਵੱਡਿਆਂ ਨੂੰ ਵੀ ਆਉਂਦੀਆਂ ਹਨ। ਇਸ ਦੇ ਕਾਰਨ ਅਨੇਕ ਹਨ। ਕੁਝ ਨੂੰ ਸਫ਼ਰ ਦੌਰਾਨ ਡੀਜ਼ਲ ਜਾਂ ਪੈਟਰੋਲ ਚੜ੍ਹਨ ਨਾਲ ਅਤੇ ਕੁਝ ਨੂੰ ਤੇਜ਼ੀ ਨਾਲ ਸੜਕ ਦਾ ਮੋੜ ਘੁੰਮਣ ਨਾਲ ਉਲਟੀ ਅਤੇ ਚੱਕਰ ਆ ਜਾਂਦੇ ਹਨ।

ਕੁਝ ਆਮ ਕਾਰਨ:

× ਘਰੋਂ ਬਾਹਰ ਮਾੜਾ ਚੰਗਾ ਖਾਣ ਜਾਂ ਪਾਣੀ ਪੀਣ ਨਾਲ ਕੀਟਾਣੂ ਜਦੋਂ ਸਰੀਰ ਅੰਦਰ ਲੰਘ ਜਾਣ ਤਾਂ ਉਲਟੀਆਂ-ਟੱਟੀਆਂ ਲੱਗ ਜਾਂਦੀਆਂ ਹਨ।

× ਖਾਂਦੇ ਸਾਰ ਇੱਕਦਮ ਭੱਜਣ ਜਾਂ ਜ਼ੋਰ ਦੀ ਰੋਣ ਨਾਲ ਉਲਟੀ ਆ ਸਕਦੀ ਹੈ।

× ਕਿਸੇ ਖਾਣ ਦੀ ਚੀਜ਼ ਤੋਂ ਐਲਰਜੀ ਜਿਵੇਂ ਮੂੰਗਫਲੀ, ਅੰਡਾ, ਦੁੱਧ, ਕਣਕ, ਮੱਛੀ ਅਤੇ ਸੋਇਆਬੀਨ ਆਦਿ। ਜਿਸ ਚੀਜ਼ ਤੋਂ ਐਲਰਜੀ ਹੋਵੇ ਉਸ ਚੀਜ਼ ਨੂੰ ਖਾਂਦੇ ਸਾਰ ਢਿੱਡ ਪੀੜ, ਦਿਲ ਕੱਚਾ ਹੋਣਾ ਜਾਂ ਉਲਟੀ ਆ ਜਾਣੀ ਵਰਗੇ ਲੱਛਣ ਦਿਸ ਸਕਦੇ ਹਨ।

× ਨਵੇਂ ਸਕੂਲ ਵਿੱਚ ਜਾਣ ਦੀ ਘਬਰਾਹਟ, ਇਮਤਿਹਾਨਾਂ ਤੋਂ ਪਹਿਲਾਂ ਦੀ ਘਬਰਾਹਟ, ਖੇਡ ਵਿੱਚ ਭੱਜਣ ਤੋਂ ਪਹਿਲਾਂ, ਟੀਚਰ ਤੋਂ ਝਿੜਕਾਂ ਪੈਣ ਦੇ ਡਰ ਖੁਣੋਂ, ਘਰ ਕਿਸੇ ਚੀਜ਼ ਦੇ ਟੁੱਟ ਜਾਣ ਤੋਂ ਬਾਅਦ ਪਿਤਾ ਜਾਂ ਦਾਦੇ ਵੱਲੋਂ ਮਾਰ-ਕੁਟਾਈ ਦੇ ਡਰੋਂ ਜਾਂ ਟੀਕਾ ਲੱਗਣ ਦੇ ਡਰੋਂ ਆਦਿ ਕਈ ਕਾਰਨ ਹਨ ਜਿਨ੍ਹਾਂ ਬਾਰੇ ਸੋਚਦੇ ਸਾਰ ਹੀ ਬੱਚੇ ਨੂੰ ਉਲਟੀ ਆ ਜਾਂਦੀ ਹੈ।

× ਨੱਕ ਵੱਗਣਾ, ਗ਼ਲਾ ਖ਼ਰਾਬ ਹੋਣਾ, ਗ਼ਲੇ ਅੰਦਰ ਰੇਸ਼ਾ ਡਿੱਗਣਾ, ਕੰਨ ਵਿੱਚ ਰੇਸ਼ਾ, ਫਲੂ ਅਤੇ ਦਵਾਈ ਦਾ ਮਾੜਾ ਅਸਰ ਆਦਿ ਵੀ ਇਸ ਦੇ ਕਾਰਨ ਹਨ। ਇਨ੍ਹਾਂ ਸਦਕਾ ਬਿਮਾਰੀ ਦੌਰਾਨ ਬੱਚੇ ਨੂੰ ਉਲਟੀਆਂ ਲੱਗ ਸਕਦੀਆਂ ਹਨ।

× ਲੋੜੋਂ ਵੱਧ ਬੱਚੇ ਨੂੰ ਖਾਣ ਲਈ ਮਾਂ ਵੱਲੋਂ ਜ਼ੋਰ ਜ਼ਬਰਦਸਤੀ ਕਰਨੀ, ਭੁੱਖ ਨਾ ਹੋਣ ਉੱਤੇ ਵੀ ਬੱਚੇ ਦੇ ਮੂੰਹ ਅੰਦਰ ਦੁੱਧ ਜਾਂ ਬੁਰਕੀਆਂ ਧੱਕਣੀਆਂ ਵੀ ਬੱਚੇ ਨੂੰ ਉਲਟੀ ਕਰਨ ਉੱਤੇ ਮਜਬੂਰ ਕਰ ਦਿੰਦੇ ਹਨ।

× ਫੂਡ ਪਾਇਜ਼ਨਿੰਗ- ਬਿਨਾਂ ਕੱਜੇ ਅਤੇ ਕੱਟੇ ਹੋਏ ਫਲ, ਬੇਹਾ ਖਾਣਾ, ਖੱਟਾ ਦੁੱਧ, ਅੱਧ ਪੱਕਿਆ ਮੀਟ ਵੀ ਖਾਣ ਤੋਂ ਬਾਅਦ ਕੀਟਾਣੂਆਂ ਸਦਕਾ ਢਿੱਡ ਪੀੜ, ਉਲਟੀਆਂ ਤੇ ਟੱਟੀਆਂ ਲੱਗ ਸਕਦੀਆਂ ਹਨ। ਬੇਹੇ ਚੌਲਾਂ ਵਿੱਚ ਬੈਸੀਲਸ ਕੀਟਾਣੂ ਹੁੰਦੇ ਹਨ।

× ਪੈਪਟਿਕ ਅਲਸਰ।

× ਪੇਟ ਅੰਦਰਲੇ ਤੇਜ਼ਾਬ ਦਾ ਵਾਧਾ।

× ਅੰਤੜੀਆਂ ਦੀ ਪੁੱਠੀ ਤੋਰ।

× ਅੰਤੜੀਆਂ ਦਾ ਰੋਕਾ।

× ਕੈਂਸਰ, ਰੇਡੀਓਥੈਰੇਪੀ ਜਾਂ ਕੀਮੋਥੈਰੇਪੀ।

× ਵਾਧੂ ਖਾਣ ਬਾਅਦ ਖਾਣੇ ਦੀ ਪਾਈਪ ਅਤੇ ਪੇਟ ਵਿਚਲੇ ਵਾਲਵ ਦਾ ਖੁੱਲ੍ਹ ਜਾਣਾ।

× ਪਿਸ਼ਾਬ ਵਿੱਚ ਪੀਕ।

× ਜਿਗਰ ਦੇ ਰੋਗ।

× ਗੁਰਦੇ ਫੇਲ੍ਹ ਹੋਣੇ।

× ਮਿਗਰੇਨ।

ਉਲਟੀਆਂ ਲੱਗਣ ਤੋਂ ਬਚਾਓ ਕਿਵੇਂ ਕਰੀਏ:

× ਹੱਥ ਵਾਰ ਵਾਰ ਧੋਣੇ ਜ਼ਰੂਰੀ ਹਨ। ਜਦੋਂ ਵੀ ਗੁਸਲਖ਼ਾਨੇ ਜਾਓ ਅਤੇ ਝਾੜ ਪੂੰਝ ਕਰੋ ਤਾਂ ਹੱਥ ਧੋਣੇ ਜ਼ਰੂਰੀ ਹੁੰਦੇ ਹਨ। ਬੱਚੇ ਦੇ ਤੇ ਆਪਣੇ ਹੱਥ ਰੋਟੀ ਖਾਣ ਤੋਂ ਪਹਿਲਾਂ ਸਾਬਣ ਨਾਲ ਸਾਫ਼ ਕਰ ਲੈਣੇ ਚਾਹੀਦੇ ਹਨ।

× ਖਾਣਾ ਢੱਕ ਕੇ ਰੱਖਣਾ ਚਾਹੀਦਾ ਹੈ। ਬਾਜ਼ਾਰੋਂ ਕੱਟੇ ਫਲ ਜਾਂ ਬਿਨਾਂ ਢਕੀਆਂ ਚੀਜ਼ਾਂ ਨਹੀਂ ਖਾਣੀਆਂ ਚਾਹੀਦੀਆਂ।

× ਗੰਨੇ ਦਾ ਰਸ ਪੀਣ ਤੋਂ ਪਹਿਲਾਂ ਮਸ਼ੀਨ, ਗਿਲਾਸ ਅਤੇ ਜੱਗ ਚੰਗੀ ਤਰ੍ਹਾਂ ਧੁਆ ਲੈਣੇ ਚਾਹੀਦੇ ਹਨ।

× ਜੇ ਪੁਰਾਣਾ ਬਣਿਆ ਖਾਣਾ ਫਰਿੱਜ ਵਿੱਚ ਪਿਆ ਹੋਵੇ ਤਾਂ ਚੰਗੀ ਤਰ੍ਹਾਂ ਗਰਮ ਕਰ ਕੇ ਹੀ ਵਰਤਣਾ ਚਾਹੀਦਾ ਹੈ। ਜੇ ਲਾਈਟ ਜਾਂਦੀ ਰਹਿੰਦੀ ਹੈ ਤਾਂ ਇੱਕ ਦਿਨ ਤੋਂ ਵੱਧ ਰੱਖਿਆ ਖਾਣਾ ਫਰਿੱਜ ਵਿੱਚ ਵੀ ਖ਼ਰਾਬ ਹੋ ਸਕਦਾ ਹੈ।

× ਖੰਘ ਜ਼ੁਕਾਮ ਲੱਗੇ ਹੋਣ ਉੱਤੇ ਤੁਰੰਤ ਡਾਕਟਰ ਕੋਲੋਂ ਦਵਾਈ ਲੈ ਲੈਣੀ ਚਾਹੀਦੀ ਹੈ।

ਘਰੇਲੂ ਉਪਚਾਰ: ਇੱਕ ਅੱਧ ਉਲਟੀ ਆਉਣ ਉੱਤੇ ਘਰ ਵਿੱਚ ਹੀ ਇਲਾਜ ਸ਼ੁਰੂ ਕੀਤਾ ਜਾ ਸਕਦਾ ਹੈ। ਪਰ ਜੇ ਲਗਾਤਾਰ ਉਲਟੀਆਂ ਆਉਣ ਤਾਂ ਤੁਰੰਤ ਡਾਕਟਰ ਕੋਲ ਜਾਣ ਦੀ ਲੋੜ ਹੁੰਦੀ ਹੈ ਤਾਂ ਕਿ ਪਤਾ ਲੱਗ ਸਕੇ ਕਿ ਕਿਤੇ ਅਪੈਂਡੀਸਾਈਟਿਸ ਜਾਂ ਅੰਤੜੀਆਂ ਦਾ ਰੋਕਾ ਨਾ ਹੋਵੇ।

× ਜਦੋਂ ਬੱਚੇ ਨੂੰ ਉਲਟੀ ਆਵੇ ਤਾਂ ਅੱਧਾ ਪੌਣਾ ਘੰਟਾ ਕੁਝ ਵੀ ਉਸ ਦੇ ਮੂੰਹ ਵਿੱਚ ਨਹੀਂ ਪਾਉਣਾ ਚਾਹੀਦਾ। ਜੇ ਪਾਇਆ ਜਾਵੇ ਤਾਂ ਦੁਬਾਰਾ ਉਲਟੀ ਆਉਣ ਦੀ ਸੰਭਾਵਨਾ ਵਧ ਜਾਂਦੀ ਹੈ।

× ਪੌਣੇ ਘੰਟੇ ਬਾਅਦ ਜਦੋਂ ਢਿੱਡ ਤੇ ਅੰਤੜੀਆਂ ਵਿੱਚ ਟਿਕਾਓ ਪੈ ਜਾਵੇ ਤਾਂ ਇੱਕ ਚਮਚਾ ਸਾਦਾ ਪਾਣੀ ਜਾਂ ਨਿੰਬੂ ਪਾਣੀ ਦਿੱਤਾ ਜਾ ਸਕਦਾ ਹੈ। ਜੇ ਉਹ ਹਜ਼ਮ ਹੋ ਜਾਵੇ ਤਾਂ ਹੌਲੀ ਹੌਲੀ ਚਮਚੇ ਨਾਲ ਹੀ ਪਾਣੀ ਪਿਆਇਆ ਜਾ ਸਕਦਾ ਹੈ। ਇਕਦਮ ਗਿਲਾਸ ਭਰ ਕੇ ਪੀਣ ਨਾਲ ਦੁਬਾਰਾ ਉਲਟੀ ਆ ਸਕਦੀ ਹੈ।

× ਆਖ਼ਰੀ ਉਲਟੀ ਤੋਂ ਛੇ ਘੰਟੇ ਬਾਅਦ ਤਕ ਖਾਣ ਨੂੰ ਕੁਝ ਨਹੀਂ ਦੇਣਾ ਚਾਹੀਦਾ। ਛੇ ਘੰਟੇ ਬਾਅਦ ਛੇਤੀ ਹਜ਼ਮ ਹੋਣ ਵਾਲੀ ਖ਼ੁਰਾਕ ਭਾਵ ਪਤਲੀ ਖਿਚੜੀ, ਦਲੀਆ, ਦਹੀਂ, ਕੇਲਾ ਅਤੇ ਉਬਲੇ ਫੇਹੇ ਹੋਏ ਆਲੂ ਆਦਿ ਦਿੱਤੇ ਜਾ ਸਕਦੇ ਹਨ।



× ਮਿਰਚ ਬਿਲਕੁਲ ਹੀ ਨਹੀਂ ਦੇਣੀ ਚਾਹੀਦੀ।

× ਤਲੀ ਚੀਜ਼ ਨਹੀਂ ਦੇਣੀ ਚਾਹੀਦੀ।

× ਅੰਡਾ ਮੀਟ ਵੀ ਉਲਟੀ ਤੋਂ ਇਕਦਮ ਬਾਅਦ ਨਹੀਂ ਦੇਣਾ ਚਾਹੀਦਾ।

× ਪਰਫਿਊਮ, ਪਾਊਡਰ, ਉੱਚਾ ਸੰਗੀਤ, ਧੂੰਆਂ ਅਤੇ ਤੜਕੇ ਦੀ ਖ਼ੁਸ਼ਬੋ ਆਦਿ ਤੋਂ ਬੱਚੇ ਨੂੰ ਕੁਝ ਘੰਟੇ ਪਰ੍ਹਾਂ ਰੱਖਣ ਦੀ ਲੋੜ ਹੁੰਦੀ ਹੈ।

× ਬੱਚੇ ਉਲਟੀ ਤੋਂ ਬਾਅਦ ਇਕਦਮ ਬਹੁਤ ਘਬਰਾ ਜਾਂਦੇ ਹਨ। ਇਸ ਲਈ ਮਾਪਿਆਂ ਨੂੰ ਓਨੀ ਹੀ ਘਬਰਾਹਟ ਕਰਨ ਨਾਲੋਂ ਉਸ ਨੂੰ ਸਹਾਰਾ ਦੇਣ ਤੇ ਪਿਆਰ ਕਰਨ ਦੀ ਲੋੜ ਹੁੰਦੀ ਹੈ।

× ਉਲਟੀ ਰੋਕਣ ਵਾਲੀ ਦਵਾਈ ਦੀ ਇੱਕ ਖ਼ੁਰਾਕ ਡਾਕਟਰ ਦੀ ਸਲਾਹ ਨਾਲ ਦਿੱਤੀ ਜਾ ਸਕਦੀ ਹੈ। ਖ਼ਾਸਕਰ, ਜੇ ਉਲਟੀ ਸਫ਼ਰ ਕਰਨ ਨਾਲ ਹੁੰਦੀ ਹੋਵੇ।

× ਖੰਘ ਜ਼ੁਕਾਮ ਵੇਲੇ ਬੱਚੇ ਦੀ ਭੁੱਖ ਮਰ ਜਾਂਦੀ ਹੈ। ਉਸ ਸਮੇਂ ਜੇ ਬੱਚੇ ਨੂੰ ਧੱਕੋ-ਜ਼ੋਰੀ ਬੋਤਲ ਵਿੱਚ ਦੁੱਧ ਪਾ ਕੇ ਪਿਆਇਆ ਜਾਵੇ ਜਾਂ ਬੁਰਕੀਆਂ ਮੂੰਹ ਵਿੱਚ ਤੁੰਨੀਆਂ ਜਾਣ ਤਾਂ ਉਲਟੀ ਆ ਹੀ ਜਾਂਦੀ ਹੈ। ਇਸੇ ਲਈ ਬਿਮਾਰੀ ਦੌਰਾਨ ਜ਼ਿਆਦਾਤਰ ਤਰਲ ਚੀਜ਼ਾਂ ਅਤੇ ਉਹ ਵੀ ਘੱਟ ਮਾਤਰਾ ਵਿੱਚ ਦੇਣੀਆਂ ਠੀਕ ਰਹਿੰਦੀਆਂ ਹਨ।

× ਸਕੰਜਵੀਂ, ਨਮਕੀਨ ਲੱਸੀ ਅਤੇ ਖੋਪੇ ਦਾ ਪਾਣੀ ਆਦਿ ਥੋੜ੍ਹਾ ਥੋੜ੍ਹਾ ਦੇਣ ਨਾਲ ਬੱਚੇ ਦੇ ਸਰੀਰ ਅੰਦਰਲਾ ਪਾਣੀ ਨਹੀਂ ਘਟਦਾ। ਤੁਲਸੀ, ਜਵੈਣ, ਸੌਂਫ ਅਤੇ ਮੋਟੀ ਲਾਚੀ ਨੂੰ ਪਾਣੀ ਵਿੱਚ ਉਬਾਲ ਕੇ ਦਿੱਤਾ ਜਾ ਸਕਦਾ ਹੈ। ਡਾਕਟਰ ਕੋਲ ਤੁਰੰਤ ਕਦੋਂ ਲਿਜਾਉਣ ਦੀ ਲੋੜ ਹੁੰਦੀ ਹੈ:

× ਪਾਣੀ ਦੀ ਘਾਟ ਹੋ ਜਾਵੇ।

× ਉਲਟੀ ਵਿੱਚ ਲਹੂ ਆ ਜਾਵੇ।

× ਦੋ-ਤਿੰਨ ਦਿਨ ਤੋਂ ਬੁਖ਼ਾਰ ਹੋਵੇ।

× ਤਿੱਖੀ ਢਿੱਡ ਪੀੜ।

× ਛਾਤੀ ਵਿੱਚ ਪੀੜ।

× ਨਜ਼ਰ ਘਟਣ ਲੱਗ ਪਵੇ।



# ਇਲੈਕਟ੍ਰੋਹੋਮਿਓਪੈਥੀ ਤੇ ਹੋਮਿਓਪੈਥੀ ਵਿੱਚ ਅੰਤਰ

ਇਲੈਕਟ੍ਰੋਹੋਮਿਓਪੈਥੀ: ਇਸ ਦਵਾਈ ਦੇ ਜਨਮ ਦਾਤਾ ਡਾਕਟਰ ਕਾਊਂਟ ਸੀਜਰ ਮੈਟੀ ਸਨ। ਉਨ੍ਹਾਂ ਨੇ ਇਸ ਪੈਥੀ ਦੀ ਖੋਜ 1865 ਕੀਤਾ ਸੀ। ਇਸ ਪੈਥੀ ਦਾ ਸਿਧਾਂਤ ਕੰਪਲੈਕਸਾ, ਕੰਪਲੈਕਸ ਅਤੇ ਕੁਰੰਚਰ ਹੈ। ਇਸ ਪੈਥੀ ਵਿੱਚ ਬਿਮਾਰੀ ਦਾ ਇਲਾਜ ਰੋਗੀ ਦੀ ਪ੍ਰਕਿਰਿਤੀ ਦੇ ਆਧਾਰ ਉੱਤੇ ਕੀਤਾ ਜਾਂਦਾ ਹੈ। ਇਸ ਪੈਥੀ ਦੀਆਂ ਦਵਾਈਆਂ ਸਿਰਫ਼ ਕੁਦਰਤੀ ਬਨਸਪਤੀ ਦੀਆਂ ਜੜੀਆਂ ਬੂਟੀਆਂ ਤੋਂ ਤਿਆਰ ਕੀਤੀਆਂ ਜਾਂਦੀਆਂ ਹਨ। ਇਸ ਪੈਥੀ ਦੀਆਂ ਦਵਾਈਆਂ ਕਾਫ਼ੀ ਪੌਦਿਆਂ ਨੂੰ ਇਕੱਠੇ ਕਰ ਕੇ ਕੋਹਬੇਸਨ ਵਿਧੀ ਦੁਆਰਾ ਪੌਦਿਆਂ ਵਿੱਚੋਂ ਕੱਢੇ ਸਪਾਜੀਰਿਕ ਰਸ ਤੋਂ ਤਿਆਰ ਕੀਤੀਆਂ ਜਾਂਦੀਆਂ ਹਨ। ਇਸ ਪੈਥੀ ਦੀਆਂ ਦਵਾਈਆਂ ਨੂੰ ਸ਼ੁੱਧ ਪਾਣੀ ਜਾਂ ਰੈਕਟੀਫਾਈਡ ਸਪਰਿਟ ਵਿੱਚ ਤਿਆਰ ਕੀਤਾ ਜਾਂਦਾ ਹੈ। ਇਨ੍ਹਾਂ ਦਵਾਈਆਂ ਨੂੰ ਸਪਾਜੀਰਿਕ ਰਸ ਤੋਂ ਡਿਲਿਊਸ਼ਨ ਦੀਆਂ ਵੱਖ ਵੱਖ ਤਾਕਤਾਂ ਜਿਵੇਂ ਪਹਿਲਾ, ਦੂਜਾ, ਤੀਸਰਾ, ਸੌਵਾਂ ਅਤੇ ਹਜ਼ਾਰਵਾਂ ਆਦਿ ਦੇ ਰੂਪ ਵਿੱਚ ਤਿਆਰ ਕੀਤਾ ਜਾਂਦਾ ਹੈ। ਇਸ ਪੈਥੀ ਦੀਆਂ ਦਵਾਈਆਂ ਧਨਾਤਮਿਕ ਜਾਂ ਰਿਣਾਤਮਿਕ ਡਲਿਊਸ਼ਨ ਵਿੱਚ ਬਿਮਾਰੀ ਦੇ ਧਨਾਤਮਿਕ ਜਾਂ ਰਿਮਾਤਮਿਕ ਅਨੁਸਾਰ ਸਹੀ ਚੋਣ ਕਰਕੇ ਦਿੱਤੀਆਂ ਜਾਂਦੀਆਂ ਹਨ। ਇਸ ਪੈਥੀ ਵਿੱਚ ਮਰੀਜ਼ ਨੂੰ ਇੱਕੋ ਸਮੇਂ ਕਾਫ਼ੀ ਦਵਾਈਆਂ ਦਾ ਮਿਸ਼ਰਣ ਬਣਾ ਕੇ ਦਿੱਤਾ ਜਾ ਸਕਦਾ ਹੈ। ਇਹ ਦਵਾਈਆਂ ਸਿਰਫ਼ ਬਨਸਪਤੀ ਜਗਤ ਦੇ ਪੌਦਿਆਂ ਤੋਂ ਤਿਆਰ ਹੋਣ ਕਰਕੇ ਮਨੁੱਖੀ ਸਰੀਰ ਉੱਤੇ ਕੋਈ ਵੀ ਮਾੜਾ ਪ੍ਰਭਾਵ ਨਹੀਂ ਛੱਡਦੀਆਂ। ਇਸ ਪੈਥੀ ਦੀਆਂ ਕੁੱਲ 38 ਦਵਾਈਆਂ ਹਨ। ਜੋ ਕਿ 114 ਪੌਦਿਆਂ ਤੋਂ ਤਿਆਰ ਕੀਤੀਆਂ ਜਾਂਦੀਆਂ ਹਨ। ਇਹ ਦਵਾਈਆਂ ਆਦਿ ਸ਼ਕਤੀ ਅਤੇ ਚੁੰਬਕੀ ਨਿਯਮ ਦੇ ਆਧਾਰ ਉੱਤੇ ਕੰਮ ਕਰਦੀਆਂ ਹਨ। ਇਸ ਪੈਥੀ ਦੇ ਪਹਿਲੇ ਭਾਰਤੀ ਡਾਕਟਰ ਬਲਦੇਵ ਪ੍ਰਸਾਦ ਸਕਨੈਨਾ ਹੋਏ ਸਨ। ਭਾਰਤ ਵਿੱਚ ਇਸ ਪੈਥੀ ਦੀ ਆਮਦ 1885 ਵਿੱਚ ਡਾਕਟਰ ਫਾਦਰ ਮੁੱਲਰ ਦੁਆਰਾ ਕਰਨਾਟਕਾ ਦੇ ਮੰਗਲੂਰ ਸ਼ਹਿਰ ਵਿੱਚ ਹੋਇਆ। ਇਸ ਪੈਥੀ ਦੀ ਖ਼ਾਸੀਅਤ ਹੈ ਕਿ ਇਸ ਵਿੱਚ ਨਾ ਕੋਈ ਰਸਾਇਣ ਹੁੰਦਾ ਹੈ, ਨਾ ਕਾਰਬਨ ਹੈ ਅਤੇ ਨਾ ਹੀ ਅਲਕੋਹਲ ਹੈ। ਹੋਮਿਓਪੈਥੀ: ਇਸ ਪੈਥੀ ਦੇ ਜਨਮ ਦਾਤਾ ਡਾਕਟਰ ਸੈਮੂਅਲ ਸਨ। ਉਨ੍ਹਾਂ ਨੇ ਇਸ ਪੈਥੀ ਦੀ ਖੋਜ 1796 ਵਿੱਚ ਜਰਮਨੀ ਵਿੱਚ ਕੀਤੀ। ਇਸ ਪੈਥੀ ਦਾ ਸਿਧਾਂਤ ਸਿਮਲੀਆ, ਸਿਮਲੀਬਸ ਅਤੇ ਕਰੁੰਚਰ ਹੈ। ਇਸ ਪੈਥੀ ਵਿੱਚ ਬਿਮਾਰੀ ਦਾ ਇਲਾਜ ਰੋਗੀ ਦੀ ਬਿਮਾਰੀ ਦੇ ਲੱਛਣਾਂ ਦੇ ਆਧਾਰ ਉੱਤੇ ਕੀਤਾ ਜਾਂਦਾ ਹੈ। ਇਸ ਪੈਥੀ ਦੀਆਂ ਦਵਾਈਆਂ ਧਾਤਾਂ, ਖਣਿਜ ਪਦਾਰਥਾਂ ਅਤੇ ਪੌਦਿਆਂ ਤੋਂ ਤਿਆਰ ਕੀਤੀਆਂ ਜਾਂਦੀਆਂ ਹਨ। ਇਸ ਪੈਥੀ ਦੀਆਂ ਦਵਾਈਆਂ ਸਿਰਫ਼ ਇੱਕ ਪੌਦੇ ਨੂੰ ਲੈ ਕੇ, ਉਸ ਪੌਦੇ ਦੇ ਕੱਢੇ ਗਏ ਮਦਰ ਟਿੰਕਚਰ ਤੋਂ ਤਿਆਰ ਕੀਤੀਆਂ ਜਾਂਦੀਆਂ ਹਨ। ਇਸ ਪੈਥੀ ਦੀਆਂ ਦਵਾਈਆਂ ਸਿਰਫ਼ ਅਲਕੋਹਲ ਵਿੱਚ ਹੀ ਤਿਆਰ ਕੀਤੀਆਂ ਜਾਂਦੀਆਂ। ਇਸ ਪੈਥੀ ਦੀ ਦਵਾਈ ਨੂੰ ਮਦਰ ਟਿੰਕਚਰ ਤੋਂ ਵੱਖ ਵੱਖ ਪੁਟੈਂਸੀ ਦੀਆਂ ਤਾਕਤਾਂ ਜਿਵੇਂ 3-10-200 ਆਦਿ ਪੁਟੈਂਸੀ ਵਿੱਚ ਤਿਆਰ ਕੀਤਾ ਜਾਂਦਾ ਹੈ। ਇਸ ਪੈਥੀ ਵਿੱਚ ਮਰੀਜ਼ ਨੂੰ ਸਿਰਫ਼ ਇੱਕ ਹੀ ਦਵਾਈ ਦਿੱਤੀ ਜਾ ਸਕਦੀ ਹੈ।

ਇਸ ਪੈਥੀ ਦੀਆਂ ਦਵਾਈਆਂ ਧਾਤਾਂ ਅਤੇ ਖਣਿਜ ਪਦਾਰਥਾਂ ਤੋਂ ਤਿਆਰ ਕੀਤੀਆਂ ਹੋਣ ਕਰਕੇ ਸਰੀਰ ਉੱਪਰ ਮਾੜਾ ਪ੍ਰਭਾਵ ਛੱਡਦੀਆਂ ਹਨ। ਇਸ ਪੈਥੀ ਦੀਆਂ ਦਵਾਈਆਂ ਜਿੱਥੇ ਹਜ਼ਾਰਾਂ ਦੀ ਗਿਣਤੀ ਵਿੱਚ ਹਨ, ਉੱਥੇ ਹੀ ਇਹ ਦਵਾਈਆਂ ਹਜ਼ਾਰਾਂ ਪੌਦਿਆਂ ਤੋਂ ਤਿਆਰ ਕੀਤੀਆਂ ਜਾਂਦੀਆਂ ਹਨ। ਇਸ ਪੈਥੀ ਦੀਆਂ ਦਵਾਈਆਂ ਸਿਰਫ਼ ਅਲਕੋਹਲ ਵਿੱਚ ਤਿਆਰ ਹੋਣ ਕਰਕੇ ਪੌਦਿਆਂ ਦੀ ਆਦਿ ਸ਼ਕਤੀ ਮਦਰ ਟਿੰਕਚਰ ਵਿੱਚ ਨਸ਼ਟ ਹੋ ਜਾਂਦੀ ਹੈ। ਇਸ ਦੀਆਂ ਦਵਾਈਆਂ ਦੀ ਗਿਣਤੀ ਜ਼ਿਆਦਾ ਹੋਣ ਕਰਕੇ ਮਰੀਜ਼ ਦੇ ਰੋਗ ਅਨੁਸਾਰ ਦਵਾਈ ਦੀ ਸਹੀ ਚੋਣ ਔਖੀ ਹੋ ਜਾਂਦੀ ਹੈ। ਇਸ ਪੈਥੀ ਦੀਆਂ ਦਵਾਈਆਂ ਦਾ ਸਬੰਧ ਜੀਵਨ ਸ਼ਕਤੀ ਉੱਪਰ ਆਧਾਰਿਤ ਹੈ। ਇਸ ਪੈਥੀ ਦਾ ਅਵਿਸਕਾਰ ਡਾਕਟਰ ਸੈਮੂਅਲ ਹੈਨੇਮਨ ਨੇ ਪ੍ਰਸਿੱਧ ਵਿਗਿਆਨੀ ਪੈਰਾਸਲੈਸਿਸ ਦੇ ਪਹਿਲੇ ਸਿਧਾਂਤ ਸਮਾਨਤਾ ਨਾਲ ਸਮਾਨਤਾ ਦਾ ਆਧਾਰ ਹੋਣਾ ਉੱਪਰ ਕੀਤਾ ਹੈ। ਇਸ ਪੈਥੀ ਦੇ ਭਾਰਤ ਵਿੱਚ ਪਹਿਲੇ ਡਾਕਅਰ ਬਾਬੂ ਰਜਿੰਦਰ ਦੱਤ ਸਨ। ਇਸ ਪੈਥੀ ਦਾ ਆਗਮਨ 1835 ਪੰਜਾਬ ਵਿੱਚ ਹੋਇਆ।



# ਗੁਣਕਾਰੀ ਹੈ ਆਲੂ ਦਾ ਜੂਸ



**ਡਾ. ਹਰਿੰਦਰਪਾਲ ਸਿੰਘ**

ਆਲੂ ਨੂੰ ਸਬਜ਼ੀਆਂ ਦਾ ਬਾਦਸ਼ਾਹ ਕਿਹਾ ਜਾਂਦਾ ਹੈ। ਲਗਪਗ ਹਰ ਸਬਜ਼ੀ ਵਿੱਚ ਆਲੂ ਦੀ ਸ਼ਮੂਲੀਅਤ ਹੁੰਦੀ ਹੈ। ਆਲੂ ਵੀ ਕਈ ਹੋਰ ਸਬਜ਼ੀਆਂ ਵਾਂਗ ਅਫਰੀਕਾ ਤੋਂ ਭਾਰਤ ਆਇਆ। ਇਸ ਵਿੱਚ ਜ਼ਿਆਦਾ ਕਾਰਬੋਹਾਈਡ੍ਰੇਟਸ ਹੋਣ ਕਰਕੇ ਇਸ ਨੂੰ ਮੋਟਾਪਾ ਵਧਾਉਣ ਵਾਲਾ ਮੰਨਿਆ ਜਾਂਦਾ ਹੈ। ਪਰ ਕੱਚਾ ਆਲੂ ਤੇ ਇਸ ਦਾ ਜੂਸ ਪੋਸ਼ਕ ਤੱਤਾਂ ਨਾਲ ਭਰਪੂਰ ਹੋਣ ਕਰਕੇ ਸਿਹਤ ਲਈ ਕਾਫ਼ੀ ਲਾਭਦਾਇਕ ਮੰਨਿਆ ਜਾਂਦਾ ਹੈ।

**ਆਲੂ ਵਿੱਚ ਮੌਜੂਦ ਪੋਸ਼ਕ ਤੱਤ-**

× ਪੋਟਾਸ਼ੀਅਮ: ਅੱਧਾ ਕੱਪ ਆਲੂ ਦਾ ਜੂਸ ਲਗਪਗ 27 ਫ਼ੀਸਦੀ ਦੇ ਕਰੀਬ ਰੋਜ਼ਾਨਾ ਪੋਟਾਸ਼ੀਅਮ ਦੀ ਜ਼ਰੂਰਤ ਪੂਰੀ ਕਰਦਾ ਹੈ। ਇਹ ਖਣਿਜ ਗੁਰਦੇ ਦੀ ਸਫ਼ਾਈ ਕਰਨ ਦੇ ਨਾਲ ਨਾਲ ਖ਼ੂਨ ਦੇ ਦਬਾਅ ਨੂੰ ਨਿਯਮਿਤ ਰੱਖਣ ਜਿਹੇ ਕਈ ਮਹੱਤਵਪੂਰਨ ਕਾਰਜ ਕਰਦਾ ਹੈ।

**ਵਿਟਾਮਿਨ 'ਸੀ':** ਅੱਧਾ ਕੱਪ ਆਲੂ ਜੂਸ ਲਗਪਗ ਸਾਡੀ ਰੋਜ਼ਾਨਾ ਜ਼ਰੂਰਤ ਦਾ 50 ਫ਼ੀਸਦੀ ਵਿਟਾਮਿਨ 'ਸੀ' ਦਿੰਦਾ ਹੈ। ਇਹ ਵਿਟਾਮਿਨ ਸਾਡੇ ਸਰੀਰ ਵਿਚਲੀ ਰੋਗ ਨਿਰੋਧਕ ਸ਼ਕਤੀ ਨੂੰ ਵਧਾਉਂਦਾ ਹੈ।

× ਵਿਟਾਮਿਨ 'ਬੀ-1' ਤੇ 'ਬੀ-3': ਅੱਧਾ ਕੱਪ ਆਲੂ ਜੂਸ ਤੋਂ ਸਾਨੂੰ ਰੋਜ਼ਾਨਾ ਜ਼ਰੂਰਤ ਦਾ 20 ਫ਼ੀਸਦੀ ਦੇ ਕਰੀਬ ਵਿਟਾਮਿਨ 'ਬੀ-1' ਅਤੇ 'ਬੀ-3' ਮਿਲਦੇ ਹਨ। ਜੋ ਕਿ ਸਾਡੇ ਨਾੜੀ ਤੰਤਰ ਅਤੇ ਚਮੜੀ ਲਈ ਜ਼ਰੂਰੀ ਹਨ ਅਤੇ ਸਮੇਂ ਤੋਂ ਪਹਿਲਾਂ ਆਉਣ ਵਾਲੇ ਬੁਢਾਪੇ ਨੂੰ ਦੂਰ ਰੱਖਦੇ ਹਨ। ਕੇਵਲ ਤਲ ਕੇ ਖਾਧਾ ਆਲੂ ਹੀ ਮੋਟਾਪੇ ਦਾ ਕਾਰਨ ਬਣਦਾ ਹੈ। ਕੱਚਾ ਆਲੂ ਅਨੇਕਾਂ ਬਿਮਾਰੀਆਂ ਲਈ ਦਵਾਈ ਦਾ ਕੰਮ ਕਰਦਾ ਹੈ, ਜਿਵੇਂ-

**ਪਾਚਣ ਤੰਤਰ ਦੇ ਵਿਗਾੜ:** ਆਲੂ ਦਾ ਜੂਸ ਮਿਹਦੇ ਦੀ ਜਲਣ ਅਤੇ ਤੇਜ਼ਾਬ ਦੇ ਬਣਨ ਨੂੰ ਘੱਟ ਕਰਦਾ ਹੈ।

**ਪੈਪਟਿਕ ਅਲਸਰ:** ਇਸ ਨੂੰ ਮਿਹਦੇ ਦਾ ਅਲਸਰ ਵੀ ਕਹਿੰਦੇ ਹਨ। ਇਸ ਵਿੱਚ ਜ਼ਿਆਦਾ ਤੇਜ਼ਾਬ ਬਣਨ ਕਾਰਨ ਮਿਹਦੇ ਦੀ ਝਿੱਲੀ ਖ਼ਰਾਬ ਹੋ ਜਾਂਦੀ ਹੈ ਅਤੇ ਮਿਹਦੇ ਵਿੱਚ ਪੱਕੇ ਤੌਰ 'ਤੇ ਜ਼ਖ਼ਮ ਹੋ ਜਾਂਦੇ ਹਨ। ਇੱਕ ਖੋਜ ਅਨੁਸਾਰ ਆਲੂ ਦਾ ਜੂਸ ਮਿਹਦੇ ਦੇ ਅਲਸਰ ਨੂੰ ਠੀਕ ਕਰਨ ਦੇ ਸਮਰੱਥ ਹੈ।

**ਕੈਂਸਰ:** ਚੀਨ ਵਿੱਚ ਹੋਈ ਖੋਜ ਅਨੁਸਾਰ ਆਲੂ ਵਿੱਚ ਮੌਜੂਦ ਪੈਟਾਟਿਨ ਨਾਮੀ ਤੱਤ ਚੂਹਿਆਂ ਵਿੱਚ ਮੌਜੂਦ ਮੈਲਾਨੋਮਾ ਕਿਸਮ ਦੇ ਕੈਂਸਰ ਨੂੰ ਰੋਕਣ ਵਿੱਚ ਸਹਾਈ ਹੁੰਦਾ ਹੈ।

**ਕੋਲੈਸਟਰੋਲ:** ਆਲੂ ਦਾ ਜੂਸ ਕੋਲੈਸਟਰੋਲ ਵਿਚਲੇ ਟਰਾਈ ਗਲਿਸਰਾਈਡ ਨੂੰ ਨਿਯਮਿਤ ਕਰਦਾ ਹੈ।

**ਜੋੜਾਂ ਦਾ ਦਰਦ:** ਜੋੜਾਂ ਦੇ ਦਰਦ ਵਾਲੇ ਮਰੀਜ਼ ਨੂੰ ਹਰ ਵਾਰ ਖਾਣਾ ਖਾਣ ਤੋਂ ਪਹਿਲਾਂ ਦੋ ਚਮਚ ਆਲੂ ਦਾ ਜੂਸ ਲੈਣ ਨਾਲ ਕਾਫ਼ੀ ਫ਼ਾਇਦਾ ਹੁੰਦਾ ਹੈ। ਇਸ ਤੋਂ ਇਲਾਵਾ ਆਲੂ ਦੇ ਮੋਟੇ ਛਿਲਕੇ ਲੈ ਕਿ 4-5 ਮਿੰਟ ਪਾਣੀ ਵਿੱਚ ਉਬਾਲ ਲਓ ਅਤੇ ਫਿਰ ਠੰਢਾ ਹੋਣ 'ਤੇ ਇਸ ਨੂੰ ਪੀਓ।

# ਐਲੀ ਇਵਰਾਮ ਅਜੀਬ ਜ਼ਿੰਦਗੀ



'ਬਿੱਗ ਬੌਸ' ਐਲੀ ਇਵਰਾਮ ਦੇ ਨਾਂਅ ਤੋਂ ਲੋਕਾਂ ਨਾਲ ਵਾਕਫੀਅਤ ਕਰਵਾ ਗਿਆ ਹੈ ਤੇ ਫਿਰ ਐਲੀ ਜਿਸ ਨੂੰ ਐਲੀ ਅਬਰਾਮ (ਐਲੇ ਇਵਰਾਮ) ਵੀ ਕਿਹਾ ਜਾਂਦਾ ਹੈ, ਨੇ 'ਡਰੀਮ ਗਰਲ' ਬਣਨ ਦੇ ਵੱਡੇ ਸੁਪਨੇ ਤੱਕ ਲਏ ਸਨ। ਸਲਮਾਨ ਖ਼ਾਨ ਦਾ ਉਸ ਨੂੰ ਅਸ਼ੀਰਵਾਦ ਤਾਂ ਰਿਹਾ ਪਰ ਐਲੀ ਦੇ ਸਿਤਾਰੇ ਚਮਕ ਨਹੀਂ ਸਕੇ। ਹਾਂ, ਪਿਛਲੇ ਦਿਨੀਂ ਕ੍ਰਿਕਟਰ ਹਾਰਦਿਕ ਪਾਂਡਿਆ ਨਾਲ ਉਸ ਦੇ ਕਿੱਸੇ ਜ਼ਰੂਰ ਸੁਣਨ ਨੂੰ ਮਿਲੇ। ਸਵੀਡਨ ਦੀ ਰਹਿਣ ਵਾਲੀ ਐਲੀ ਇਵਰਾਮ ਆਈਸ ਸਕੇਟਿੰਗ ਨੂੰ ਬਹੁਤ ਪਿਆਰ ਕਰਦੀ ਹੈ, ਹਾਲਾਂਕਿ ਇਹ ਉਥੇ ਹੀ ਸੰਭਵ ਹੈ। ਇਥੇ ਘੱਟ ਮੌਕੇ ਹਨ। 'ਮਿਕੀ ਵਾਇਰਸ' ਨਾਲ ਐਲੀ ਦੇ ਕਦਮ ਕੈਮਰੇ ਦੇ ਸਾਹਮਣੇ ਚੱਲੇ ਤੇ ਦੱਖਣ 'ਚ ਉਸ ਨੇ ਕੁਝ ਆਈਟਮ ਗਾਣੇ ਵੀ ਕੀਤੇ ਹਨ। ਹਾਰਦਿਕ ਉਸ ਨੂੰ ਮਿਲਦਾ ਹੈ ਕਿ ਨਹੀਂ ਨਸੀਬ ਦੀ ਗੱਲ ਹੈ ਪਰ ਐਲੀ ਇਵਰਾਮ ਨੇ ਮਲਾਇਕਾ ਅਰੋੜਾ ਤੇ ਵਾਣੀ ਕਪੂਰ ਨਾਲ ਲੈਕਮੇ ਦੇ ਸਮਾਰੋਹਾਂ 'ਚ ਹਿੱਸਾ ਲੈਣਾ ਜਾਰੀ ਰੱਖਿਆ ਹੈ। ਵਹੁਟੀ ਦੇ ਪਹਿਰਾਵੇ 'ਚ ਐਲੀ ਨੇ ਇਸ ਫੈਸ਼ਨ ਦੌੜ 'ਚ ਸਭ ਦਾ ਧਿਆਨ ਫਿਰ ਖਿੱਚਿਆ ਹੈ। ਹੁਣ ਉਸ ਨੇ ਬਹੁਤ ਹੀ ਜ਼ਿਆਦਾ ਗਰਮ (ਹਾਟ) ਤੇ ਤਕਰੀਬਨ ਅਰਧ-ਨਗਨ ਤਸਵੀਰਾਂ ਖਿਚਵਾਈਆਂ ਹਨ ਪਰ ਅਜਿਹੀਆਂ ਤਸਵੀਰਾਂ ਤਾਂ ਤੀਸਰੇ ਦਰਜੇ ਦੀਆਂ ਫ਼ਿਲਮਾਂ ਦਿਵਾ ਸਕਦੀਆਂ ਹਨ ਖਾਸ ਬੈਨਰ ਦੀਆਂ ਨਹੀਂ। ਆਖਿਰ ਹੁਣ ਉਹ ਫਿਰ ਵੱਡੀਆਂ ਫ਼ਿਲਮਾਂ ਦੀ ਉਮੀਦ 'ਚ ਹੈ, ਜੋ ਉਸ ਨੂੰ ਮਿਲੀਆਂ ਨਹੀਂ। ਸਲਮਾਨ ਤੇ ਐਲੀ ਦਾ ਜਾਦੂ ਕਦੇ ਸੀ ਪਰ ਹੁਣ ਉਹ ਵੀ ਉਸ ਤੋਂ ਦੂਰ ਰਹਿ ਕੇ ਹੀ ਖ਼ੁਸ਼ ਹੈ। ਇਕ ਘਟਨਾ ਐਲੀ ਨਾਲ ਅਜੀਬ ਹੀ ਘਟ ਗਈ। ਉਸ ਦੇ ਘਰ ਦੀ ਬੱਤੀ ਖਰਾਬ ਹੋ ਗਈ, ਫੋਨ ਦੀ ਬੈਟਰੀ ਖਤਮ ਹੋਣ ਕੰਢੇ ਸੀ ਤੇ ਨਾ ਹੀ ਉਹ ਫੋਨ 'ਤੇ ਗਾਣੇ ਸੁਣ ਸਕਦੀ ਸੀ ਤੇ ਨਾ ਹੀ ਕੁਝ ਹੋਰ ਤੇ ਉਪਰੋਂ 10 ਵਾਰ ਫੋਨ ਕਰਨ ਤੋਂ ਬਾਅਦ ਗਿਆਰਵੀਂ ਵਾਰ ਉਸ ਦਾ ਫੋਨ ਉਸ ਦੀ ਨੌਕਰਾਣੀ ਨੇ ਚੁੱਕਿਆ ਪਰ ਐਲੀ ਦੇ ਘਰ ਪਹੁੰਚਣ ਲਈ ਉਸ ਨੂੰ ਤਿੰਨ ਘੰਟੇ ਦਾ ਸਫ਼ਰ ਕਰਨਾ ਪੈਣਾ ਸੀ ਤੇ ਇਹ ਤਿੰਨ ਘੰਟੇ ਘਰ ਦੀ ਬਾਲਕੋਨੀ 'ਚ ਕੈਦ ਹੋ ਕੇ ਐਲੀ ਮੱਛਰਾਂ ਨਾਲ ਲੜਦੀ ਰਹੀ ਤੇ ਮੱਛਰਾਂ ਨੇ ਐਲੀ ਦੀਆਂ ਬਾਹਵਾਂ 'ਤੇ ਨਿਸ਼ਾਨ ਪਾ ਦਿੱਤੇ। ਉਧਰ ਨੌਕਰਾਣੀ ਘਰ ਪਹੁੰਚੀ ਤੇ ਇਧਰ ਬੱਤੀ ਵੀ ਆ ਗਈ ਪਰ ਕੀ ਐਲੀ ਇਨਵਰਟਰ ਬਿਨਾਂ ਰਹਿੰਦੀ ਹੈ। ਅਜੀਬ ਹੈ, ਵਾਕਿਆ ਐਲੀ ਦੀ ਜ਼ਿੰਦਗੀ ਅਜੀਬ ਹੈ।

# ਰਾਧਿਕਾ ਆਪਟੇ ਅੰਬਰੀਂ ਉਡਾਰੀਆਂ



ਚਿਹਰਾ ਤੱਕਣਯੋਗ, ਆਕਰਸ਼ਣ ਲੱਗੇ ਕਸ਼ਿਸ਼ ਹਰੇਕ ਔਰਤ ਦੀ/ਮਰਦ ਦੀ ਤੇ ਰਾਧਿਕਾ ਆਪਟੇ ਇਸ ਯਤਨ ਲਈ ਪੂਰੀ ਨੀਂਦ ਤੇ ਰੱਜਵਾਂ ਪਾਣੀ ਬਿਹਤਰ ਖ਼ੁਰਾਕ ਮੰਨ ਕੇ ਚੱਲ ਰਹੀ ਹੈ। ਲੋੜ ਹੈ ਅਜਿਹੇ ਸੱਭਿਆਚਾਰ ਦੀ, ਜਿਥੇ ਔਰਤ ਸ਼ੋਸ਼ਿਤ ਨਾ ਹੋਵੇ। ਹੁਣ ਨੈਟਫਲਿਕਸ ਦੀ ਵੈੱਬ ਲੜੀ 'ਘੋਲ' ਨਾਲ ਆਪਟੇ ਚਰਚਾ ਵਿਚ ਹੈ। ਹਾਲਾਂ ਕਿ ਟਵਿਟਰ 'ਤੇ ਰਾਧਿਕਾ ਨੂੰ ਸ਼ਰਮਿੰਦਗੀ ਵੀ ਝੱਲਣੀ ਪਈ ਹੈ। ਕੁਝ ਟਵੀਟ ਨੂੰ ਲੈ ਕੇ ਪਰ 'ਅੰਧਾਧੁੰਨ' ਦੀ ਅਪਾਰ ਕਾਮਯਾਬੀ ਨੇ ਰਾਧਿਕਾ ਦੇ ਆਲੋਚਕ ਵੀ ਸੋਚਾਂ 'ਚ ਪਾ ਦਿੱਤੇ ਹਨ। ਸ੍ਰੀ ਰਾਮ ਰਾਘਵਨ, ਆਯੂਸ਼ਮਾਨ ਖੁਰਾਣਾ ਤੱਬੂ ਤੇ ਰਾਧਿਕਾ ਦੀ ਟੀਮ ਨੇ ਕਮਾਲ ਕਰ ਦਿਖਾਇਆ ਹੈ। 'ਲਸਟ ਸਟੋਰੀਜ਼', 'ਸੇਕਰਡ ਗੇਮਜ਼', 'ਘੋਲ' ਤਿੰਨ ਵੈੱਬ ਸੀਰੀਜ਼ ਦੀ ਕਾਮਯਾਬ 'ਅੰਧਾਧੁੰਨ' ਲਈ ਅੰਧਾਧੁੰਦ ਸਫ਼ਲਤਾ ਪ੍ਰਾਪਤ ਕਰ ਰਹੀ ਰਾਧਿਕਾ ਆਪਣੇ ਦਾ ਨੈਟਫਲਿਕਸ 'ਤੇ ਕਬਜ਼ਾ ਹੀ ਸਮਝੋ। 'ਬਰੈੱਡ' ਲਈ 'ਬਟਰ', 'ਥੈਂਕ' ਲਈ 'ਯੂ' ਸ਼ਬਦ ਜ਼ਰੂਰੀ ਤੇ ਨੈੱਟਫਲਿਕਸ ਲਈ ਰਾਧਿਕਾ ਆਪਣੇ ਕੋਲੋਂ ਇਹ ਮਿਸਾਲਾਂ ਟਵਿਟਰ 'ਤੇ ਦੇ ਰਹੇ ਹਨ। ਰਾਧਿਕਾ ਨੇ ਤਾਂ ਅਕਸ਼ੈ ਕੁਮਾਰ ਤੱਕ ਨੂੰ ਚੁੱਪ ਕਰਵਾ ਦਿੱਤਾ ਸੀ, ਜਿਸ ਨੇ ਮਜ਼ਾਕ ਨਾਲ ਕਿਹਾ ਸੀ ਕਿ ਰਾਧਿਕਾ ਤੁਹਾਡੇ ਕੋਲ ਸਨਮਾਨ ਪ੍ਰਾਪਤ ਕਰਨ ਯੋਗ ਚਿਹਰਾ ਹੈ ਤਾਂ ਰਾਧਿਕਾ ਬੋਲੀ ਸੀ ਜਨਾਬ ਸੋਨਮ ਤੇ ਤੁਹਾਨੂੰ ਮਿਲ ਚੁੱਕਾ ਹੈ। ਮੇਰੀ ਫ਼ਿਕਰ ਨਾ ਕਰੋ। ਸੈਫ ਅਲੀ ਤੇ ਚਿਤਰਾਂਗਦਾ ਨਾਲ 'ਬਜ਼ਾਰ' ਗਰਮ ਹੋਏਗਾ। ਵਿਕਰਮ ਦਿਤਿਆ ਮੋਟਵਾਨੀ ਨੇ ਕਿਹਾ ਕਿ 2018 ਦੀ ਰਾਜਕੁਮਾਰ ਰਾਵ ਤਾਂ ਰਾਧਿਕਾ ਆਪਟੇ ਹੈ ਤੇ ਇਹ ਰਾਧਿਕਾ ਲਈ ਸ਼ੁੱਭ ਪ੍ਰਤੀਕਿਰਿਆ ਹੈ।

# ਹਾਜ਼ਰ-ਜਵਾਬੀ ਕੈਟਰੀਨਾ ਦੀ



ਬਾਲੀਵੁੱਡ ਐਕਟ੍ਰੈੱਸ ਕੈਟਰੀਨਾ ਕੈਫ਼ ਅਕਸਰ ਆਪਣੀਆਂ ਫ਼ਿਲਮਾਂ ਨੂੰ ਲੈ ਕੇ ਚਰਚਾ ਵਿਚ ਬਣੀ ਰਹਿੰਦੀ ਹੈ। ਪਰ ਇਸ ਵਾਰ ਕੈਟਰੀਨਾ ਦੇ ਚਰਚਿਆਂ ਵਿਚ ਰਹਿਣ ਦਾ ਕਾਰਨ ਕੁਝ ਹੋਰ ਹੈ। ਉਹ ਹਾਲ ਹੀ ਵਿਚ ਨੇਹਾ ਧੂਪੀਆ ਦੇ ਚੈਟ ਸ਼ੋਅ ਵਿਚ ਹਿੱਸਾ ਲੈਣ ਗਈ ਸੀ। ਜਿਵੇਂ ਕਿ ਤੁਹਾਨੂੰ ਪਤਾ ਹੀ ਹੈ ਕਿ ਨੇਹਾ ਦੇ ਇਸ ਚੈਟ ਸ਼ੋਅ ਦੀ ਪਹਿਲੀ ਮਹਿਮਾਨ ਬਣੀ 'ਠੱਗਸ ਆਫ਼ ਹਿੰਦੁਸਤਾਨ' ਵਿਚ ਨਜ਼ਰ ਆਉਣ ਵਾਲੀ ਕੈਟਰੀਨਾ ਕੈਫ। ਕਰਨ ਦੀ ਤਰ੍ਹਾਂ ਨੇਹਾ ਵੀ ਸ਼ੋਅ 'ਤੇ ਆਉਣ ਵਾਲੇ ਸਿਤਾਰਿਆਂ ਦੀ ਨਿੱਜੀ ਜ਼ਿੰਦਗੀ ਵਿਚ ਝਾਕਣ ਵਿਚ ਕਾਮਯਾਬ ਹੋਈ। ਨੇਹਾ ਦੇ ਸਾਹਮਣੇ ਬੈਠੀ ਕੈਟਰੀਨਾ ਕੈਫ਼ ਨੇ ਵੀ ਇਸ ਮਾਮਲੇ ਵਿਚ ਪ੍ਰਸ਼ੰਸਕਾਂ ਨੂੰ ਨਿਰਾਸ਼ ਨਹੀਂ ਕੀਤਾ। ਨੇਹਾ ਨਾਲ ਗੱਲ ਕਰਦੇ ਹੋਏ ਕੈਟਰੀਨਾ ਨੇ ਆਪਣੀ ਜ਼ਿੰਦਗੀ ਨੂੰ ਲੈ ਕੇ ਕਈ ਖੁਲਾਸੇ ਕੀਤੇ। ਕੈਟਰੀਨਾ ਦੇ ਨਾਲ ਗੱਲਬਾਤ ਦੇ ਕੁਝ ਵੀਡੀਓ ਨੇਹਾ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਸ਼ੇਅਰ ਕੀਤੇ ਹਨ। ਸ਼ੋਅ ਦੌਰਾਨ ਕੈਟ ਤੋਂ ਪੁੱਛਿਆ ਗਿਆ ਕਿ ਉਹ ਸਲਮਾਨ ਅਤੇ ਆਲੀਆ ਤੋਂ ਕੀ ਹਾਸਲ ਕਰਨਾ ਚਾਹੇਗੀ। ਬਿਨਾਂ ਕਿਸੇ ਝਿਜਕ ਦੇ ਕੈਟਰੀਨਾ ਨੇ ਤੁਰੰਤ ਜਵਾਬ ਦਿੱਤਾ ਕਿ ਉਹ ਆਲੀਆ ਤੋਂ ਪੁਰਸਕਾਰ ਲੈਣਾ ਚਾਹੇਗੀ ਅਤੇ ਸਲਮਾਨ ਨੂੰ ਲੈ ਕੇ ਕੈਟਰੀਨਾ ਦਾ ਕਹਿਣਾ ਸੀ ਕਿ ਉਹ ਸਲਮਾਨ ਦੀ ਪ੍ਰਸਿੱਧੀ ਅਤੇ ਉਨ੍ਹਾਂ ਦੇ ਪ੍ਰਸ਼ੰਸਕਾਂ ਦਾ ਪਿਆਰ ਲੈਣਾ ਚਾਹੇਗੀ। ਕੈਟਰੀਨਾ ਦੀ ਇਹ ਸੱਚਾਈ ਅਤੇ ਜਵਾਬ ਸੁਣ ਕੇ ਦਰਸ਼ਕ ਵੀ ਉਨ੍ਹਾਂ ਦੇ ਪ੍ਰਸ਼ੰਸਕ ਹੋ ਗਏ।

# ਪਰਣੀਤੀ ਚੋਪੜਾ ਅਜੀਬ ਸ਼ੌਂਕ



ਤੈਰਾਕੀ ਸੂਟ ਪਹਿਨ ਕੇ ਪਰਣੀਤੀ ਚੋਪੜਾ ਕਿਆਮਤ ਢਾਹ ਰਹੀ ਹੈ। ਅਕਸਰ ਇਹ ਸੂਟ ਪਾ ਉਹ ਖ਼ੁਸ਼ ਹੁੰਦੀ ਹੈ, ਤਸਵੀਰਾਂ ਖਿਚਵਾਉਂਦੀ ਹੈ ਤੇ ਇਸ ਨੂੰ ਆਪਣੇ ਲਈ ਖ਼ੁਸ਼ਕਿਸਮਤ ਪਹਿਰਾਵਾ ਮੰਨ ਕੇ ਚਲ ਰਹੀ ਹੈ। 'ਪਰਾਪਰ ਪਟੋਲਾ' ਗਾਣੇ ਨੇ ਉਸ ਨੂੰ ਕਮਲੀ ਕੀਤਾ ਹੋਇਆ ਹੈ। ਉਹ 'ਨਮਸਤੇ ਇੰਗਲੈਂਡ' ਦੇ ਇਸ ਗਾਣੇ 'ਤੇ ਖ਼ੂਬ ਥਿਰਕਦੀ ਹੈ। ਆਪਣੀ ਦੀਦੀ ਦੇ ਵਿਆਹ ਤੋਂ ਬਾਅਦ ਇਥੇ ਆਪ ਨੂੰ ਉਹ ਵੱਡੀ ਦਾਅਵੇਦਾਰ ਨੰਬਰ ਇਕ ਦੀ ਬਣ ਕੇ ਚਲ ਰਹੀ ਹੈ। ਅਰਜਨ ਕਪੂਰ ਦੇ ਮਿਹਣੇ, ਲੋਕਾਂ ਦੇ ਮਾੜੇ ਕੁਮੈਂਟ ਦੀ ਉਸ ਨੂੰ ਪ੍ਰਵਾਹ ਨਹੀਂ ਹੈ। 'ਬੇਹਤਰ ਇੰਡੀਆ' ਦੀ ਉਹ ਬਰਾਂਡ ਅੰਬੈਸਡਰ ਬਣ ਅਰਨਬ ਗੋਸਵਾਮੀ ਦੇ ਮੋਢੇ ਨਾਲ ਮੋਢਾ ਜੋੜ ਕੇ ਚਲ ਰਹੀ ਹੈ। 'ਨਮਸਤੇ ਇੰਗਲੈਂਡ' ਨੇ ਪਰੀ ਨੂੰ ਬਹੁਤ ਉਤਸ਼ਾਹਿਤ ਕੀਤਾ ਹੈ। ਪਰੀ ਨੇ ਆਪਣੇ ਵਿਆਹ ਲਈ ਅਗਲੇ ਤਿੰਨ ਸਾਲ ਨਿਸ਼ਚਿਤ ਕੀਤੇ ਹਨ। ਪਰਿਵਾਰ ਲਈ ਹਾਲ ਦੀ ਘੜੀ ਉਹ ਵਿਆਹ ਦੀ ਬੁਲਾਰਨ ਬਣੀ ਹੋਈ ਹੈ। ਕਿਸੇ ਵੀ ਰਿਸ਼ਤੇਦਾਰ ਦਾ ਵਿਆਹ ਹੋਵੇ, ਚੌਕੀਦਾਰ ਹੋਕਾ ਪਰੀ ਹੀ ਦਿੰਦੀ ਹੈ। ਪਰੀ ਹੀ ਹੋਕਾ ਦਿੰਦੀ ਹੈ, ਪਰੀ ਹੀ ਲਾਗੀ/ਲਾਗਣ ਵਾਲਾ ਕੰਮ ਕਰ ਰਹੀ ਹੈ। ਚਲੋ ਦੁਸਹਿਰਾ ਪਰੀ ਦਾ ਹੈ, ਕਿਉਂਕਿ ਵੱਡੀ ਫ਼ਿਲਮ ਇਸ ਵਾਰ ਉਸ ਦੀ ਆ ਰਹੀ ਹੈ। 'ਲਾਈਫ਼ ਇਨ ਮੈਟਰੋ' ਦੇ ਵਿਸਥਾਰ 'ਚ ਉਹ ਕੰਮ ਕਰ ਰਹੀ ਹੈ। ਪਰੀ ਨਾਲ ਫ਼ਿਲਮ 'ਚ ਰਾਜ ਕੁਮਾਰ ਰਾਵ ਹੋਏਗਾ। ਪਰੀ ਚੁਸਤ ਹੋ ਕੇ ਚਲ ਰਹੀ ਹੈ। ਭਰਾ ਸਹਿਜ ਚੋਪੜਾ ਦੇ ਵਪਾਰ ਲਈ ਮਦਦ ਕਰ ਰਹੀ ਹੈ। ਪਰੀ ਨੇ ਵਪਾਰ ਵਿਚ ਤੇ ਅਰਥ-ਸ਼ਾਸਤਰ ਵਿਚ ਤਿੰਨ ਮਾਸਟਰ ਡਿਗਰੀਆਂ ਲਈਆਂ ਹਨ। ਪੜ੍ਹਾਕੂ ਹੀਰੋਇਨ ਹੈ, ਉਹ ਤੇ 'ਇਸ਼ਕਜ਼ਾਦੇ' ਤੋਂ 'ਨਸਮਤੇ ਇੰਗਲੈਂਡ' ਤੇ 'ਲਾਇਫ ਇਨ ਏ ਮੈਟਰੋ-2' ਕਰ ਰਹੀ ਪਰੀ ਭਰਾ ਸਹਿਜ ਦੇ ਬਰਾਂਡ 'ਕੁਕੀਜ਼ ਬਰੈਂਡ' ਲਈ ਵਪਾਰੀਕਰਨ ਦੇ ਮਸ਼ਵਰੇ ਦੇ ਰਹੀ ਹੈ। ਪਰੀ ਫਿਲਹਾਲ ਚਿੰਤਾ ਮੁਕਤ, ਚੰਗਾ ਕੰਮਕਾਰ, ਕਾਮਯਾਬੀ ਦੇ ਦਰਸ਼ਨ, ਚੁਸਤ ਸਰੀਰ, ਵਿਆਹ-ਸ਼ਾਦੀਆਂ ਦੀ ਖਾਸ ਸਲਾਹਕਾਰ, ਆਪਣੇ ਟੱਬਰ 'ਚ ਖਾਸ ਬਣ ਕੇ ਸਭ ਦਾ ਦਿਲ ਜਿੱਤ ਰਹੀ ਹੈ। ਚਾਹੇ ਘਰ ਹੋਵੇ ਜਾਂ ਬਾਹਰ, ਬਾਜ਼ਾਰ ਹੋਵੇ ਜਾਂ ਰਿਸ਼ਤੇਦਾਰੀਆਂ, ਚੌਕੀਦਾਰਾ ਕਰਨ 'ਚ ਮੁਹਾਰਤ ਹੈ ਉਸ ਨੂੰ ...।

# ਵਤਨ ਦੇ ਮੋਹ ਦੀ ਖਿੱਚ ਦਰਸਾਉਂਦੀ ਪਰਿਵਾਰਕ ਤੇ ਹਾਸੇ ਵਾਲੀ ਫ਼ਿਲਮ 'ਆਟੇ ਦੀ ਚਿੜੀ'




ਪੰਜਾਬੀ ਫ਼ਿਲਮ 'ਆਟੇ ਦੀ ਚਿੜੀ' ਪੰਜਾਬ ਛੱਡ ਕੇ ਵਿਦੇਸ਼ਾਂ ਵਿਚ ਕਮਾਈਆਂ ਕਰਨ ਗਏ ਪੰਜਾਬੀਆਂ ਦੀ ਆਪਣੀ ਮਿੱਟੀ ਤੇ ਸੱਭਿਆਚਾਰ ਪ੍ਰਤੀ ਮੋਹ ਦੀ ਕਹਾਣੀ ਬਿਆਨਦੀ ਹੈ। 'ਆਟੇ ਦੀ ਚਿੜੀ' ਨਾਲ ਹਰੇਕ ਪੰਜਾਬੀ ਦੀਆਂ ਯਾਦਾਂ ਜੁੜੀਆਂ ਹੋਈਆਂ ਹਨ। ਤੇਗ਼ ਪ੍ਰੋਡਕਸ਼ਨ ਦੀ ਇਹ ਫ਼ਿਲਮ ਉਨ੍ਹਾਂ ਪਿੰਡਾਂ ਨੂੰ ਸਮਰਪਿਤ ਹੈ ਜਿਨ੍ਹਾਂ ਨੂੰ ਸ਼ਹਿਰਾਂ ਨੇ ਖਾ ਲਿਆ। ਨਿਰਮਾਤਾ ਚਰਨਜੀਤ ਸਿੰਘ ਵਾਲੀਆ, ਤੇਗਵੀਰ ਸਿੰਘ ਵਾਲੀਆ ਤੇ ਜੀ. ਆਰ. ਐਸ. ਛੀਨਾ (ਕੈਲਗਰੀ) ਦੀ ਇਸ ਫ਼ਿਲਮ ਦਾ ਵਿਸ਼ਾ ਵਿਦੇਸ਼ ਅਤੇ ਪੰਜਾਬ ਦੇ ਮੌਜੂਦਾ ਦੌਰ ਦੀ ਕਹਾਣੀ ਹੈ ਜੋ ਕਾਮੇਡੀ ਤੇ ਵਿਅੰਗਮਈ ਤਰੀਕੇ ਨਾਲ ਦੋਵੇਂ ਪੰਜਾਬਾਂ ਦੇ ਲੋਕਾਂ ਦੀ ਮਾਨਸਿਕਤਾ, ਸਮਾਜਿਕ ਹਾਲਾਤ ਅਤੇ ਭਾਵਨਾਵਾਂ ਦੀ ਪੇਸ਼ਕਾਰੀ ਕਰਦੀ ਹੈ। ਇਹ ਸੱਚ ਹੈ ਕਿ ਅਸਲ ਪੰਜਾਬ ਦੇ ਲੋਕ ਆਪਣਾ ਸੱਭਿਆਚਾਰ ਗੁਆ ਰਹੇ ਹਨ, ਜਦ ਕਿ ਵਿਦੇਸ਼ਾਂ ਵਿਚ ਬੈਠੇ ਪੰਜਾਬੀਆਂ ਨੇ ਇਸ ਨੂੰ ਸਾਂਭਿਆ ਹੋਇਆ ਹੈ। ਫ਼ਿਲਮ ਦੀ ਕਹਾਣੀ ਦਾ ਮੁੱਖ ਪਾਤਰ ਬਜ਼ੁਰਗ ਦਲੀਪ ਸਿੰਘ ਹੈ, ਜੋ ਕਈ ਸਾਲ ਪਹਿਲਾਂ ਵਲੈਤ ਜਾਂਦਾ ਹੈ ਪਰ ਉਹ ਮੁੜ ਕੇ ਜਾ ਨਹੀਂ ਸਕਦਾ। ਪੰਜਾਬ ਦੀਆਂ ਯਾਦਾਂ ਉਸ ਨੂੰ ਬਹੁਤ ਤੜਫਾਉਂਦੀਆਂ ਹਨ। ਇਸ ਫ਼ਿਲਮ ਰਾਹੀਂ ਦੋਵੇਂ ਪੰਜਾਬਾਂ ਦੀ ਵਰਤਮਾਨ ਤਸਵੀਰ ਪੇਸ਼ ਕੀਤੀ ਗਈ ਹੈ। 'ਆਟੇ ਦੀ ਚਿੜੀ' ਮਾਂ-ਬੋਲੀ ਪੰਜਾਬੀ ਅਤੇ ਮੌਜੂਦਾ ਸੱਭਿਆਚਾਰ ਬਾਰੇ ਹੈ ਤੇ ਆਪਣੀ ਮਿੱਟੀ ਨਾਲ ਜੁੜੇ ਰਹਿਣ ਦਾ ਸੁਨੇਹਾ ਦਿੰਦੀ ਹੈ।

ਹੈਰੀ ਭੱਟੀ ਦੇ ਨਿਰਦੇਸ਼ਨ ਵਿਚ ਬਣੀ ਇਸ ਫ਼ਿਲਮ ਦੀ ਕਹਾਣੀ, ਸਕਰੀਨ ਪਲੇਅ ਰਾਜੂ ਵਰਮਾ ਨੇ ਲਿਖਿਆ ਹੈ। ਫ਼ਿਲਮ ਵਿਚ ਮੁੱਖ ਭੂਮਿਕਾ ਪ੍ਰਸਿੱਧ ਗਾਇਕ ਅੰਮ੍ਰਿਤ ਮਾਨ ਅਤੇ ਨੀਰੂ ਬਾਜਵਾ ਨੇ ਨਿਭਾਈ ਹੈ। ਇਸ ਤੋਂ ਇਲਾਵਾ ਨਿਰਮਲ ਰਿਸ਼ੀ, ਗੁਰਪ੍ਰੀਤ ਘੁੱਗੀ, ਕਰਮਜੀਤ ਅਨਮੋਲ, ਬੀ. ਐਨ. ਸ਼ਰਮਾ, ਅਨਮੋਲ ਵਰਮਾ, ਨਿਸ਼ਾ ਬਾਨੋ, ਗੁਰਪ੍ਰੀਤ ਕੌਰ ਭੰਗੂ, ਹਰਬਿਲਾਸ ਸੰਘਾ ਤੇ ਪ੍ਰੀਤੋ ਸਾਹਨੀ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਸੰਗੀਤ ਜੈ ਦੇਵ ਕੁਮਾਰ ਦਾ ਹੈ।

# ਪੰਜਾਬੀ ਰਿਸ਼ਤੇਦਾਰੀਆਂ ਅਤੇ ਰਿਸ਼ਤੇਦਾਰ

**ਪ੍ਰੋ. ਅੱਛਰੂ ਸਿੰਘ**

ਰਿਸ਼ਤੇਦਾਰੀਆਂ ਅਤੇ ਰਿਸ਼ਤੇਦਾਰ ਭਾਵੇਂ ਹਰ ਸਮਾਜ ਵਿਚ ਹੀ ਹੁੰਦੇ ਹਨ ਪਰ ਇਨ੍ਹਾਂ ਦਾ ਜੋ ਨਿੱਘ ਪੰਜਾਬੀ ਮਾਣਦੇ ਹਨ, ਉਹ ਦੁਨੀਆਂ ਭਰ ਵਿਚ ਸ਼ਾਇਦ ਹੀ ਕੋਈ ਹੋਰ ਲੋਕ ਮਾਣਦੇ ਹੋਣ। ਮਲਵਈ ਭਾਸ਼ਾ ਵਿੱਚ ਰਿਸ਼ਤੇਦਾਰੀਆਂ ਨੂੰ ਸਕੀਰੀਆਂ ਅਤੇ ਰਿਸ਼ਤੇਦਾਰਾਂ ਨੂੰ ਸਕੀਰੀਦਾਰ ਵੀ ਕਿਹਾ ਜਾਂਦਾ ਹੈ। ਅੱਜ ਕੱਲ੍ਹ ਅਸੀਂ ਦੇਖਦੇ ਹਾਂ ਕਿ ਰਿਸ਼ਤਿਆਂ ਦੇ ਅੰਗਰੇਜ਼ੀਕਰਣ ਵਜੋਂ ਹੋਂਦ ਵਿਚ ਆਏ ਅੰਕਲ, ਆਂਟੀ, ਬ੍ਰਦਰ-ਇਨ-ਲਾਅ, ਸਿਸਟਰ-ਇਨ-ਲਾਅ ਅਤੇ ਕਜ਼ਨਜ਼ ਨੇ ਸਾਡੇ ਬਹੁਤ ਸਾਰੇ ਰਿਸ਼ਤਿਆਂ ਦੀ ਪਹਿਚਾਣ ਹੀ ਖ਼ਤਮ ਕਰ ਦਿੱਤੀ ਹੈ। ਸਾਡੀ ਹਰ ਰਿਸ਼ਤੇਦਾਰੀ ਲਈ ਨਾ ਕੇਵਲ ਉੱਚਿਤ ਨਾਮ ਹੈ ਸਗੋਂ ਇਹਨਾਂ ਰਿਸ਼ਤੇਦਾਰੀਆਂ ਨੂੰ ਪੂਰੀ ਮਾਨਤਾ ਵੀ ਦਿੱਤੀ ਜਾਂਦੀ ਹੈ ਅਤੇ ਸਭ ਇਕ-ਦੂਜੇ ਦੇ ਦੁੱਖ-ਸੁੱਖ ਵਿਚ ਸ਼ਰੀਕ ਹੁੰਦੇ ਹਨ। ਆਪਣੀ ਮਾਂ ਦੀਆਂ ਭੈਣਾਂ ਨੂੰ ਮਾਸੀਆਂ, ਭਰਜਾਈਆਂ ਨੂੰ ਮਾਮੀਆਂ, ਦਰਾਣੀਆਂ ਨੂੰ ਚਾਚੀਆਂ, ਜਠਾਣੀਆਂ ਨੂੰ ਤਾਈਆਂ ਅਤੇ ਨਣਦਾਂ ਨੂੰ ਭੂਆ ਕਿਹਾ ਜਾਂਦਾ ਹੈ। ਮਾਂ ਦੀ ਮਾਂ ਨੂੰ ਨਾਨੀ ਅਤੇ ਮਾਂ ਦੇ ਪਿਤਾ ਨੂੰ ਨਾਨਾ ਕਿਹਾ ਜਾਂਦਾ ਹੈ। ਪਿਤਾ ਦੇ ਛੋਟੇ ਭਰਾਵਾਂ ਨੂੰ ਚਾਚੇ, ਵੱਡੇ ਭਰਾਵਾਂ ਨੂੰ ਤਾਏ ਅਤੇ ਭੈਣਾਂ ਨੂੰ ਭੂਆ ਕਿਹਾ ਜਾਂਦਾ ਹੈ। ਪਿਤਾ ਦੇ ਪਿਤਾ ਨੂੰ ਦਾਦਾ, ਪਿਤਾ ਦੇ ਦਾਦੇ ਨੂੰ ਪੜਦਾਦਾ ਅਤੇ ਪੜਦਾਦੇ ਦੇ ਪਿਤਾ ਨੂੰ ਨਕੜਦਾਦਾ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਪਿਤਾ ਦੀ ਮਾਂ ਨੂੰ ਦਾਦੀ, ਦਾਦੀ ਦੀ ਸੱਸ ਨੂੰ ਪੜਦਾਦੀ ਅਤੇ ਪੜਦਾਦੀ ਦੀ ਸੱਸ ਨੂੰ ਨਕੜਦਾਦੀ ਕਿਹਾ ਜਾਂਦਾ ਹੈ। ਇਸਦੇ ਉਲਟ, ਪੁੱਤਰ ਦੇ ਬੱਚੇ ਪੋਤਾ-ਪੋਤੀ, ਪੋਤੇ ਦੇ ਬੱਚੇ ਪੜੋਤੇ-ਪੜੋਤੀਆਂ ਜਾਂ ਪੜਪੋਤੇ-ਪੜਪੋਤੀਆਂ ਕਹਾਉਂਦੇ ਹਨ। ਧੀ ਦੇ ਬੱਚਿਆਂ ਨੂੰ ਦੋਹਤੇ-ਦੋਹਤੀਆਂ ਅਤੇ ਉਹਨਾਂ ਦੇ ਬੱਚਿਆਂ ਨੂੰ ਪੜਦੋਹਤੇ-ਪੜਦੋਹਤੀਆਂ ਕਿਹਾ ਜਾਂਦਾ ਹੈ।

ਸੱਸ-ਸਹੁਰਾ ਆਪਣੇ ਪੁੱਤਰ ਦੀ ਵਹੁਟੀ ਨੂੰ ਨੂੰਹ, ਉਸਦੇ ਮਾਤਾ-ਪਿਤਾ ਨੂੰ ਕੁੜਮ-ਕੁੜਮਣੀ ਅਤੇ ਉਸਦੇ ਭੈਣ-ਭਰਾਵਾਂ ਨੂੰ ਕੁੜਮੇਟੀਆਂ ਅਤੇ ਕੁੜਮੇਟੇ ਕਹਿੰਦੇ ਹਨ। ਵਹੁਟੀ ਆਪਣੇ ਪਤੀ ਦੀ ਮਾਂ ਨੂੰ ਸੱਸ, ਪਿਤਾ ਨੂੰ ਸਹੁਰਾ, ਛੋਟੇ ਭਰਾਵਾਂ ਨੂੰ ਦੇਵਰ ਜਾਂ ਦਿਓਰ, ਵੱਡੇ ਭਰਾਵਾਂ ਨੂੰ ਜੇਠ, ਭੈਣਾਂ ਨੂੰ ਨਣਦਾਂ, ਨਣਦ ਦੇ ਪਤੀ ਨੂੰ ਨਣਦੋਈਆ, ਦਾਦੀ ਨੂੰ ਦਾਦਸ ਜਾਂ ਦਾਦੀ ਸੱਸ, ਦਾਦੇ ਨੂੰ ਦਾਦਸਰਾ, ਨਾਨੀ ਨੂੰ ਨਾਨਸ, ਨਾਨੇ ਨੂੰ ਨਾਨਸਰਾ, ਮਾਮੀ ਨੂੰ ਮਾਮਸ, ਮਾਮੇ ਨੂੰ ਮਾਮਸਰਾ, ਭੂਆ ਨੂੰ ਫੂਫਸ, ਫੁੱਫੜ ਨੂੰ ਫੁੱਫਾ, ਸਹੁਰੇ ਦੇ ਭਰਾ ਨੂੰ ਪਤਿਉਹਰਾ ਅਤੇ ਸੱਸ ਦੀ ਦਰਾਣੀ-ਜਠਾਣੀ ਨੂੰ ਪਤੀਸ ਕਹਿੰਦੀ ਹੈ।

ਆਪਣੇ ਚਾਚੇ ਦੇ ਲੜਕੇ-ਲੜਕੀ ਨੂੰ ਚਚੇਰ, ਮਾਸੀ ਦੇ ਲੜਕੇ-ਲੜਕੀ ਨੂੰ ਮਸੇਰ ਅਤੇ ਭੂਆ ਦੇ ਲੜਕੇ-ਲੜਕੀ ਨੂੰ ਫੁਫੇਰ ਕਹਿੰਦੇ ਹਨ। ਆਪਣੇ ਪਿਤਾ ਦੀ ਦੂਸਰੀ ਪਤਨੀ ਨੂੰ ਮਤਰੇਈ ਮਾਂ, ਆਪਣੀ ਮਾਤਾ ਦੇ ਦੂਸਰੇ ਪਤੀ ਨੂੰ ਮਤਰੇਆ ਬਾਪ ਅਤੇ ਉਹਨਾਂ ਦੇ ਬੱਚਿਆਂ ਨੂੰ ਮਤਰੇਏ ਭੈਣ-ਭਰਾ ਕਿਹਾ ਜਾਂਦਾ ਹੈ। ਮਰਦ ਆਪਣੇ ਭਰਾਵਾਂ ਦੇ ਬੱਚਿਆਂ ਨੂੰ ਭਤੀਜੇ-ਭਤੀਜੀਆਂ ਅਤੇ ਭੈਣਾਂ ਦੇ ਬੱਚਿਆਂ ਨੂੰ ਭਾਣਜੇ-ਭਾਣਜੀਆਂ ਕਹਿੰਦੇ ਹਨ। ਔਰਤਾਂ ਆਪਣੀਆਂ ਭੈਣਾਂ ਦੇ ਬੱਚਿਆਂ ਨੂੰ ਭਾਣਜੇ-ਭਾਣਜੀਆਂ, ਆਪਣੇ ਅਤੇ ਆਪਣੇ ਪਤੀ ਦੇ ਭਰਾਵਾਂ ਦੇ ਬੱਚਿਆਂ ਨੂੰ ਭਤੀਜੇ-ਭਤੀਜੀਆਂ ਕਹਿੰਦੀਆਂ ਹਨ। ਮਰਦ ਆਪਣੀ ਪਤਨੀ ਦੇ ਭਰਾ ਨੂੰ ਸਾਲਾ ਅਤੇ ਉਸਦੀ ਦੀ ਘਰਵਾਲੀ ਨੂੰ ਸਾਲੇਹਾਰ ਕਹਿੰਦਾ ਹੈ ਜਦਕਿ ਪਤਨੀ ਦੀ ਭੈਣ ਨੂੰ ਸਾਲੀ ਅਤੇ ਉਸਦੇ ਪਤੀ ਨੂੰ ਸਾਢੂ ਜਾਂ ਸਾਂਢੂ ਕਹਿੰਦਾ ਹੈ। ਭੈਣ ਦੇ ਪਤੀ ਲਈ ਜੀਜਾ ਜਾਂ ਭਣੋਈਆ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਭਾਣਜੀ ਦੇ ਪਤੀ ਨੂੰ ਭਾਣਜ-ਜਵਾਈ, ਭਾਣਜੇ ਦੀ ਪਤਨੀ ਨੂੰ ਭਾਣਜ-ਨੂੰਹ, ਭਤੀਜੀ ਦੇ ਪਤੀ ਨੂੰ ਭਤੀਜ-ਜਵਾਈ ਅਤੇ ਭਤੀਜੇ ਦੀ ਪਤਨੀ ਨੂੰ ਭਤੀਜ-ਨੂੰਹ ਕਿਹਾ ਜਾਂਦਾ ਹੈ। ਆਪਣੀ ਲੜਕੀ ਦੇ ਪਤੀ ਨੂੰ ਜਵਾਈ ਕਿਹਾ ਜਾਂਦਾ ਹੈ ਅਤੇ ਰਿਸ਼ਤੇਦਾਰੀਆਂ ਵਿਚ ਜਵਾਈ ਦਾ ਦਰਜਾ ਸਭ ਤੋਂ ਉੱਚਾ ਮੰਨਿਆਂ ਜਾਂਦਾ ਹੈ। ਪੋਤਰੇ ਦੀ ਪਤਨੀ ਨੂੰ ਪੋਤ-ਨੂੰਹ, ਪੋਤਰੀ ਦੇ ਪਤੀ ਨੂੰ ਪੋਤ-ਜਵਾਈ, ਦੋਹਤੀ ਦੇ ਪਤੀ ਨੂੰ ਦੋਹਤ-ਜਵਾਈ ਅਤੇ ਦੋਹਤੇ ਦੀ ਪਤਨੀ ਨੂੰ ਦੋਹਤ-ਨੂੰਹ ਕਿਹਾ ਜਾਂਦਾ ਹੈ। ਭੈਣ ਜਾਂ ਭਰਾ ਦੀ ਸੱਸ ਅਤੇ ਸਹੁਰੇ ਨੂੰ ਮਾਸੀ-ਮਾਸੜ ਕਿਹਾ ਜਾਂਦਾ ਹੈ। ਔਰਤਾਂ ਆਪਣੇ ਪਤੀ ਦੇ ਪਰਿਵਾਰ ਨੂੰ ਦਾਦਸਰਾ ਪਰਿਵਾਰ ਅਤੇ ਨਾਨਕਿਆਂ ਦੇ ਪਰਿਵਾਰ ਨੂੰ ਨਾਨਸਰਾ ਪਰਿਵਾਰ ਕਹਿੰਦੀਆਂ ਹਨ। ਪਤੀ ਦੀ ਦੂਸਰੀ ਪਤਨੀ ਨੂੰ ਸੌਂਕਣ ਅਤੇ ਉਸਦੇ ਪੁੱਤਰ ਨੂੰ ਮਤਰੇਆ ਪੁੱਤਰ ਕਿਹਾ ਜਾਂਦਾ ਹੈ। ਕਈ ਸਮਾਜਾਂ ਵਿਚ ਬਹੁ-ਪਤਨੀ ਪ੍ਰਥਾ ਪ੍ਰਚਲਿਤ ਰਹੀ ਹੈ ਅਤੇ ਕਈਆਂ ਵਿਚ ਇਸਨੂੰ ਹੁਣ ਤਕ ਵੀ ਮਾਨਤਾ ਮਿਲੀ ਹੋਈ ਹੈ ਪ੍ਰੰਤੂ ਕੋਈ ਵੀ ਔਰਤ ਆਪਣੀ ਸੌਂਕਣ ਨੂੰ ਪਸੰਦ ਨਹੀਂ ਕਰਦੀ ਅਤੇ ਅਕਸਰ ਕਹਿੰਦੀ ਹੈ: ਸੌਂਕਣ ਤਾਂ ਮਿੱਟੀ ਦੀ ਵੀ ਮਾਨ ਨਹੀਂ ਹੁੰਦੀ। ਮਾਵਾਂ ਆਪਣੇ ਪਹਿਲੇ ਬੱਚੇ ਨੂੰ 'ਪਲੇਠਾ' ਅਤੇ ਆਖ਼ਰੀ ਬੱਚੇ ਨੂੰ 'ਪੇਟ ਘਰੋੜੀ ਦਾ' ਕਹਿੰਦੀਆਂ ਹਨ।


ਬੱਚੇ ਆਪਣੇ ਪਿਤਾ ਦੀ ਦੂਸਰੀ ਪਤਨੀ ਅਤੇ ਆਪਣੀ ਮਤਰੇਈ ਮਾਂ ਨੂੰ ਆਮ ਤੌਰ 'ਤੇ ਮਾਸੀ ਅਤੇ ਆਪਣੀ ਮਾਂ ਦੇ ਦੂਸਰੇ ਪਤੀ ਨੂੰ ਚਾਚਾ ਜਾਂ ਬਾਪੂ ਕਹਿ ਕੇ ਸੰਬੋਧਨ ਕਰਦੇ ਹਨ। ਮਤਰੇਏ ਪੁੱਤਰ ਨੂੰ ਹੜੁੱਤ ਵੀ ਕਿਹਾ ਜਾਂਦਾ ਹੈ ਪਰ ਇਹ ਇੱਕ ਘ੍ਰਿਣਤ ਜਾਂ ਬੇ-ਸਲੀਕਾ ਸ਼ਬਦ ਮੰਨਿਆਂ ਜਾਂਦਾ ਹੈ ਅਤੇ ਇਸ ਦੀ ਵਰਤੋਂ ਘੱਟ ਹੀ ਕੀਤੀ ਜਾਂਦੀ ਹੈ। ਸਿਰਜੇ ਗਏ ਰਿਸ਼ਤਿਆਂ ਵਿਚੋਂ ਪਤੀ-ਪਤਨੀ ਦਾ ਰਿਸ਼ਤਾ ਸਭ ਤੋਂ ਅਹਿਮ ਅਤੇ ਸਥਾਈ ਮੰਨਿਆ ਜਾਂਦਾ ਹੈ। ਇੱਕ ਖ਼ੂਬਸੂਰਤ ਰਿਸ਼ਤਾ ਦੋਸਤਾਂ-ਮਿੱਤਰਾਂ ਦਾ ਹੁੰਦਾ ਹੈ ਜੋ ਆਪਣੀ ਮਰਜ਼ੀ ਅਤੇ ਪਸੰਦ ਅਨੁਸਾਰ ਸਿਰਜਿਆ ਜਾਂਦਾ ਹੈ, ਜਿਸ 'ਤੇ ਮਨੁੱਖ ਸਭ ਤੋਂ ਵੱਧ ਭਰੋਸਾ ਕਰ ਸਕਦਾ ਹੈ ਅਤੇ ਜੋ ਹਰ ਦੁੱਖ-ਸੁੱਖ ਵਿਚ ਉਸ ਦਾ ਸਾਥ ਦਿੰਦਾ ਹੈ। ਪੁਰਾਣੇ ਸਮੇਂ ਵਿਚ ਆਪਣੇ ਬਹੁਤ ਹੀ ਨਜ਼ਦੀਕੀ ਮਿੱਤਰ ਨਾਲ ਪੱਗ ਵਟਾ ਕੇ ਉਸਨੂੰ ਪੱਗ-ਵਟ ਭਰਾ ਕਿਹਾ ਜਾਂਦਾ ਸੀ। ਮੇਰੇ ਪਿਤਾ ਜੀ ਨੇ ਵੀ ਇੱਕ ਪੱਗ ਵੱਟ ਭਰਾ ਬਣਾਇਆ ਹੋਇਆ ਸੀ ਅਤੇ ਅਸੀਂ ਉਹਨਾਂ ਨੂੰ ਆਪਣੇ ਇਸ ਰਿਸ਼ਤੇ ਨੂੰ ਬਹੁਤ ਹੀ ਬਾਖ਼ੂਬੀ ਨਿਭਾਉਂਦੇ ਹੋਏ ਦੇਖਿਆ ਹੈ।

ਇਸੇ ਤਰ੍ਹਾਂ ਕੋਈ ਲੜਕੀ ਆਪਣੀ ਕਿਸੇ ਬਹੁਤ ਹੀ ਨਜ਼ਦੀਕੀ ਸਹੇਲੀ ਨਾਲ ਚੁੰਨੀ ਵਟਾ ਕੇ ਉਸਨੂੰ ਚੁੰਨੀ-ਵਟ ਜਾਂ ਧਰਮ ਭੈਣ ਵੀ ਬਣਾ ਲੈਂਦੀ ਸੀ। ਮੇਰੀ ਮਾਤਾ ਦੱਸਿਆ ਕਰਦੀ ਸੀ ਕਿ ਉਸ ਦੀ ਵੀ ਇੱਕ ਭੈਣ ਬਣੀ ਹੋਈ ਸੀ। ਅਸੀਂ ਉਸ ਨੂੰ ਕਦੀ ਵੀ ਨਹੀਂ ਦੇਖਿਆ। ਸ਼ਾਇਦ ਉਸ ਦੀ ਜਲਦੀ ਹੀ ਮੌਤ ਹੋ ਗਈ ਸੀ। ਅੱਜ ਕੱਲ੍ਹ ਇਹ ਪ੍ਰਥਾ ਘੱਟ ਹੀ ਦੇਖਣ ਸੁਣਨ ਵਿਚ ਆਉਂਦੀ ਹੈ। ਕੁੜੀਆਂ ਆਪਣੀ ਮਿੱਤਰ ਨੂੰ ਸਹੇਲੀ ਕਹਿ ਕੇ ਸੰਬੋਧਨ ਕਰਦੀਆਂ ਹਨ। ਵੈਸੇ ਆਧੁਨਿਕਤਾ ਦੇ ਰੰਗ ਵਿੱਚ ਰੰਗੀਆਂ ਕੁੜੀਆਂ ਅਤੇ ਮੁੰਡੇ ਹੁਣ ਇੱਕ-ਦੂਜੇ ਨੂੰ ਯਾਰ ਕਹਿ ਕੇ ਵੀ ਸੰਬੋਧਨ ਕਰਨ ਲੱਗ ਪਏ ਹਨ। ਰਿਸ਼ਤਿਆਂ ਬਾਰੇ ਇਹ ਕਿਹਾ ਜਾਣਾ ਜ਼ਰੂਰੀ ਬਣਦਾ ਹੈ ਕਿ ਇਹਨਾਂ ਦੀ ਦੂਰੀ ਜਾਂ ਨੇੜਤਾ ਵਰਤਣ 'ਤੇ ਨਿਰਭਰ ਕਰਦੀ ਹੈ। ਕਈ ਵਾਰ ਸਭ ਤੋਂ ਨੇੜੇ ਸਮਝੇ ਜਾਂਦੇ ਭਰਾਵਾਂ ਦੇ ਰਿਸ਼ਤੇ ਵਿਚ ਵੀ ਖਾਰ ਪੈ ਜਾਂਦੀ ਹੈ ਅਤੇ ਉਹ ਇੱਕ-ਦੂਜੇ ਦੇ ਸਰੀਕ ਬਣ ਜਾਂਦੇ ਹਨ। ਭਰਾਵਾਂ ਵਿਚ ਕੁੜੱਤਣ ਦਾ ਕਾਰਣ ਭਾਵੇਂ ਕੁਝ ਵੀ ਹੋਵੇ ਇਸਦਾ ਦੋਸ਼ ਆਮ ਤੌਰ 'ਤੇ ਉਹਨਾਂ ਦੀਆਂ ਪਤਨੀਆਂ ਸਿਰ ਹੀ ਮੜ੍ਹਿਆ ਜਾਂਦਾ ਹੈ। ਸ਼ਾਇਦ ਇਸ ਕਾਰਣ ਹੀ ਪੰਜਾਬ ਵਿਚ ਇਹ ਕਹਾਵਤ ਆਮ ਪ੍ਰਚਲਿਤ ਹੈ: ਆਉਣ ਪਰਾਈਆਂ ਜਾਈਆਂ, ਤੋੜਨ ਸਕਿਆਂ ਭਾਈਆਂ। ਕਈ ਵਾਰ ਦੂਰ-ਪਾਰ ਦੇ ਸਮਝੇ ਜਾਂਦੇ ਸਕੀਰੀਦਾਰਾਂ ਨਾਲ ਵੀ ਬਹੁਤ ਮੋਹ ਪਿਆਰ ਕਾਇਮ ਰਹਿੰਦਾ ਹੈ। ਇਸ ਕਾਰਣ ਹੀ ਕਿਹਾ ਜਾਂਦਾ ਹੈ: ਖੇਤ ਵਾਹੁੰਦਿਆਂ ਦਾ, ਸਕੀਰੀ ਵਰਤਦਿਆਂ ਦੀ। ਜੇਕਰ ਕੋਈ ਰਿਸ਼ਤੇਦਾਰ ਹੋਵੇ ਤਾਂ ਸਕਾ ਪਰ ਕੰਮ ਕੋਈ ਆਵੇ ਨਾ ਤਾਂ ਕਿਹਾ ਜਾਂਦਾ ਹੈ ਕਿ ਸਕਿਆਂ ਦਾ ਕੀ ਸ਼ੱਕ ਲਾਹੁਣਾ ਹੈ ਜਦ ਕੋਈ ਕੰਮ ਹੀ ਨਹੀਂ ਆਉਂਦੇ। ਰਿਸ਼ਤੇਦਾਰਾਂ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਰਿਸ਼ਤੇ ਦੀ ਸੂਖਮਤਾ ਫੁੱਲਾਂ ਦੀ ਆਬ ਵਰਗੀ ਹੁੰਦੀ ਹੈ ਅਤੇ ਇਸ ਨੂੰ ਕਿਸੇ ਵੀ ਕੀਮਤ ਤੇ ਵਿਗਾੜਿਆ ਨਹੀਂ ਜਾਣਾ ਚਾਹੀਦਾ। ਸਕੀਰੀਦਾਰਾਂ ਨਾਲ ਵਿਆਹ-ਸ਼ਾਦੀਆਂ ਵਿੱਚ ਖੁੱਲ੍ਹ ਕੇ ਮੇਲ-ਮਿਲਾਪ ਹੁੰਦਾ ਹੈ ਅਤੇ ਪੁਰਾਣੀਆਂ ਯਾਦਾਂ ਤਾਜ਼ਾ ਹੁੰਦੀਆਂ ਹਨ। ਮ੍ਰਗਤ ਦੇ ਭੋਗਾਂ ਸਮੇਂ ਵਿਆਹ-ਸ਼ਾਦੀਆਂ ਨਾਲੋਂ ਵੀ ਵਧੇਰੇ ਸਕੀਰੀਦਾਰ ਇਕੱਠੇ ਹੁੰਦੇ ਹਨ ਅਤੇ ਦੁੱਖ ਸਾਂਝਾ ਕਰਦੇ ਹਨ। ਸਾਡੀਆਂ ਰਿਸ਼ਤੇਦਾਰੀਆਂ ਦਾ ਇਕ ਖ਼ੂਬਸੂਰਤ ਪੱਖ ਇਹ ਹੈ ਕਿ ਅਸੀਂ ਇਹਨਾਂ ਦੀ ਭਾਵਨਾਂ ਨੂੰ ਹੁਣ ਤੱਕ ਵੀ ਜਿਉਂਦੇ ਰੱਖਿਆ ਹੈ, ਜਿਸ ਕਾਰਣ ਸਾਡੇ ਸਮਾਜਿਕ ਤਾਣੇ-ਬਾਣੇ ਵਿਚ ਕਾਫ਼ੀ ਮੋਹ-ਪਿਆਰ ਅਤੇ ਆਪਣਾਪਣ ਦਿਖਾਈ ਦਿੰਦਾ ਹੈ। ਇਸ ਤਰ੍ਹਾਂ ਸ਼ਾਇਦ ਹੀ ਕਿਸੇ ਹੋਰ ਸਭਿਆਚਾਰ ਵਿਚ ਹੁੰਦਾ ਹੋਵੇ ਕਿ ਆਪਣੇ ਨਾਨਕੇ ਪਿੰਡ ਦੇ ਸਾਰੇ ਲੋਕਾਂ ਨੂੰ ਹੀ ਨਾਨੇ-ਨਾਨੀਆਂ, ਮਾਮੇ-ਮਾਮੀਆਂ ਅਤੇ ਮਾਸੀਆਂ ਆਦਿ ਕਹਿ ਕੇ ਸੰਬੋਧਨ ਕੀਤਾ ਜਾਂਦਾ ਹੋਵੇ-ਪਿੰਡ ਦੀਆਂ ਸਾਰੀਆਂ ਹੀ ਕੁੜੀਆਂ ਨੂੰ ਉਮਰ ਅਨੁਸਾਰ ਭੈਣ, ਭੂਆ, ਬੀਬੋ ਕਿਹਾ ਜਾਂਦਾ ਹੋਵੇ-ਸਾਰੇ ਹੀ ਜਾਣਕਾਰ ਬਜ਼ੁਰਗਾਂ ਨੂੰ ਬਾਬਾ ਅਤੇ ਮਾਤਾਵਾਂ ਨੂੰ ਮਾਤਾ ਜਾਂ ਬੇਬੇ ਕਿਹਾ ਜਾਂਦਾ ਹੋਵੇ-ਆਪਣੇ ਪਿਤਾ ਦੇ ਹਾਣੀਆਂ ਨੂੰ ਉਹਨਾਂ ਦੀ ਉਮਰ ਅਨੁਸਾਰ ਚਾਚਾ ਜਾਂ ਤਾਇਆ ਕਿਹਾ ਜਾਂਦਾ ਹੋਵੇ-ਆਪਣੀ ਮਾਤਾ ਦੇ ਹਾਣ ਦੀਆਂ ਔਰਤਾਂ ਨੂੰ ਚਾਚੀ, ਤਾਈ ਜਾਂ ਮਾਸੀ ਕਿਹਾ ਜਾਂਦਾ ਹੋਵੇ। ਇਹਨਾਂ ਮੋਹ-ਭਿੱਜੇ ਸੰਬੋਧਨਾਂ ਨਾਲ ਸਾਰੇ ਹੀ ਆਪਣੇ ਜਾਪਦੇ ਹਨ ਅਤੇ ਆਪਣਾ ਪਰਿਵਾਰ ਬਹੁਤ ਵੱਡਾ ਦਿਖਾਈ ਦਿੰਦਾ ਹੈ। ਕਈ ਵਾਰ ਜਦ ਕੋਈ ਵਿਅਕਤੀ ਆਪਣੇ ਭਤੀਜੇ ਜਾਂ ਭਾਣਜੇ ਨੂੰ ਰਿਸ਼ਤੇ ਵਿਚੋਂ ਆਪਣੀ ਕਿਸੇ ਸਾਲੀ ਦਾ ਸਾਕ ਲਿਆ ਦੇਵੇ ਤਾਂ ਇੱਕ ਅਜੀਬ ਰਿਸ਼ਤਾ ਸਿਰਜਿਆ ਜਾਂਦਾ ਹੈ ਅਤੇ "ਨੂੰਹ ਸੁਹਰੇ ਦੀ ਸਾਲੀ, ਦਾਦਾ ਪੋਤਰਿਆਂ ਦਾ ਮਾਸੜ' ਵਾਲੀ ਗੱਲ ਹੋ ਜਾਂਦੀ ਹੈ। ਇਹ ਵੀ ਜ਼ਿਕਰਯੋਗ ਹੈ ਕਿ ਰਿਸ਼ਤੇਦਾਰੀਆਂ ਦਰਸਾਉਣ ਲਈ ਵਰਤੇ ਗਏ ਉਪਰੋਕਤ ਸ਼ਬਦਾਂ ਵਿਚੋਂ ਬਹੁਤੇ ਸੰਬੋਧਨ ਸ਼ਬਦ ਨਹੀਂ ਹਨ, ਕੇਵਲ ਪਹਿਚਾਣ ਸ਼ਬਦ ਹਨ। ਉਦਾਹਰਣ ਵਜੋਂ ਪਤਨੀ ਆਪਣੇ ਪਤੀ ਦੇ ਰਿਸ਼ਤੇਦਾਰਾਂ ਨੂੰ ਉਨ੍ਹਾਂ ਸ਼ਬਦਾਂ ਨਾਲ ਹੀ ਸੰਬੋਧਨ ਕਰਦੀ ਹੈ ਜਿਨ੍ਹਾਂ ਨਾਲ ਉਸ ਦਾ ਪਤੀ ਕਰਦਾ ਹੈ। ਬਿਲਕੁਲ ਇਸੇ ਤਰ੍ਹਾਂ ਪਤੀ ਵੀ ਆਪਣੀ ਪਤਨੀ ਦੀ ਮੰਮੀ ਨੂੰ ਮੰਮੀ, ਚਾਚੀ ਨੂੰ ਚਾਚੀ ਅਤੇ ਮਾਸੀ ਨੂੰ ਮਾਸੀ ਆਦਿ ਕਹਿ ਕੇ ਹੀ ਸੰਬੋਧਨ ਕਰਦਾ ਹੈ। ਸੱਸ-ਮਾਂ ਨੂੰ ਅੱਜ-ਕੱਲ੍ਹ ਮੰਮੀ ਜਾਂ ਮਾਤਾ ਆਦਿ ਕਹਿ ਕੇ ਹੀ ਸੰਬੋਧਨ ਕੀਤਾ ਜਾਂਦਾ ਹੈ। ਪਹਿਲਾਂ ਸੱਸ ਨੂੰ ਬੋਬੀ ਜਾਂ ਬੋਬੋ ਵੀ ਕਿਹਾ ਜਾਂਦਾ ਸੀ। ਦਾਦੀ ਲਗਦੀਆਂ ਔਰਤਾਂ ਲਈ ਅੰਮਾ ਜੀ ਜਾਂ ਅੰਬੋ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਸੀ। ਅੱਜ-ਕੱਲ੍ਹ ਭੈਣ ਲਈ ਦੀਦੀ ਸ਼ਬਦ ਦੀ ਵਰਤੋਂ ਵੀ ਕਾਫ਼ੀ ਪ੍ਰਚਲਿਤ ਹੋ ਰਹੀ ਹੈ। ਮੁਟਿਆਰਾਂ ਆਪਣੀਆਂ ਭੈਣਾਂ ਤੋਂ ਇਲਾਵਾ ਆਪਣੀਆਂ ਨਣਦਾਂ ਅਤੇ ਜਠਾਣੀਆਂ ਆਦਿ ਨੂੰ ਵੀ ਦੀਦੀ ਕਹਿ ਕੇ ਸੰਬੋਧਨ ਕਰਦੀਆਂ ਹਨ। ਇਸ ਤੋਂ ਪਹਿਲਾਂ ਨਣਦ ਲਈ ਬੀਬੀ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਸੀ। ਕੁਝ ਬੱਚੇ ਆਪਣੀ ਮਾਂ ਨੂੰ ਵੀ ਬੀਬੀ ਕਹਿ ਕੇ ਸੰਬੋਧਨ ਕਰਦੇ ਹਨ। ਮਾਲਵੇ ਵਿਚ ਵੱਡੇ ਭਰਾ ਲਈ 'ਬਾਈ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਬਹੁਤ ਸਾਰੇ ਬੱਚੇ ਆਪਣੇ ਮੰਮੀ-ਪਾਪਾ ਦੀ ਰੀਸ ਨਾਲ ਉਨ੍ਹਾਂ ਦੇ ਚਾਚਾ ਜੀ ਨੂੰ ਚਾਚਾ ਜੀ, ਮਾਮਾ ਜੀ ਨੂੰ ਮਾਮਾ ਜੀ, ਮਾਸੀ ਜੀ ਨੂੰ ਮਾਸੀ ਜੀ ਅਤੇ ਭੂਆ ਜੀ ਨੂੰ ਭੂਆ ਜੀ ਆਦਿ ਕਹਿ ਕੇ ਸੰਬੋਧਨ ਕਰਦੇ ਹਨ। ਮੇਰੇ ਭਤੀਜਿਆਂ ਦੇ ਬੱਚੇ ਮੈਨੂੰ ਚਾਚਾ ਜੀ ਅਤੇ ਮੇਰੇ ਭਾਣਜਿਆਂ ਦੇ ਬੱਚੇ, ਸਗੋਂ ਉਹਨਾਂ ਦੇ ਬੱਚੇ ਵੀ, ਮੈਨੂੰ ਮਾਮਾ ਜੀ ਕਹਿ ਕੇ ਸੰਬੋਧਨ ਕਰਦੇ ਹਨ। ਮੈਂ ਕਈ ਵਾਰ ਸੁਝਾਅ ਦਿੱਤਾ ਹੈ ਕਿ ਜੇਕਰ ਮੈਨੂੰ ਦਾਦਾ ਜੀ ਜਾਂ ਨਾਨਾ ਜੀ ਨਹੀਂ ਕਹਿਣਾ ਤਾਂ ਉਹ ਮੈਨੂੰ ਰਿਸ਼ਤੇ ਅਨੁਸਾਰ ਗਰਾਚਾ (ਗਰੈਂਡ+ਚਾਚਾ) ਜੀ, ਗਰਾਮਾ (ਗਰੈਂਡ+ਮਾਮਾ) ਜੀ ਅਤੇ ਗਰੰਕਲ (ਗਰੈਂਡ+ਅੰਕਲ) ਜੀ ਆਦਿ ਕਹਿ ਸਕਦੇ ਹਨ ਪਰ ਉਨ੍ਹਾਂ ਨੂੰ ਇਹ ਸ਼ਬਦ ਪਸੰਦ ਨਹੀਂ ਆਏ।

ਸਾਡੇ ਰਿਸ਼ਤੇਦਾਰਾਂ ਅਤੇ ਰਿਸ਼ਤਿਆਂ ਬਾਰੇ ਇੱਕ ਦੋ ਹੋਰ ਗੱਲਾਂ ਦੀ ਚਰਚਾ ਕਰਨੀ ਵੀ ਬਣਦੀ ਹੈ। ਅਸੀਂ ਭਾਵੇਂ ਆਪਣੇ ਹਰ ਰਿਸ਼ਤੇ ਨੂੰ ਹੀ ਬਣਦੀ ਅਹਿਮੀਅਤ ਦੇਣ ਦੀ ਕੋਸ਼ਿਸ਼ ਕਰਦੇ ਹਾਂ ਪਰ ਕੁਝ ਰਿਸ਼ਤੇ ਵਿਸ਼ੇਸ਼ ਤੌਰ 'ਤੇ ਨੇੜਤਾ ਅਤੇ ਨਿੱਘ ਦੇਣ ਵਾਲੇ ਮੰਨੇ ਜਾਂਦੇ ਹਨ। ਉਦਾਹਰਣ ਵਜੋਂ ਮਾਂ ਦਾ ਆਪਣੇ ਬੱਚਿਆਂ ਨਾਲ ਰਿਸ਼ਤਾ, ਭੈਣ ਦਾ ਭਰਾ ਨਾਲ ਰਿਸ਼ਤਾ ਅਤੇ ਪਤੀ-ਪਤਨੀ ਦਾ ਰਿਸ਼ਤਾ ਹਰ ਪੱਖ ਤੋਂ ਲਾਸਾਨੀ ਮੰਨੇ ਗਏ ਹਨ। ਇਸੇ ਤਰ੍ਹਾਂ ਭਰਜਾਈ ਦਾ ਆਪਣੇ ਦਿਓਰ ਨਾਲ ਸਨੇਹ, ਭੂਆ ਦਾ ਆਪਣੇ ਭਤੀਜੇ-ਭਤੀਜੀਆਂ ਨਾਲ ਪਿਆਰ ਅਤੇ ਮਾਮਿਆਂ ਦਾ ਆਪਣੇ ਭਾਣਜੇ-ਭਾਣਜੀਆਂ ਨਾਲ ਲਗਾਵ ਵੀ ਵਿਲੱਖਣ ਹੁੰਦਾ ਹੈ। ਦਾਦਾ-ਦਾਦੀ ਲਈ ਪੋਤੇ-ਪੋਤੀਆਂ ਆਪਣੇ ਪੁੱਤਰਾਂ ਤੋਂ ਵੀ ਵੱਧ ਪਿਆਰੇ ਹੁੰਦੇ ਹਨ ਜਿਸ ਕਾਰਣ ਅਕਸਰ ਕਿਹਾ ਜਾਂਦਾ ਹੈ ਕਿ ਮੂਲ ਨਾਲੋਂ ਵਿਆਜ ਵੱਧ ਪਿਆਰਾ ਹੁੰਦਾ ਹੈ। ਔਰਤ ਦਾ ਆਪਣੇ ਪੇਕਿਆਂ ਨਾਲ ਹਮੇਸ਼ਾ ਹੀ ਖਾਸ ਲਗਾਵ ਰਹਿੰਦਾ ਹੈ ਅਤੇ ਉਸ ਦੀ ਉਮਰ ਭਾਵੇਂ ਕਿੰਨੀ ਵੀ ਹੋ ਜਾਵੇ, ਇਹ ਘੱਟ ਨਹੀਂ ਹੁੰਦਾ। ਔਰਤਾਂ ਦੇ ਪੇਕਿਆਂ ਪ੍ਰਤੀ ਸਨੇਹ ਅਤੇ ਲਗਾਵ ਨੂੰ ਪ੍ਰਗਟ ਕਰਨ ਲਈ ਕਿਹਾ ਜਾਂਦਾ ਹੈ: ਟੋਭੇ ਵੜੀ ਮੱਝ ਅਤੇ ਪੇਕੇ ਵੜੀ ਤੀਵੀਂ ਮੁਸ਼ਕਲ ਨਾਲ ਹੀ ਬਾਹਰ ਆਉਂਦੀ ਹੈ। ਜਦ ਕਿਸੇ ਰਿਸ਼ਤੇ ਵਿਚੋਂ ਅਪਣੱਤ, ਵਿਸ਼ਵਾਸ, ਸਨੇਹ ਅਤੇ ਨਿੱਘ ਸਮਾਪਤ ਹੋ ਜਾਵੇ ਤਾਂ ਉਹ ਰਿਸ਼ਤਾ ਕੇਵਲ ਨਾਂ ਦਾ ਹੀ ਰਿਸ਼ਤਾ ਰਹਿ ਜਾਂਦਾ ਹੈ। ਇਸ ਕਾਰਣ ਸਾਡੇ ਕੁਝ ਰਿਸ਼ਤੇਦਾਰ ਕੇਵਲ 'ਭੋਗਾਂ ਵਾਲੇ ਰਿਸ਼ਤੇਦਾਰ' ਹੀ ਰਹਿ ਜਾਂਦੇ ਹਨ। ਇਨ੍ਹਾਂ ਨਾਲ ਉਂਝ ਤਾਂ ਕੋਈ ਆਉਣ-ਜਾਣ ਨਹੀਂ ਹੁੰਦਾ ਪਰ ਜਦ ਪਰਿਵਾਰ ਵਿਚ ਕਿਸੇ ਦੀ ਮੌਤ ਹੋ ਜਾਵੇ ਤਾਂ ਭੋਗ 'ਤੇ ਜ਼ਰੂਰ ਆਇਆ-ਜਾਇਆ ਜਾਂਦਾ ਹੈ। ਇੱਕ ਹੋਰ ਕਿਸਮ ਦੇ ਰਿਸ਼ਤੇਦਾਰ 'ਮੌਕਾ-ਪ੍ਰਸਤ ਰਿਸ਼ਤੇਦਾਰ' ਕਹਾਉਂਦੇ ਹਨ। ਇਹ ਉਂਝ ਤਾਂ ਕਦੀ ਮਿਲਦੇ-ਗਿਲਦੇ ਨਹੀਂ ਪਰ ਜਦ ਕੋਈ ਗੌਂ-ਗਰਜ਼ ਹੋਵੇ ਤਾਂ ਝੱਟ ਹੀ ਨੇੜਤਾ ਜਿਤਾਉਣ ਲੱਗਦੇ ਹਨ ਤੇ ਜਦ ਗਰਜ ਪੂਰੀ ਹੋ ਜਾਵੇ, ਮੁੜ ਪਹਿਲਾਂ ਵਾਂਗ ਹੀ ਵਿਵਹਾਰ ਕਰਦੇ ਹਨ। ਸੱਚੇ ਰਿਸ਼ਤੇਦਾਰ ਸਾਡੀ ਅਜਿਹੀ ਪੂੰਜੀ ਹੁੰਦੇ ਹਨ ਜੋ ਸਾਨੂੰ ਹਰ ਹਾਲਤ ਵਿਚ ਸਕੂਨ ਦਿੰਦੇ ਹਨ ਅਤੇ ਸਾਡੇ ਮਨੋਬਲ ਵਿਚ ਵਾਧਾ ਕਰਦੇ ਹਨ।










# COMMERCIAL MORTGAGE FINANCING

**Financing** **$500,000 to $500 Million**

# RAVI CHOPRA

CEO
STI Consultants
C: 917-705-7708
Ravi@stinewyork.com







**SPECIALIZE IN:**

-HOTELS
-CONSTRUCTION LOANS
-GAS STATIONS
-OFFICE BUILDINGS
-MIX USE PROPERTIES
-CHURCH LOAN
-HARD MONEY LOAN
-APARTMENT BUILDINGS
-BUSINESS LINE OF CREDIT

**ALL KINDS OF COMMERCIAL FINANCING DONE OVER USA**



**Offices:**

43-39 2nd Floor Main Street, Flushing, NY, 11355
508 Humboldt Street, Brooklyn, NY, 11222
New Jersey
Chicago